ੴ ਸਤਿਗੁਰ ਪ੍ਰਸਾਦਿ॥

੩੭

ਬੈਰਾੜੀ ਮਹਲਾ ੪ ॥

ਮਨ ਮਿਲਿ ਸੰਤ ਜਨਾ ਜਸੁ ਗਾਇਓ ॥
ਹਰਿ ਹਰਿ ਰਤਨੁ ਰਤਨੁ ਹਰਿ ਨੀਕੋ
ਗੁਰਿ ਸਤਿਗੁਰਿ ਦਾਨੁ ਦਿਵਾਇਓ ॥ ੧॥ ਰਹਾਉ॥
ਤਿਸੁ ਜਨ ਕਉ ਮਨੁ ਤਨੁ ਸਭੁ ਦੇਵਉ
ਜਿਨਿ ਹਰਿ ਹਰਿ ਨਾਮੁ ਸੁਨਾਇਓ॥
ਧਨੁ ਮਾਇਆ ਸੰਪੈ ਤਿਸੁ ਦੇਵਉ
ਜਿਨਿ ਹਰਿ ਮੀਤੁ ਮਿਲਾਇਓ॥ ੧॥
ਖਿਨੁ ਕਿੰਚਿਤ ਕ੍ਰਿਪਾ ਕਰੀ ਜਗਦੀਸਰਿ
ਤਬ ਹਰਿ ਹਰਿ ਹਰਿ ਜਸੁ ਧਿਆਇਓ॥
ਜਨ ਨਾਨਕ ਕਉ ਹਰਿ ਭੇਟੇ ਸੁਆਮੀ
ਦੁਖੁ ਹਉਮੈ ਰੋਗੁ ਗਵਾਇਓ ॥ ੨॥ (ਪੰਨਾ ੭੧੯)

ਸਾਰੀ ਸੰਗਤ ਕਿਰਪਾ, ਦਇਆ, ਮਿਹਰ ਕਰਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ! ਸਤਿਨਾਮ ਸ੍ਰੀ ਵਾਹਿਗੁਰੂ!!

ਬਦ ਰੱਬੀ ਬਾਣੀ ਦਾ, ਈਰੀ ਬਾਣੀ ਦਾ, ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦੁਆਰਾ ਆਇਆ ਹੈ।

ਇਹ, ਗੁਰੂ ਸਾਹਿਬ ਨੇ ਜੋ ਲਿਖਿਆ ਹੈ, ਪੰਚਮ ਪਾਤਾਹ ਨੇ-

ਸੰਤਸੰਗਿ ਅੰਤਰਿ ਪ੍ਰਭੁ ਡੀਠਾ॥
ਨਾਮੁ ਪ੍ਰਭੂ ਕਾ ਲਾਗਾ ਮੀਠਾ॥ (ਪੰਨਾ ੨੯੩)

ਸੰਤ ਦੇ ਨਾਲ ਮਿਲਕੇ ਕਹਿੰਦੇ, ਅਸੀਂ ਪਰਮੇਰ ਦਾ ਜਸ ਗਾਇਆ।

ਕਿਉਂ? ਇਹ ਗੁਰੂ ਦੁਆਰੇ ਮਿਲਦਾ ਹੁੰਦੈ। ਸਿੱਧਾਂ ਦੇ ਨਾਲ ਜਦ ਗੋਸਟਿ ਹੋਈ, ਉਹ ਕਹਿੰਦਾ– ਥੋਡਾ ਗੁਰੂ ਕੌਣ ਹੈ? ਉਹਨੇ ਆਖਿਆ–

ਸਬਦੁ ਗੁਰੂ ਸੁਰਤਿ ਧੁਨਿ ਚੇਲਾ॥ (ਪੰਨਾ ੯੪੩)

ਉਹਨਾਂ ਨੇ ਸਰੀਰ ਨੂੰ ਗੁਰੂ ਨਹੀਂ ਕਿਹਾ। ਇਹ ਲੋਕਾਂ ਦੀ ਗਲਤੀ ਹੈ। **ਸਬਦੁ ਗੁਰੂ** ਗੁਰੂ ਬਦ ਹੈ, **ਸੁਰਤਿ ਧੁਨਿ ਚੇਲਾ** , ਜਦ ਥੋਡੀ ਸੁਰਤੀ ਦੀ ਧੁਨ ਲੱਗ ਜਾਏਗੀ ਤਾਂ ਤੁਸੀਂ ਚੇਲੇ ਬਣ ਜਾਉਂਗੇ। ਫੇਰ ਗੁਰੂ ਵੀ ਬਣ ਜਾਉਂਗੇ। ਉਹ ਗੁਰੂ ਸਾਹਿਬ ਕਹਿੰਦੇ ਨੇ, ਜਦ ਮਨ ਟਿਕ ਗਿਆ, ਸੁਰਤੀ ਜਦ ਬਦ ਦੇ ਨਾਲ ਮਿਲ ਗਈ ਤਾਂ ਉਹ ਚੀ ਪ੍ਰਾਪਤ ਹੋਏਗੀ। ਐਵੇਂ ਤਾਂ ਹੋਣੀ ਨਹੀਂ। ਸੁਰਤੀਆਂ ਤਾਂ ਸਾਡੀਆਂ ਸਾਰਿਆਂ ਦੀਆਂ ਨੇ ਪਰ ਤੁਸੀਂ ਅਪਣੇ ਅੰਦਰ ਅਨੁਭਵ ਤੇ ਦੇਖੋ ਕਿ ਮਿਲੀ ਹੈ ਕਦੇ ਉਸ ਬਦ ਨਾਲ? ਸੁਰਤੀ ਤਾਂ ਫਿਰਦੀ ਹੈ ਦੁਨੀਆਂ ਦੇ ਵਿੱਚ ਭੱਜੀ, ਬੰਦੋਬਸਤ ਕਰਦੀ ਸੰਸਾਰ ਦਾ, ਵਿਵਿਹਾਰਕ ਸੱਤਾ ਮੇਂ, ਰਜੋਗੁਣ ਮੇਂ, ਤੇ ਅਜਾਂ ਸਤੋਗੁਣ ਵੀ ਨਹੀਂ ਪ੍ਰਾਪਤ ਹੋਇਆ। ਉਹ ਤਾਂ ਸਤੋਗੁਣ ਤੇ ਵੀ ਅੱਗੇ ਹੈ–

ਰਜ ਗੁਣ ਤਮ ਗੁਣ ਸਤ ਗੁਣ ਕਹੀਐ
ਇਹ ਤੇਰੀ ਸਭ ਮਾਇਆ॥
ਚਉਥੇ ਪਦ ਕਉ ਜੋ ਨਰੁ ਚੀਨ~ੈ
ਤਿਨ~ ਹੀ ਪਰਮ ਪਦੁ ਪਾਇਆ॥ (ਪੰਨਾ ੧੧੨੩)

ਉਹ ਤਾਂ ਚੌਥਾ ਹੈਗਾ। ਏਸ ਕਰਕੇ **ਸਬਦੁ** ਗੁਰੂ ਹੈ **ਸੁਰਤਿ ਧੁਨਿ ਚੇਲਾ** । ਜਦ ਥੋਡੀ ਧੁਨ, ਸੁਰਤ ਉਹਦੇ ਨਾਲ ਜੁੜ ਜਾਏਗੀ, ਧੁਨ ਲੱਗ ਜਾਏਗੀ ਤੇ ਫਿਰ ਤੁਸੀਂ ਵੀ ਗੁਰੂ ਨੂੰ ਮਿਲਕੇ ਇੱਕ ਪਰਮੇਰ ਨੂੰ ਪ੍ਰਾਪਤ ਕਰ ਲਉਂਗੇ। ਜਬ ਤੱਕ ਤੁਹਾਡੀ ਸੁਰਤੀ ਦੀ ਧੁਨ ਨਹੀਂ ਲੱਗੀ, ਸੁਰਤੀਆਂ ਤਾਂ ਸਾਰਿਆਂ ਕੋਲ ਨੇ ਤੇ ਪ੍ਰਾਪਤ ਤਾਂ ਕਿਸੇ ਨੂੰ ਨਹੀਂ ਹੋਇਆ। ਜੀਹਦੀ ਸੁਰਤੀ ਦੀ ਧੁਨ ਲੱਗਜੂ –

ਸਿਮਰਿ ਸਿਮਰਿ ਨਾਮੁ ਬਾਰੰ ਬਾਰ॥
ਨਾਨਕ ਜੀਅ ਕਾ ਇਹੈ ਅਧਾਰ॥ (ਪੰਨਾ ੨੯੫)

ਜਦ ਥੋਡੀ ਬਾਰੰਬਾਰ ਧੁਨ ਇਕ ਰਸ ਹੋ ਜਾਏਗੀ, ਨਿਧਿਆਸਨ ਦੀ ਪਰਪੱਕ ਅਵਸਥਾ ਹੋ ਜਾਏਗੀ, ਸਮਾਧੀ ਹੋਜੇਗੀ, ਥੋਨੂੰ ਅਪਣੇ ਆਪ ਦੀ ਸੁਰਤ ਆ ਜਾਏਗੀ। ਤੇ ਉਹ ਗੁਰੂ ਸਾਹਿਬ ਕਹਿੰਦੇ ਨੇ, ਪ੍ਰੇਮਾ ਭਗਤੀ ਦੁਆਰਾ ਕਹਿਣੈ, ਗਿਆਨ ਸੱਤਾ ਤੇ ਤਾਂ ਜਿਆਦਾ ਜਾਂਦੇ ਨਹੀਂ ਹੈਗੇ। ਇਹ ਤਾਂ ਪ੍ਰੇਮਾ ਭਗਤੀ ਦੁਆਰੇ ਗਿਆਨ ਕੈਹਣੈਗਾ। ਹੁਣ ਪੜ੍ਹ ਭਾਈ ! ਪਹਿਲੀ ਪੰਗਤੀ–

ਮਨ ਮਿਲਿ ਸੰਤ ਜਨਾ ਜਸੁ ਗਾਇਓ॥

ਕਹਿੰਦੇ–ਸਾਡਾ ਮਨ ਗੁਰੂਆਂ ਦੇ ਨਾਲ, ਸੰਤਾਂ ਦੇ ਨਾਲ ਆਗਿਆ ਚ ਚੱਲ ਪਿਆ ਤੇ ਬਦ ਦੇ ਨਾਲ ਜੁੜ ਗਿਆ। ਬਦ ਦੇ ਨਾਲ ਇਹਨੂੰ ਜੋੜਨੈ। ਗਰੀਬ ਦਾਸ ਨੇ ਲਿਖਿਐ–

ਸੁਰਤਿ ਸਬਦ ਕਾ ਬਾਂਧਉ ਬੇੜਾ, ਗਗਨ ਮੰਡਲ ਕੋ ਕੂਚ ਹੈ *ਕਹਿੰਦੇ*– ਸੁਰਤੀ ਤੇ ਮਨ ਨੂੰ ਬਦ ਦੇ ਨਾਲ ਇੱਕ ਕਰਦੇ, ਬੰਨ੍ਹਦੇ ***ਗਗਨ ਮੰਡਲ ਕੋ ਕੂਚ ਹੈ*** ਸਿੱਧੇ ਤੁਸੀਂ ਬੈਕੁੰਠ ਨੂੰ ਜਾਵੋਂਗੇ। ਤੇ ਫਿਰ ਤੈਨੂੰ ਕੋਈ ਰੋਕਣੇ ਵਾਲਾ ਨਹੀਂ ਹੈ। ਤੁਹਾਨੂੰ ਸਤਿ ਪ੍ਰਾਪਤ ਹੋਜੇ ਗਾ ਤੇ **ਸੁਰਤਿ** ਕੀ ਚੀ ਹੈ?

ਸੁਰਤਿ ਸਬਦਿ ਭਵ ਸਾਗਰੁ ਤਰੀਐ
ਨਾਨਕ ਨਾਮੁ ਵਖਾਣੇ॥ (ਪੰਨਾ ੯੩੮)

ਇਹ ਗੁਰੂ ਸਾਹਿਬ ਦਾ ਬਚਨ ਹੈ ਜਦ ਓਸ ਸਿੱਧ ਨੇ ਕਿਹਾ–

ਦੁਨੀਆ ਸਾਗਰੁ ਦੁਤਰੁ ਕਹੀਐ ਕਿਉ ਕਰਿ ਪਾਈਐ ਪਾਰੋ॥
ਚਰਪਟੁ ਬੋਲੈ ਅਉਧੂ ਨਾਨਕ ਦੇਹੁ ਸਚਾ ਬੀਚਾਰੋ॥
(ਪੰਨਾ ੯੩੮)

ਚਰਪਟ ਕਹਿੰਦਾ, ਹੇ ਅਵਧੂਤ ਨਾਨਕ ! **ਅਵਧੂਤ** ਉਹਨੂੰ ਕਹਿੰਦੇ ਨੇ ਜਿਹੜਾ ਪੂਰਾ ੱਧ ਹੋਵੇ, ਇਹ ਤੁਸੀਂ ਮੈਨੂੰ ਵਿਚਾਰ ਦਿਉ ***ਦੁਨੀਆ ਸਾਗਰੁ ਦੁਤਰੁ ਕਹੀਐ*** ਇਹ ਸੰਸਾਰ ਸਾਗਰ **ਦੁਤਰੁ** ਕਹੀਏ ਬੜਾ ਔਖਾ ਹੈ ਤਰਨਾ ***ਕਿਉ ਕਰਿ ਪਾਈਐ ਪਾਰੋ*** ਇਹਦਾ ਪਾਰ ਕੈਸੇ ਪਾਈਏ? ਗੁਰੂ ਸਾਹਿਬ ਨੇ ਇੱਕੋ ਹੀ ਜਵਾਬ ਦਿੱਤਾ –

ਸੁਰਤਿ ਸਬਦਿ ਭਵ ਸਾਗਰੁ ਤਰੀਐ
ਨਾਨਕ ਨਾਮੁ ਵਖਾਣੇ॥ (ਪੰਨਾ ੯੩੮)

ਤੁਸੀਂ ਬਦ ਦੇ ਨਾਲ ਸੁਰਤੀ ਇੱਕ ਕਰ ਦਿਉ ਪਰ **ਨਾਮੁ ਵਖਾਣੇ** ਫੇਰ ਉਹਨੂੰ ਤੋੜੋ ਨਾ ਛੇਤੀ ਦੇ ਕੇ ਆਪ ਨਾ ਤੋੜੋ। ਫੇਰ ਏਸ ਕਰਕੇ ਉਹ ਰਵਿਦਾਸ ਵਾਲੀ ਗੱਲ ਫੜ ਲਿਉ–

ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ॥
ਤੁਮ ਸਿਉ ਜੋਰਿ ਅਵਰ ਸੰਗਿ ਤੋਰੀ॥ (ਪੰਨਾ ੬੫੯)

ਪਰ ਜਦ ਇਹ ਜੁੜੇਗੀ, ਟੁੱਟਣੀ ਵੀ ਨਹੀਂ ਰਵਿਦਾਸ ਆਂਹਦਾ। ਪਰ ਇਹ ਤਾਂ ਸੰਸਾਰ ਨਾਲ ਜੋੜੀ ਫਿਰਦੈ। ਇਹਦੀ ਜੋ ਸੁਰਤੀ ਹੈ ਅੱਠੇ ਪਹਿਰ ਧੀਆਂ, ਪੁੱਤਰ, ਫਲਾਣਾ, ਧਿਮਕਾ, ਅਮਕੜਾ, ਜਮਕੜੇ ਚ ਫਸੀ ਫਿਰਦੀ ਹੈ ਤੇ ਨਾਲੇ ਇਹ ਭਗਤ ਜਿਹਾ ਬਣ ਜਾਂਦੈ, ਸੰਤ ਜਿਹਾ ਵੀ ਬਣ ਜਾਂਦੈ। ਇਹ ਤਾਂ ਬਣਾਉਟੀ ਜਿਹਾ ਹੀ ਕੰਮ ਹੈ, ਅਸਲੀ ਤਾਂ ਹੈ ਨਹੀਂ। ਏਸ ਕਰਕੇ, ਉਹ ਭਾਈ! ਮਨ ਨੂੰ ਸੰਤ ਦੁਆਰਾ ਮਿਲਾਉਣਾ ਹੈ। ਸੰਤ ਦੁਆਰਾ ਮਿਲਾਇਆ ਕਿ ਨਾ? ਪਹਿਲੇ ਤੁਹਾਨੂੰ ਤਿਆਰੀ ਕਰਨੀ ਪਊ। ਤੁਲਸੀ ਦਾਸ ਨੇ ਲਿਖਿਐ–

ਪੁਨੰਯ ਪੁੰਜ ਬਿਨੁ ਮਿਲਹਿ ਨ ਸੰਤਾ।
ਸਤਸੰਗਤਿ ਸੰਸ੍ਰਿਤਿ ਕਰਿ ਅੰਤਾ॥ (ਰਮਾਇਣ)

ਪੁੰਨ ਸਮੂਹ, ਜਦ ਥੋਡੇ ਨਿਕਾਮ ਕਰਮ, ਨਿਕਾਮ ਸੇਵਾ ਪੂਰਣ ਹੋਜੇਗੀ ਤੇ ਤੁਹਾਡਾ ਅੰਤਹਕਰਣ ਸਾਫ ਹੋਜੇਗਾ। ਫੇਰ ਪਰਮੇਰ ਮਿਲਣਾ ਹੈਗਾ ਤੇ ਪਰਮੇਰ, ਗੁਰੂ ਦੁਆਰੇ ਮਿਲਣਾ ਹੈ–

ਸੰਤਸੰਗਿ ਅੰਤਰਿ ਪ੍ਰਭੁ ਡੀਠਾ॥
ਨਾਮੁ ਪ੍ਰਭੂ ਕਾ ਲਾਗਾ ਮੀਠਾ॥ (ਪੰਨਾ ੨੯੩)

ਉਹ ਸੰਤ ਗੁਰੂ ਰਾਮਦਾਸ ਦੀ ਕ੍ਰਿਪਾ ਦੁਆਰਾ, ਗੁਰੂ ਅਰਜਨ ਦੇਵ ਜੀ ਕਹਿੰਦੇ– ਅਪਣੇ ਅੰਦਰ ਅਸੀਂ ਰੱਬ ਦੇਖਿਆ। ਉਹ ਦਾਨਾ ਬੀਨਾ ਤਾਂ ਅੰਦਰੇ ਹੀ ਹੈ।

ਦਾਨਾ ਬੀਨਾ ਸਾਈ ਮੈਡਾ ਜਦ ਤੁਹਾਡਾ ਕੋਈ ਖਿਆਲ ਉਠਦਾ ਹੈ, ਚੰਗਾ ਚਾਹੇ ਮੰਦਾ, ਉਹਨੂੰ ਦੇਖਣੇ ਵਾਲਾ ਤੇ ਜਾਨਣੇ ਵਾਲਾ, ਬਿਨਾਂ ਹੋਰ ਸਾਈਂ ਤੇ ਹੈ? **ਦਾਨਾ ਬੀਨਾ** ਤਾਂ ਸਾਈਂ ਹੈ, ਉਹ ਦੇਖਦਾ ਨਹੀਂ ਥੋਡੇ ਖਿਆਲਾਂ ਨੂੰ? ਜਾਣਦਾ ਨਹੀਂ ਖਿਆਲਾਂ ਨੂੰ? ਜੇ ਨਾ ਜਾਣਦਾ ਹੋਵੇ ਤਾਂ ਇਹ ਆਪ ਹੀ ਬਣਜੂ, ਫੇਰ ਤਾਂ ਰੌਲਾ ਪੈ ਜੈ। ਉਹ ਤਾਂ ਟਾਈਪ ਕਰ ਦਿੰਦੈ, ਬਈ ਆਹ ਪਾਪ ਹੈ, ਆਹ ਪੁੰਨ ਹੈ। ਉਹ ਤਾਂ ਪਾਰਖ ਹੈ–

ਨਾਨਕ ਪਾਰਖੁ ਆਪਿ ਜਿਨਿ ਖੋਟਾ ਖਰਾ ਪਛਾਣਿਆ॥

(ਪੰਨਾ ੧੪੪)

ਪਾਰਖ ਵੀ ਉਹੀ ਹੈ, ਦਾਨਾ ਵੀ ਉਹੀ ਹੈ, ਬੀਨਾ ਵੀ ਉਹੀ ਹੈ ਤੇ ਸਾਈਂ ਵੀ ਉਹੀ ਹੈ। ਏਸ ਕਰਕੇ, ਉਹ ਜਿਹੜਾ ਹੈ ਪਰਮੇਰ, ਉਹ ਸਾਰਿਆਂ ਤੇ ਅਲਹਿਦਾ ਹੈ, ਅਸੰਗ ਹੈ, ***ਅਸੰਗੋ ਹੀ ਪੁਰਾ ਅਸੰਗੋ ਨਹੀ ਸਜਯਤੇ।*** (ਉਪਨਿਦ)

ਏਸ ਕਰਕੇ ਤੁਹਾਨੂੰ ਮਿਲੇਗਾ ਉਦੋਂ, ਜਦ ਥੁਆਡੀ ਸੁਰਤੀ ਧੁਨ ਬਣਜੂ। ਸੁਰਤੀ ਚ ਧੁਨ ਆਏਗੀ ਤੇ ਫਿਰ ਉਹ ਬਦ ਨਾਲ ਜੁੜੇਗੀ ਤਾਂ ਪ੍ਰਾਪਤ ਹੋਊ। ਅਸੀਂ ਅੰਤਰ ਵੇਦ ਮੇਂ ਰਹਿੰਦੇ ਸੇ, ਉਥੇ ਗਾਂਵ ਬੜੋਲੀ ਗਾਂਵ ਹੈ ਘੀਸਾ ਪੰਥੀਆਂ ਦਾ। ਘੀਸਾ ਪੰਥੀਆਂ ਦੇ ਵਿਚ ਬਦ ਪ੍ਰਧਾਨ ਹੈ। ਕਬੀਰ ਨੇ ਬਦ ਮਾਰਿਆ ਤੇ ਮੈਂ ਉਥੇ ਆਇਆ। ਉਹਨਾਂ ਨੇ ਬੜੀ ਗੱਲ ਬਾਤ ਕੀਤੀ, ਖੁ ਹੋਕੇ ਕਹਿੰਦੇ ਰਹੋ। ਮੈਂ ਦੋ, ਤਿੰਨ, ਚਾਰ ਦਿਨ ਰਿਹਾ। ਫਿਰ ਉਹਨਾਂ ਨੇ ਮੈਨੂੰ ਕੀਰਤਨ ਸੁਣਾਇਆ ਬਹੁਤ, ਮੈਂ ਆਖਿਆ–ਅਸੀਂ *ਵਜੀਦਪੁਰ* ਜਾਣਾ ਹੈ, ਇਥੋਂ ਤਿੰਨ ਕੋਹ ਹੈ ਤੇ ਉਥੇ ਤੁਸੀਂ ਆਇਓ ਤੇ ਫਿਰ ਅਸੀਂ ਥੋਨੂੰ ਬੁਲਾਵਾਂਗੇ ਤੇ ਫਿਰ ਤੁਸੀਂ ਇਹ ਬਦ ਕੀਰਤਨ ਉਹਨਾਂ ਨੂੰ ਸੁਣਾਉਣਾ। ਉਹ ਕਹਿੰਦੇ, ਨਾ ਮਹਾਰਾਜ ਉਹ ਤਾਂ ਕਰਮ ਕਾਂਡੀ ਨੇ। ਥੋਡਾ ਤੇ ਉਹਨਾਂ ਦਾ ਬੜਾ ਫਰਕ ਹੈ। ਮੈਂ ਜਾ ਕੇ ਉਨ੍ਹਾਂ ਨੂੰ ਆਖਿਆ ਬਈ ਉਹਨਾਂ ਨੂੰ ਬੁਲਾਉਣਾ ਹੈ। ਫਿਰ ਉਹ ਆਏ, ਉਹ ਕਹਿੰਦੇ–ਉਹ ਤਾਂ ਧਰਤੀ ਦੇ ਪਰਲੇ ਪਾਸੇ ਰੱਬ ਕਹਿੰਦੇ ਨੇ। ਮੈਂ ਆਖਿਆ ਤੂੰ ਡਿਗਦਾ ਨਹੀਂ ਹੈਗਾ? ਫਿਰ ਉਹ ਆਏ,

ਉਹਨਾਂ ਨੇ ਬਦ ਪੜ੍ਹਿਆ, ਬੜੀ ਸੁਹਣੀ ਹੇਕ ਦੇ ਵਿਚ, ਉਹਨਾਂ ਨੇ ਸਾਰਾ ਪੜ੍ਹਿਆ। ਗਰੀਬ ਦਾਸ ਦੀ ਬਾਣੀ ਪੜ੍ਹੀ ਉਹਨਾਂ ਨੇ–

ਨਾਨਕ ਦਾਦੂ ਅਗਮ ਅਗਾਧੂ।
ਤੇਰੀ ਜਹਾਜ ਦੇ ਖੇਵਟ ਸਹੀ।।

ਪਰ ਉਹ ਗਿਣਦੇ ਆਏ ਸਾਰੇ ਮਹਾਤਮਾ, ਪਰ ਕਹਿੰਦੇ ਸਹੀ ਖੇਵਟ ਦੋ ਨੇ ਨਾਨਕ ਤੇ ਦਾਦੂ । ਇਹ ਸਹੀ ਖੇਵਟ ਨੇ, ਇਹ ਮਲਾਹ ਠੀਕ ਨੇ। ਅਖੇ ਕਿਉਂ ? ਮਲਾਹ ਕੋਲ ਤਾਂ ਬੇੜੀ ਹੁੰਦੀ ਹੈ, ਇਕ ਹੋਰ ਚੱਪੂ ਹੁੰਦੇ ਨੇ। ਉਹਨਾਂ ਨੇ ਕਿਹਾ–

ਸੁਖ ਸਾਗਰ ਤੇ ਹੰਸਾ ਆਏ ਭਗਤ ਹੜੰਬਾ ਉਰਧ ਗਏ।।

ਇਹ, ਪ੍ਰੇਮਾ ਭਗਤੀ ਲੈ ਕੇ ਆਏ, ਉਸ ਦੇ ਨਾਲ ਜੀਵਾਂ ਨੂੰ ਜੋੜਨਾ ਹੈ ਪਰ ਨਾਲ ਉਹ ਕਹਿੰਦੇ ਸੀ ਗਰੀਬ ਦਾਸ–

ਦਾਸ ਗਰੀਬ ਕਬੀਰ ਕਾ ਚੇਲਾ।।

ਪਰ ਕਹਿੰਦਾ–ਮੈਂ ਕਬੀਰ ਦਾ ਚੇਲਾ ਹਾਂ। ਇਹ ਬਿਲਕੁਲ ਸਹੀ ਖੇਵਟ ਹਨ ਪਰ ਮੈਨੂੰ ਤਾਂ ਕਬੀਰ ਨੇ ਤਾਰਿਆ। ਚੇਲਾ ਤਾਂ ਮੈਂ ਕਬੀਰ ਦਾ ਹੀ ਹਾਂ। ਕਬੀਰ ਸਾਹਿਬ ਨੇ ਸਾਫ ਇਹ ਬਾਤ ਕਹੀ ਹੈ–

ਚੀਨਤ ਚੀਤੁ ਨਿਰੰਜਨ ਲਾਇਆ।।
ਕਹੁ ਕਬੀਰ ਤੌ ਅਨਭਉ ਪਾਇਆ।। (ਪੰਨਾ ੩੨੮)

ਪਹਿਲੇ ਚੀਨਣਾ ਹੈ, ਫਿਰ ਉਹਨਾਂ ਨੇ ਜੋੜਨਾ ਹੈ ।ਆਇਆ ਹੈ ਕਿ ਨਾ ਸੰਤ ਨੇ ਜੋੜਿਆ।

ਚੀਨਤ ਚੀਤੁ ਨਿਰੰਜਨ ਲਾਇਆ।।
ਕਹੁ ਕਬੀਰ ਤੌ ਅਨਭਉ ਪਾਇਆ।।

ਆਪਣਾ ਆਪ ਥਿਆ ਗਿਆ। ਕਬੀਰ ਕਹਿੰਦਾ ਓਏ ! ਆਪਣਾ ਆਪ ਤਾਂ ਐਨੇਚ ਥਿਆਜੂਗਾ। ਪਹਿਲਾਂ ਤੁਸੀਂ ਉਹਨੂੰ ਚੀਨੋ, ਜਦ ਤੁਸੀਂ ਬਿਰਤੀ ਨਾਲ ਉਹਨੂੰ ਚੀਨੋਗੇ, ਉਹਦੇ ਅਕਾਰ ਬਿਰਤੀ ਕਰੋਗੇ ਤਾਂ ਉਦੋਂ ਕੋਈ ਦੁਨੀਆਂ ਦੀ ਬਿਰਤੀ ਹੋਊ ਉਥੇ ? ਥੋਡੀ ਸੁਰਤੀ ਚ

ਕੁੱਛ ਹੋਊਗਾ? ਜੇ ਹੋਏਗਾ ਤਾਂ ਜੁੜ ਹੀ ਨਹੀਂ ਸਕਦਾ। ਰੋਜ ਇਹ ਜੁੜਦੀ ਰਹਿੰਦੀ ਹੈ, ਸੁਰਤੀ ਦਾ ਤਾਂ ਸੁਭਾਅ ਹੈ ਇਹਨੇ ਤਾਂ ਇਥੇ ਜੁੜ ਜਾਣੈ ਕਦੇ ਉਥੇ ਜੁੜ ਜਾਣੈ, ਥੋਡੀਆਂ ਕਾਮਨਾਂ ਵਾਨਾਵਾਂ ਦੇ ਨਾਲ ਸੁਰਤੀ ਨੇ ਚੱਲਣੈ। ਉਹਨੂੰ ਸੁਰਤੀ ਕਹੋ, ਬਿਰਤੀ ਕਹੋ, ਮਨ ਕਹੋ। ਪਰ ਜਦ ਥੋਡੀ ਸੁਰਤੀ ਖਾਲੀ ਹੋ ਜੂਗੀ ਤਾਂ ਅਨਾਹਦ ਧੁਨਿ ਆਏਗੀ।

ਸਿਮਰਿ ਸਿਮਰਿ ਨਾਮੁ ਬਾਰੰ ਬਾਰ॥
ਨਾਨਕ ਜੀਅ ਕਾ ਇਹੈ ਅਧਾਰ॥ (ਪੰਨਾ ੨੯੮)

ਪਰ ਥੋਡਾ ਸਿਮਰਨ ਨਾ ਬੰਦ ਹੋਵੇ, ਤੇ ਨਿਕਾਮ ਫੁਰਨਿਆਂ ਨਾਲ, ਨਿਕਾਮ ਸੇਵਾ ਨਾਲ ਤੁਸੀਂ ਅੰਤਹਕਰਣ ਨੂੰ ੁੱਧ ਕਰਨੈ। ਜਦ ਇਹ ੁੱਧ ਹੋ ਗਿਆ ਤੇ ਫਿਰ ਰਹਿ ਕੀ ਗਿਆ ? ਤੇ ਸੁਰਤ ਉਹਦੇ ਨਾਲ ਜੁੜ ਗਈ ਤੇ ਵਿਚਾਲੇ ਕੁੱਛ ਹੈ ਨਹੀਂ। ਤੁਸੀਂ ਆਪ ਹੀ ਦੇਖੋ ਜਦ ਤੁਸੀਂ ਪਰਮੇਰ ਦਾ ਨਾਮ ਜਪਦੇ ਹੋ, ਥੋਨੂੰ ਕਿੰਨੇ ਖਿਆਲ ਆਉਂਦੇ ਨੇ। ਲੋਕ ਕਹਿੰਦੇ ਨੇ ਆ ਆ ਕੇ। ਅਸੀਂ ਵੀ ਦੇਖਦੇ ਹਾਂ ਬਈ ਮੈਂ ਜਦ ਭਜਨ ਕਰਦਾਂ ਤਾ ਹੋਰ ਹੀ ਖਿਆਲ ਆਈ ਜਾਂਦੇ ਨੇ ਤੇ ਮੈਂ ਆਖਿਆ ਤੇਰੇ ਭਰੇ ਵੀ ਤਾਂ ਹੋਰ ਹੀ ਸੀ ਤੇ ਫਿਰ ਤੈਨੂੰ ਰੱਬ ਦਾ ਖਿਆਲ ਕਿਥੋਂ ਆ ਜਾਂਦਾ ? ਏਸ ਕਰਕੇ, ਉਹ ਖਿਆਲ ਕਦ ਮੁੱਕਣਗੇ ? ਜਦ ਥੋਡਾ ਅੰਤਹਕਰਣ ੁੱਧ ਹੋ ਜਾਏਗਾ। ਜਦ ਅੰਤਹਕਰਣ ਥੋਡਾ ੁੱਧ ਹੋ ਜਾਏ ਗਾ ਤੇ ਉਹਦੇ ਨਾਲ ਥੋਡੀ ਸੁਰਤੀ ਦੀ ਧੁਨ ਲੱਗ ਜਾਏਗੀ। ਜਦ ਧੁਨ ਲੱਗ ਗਈ ਤਾਂ ਫਿਰ ਤੁਸੀਂ ਨਿਰੰਜਨ ਦੇ ਅਨੁਭਵ ਨੂੰ ਪਾ ਲਉਗੇ, ਉਹ ਨਿਰੰਜਨ ਨਿਰਾਕਾਰ ਹੈ। ਉਹ ਨਿਰੰਜਨ ਨਾਲ ਬਿਰਤੀ ਜੁੜੇਗੀ ਤਾਂ ਥੋਨੂੰ ਆਪਣਾ ਆਪ ਥਿਆਏਗਾ, ਐਵੇਂ ਤਾਂ ਥਿਆਉਣਾ ਨਹੀਂ। ਜੇ ਤੁਸੀਂ ਗੱਲਾਂ ਕਰੀ ਜਾਉਂਗੇ, ਐਂ ਤਾਂ ਨਹੀਂ ਥਿਆਉਣਾ। ਏਸ ਕਰਕੇ ਗੁਰੂ ਸਾਹਿਬ ਨੇ ਜੋ ਵੀ ਕਿਹਾ, ਉਹ ਠੀਕ ਕਿਹਾ। ਬਦ ਔਰ ਸੁਰਤ ਦੋਹਾਂ ਦੀ ਨਿਉਂ ਰਖੀ ਹੈ ਗੁਰੂ ਗ੍ਰੰਥ ਸਾਹਿਬ ਮੇਂ –

ਸਬਦ ਸੁਰਤਿ ਕੀ ਨੀਵ ਰਖਾਈ॥ (ਪੰਨਾ ੧੪ ੬)

ਹੁਣ ਨਿਉਂ ਤਾਂ ਰੱਖਤੀ, ਸੁਰਤੀ ਥੋਡੇ ਕੋਲ ਹੈ, ਬਦ ਹਰ ਵਕਤ

ਹੈ। ਬਦ ਔਰ ਬਦੀ ਇੱਕ ਨੇ, ਦੋ ਨਹੀਂ ਹਨ। ਉਹ ਥੋਡੇ ਸਾਹਮਣੇ ਨੇ। ਥੋਡੇ ਅੰਦਰ ਹੀ ਬਦੀ ਬੈਠੈ, ਥੋਡੇ ਅੰਦਰ ਹੀ ਸੁਰਤੀ ਹੈ। ਪਰ ਜੁੜਦੀ ਕਿਉਂ ਨਹੀਂ ? ਥੋਡੀ, ਅਜੇ ਪੂਰੀ ਪੱਕੀ ਸਲਾਹ, ਜੋੜਨ ਦੀ ਹੋਈ ਨਹੀਂ ਹੈ, ਅਜੇ ਤਾਂ ਤੁਸੀਂ ਸੰਸਾਰ ਦਾ ਆਨੰਦ ਲੈਂਦੇ ਫਿਰਦੇ ਹੋਂ, ਬਈ ਇਹ ਵੀ ਲੈ ਲਉ ਫਿਰ ਪਿੱਛੋਂ ਗਿਆਨ ਵੀ ਲੈ ਲਵਾਂਗੇ ਜਾਂਦੇ ਹੋਏ। ਗਿਆਨ ਕੋਈ ਐਂ ਰੱਖਿਆ ਹੋਇਐ ? ਏਸ ਕਰਕੇ ਭਾਈ ! ਸੁਰਤ ਜਿਹੜੀ ਹੈ, ਉਹ ਬਦ ਨਾਲ ਜੋੜਨੀ ਹੈ।

ਸਬਦ ਸੁਰਤਿ ਲਿਵ ਲੀਣੁ ਹੋਇ ਓਹੁ ਆਪੁ ਗਵਾਵੈ ॥

(ਭਾਈ ਗੁਰਦਾਸ ੯/੨੨)

ਹਉ ਹਉ ਭੀਤਿ ਭਇਓ ਹੈ ਬੀਚੋ (ਪੰਨਾ ੬੨੪)

ਉਹ ਵਿਚਾਲੇ ਕੰਧ ਵੀ ਤਾਂ ਹੰਕਾਰ ਦੀ ਪਈ ਹੈ। ਉਹਨੂੰ ਕੈਸੇ ਤੋੜੋਂਗੇ ? ਉਹ **ਭਾਈ ਗੁਰਦਾਸ** ਜੀ ਦੱਸ ਗਏ। ਉਹਨਾਂ ਆਖਿਆ–

ਸਬਦ ਸੁਰਤਿ ਲਿਵ ਲੀਣੁ ਹੋਇ

ਥੋਡੀ ਸੁਰਤੀ ਬਦ ਦੇ ਵਿਚ ਲੀਨ ਹੋ ਜਾਵੇ। ਉਹ ਜਦ ਲੀਨ ਹੋ ਗਈ, ਉਹਨੂੰ ਲਿਵ ਕਹਿੰਦੇ ਨੇ ਤੇ ਲਿਵ ਤੋਂ ਬਾਦ ਬਿਨਾਂ ਪੁੱਛੇ ਅਬਿਨਾਸੀ ਪਦ ਦੀ ਪ੍ਰਾਪਤੀ ਹੋ ਜੂ।

ਓਹੁ ਆਪੁ ਗਵਾਵੈ॥

ਆਪੁ ਨਾਉਂ ਹੈ ਉਥੇ ਹੰਕਾਰ ਦਾ। ਇਹਦਾ ਹੰਕਾਰ ਆਪ ਹੀ ਗਵਾਇਆ ਜਾਊ। ਜੇ ਤੁਸੀਂ ਆਖੋ ਨਾ, ਹੰਕਾਰ ਨੂੰ ਅਸੀਂ ਗਵਾ ਦਈਏ, ਇਉਂ ਨਹੀਂ ਗਵਾਇਆ ਜਾਏਗਾ। ਪਰ ***ਸਬਦ ਸੁਰਤਿ ਲਿਵ ਲੀਣੁ ਹੋਇ*** ਸੁਰਤੀ ਨੂੰ ਬਦ ਦੇ ਵਿਚ ਲੀਨ ਕਰ ਦਿਉ।

ਗੁਰ ਚੇਲੇ ਕੀ ਸੰਧਿ ਮਿਲਾਈ॥

ਆਉਂਦੈ ਕਿ ਨਹੀਂ ਗੁਰੂ ਗ੍ਰੰਥ ਸਾਹਿਬ ਵਿਚ? ਇਥੇ ਸੰਧਿ ਮਿਲ ਜਾਊ। ਜਦ ***ਸਬਦ ਸੁਰਤਿ ਲਿਵ ਲੀਣੁ ਹੋਇ*** ॥ ਜਦ ਸੁਰਤੀ ਨੂੰ ਤੁਸੀਂ ਬਦ ਦੇ ਵਿਚ ਲੀਨ ਕਰ ਦਿਉਂਗੇ, ਉਹਦਾ ਨਾਉਂ **ਲਿਵ** ਹੈ।

ਫਿਰ ਥੋਨੂੰ ਕੀ ਪ੍ਰਾਪਤ ਹੋਊ ? **ਆਪਣਾ ਆਪ** । ਪਰ ਆਪਾ ਗਵਾ ਕੇ। ਹੰਕਾਰ ਆਪੇ ਹੀ ਭੱਜ ਜੂ, ਉਹ ਕੰਧ ਆਪੇ ਹੀ ਢਹਿ ਜੂਗੀ। ਥੋਨੂੰ **ਆਪਣਾ ਆਪ** ਪ੍ਰਾਪਤ ਹੋ ਜੂਗਾ। ਇਹ ਤੁਸੀਂ ਦੇਖ ਲਿਉ ਕਰਕੇ ਤਾਂ ਕੰਮ ਚੱਲੇਗਾ। ਕੋਿ ਤਾਂ ਕਰੋ ਨਾ। ਪਰ ਥੋਨੂੰ ਤਾਂ ਵਿਹਲ ਹੀ ਨਹੀਂ ਕੋਿ ਕਰਨ ਦੀ। ਏਸ ਕਰਕੇ, ਉਹ ਕਹਿੰਦੇ–ਗੁਰੂ ਨੇ, ਸੰਤ ਨੇ ਮੇਰਾ ਮਨ ਮਿਲਾ ਦਿੱਤਾ ਤੇ ਮਨ ਮਿਲਣੇ ਸੇ, ਮੈਨੂੰ ਪ੍ਰਾਪਤੀ ਹੋ ਗਈ। ਪੰਗਤੀ ਦਾ ਇਹੀ ਅਰਥ ਹੈ ਨਾ ? ਚੱਲੀਏ–

ਹਰਿ ਹਰਿ ਰਤਨੁ ਰਤਨੁ ਹਰਿ ਨੀਕੋ

ਉਹ ਕਹਿੰਦੇ–ਉਹ ਜਿਹੜਾ **ਹਰਿ ਹਰਿ** ਹੈ ਨਾ ਪਰਮੇਰ ਦਾ ਨਾਮ, ਇਹ ਤਾਂ੍ਧ ਰਤਨ ਹੈ, ਉਹ ਦੂਆ ਰਤਨ ਨਹੀਂ। **ਨੀਕੋ** ਕਹੀਏ ਸਭ ਸੇ ਅੱਛਾ, **ਰਤਨੁ** ਨਾਮ ਹੈ, ਉਹ ਨਾਮ ਥੋਨੂੰ ਪ੍ਰਾਪਤ ਹੋਇਆ। ਉਹ ਨਾਮ ਥੋਨੂੰ ਪ੍ਰਾਪਤ ਤਾਂ ਹੋਏਗਾ। ਉਹ ਜਦ–

ਸੁਰਤਿ ਸਬਦ ਕਾ ਬਾਂਧਉ ਬੇੜਾ

ਪਹਿਲਾਂ ਇਹਦਾ ਬੇੜਾ ਬੱਝ ਜਾਏਗਾ ਤਾਂ

ਗਗਨ ਮੰਡਲ ਕੋ ਕੂਚ ਹੈ।।

ਤਾਂ ਕੋਈ ਜਰੂਰਤ ਨਹੀਂ ਤੁਹਾਨੂੰ। ਏਸ ਕਰਕੇ ਭਾਈ ! ਉਹ **ਹਰਿ ਹਰਿ** ਜਿਹੜਾ ਨਾਮ ਹੈ, ਉਹ ਰਤਨ ਹੈ। ਉਹ ਨਾਮ ਥੋਨੂੰ ਪ੍ਰਾਪਤ ਹੋਇਆ। ਕੀਹਦੇ ਤੋਂ? ਗੁਰੂ ਕੋਲੋਂ। ਉਸ ਗੁਰੂ ਤੋਂ ਕਦ ਪ੍ਰਾਪਤ ਹੋਇਆ ? ਜਦ ਥੋਡੀ ਸੁਰਤੀ, ਗੁਰੂ ਦੀ ਆਗਿਆ ਦੇ ਵਿਚ ਬਦ ਦੇ ਅਧੀਨ ਹੋ ਗਈ, ਥੋਡੀ ਮੋਕ ਹੋ ਜੂ। ਹੰਕਾਰ ਦੂਰ ਹੋ ਗਿਆ। ਪ੍ਰਛਿੰਨ ਹੰਕਾਰ ਹੀ ਜਨਮ ਮਰਨ ਦਾ ਹੇਤੂ ਹੈ। ਉਹ ਤਾਂ ਐਂ ਦੂਰ ਹੋਏਗਾ, ਐਵੇਂ ਤਾਂ ਹੋਣਾ ਨਹੀਂ। ਗੱਲਾਂ ਬਾਤਾਂ ਨਾਲ ਤਾਂ ਨਹੀਂ ਹੋਣਾ। ਅਸੀਂ ਕਰ ਦਿਆਂਗੇ ਕਥਾ, ਤੁਸੀਂ ਸੁਣ ਲਉਂਗੇ, ਬੱਸ ! ਬਣਨਾ ਕੱਖ ਨਹੀਂ। ਚੱਲੀਏ –

ਗੁਰਿ ਸਤਿਗੁਰਿ ਦਾਨੁ ਦਿਵਾਇਓ।। ਰਹਾਉ।।

ਉਹ ਸਤਿਗੁਰ ਨੇ ਬੜਾ ਦਾਨ ਦਿੱਤਾ। ਨਾਮ ਦਾਨ ਦਿੱਤਾ। ਨਾਮ

ਦਾਨ ਕਰਿਆ। ਸਤਿਗੁਰੂ ਨੇ ਜਦ ਸਾਡੀ ਸੁਰਤੀ ੁੱਧ ਕਰ ਦਿਤੀ, ਉਸਨੂੰ ਬਦ ਦੇ ਨਾਲ ਜੋੜਤਾ, ਧੁਨ ਉਹਦੀ ਇਕ ਹੋ ਗਈ। ਇਹ ਦਾਨ ਸਾਨੂੰ ਸਤਿਗੁਰੂ ਨੇ ਦਿੱਤਾ। ਇਹ ਸਾਨੂੰ ਦਾਨ ਗੁਰੂ ਨੇ ਦਿੱਤਾ। ਇਹ ਦਾਨ ਉਹਨਾਂ ਕੋਲ ਸੀ ਬ੍ਰਹਮ ਗਿਆਨੀਆਂ ਦੇ ਕੋਲ, ਤੇ ਜਿਨ੍ਹਾਂ ਨੂੰ ਨਾਮ ਪ੍ਰਾਪਤ ਹੋ ਗਿਆ, ਉਹ ਬ੍ਰਹਮ ਗਿਆਨੀ ਹੋ ਗਏ।

ਤਿਸੁ ਜਨ ਕਉ ਮਨੁ ਤਨੁ ਸਭ ਦੇਵਉ

ਉਹ ਜਿਹੜਾ ਥੋਡੀ ਸੁਰਤੀ ਨੂੰ, ਧੁਨ ਵਾਲੀ ਨੂੰ ਬਦ ਦੇ ਨਾਲ ਜੋੜ ਦੇਵੇ, ਉਹਨੂੰ, ਮਨ ਤਨ ਧਨ ਸਭ ਅਰਪਣ ਕਰ ਦਿਉ, ਫਿਰ ਹੋਰ ਨਾ ਕੋਈ ਵਿਚੋਲਾ ਰੱਖਿਓ। ਫਿਰ ਹੋਰ ਕੋਈ ਵਿਚੋਲਾ ਹੋਏਗਾ ? ਗੁਰੂ ਸਾਹਿਬ ਨੇ ਲਿਖਿਐ ਨਾ–

ਤੈਡੀ ਬੰਦਸਿ ਮੈ ਕੋਇ ਨ ਡਿਠਾ ਤੂ ਨਾਨਕ ਮਨਿ ਭਾਣਾ ॥

(ਪੰਨਾ ੯੬੪)

ਗੁਰੂ ਸਾਹਿਬ ਕਹਿੰਦੇ– ਤੇਰੇ ਜਿੱਡਾ ਮੈ ਕੋਈ ਨਹੀਂ ਡਿੱਠਾ ਪਰ ਗੁਰੂ ਨਾਨਕ ਕਹਿੰਦੇ– ਤੂੰ ਮੇਰੇ ਮਨ ਨੂੰ ਭਾਅ ਗਿਆ। ਪਰ ਨਾਲ ਇਕ ਹੋਰ ਵੀ ਬਾਤ ਹੈ, ਪੰਚਮ ਪਾਤਾਹ ਦੀ–

ਤੈਡੀ ਬੰਦਸਿ ਮੈ ਕੋਇ ਨ ਡਿਠਾ ਤੂ ਨਾਨਕ ਮਨਿ ਭਾਣਾ ॥
ਘੋਲਿ ਘੁਮਾਈ ਤਿਸੁ ਮਿਤ੍ਰ ਵਿਚੋਲੇ ਜੈ ਮਿਲਿ ਕੰਤੁ ਪਛਾਣਾ॥

ਕਹਿੰਦੇ– ਮੈਂ ਗੁਰੂ ਰਾਮਦਾਸ ਜੀ ਤੋਂ ਵੀ ਕੁਰਬਾਨ ਜਾਂਦਾ ਹਾਂ ਜਿਸਦੀ ਕਿਰਪਾ ਤੇ ਮੈਂ ਉਸ **ਕੰਤੁ** ਮਾਲਕ ਨੂੰ ਪਛਾਣਿਆ। ਮੈਨੂੰ ਮਾਲਕ ਦੀ ਪਛਾਣ ਆ ਗਈ। ਪਹਿਲੇ ਗੁਰੂ ਚੀਨਿਆ, ਫਿਰ ਮਨ ਜੁੜਿਆ, ਫਿਰ **ਕੰਤੁ** ਪਛਾਣ ਲਿਆ। ਆਹ ਤੁਸੀਂ ਪਹਿਲੇ ਕਿਸੇ ਨੂੰ ਦੇਖਦੇ ਹੋ ਜਾਂ ਅਸੀਂ, ਥੋੜੀ ਜਿਹੀ ਨਿਗਾਹ ਕਮਜ਼ੋਰ ਹੈ, ਹੁਣ ਅਸੀਂ ਪੁੱਛਦੇ ਹਾਂ ਬਈ ਕੌਣ ਹੈ ? ਫਿਰ ਉਹ ਦੱਸਦੈ, ਫੇਰ ਅਸੀਂ ਉਹਨੂੰ ਐਨ ਪਛਾਣ ਲੈਂਦੇ ਹਾਂ, ਬਈ ਪਛਾਣ ਲਿਆ। ਉਹ ਪਛਾਣ ਤਾਂ ਹੋਏਗਾ–

ਘੋਲਿ ਘੁਮਾਈ ਤਿਸੁ ਮਿਤ੍ਰ ਵਿਚੋਲੇ ਜੈ ਮਿਲਿ ਕੰਤੁ ਪਛਾਣਾ॥

ਗੁਰੂ ਬ੍ਰਹਮ ਗਿਆਨੀ ਦਾ ਨਾਉਂ ਹੈ, ਹੋਰ ਕਿਸੇ ਦਾ ਨਾਉਂ ਨਹੀਂ ਹੈ।

ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ॥
ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ॥
(ਪੰਨਾ ੧੧ ੨)

ਉਹ ਤਾਂ ਮਰਿਆਂ ਪਿਆਂ ਨੂੰ ਨਹੀਂ ਛੱਡਦੇ ਹੈਗੇ। ਉਥੋਂ ਫੜਕੇ ਲਿਆਂਦਾ ਬਹਿਲੋ ਨੂੰ। ਲਿਆਉ ਉਹਨੂੰ ਦੋ ਜਣੇ ਫੜਕੇ, ਖਿੱਚਕੇ। ਉਹ ਨਹੀਂ ਮੰਨਦਾ ਸੀ। ਜਦ ਉਹਨੂੰ ਸਭ ਕੁੱਛ ਹੋ ਗਿਆ, ਫਿਰ ਉਹ ਕਹਿੰਦੇ ਮੰਗ ਕੁੱਛ ? ਉਹ ਕਹਿੰਦਾ ਨਾ। ਉਹ ਤਾਂ ਮਰਿਆਂ ਪਿਆਂ ਨੂੰ ਨਹੀਂ ਛੱਡਦਾ, ਉਹ ਤਾਂ ਦੇਖਦੈ। ਬਈ ਇੱਧਰ ਚਲੇ ਗਏ। ਏਸ ਕਰਕੇ, ਭਾਈ! ਉਹ ਜਿਹੜਾ ਗੁਰੂ ਹੈ, ਬ੍ਰਹਮ ਗਿਆਨੀ, ਉਸ ਨੇ ਸਾਡਾ ਮਨ ਜੋੜਿਆ। ਪਰ ਜਿਹੜੀ ਸੁਰਤੀ ਜੋੜੀ ਧੁਨ ਵਾਲੀ, ਜੀਹਦੇ ਵਿਚ ਧੁਨ ਹੀ ਧੁਨ ਹੋਵੇ, ਜੀਹਦੇ ਵਿਚ ਨਾਮ ਦਾ ਅਭਿਆਸ ਹੋਵੇ, ਸਜਾਤੀ ਪਰਤੇ ਹੋਣ, ਉਹ ਜੁੜੇਗੀ। ਤੇ ਸੁਰਤੀਆਂ ਤਾਂ ਸਾਰਿਆਂ ਕੋਲ ਨੇ, ਉਹਨਾਂ ਸੁਰਤੀਆਂ ਨਾਲ ਸਾਰੇ ਕੰਮ ਕਰਦੇ ਹੋਂ ਤੁਸੀਂ। ਸਮਝ ਗਏ ? ਚੋਰੀ ਕਰੋਂਗੇ ਤਾਂ ਫਿਰ ਨਹੀਂ ਚੱਲੇਗਾ ਕੰਮ–

ਚੋਰ ਕੀ ਹਾਮਾ ਭਰੇ ਨ ਕੋਇ॥
ਚੋਰੁ ਕੀਆ ਚੰਗਾ ਕਿਉ ਹੋਇ॥ (ਪੰਨਾ ੬੬੨)

ਉਹ ਤਾਂ ਸਾਰੇ ਗੁਰੂ ਸਾਹਿਬ ਨੇ ਨਿਖੇਧ ਕਰ ਦਿਤੇ। ਇਸ ਕਰਕੇ ਉਹ ਤਾਂ ਮਹਾਂ ਪੁਰ ਹੋਏਗਾ–

ਸਤੁ ਸੰਤੋਖੁ ਦਇਆ ਧਰਮੁ ਸੁਚਿ ਸੰਤਨ ਤੇ ਇਹੁ ਮੰਤੁ ਲਈ ॥
(ਪੰਨਾ ੮੨੨)

ਇਹ ਤਾਂ ਗੁਰੂ ਰਾਮਦਾਸ ਤੇ ਮੱਤ ਲਈ ਹੈ, ਪੰਚਮ ਪਾਤਾਹ ਕਹਿੰਦੇ– ਇਹ ਤਾਂ ਉਹਨਾਂ ਪਾਸੋਂ ਮਿਲਿਐ। ਉਹਨਾਂ ਦੇ ਉਤੋਂ ਦੀ–

ਘੋਲਿ ਘੁਮਾਈ ਤਿਸੁ ਮਿਤ੍ਰ ਵਿਚੋਲੇ ਜੈ ਮਿਲਿ ਕੰਤੁ ਪਛਾਣਾ॥
(ਪੰਨਾ ੯੬੪)

ਉਹਨਾਂ ਦੇ ਉੱਤੋਂ ਦੀ ਕੁਰਬਾਨ ਹੋ ਜਾਉ, ਬ੍ਰਹਮ ਗਿਆਨੀ ਉਤੋਂ ਦੀ। ਬ੍ਰਹਮ ਗਿਆਨੀ ਔਰ ਪਰਮੇਰ ਦੋ ਨਹੀਂ ਹੁੰਦੇ।

ਗੁਰੁ ਪਰਮੇਸਰੁ ਏਕੋ ਜਾਣੁ॥
ਜੋ ਤਿਸੁ ਭਾਵੈ ਸੋ ਪਰਵਾਣੁ॥ (ਪੰਨਾ ੮੬੪)

ਇਹ ਤਾਂ ਰਸਤਾ ਹੈ ਭਾਈ! ਨਿਮਰਤਾ ਦਾ ਤੇ ਗੁਰੂ ਦੀ ਕ੍ਰਿਪਾ ਦਾ।

ਜਨ ਨਾਨਕ ਹਰਿ ਭਏ ਦਇਆਲਾ ਤਉ ਸਭ ਬਿਧਿ ਬਨਿ ਆਈ॥ (ਪੰਨਾ ੨੧੯)

ਨੌਂਵੇਂ ਪਾਤਾਹ ਕਹਿੰਦੇ। ਉਹ ਨੌਂਵੇਂ ਪਾਤਾਹ ਨੂੰ ਕਹਿੰਦੇ- ਜੀ ਇਹ ਬਿਧੀ ਕੈਸੇ ਬਣੇਗੀ ?

ਜਨ ਨਾਨਕ ਹਰਿ ਭਏ ਦਇਆਲਾ ਤਉ ਸਭ ਬਿਧਿ ਬਨਿ ਆਈ॥

ਜਦ ਹਰੀ ਦਿਆਲੂ ਹੋਏਗਾ, ਤਾਂ ਬਿਧੀ ਬਣੇਗੀ। ਜਿੰਨਾ ਚਿਰ ਹਰੀ ਦਿਆਲੂ ਨਹੀਂ ਹੋਊ, ਥੋਡੀ ਬਿਧੀ ਕੋਈ ਨਹੀਂ ਬਣਨੀ। ਏਸ ਕਰਕੇ, ਕਬੀਰ ਨੇ ਕਿਹਾ-

ਤਜਿ ਭਰਮ ਕਰਮ ਬਿਧਿ ਨਿਖੇਧ ਰਾਮ ਨਾਮੁ ਲੇਹੀ॥
ਗੁਰ ਪ੍ਰਸਾਦਿ ਜਨ ਕਬੀਰ ਰਾਮੁ ਕਰਿ ਸਨੇਹੀ॥(ਪੰਨਾ ੬੯੨)

ਕਹਿੰਦਾ- ਓਏ! ਇਕ ਰਾਮ ਦੇ ਨਾਲ ਤੂੰ ਪ੍ਰੀਤ ਲਾ ਲੈ। ਇਹ ਸਾਰੇ ***ਤਜਿ ਭਰਮ ਕਰਮ ਬਿਧਿ ਨਿਖੇਧ ਰਾਮ ਨਾਮੁ ਲੇਹੀ*** ਇਹ ਕਰਮ, ਧਰਮ, ਬਿਧੀ, ਨਿਖੇਧ ਤਿਆਗ ਦੇ। ਆਹ ਕਰਮ ਤੂੰ ਫੜ ਲੈ। ਉਹ ਨਾਮ ਨੇ ਤੁਹਾਨੂੰ ਰੰਗ ਚਾੜਨੈ, ਹੋਰ ਕੋਈ ਥੋਡੇ ਮਨ ਨੂੰ ਰੰਗ ਨਹੀਂ ਚਾੜਨ ਵਾਲਾ। ਪਰ ਕਦ ? ਜਦ ਥੋਡੀ ਸੁਰਤੀ ਦੀ ਧੁਨ ਲੱਗ ਜਾਏ ਗੀ, ਤਾਂ, ਕ੍ਰਿਪਾ ਤਾਂ ਵਿੱਚੋਂ ਹੀ ਹੋ ਜਾਣੀ ਹੈ। ਉਹ ਬੈਠਾ ਨਹੀਂ ਵਿਚ? ਜਦ ਇਕਾਗਰਤਾ ਹੋਈ, ਚਾਨਣ ਹੋ ਜਾਣੈ, ਉਹ ਅੰਤਰਜਾਮੀ ਨੇ ਕਰਨਾ ਹੈ। ਤੁਸੀਂ ਐਂ ਦੱਸੋ, ਜਿੰਨੇ ਸਾਡੇ ਕਰਮ ਨੇ, ਉਹਨਾਂ ਦੀ ਟੱਲੀ ਕੌਣ ਖੜਕਾਉਂਦੈ ? ਉਹੀ ਖੜਕਾਉਂਦੈ। ਜਦ ਕਰਮ ਆ ਜਾਂਦੈ ਉੱਦੋਂ

ਕੋਈ ਬੀਮਾਰੀ, ਕੋਈ ਫੋੜਾ, ਕੋਈ ਧਿਮਕਾ। ਉਹ ਕਰਮ ਨੂੰ ਨਹੀਂ ਭੁਗਤਾ ਦਿੰਦਾ? ਤੇ ਥੋਡੀ ਤਾਂ ਸਲਾਹ ਹੈ ਕਦੇ ਕੋਈ ਦੁਖ ਆਵੇ ਹੀ ਨਾ। ਪਰ ਉਹ ਤਾਂ ਜਬਰਦਸਤੀ ਆਇਆ ਪਿਆ ਹੁੰਦੈ। ਪਰ ਉਹ ਵੀ ਕਰਮ ਨੂੰ ਭੁਗਤਾਏਗਾ ਤਬ ਤੱਕ, ਜਬ ਤੱਕ ਤੁਸੀਂ ਈਰ ਦੇ ਨਹੀਂ ਬਣੋਗੇ, ਜਦ ਤੱਕ ਤੁਸੀਂ ਈਰ ਦੀ ਰਣ ਨਹੀਂ ਜਾਉਂਗੇ। ਓਨਾਂ ਚਿਰ ਇਹ ਕਾਰਜ ਬਣਨ ਵਾਲਾ ਨਹੀਂ ਹੈ। ਚੱਲੀਏ-

ਜਿਨਿ ਹਰਿ ਹਰਿ ਨਾਮੁ ਸੁਨਾਇਓ॥

ਜਿੰਨ੍ਹਾਂ ਨੇ ਮੈਨੂੰ ਈਰ ਦਾ, ਪਰਮੇਰ ਦਾ, ਜਿਹੜਾ ਹਰ ਜਗ੍ਹਾ ਵਿਆਪਕ ਹੈ, ਉਹਦਾ ਨਾਮ ਸੁਣਾਇਆ, ਉਸ ਸੰਤ ਦੇ ਮੈਂ ਕੁਰਬਾਨ ਜਾਂਦਾ ਹਾਂ।

ਧਨੁ ਮਾਇਆ ਸੰਪੈ ਤਿਸੁ ਦੇਵਉ

ਮੈਂ ਥੋਨੂੰ ਇਕ ਹੋਰ ਬਾਤ ਦਸਦਾਂ ਅੱਜ, ਤੁਸੀਂ ਵੀ ਆਪਣੇ ਅਨੁਭਵ ਦੀ ਦੱਸਿਓ। ਗੁਰੂ ਜਦ ਉਪਦੇ ਦਿੰਦਾ ਹੈ, ਸਾਨੂੰ ਵੀ ਦਿੱਤਾ। ਉਸ ਵਕਤ ਥੋਨੂੰ ਨਾਮ ਦੇ ਬਿਨਾਂ, ਧਿਆਨ ਦੇ ਬਿਨਾਂ ਹੋਰ ਵੀ ਕੁੱਛ ਦਸਦੈ? ਇਹੀ ਦਸਦੈ। ਉਹ ਕਹਿੰਦਾ ਪਿਛਲਾ ਛੱਡ ਦਿਉ ਸਾਰਾ। ਫਿਰ ਤੁਸੀਂ, ਉਹ ਧਿਆਨ ਔਰ ਨਾਮ ਹੀ ਕੋਲ ਰੱਖਦੇ ਹੋ ਕਿ ਪਿਛਲਾ ਸਾਮਾਨ ਕੋਲ ਲੈ ਆਉਂਦੇ ਹੋ ? ਜਾਂ ਤਾਂ ਨਿਕਲਿਆ ਨਹੀਂ ਹੋਣਾ ਉਹ। ਧੋਖੇ ਨਾਲ ਉਪਦੇ ਲੈ ਲਿਆ ਤੁਸੀਂ। ਤੁਸੀਂ ਇਹ ਦੇਖੋ। ਸਾਨੂੰ ਪਤੈ, ਸਾਨੂੰ ਸਾਡੇ ਗੁਰੂ ਨੇ ਉਪਦੇ ਦਿੱਤਾ ਚਉਬਾਰੇ ਦੇ ਅੰਦਰ। ਜਿਹੜਾ ਉਪਦੇ ਦਿੱਤਾ, ਅਸੀਂ ਜਦ ਕਾਫੀ ਪੜ੍ਹ ਗਏ, ਉਦੋਂ ਸਾਨੂੰ ਉਪਦੇ ਦਾ ਪੱਤਾ ਲਗਿਆ ਬਈ ਉਪਦੇ ਤਾਂ ਬਹੁਤ ਅੱਛਾ ਸੀ, ਪਹਿਲਾਂ ਸਾਨੂੰ ਕੋਈ ਪਤਾ ਨਹੀਂ ਸੀ। ਅਸੀਂ ਉੱਤਰਕਾ਼ੀ ਚਲੇ ਗਏ। ਸਾਡਾ ਮੰਤਰ ਕੁੱਛ ਹੋਰ ਸੀ, ਉਥੋਂ ਅਸੀ **ਸੋਹੰ** ਕਰ ਲਿਆ। ਉਹ ਸਾਰੇ ਆਖਣ ਕਿ ਸੋਹੰ ਤਾਂ ਅਜਪਾ ਜਾਪ ਹੈ, ਮੈਂ ਵੀ ਲੱਗ ਗਿਆ। ਮੈਂ ਸੱਚ ਦਸਦਾਂ ਜਦ ਮੈਂ ਆਕੇ ਬੈਠਾ, ਉਹ ਕਹਿੰਦੇ- ਓਏ! ਇਹ ਨਹੀਂ ਕਰਨਾ, ਜਿਹੜਾ ਅਸੀਂ ਦੱਸਿਐ, ਉਹ ਕਰਨੈ। ਮੈਂ ਆਖਿਆ ਲਉ ਬਈ

ਦਿਵਾਲਾ ਨਿਕਲ ਗਿਆ। ਚੋਰੀ ਤਾਂ ਦਿਸ ਗਈ, ਉਹ ਈਰ ਨੇ ਤਾਂ ਹਿਰਦੇ ਚ ਬਹਿ ਕੇ ਦੱਸਿਆ ਗੁਰੂ ਨੂੰ। ਈਰ, ਗੁਰੂ ਹੀ ਹੁੰਦੈ। ਏਸ ਕਰਕੇ, ਗੁਰੂ ਤੁਹਾਨੂੰ ਨਾਮ ਦੇਵੇਗਾ, ਧਿਆਨ ਦੇਵੇਗਾ, ਉਹ ਦੋਵੇਂ ਚੀਜਾਂ ਤੁਹਾਨੂੰ ਦੇਵੇਗਾ। ਉਹ ਧਿਆਨ ਤੇ ਨਾਮ ਤੋਂ ਬਿਨਾਂ ਹੋਰ ਤਾਂ ਕੁੱਛ ਨਹੀਂ ਦਿੰਦਾ। ਤੁਸੀਂ ਤਾਂ ਕੁੱਛ ਹੋਰ ਲੈਂਦੇ ਹੋ, ਫਿਰ ਗੁਰੂ ਔਰ ਪਰਮੇਰ ਦਾ ਕੀ ਦੋ ਹੈ ?

ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥
ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥
(ਪੰਨਾ ੪੩੩)

ਏਸ ਕਰਕੇ, ਤੁਸੀਂ ਤਾਂ ਦੂਜੇ ਪਾਸੇ ਫਿਰਦੇ ਹੋ।

ਜੋ ਜੋ ਕਰਮ ਕੀਓ ਲਾਲਚ ਲਗਿ
ਤਿਹ ਤਿਹ ਆਪੁ ਬੰਧਾਇਓ॥ (ਪੰਨਾ ੭੨)

ਕਹਿੰਦਾ–ਜੋ ਵੀ ਤੈਂ ਸਕਾਮ ਕੀਤੇ ਕਰਮ, ਉਹਨਾਂ ਨੇ ਤੈਨੂੰ ਬੰਨ੍ਹ ਲਿਆ। ਉਹ ਕਰਮ ਬੰਨ੍ਹ ਕੇ ਤੈਨੂੰ ਜਨਮ ਮਰਣ ਮੇਂ ਲੈ ਜਾਏਂਗੇ।

ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ॥ (ਪੰਨਾ ੨)

ਕਰਮਾਂ ਦੁਆਰੇ ਤਾਂ ਥੋਨੂੰ ਕੱਪੜਾ (ਸਰੀਰ) ਮਿਲਦੈ। ਕਿਸੇ ਨੂੰ ਵਧੀਆ ਮਿਲ ਜੂ, ਕਿਸੇ ਨੂੰ ਘਟੀਆ ਮਿਲ ਜੂ। ਪਰ ਮੋਕ ਦਾ ਦਰਵਾਜਾ ਤਾਂ ਨਦਰ ਨੇ ਦੇਣਾ ਹੈ।

ਨਦਰੀ ਮੋਖੁ ਦੁਆਰੁ॥

ਉਹ ਕਿਰਪਾ ਕਦ ਹੋਏਗੀ, ਜਦ ਖੁ ਹੋਏਗਾ ਪਰਮੇਰ। ਐਵੇਂ ਤਾਂ ਨਹੀਂ ਹੋਣੀ ਹੈਗੀ। ਗੁਰੂ ਔਰ ਪਰਮੇਰ ਤੇ ਬ੍ਰਹਮਗਿਆਨੀ ਤਾਂ ਇੱਕ ਹੁੰਦੇ ਨੇ। ਏਸ ਕਰਕੇ, ਉਹ ਹਰ ਜਗ੍ਹਾ ਜਿਸ ਨੇ **ਹਰਿ ਹਰਿ** ਨਾਮ ਸੁਣਾਇਆ, ਦ੍ਰਿੜ ਕਰਾਇਆ, ਉਸ ਗੁਰੂ ਦੇ ਤਾਂ ਅਸੀਂ ਕੁਰਬਾਨ ਜਾਂਦੇ ਹਾਂ।

ਧਨੁ ਮਾਇਆ ਸੰਪੈ ਤਿਸੁ ਦੇਵਉ

ਜੋ ਸਾਡੇ ਕੋਲ ਧਨ ਹੈ, ਮਾਇਆ ਸੰਪਤੀ ਹੈ, ਉਹਨੂੰ ਦੇ ਦਿਓ। ਉਹ ਤੁਸੀਂ ਜਨਕ ਰਾਜੇ ਦਾ ਪ੍ਰਸੰਗ ਨਹੀਂ ਪੜ੍ਹਿਆ ? ਜਦ ਗਿਆਨ ਹੋਇਆ ਰਾਜੇ ਜਨਕ ਨੂੰ ਉਹ ਕਹਿੰਦਾ– ਮੈਂ ਸਾਰਾ ਰਾਜ ਤੈਨੂੰ ਦਿੱਤਾ, ਉਹ ਕਹਿੰਦਾ, ਬੱਸ ! ਐਨੀ ਬਾਤ ਸੀ। ਸਾਡਾ ਕੰਮ ਹੈ ਰਾਜ ਕਰਨਾ ਤੇ ਸਾਂਭਣਾ ਤੈਂ ਹੈ, ਇਹਦਾ ਜ਼ਿੰਮੇਵਾਰ ਤੂੰ ਹੈਂ। ਸਮਝ ਗਿਆ ? ਉਹਨੇ ਕੋਈ ਡੰਗਰ ਤਾਂ ਨਹੀਂ ਖੋਲ੍ਹ ਲਏ ਸੀ ਉਹਦੇ, ਕੋਈ ਪੈਸੇ ਨਹੀਂ ਲੈ ਜਾਣੇ ਸੀ। ਤੇ ਗੁਰੂ ਤਾਂ ਨਿਕਾਮ ਹੁੰਦੈ, ਸਮਝ ਗਏ ? ਉਹ ਗੁਰੂਆਂ ਨੂੰ ਜਿਹੜੀ ਤੁਸੀਂ ਦੇਣੀ ਹੈ, ਉਹ ਨਿਕਾਮ ਵਸਤੂ ਹੋਊ। ਬ੍ਰਹਮ ਗਿਆਨੀ ਦੀ ਤੁਸੀਂ ਦੇਖੋ, ਜਿੰਨੀਆਂ ਬ੍ਰਹਮ ਗਿਆਨੀ ਕੋਲ ਵਸਤੂਆਂ ਨੇ ਸੰਸਾਰ ਦੇ ਕੰਮ ਆਈਆਂ। ਆਈਆਂ ਕਿ ਨਹੀਂ? ਕਿਉਂ ਆਈਆਂ? ਇਹ ਨਿਕਾਮ ਸੀ। ਤੇ ਜੇ ਕੱਚੇ ਗੁਰੂ ਹੁੰਦੇ ਤਾਂ ਝਗੜਾ ਹੀ ਮੁੱਕ ਜਾਂਦਾ।

ਕਾਚੇ ਗੁਰ ਤੇ ਮੁਕਤਿ ਨ ਹੂਆ॥ (ਪੰਨਾ ੯੩੨)

ਤੇ ਆਹ ਮੁਕਤੀ ਵੀ ਉਹਨਾਂ ਦੀ ਕੈਸੇ ਹੋਊ ? ਪਹਿਲੇ, ਉਹ ਆਪ ਬੱਝਿਆ ਹੋਇਆ ਸੀ ਤੇ ਉਹਦੇ ਦੁਆਰਾ ਉਹਨਾਂ ਨੂੰ ਵੀ ਬੰਨ ਲਏਗਾ। ਫਿਰ ਭੱਜਿਆ ਫਿਰੂ ਸਲਾਹਾਂ ਲੈਂਦਾ। ਆਹ ਸਾਡੇ ਨਾਲ ਵੀ ਲੋਕ ਇਵੇਂ ਕਰਦੇ ਨੇ। ਚੱਲੀਏ–

ਜਿਨਿ ਹਰਿ ਮੀਤੁ ਮਿਲਾਇਓ॥

ਜੀਹਨੇ ਲੋਕ ਪਰਲੋਕ ਦਾ ਮਿੱਤਰ ਮਿਲਾ ਦਿੱਤਾ, ਜੀਹਨੇ ਪੱਕਾ ਗੁਰੂ ਮਿਲਾਤਾ।

ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ॥
ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ॥
(ਪੰਨਾ ੧੧੨)

ਉਹ ਮੈਂ ਬੈਠਾ ਸੀ ਉਥੇ, ਜਿਥੇ ਮੰਡੀ ਲੱਗਦੀ ਹੈ। ਕੀ ਨਾਮ ਹੈ ਉਹਦਾ ? ਉਥੇ ਅਸੀਂ ਹੁਣ ਵੀ ਰਹਿਕੇ ਆਏ ਹਾਂ ਧਨੌਲੇ। ਉਥੇ ਰਾਗੀ ਲੱਗੇ ਕੀਰਤਨ ਕਰਨ। ਹੁਣ ਉਹ ਅੰਦਰੋਂ ਤਾਂ ਰਈ ਸੀ, ਪਰ ਉਹਨਾਂ ਨੇ ਇਕ ਉਹਲਾ ਕਰ ਲਿਆ। ਭਾਈ ! ਕੱਚੇ ਗੁਰੂ ਜਿਹੜੇ ਹੁੰਦੇ ਨੇ,

ਉਹ ਮਾੜੇ ਹੁੰਦੇ ਨੇ ਤੇ ਕੱਚੇ ਸੰਤ ਮਾੜੇ ਹੁੰਦੇ ਨੇ, ਪੱਕੇ ਸੰਤ ਚੰਗੇ ਹੁੰਦੇ ਨੇ ਮੈਂ ਉਹਨਾਂ ਨੂੰ ਆਖਿਆ ਜਦ ਬੋਲ ਚੁੱਕੇ ਓਏ ! ਸੰਤ ਤਾਂ ਕੱਚਾ ਹੁੰਦਾ ਹੀ ਨਹੀਂ। ਸੰਤ ਕਦੇ ਕੱਚਾ ਹੁੰਦਾ ਹੀ ਨਹੀਂ। ਤੁਸੀਂ ਕਿਉਂ ਕਿਹਾ? ਉਹ ਕਹਿੰਦੇ- ਜੀ ਭੁੱਲ ਗਏ। ਮੈਂ ਆਖਿਆ, ਤੁਸੀਂ ਕਿਵੇਂ ਬਣਾਉਟ ਬਣਾਈ ਅੱਜ ? ਬਣਾਉਟ ਤਾਂ ਉਹਨਾਂ ਨੇ ਚੰਗੀ ਬਣਾਈ, ਅਖੇ ਭਾਈ ! ਕੱਚੇ ਸੰਤਾਂ ਕੋਲ ਨਾ ਜਾਇਓ, ਪੱਕਿਆਂ ਕੋਲ ਜਾਇਓ। ਮੈ ਆਖਿਆ, ਓਏ ! ਸੰਤ ਤਾਂ ਕੱਚਾ ਪੱਕਾ ਹੁੰਦਾ ਹੀ ਨਹੀਂ। ਸੰਤ ਤਾਂ ਪਰਮੇਰ ਹੁੰਦੈ ਜੇ ਪਰਮੇਰ ਕੱਚਾ ਤਾਂ ਸੰਤ ਵੀ ਕੱਚਾ ਜੇ ਪਰਮੇਰ ਪੱਕਾ ਤਾਂ ਸੰਤ ਵੀ ਪੱਕਾ। ਉਹ ਤਾਂ ਗੁਰੂ ਪਰਮੇਰ ਇਕ ਹੁੰਦੈ। ਉਹ ਵੀ ਬੜੇ ਸਿਆਣੇ ਸੇ। ਕਹਿੰਦੇ- ਜੀ ਭੁੱਲ ਗਏ, ਗਲਤੀ ਹੋ ਗਈ। ਅਜੇ ਸਭਾ ਬੈਠੀ ਸੀ, ਲੋਕ ਕਹਿੰਦੇ, ਇਹ ਕੀ ਹੋ ਗਿਆ? ਮੈਂ ਕਿਹਾ, ਪੁੱਛ ਲਉ ਇਹਨਾਂ ਨੂੰ।

ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ॥

ਉਹ ਸੰਤ ਪੱਕੇ ਹੀ ਹੁੰਦੇ ਨੇ। ਕੱਚੇ ਤਾਂ ਸੰਸਾਰੀ ਹੁੰਦੇ ਨੇ ਜਾਂ ਅਗਿਆਨੀ ਕੱਚਾ ਹੁੰਦੈ। ਗਿਆਨੀ ਤਾਂ ਪੱਕਾ ਹੁੰਦੈ ਹੋਰ ਤਾਂ ਕੋਈ ਫਰਕ ਨਹੀਂ ਹੈਗਾ। ਏਸ ਕਰਕੇ ਉਹ ਕਹਿੰਦੇ- ਉਹਨਾਂ ਸੰਤਾਂ ਦੇ ਨਾਲ ਤੁਸੀਂ ਮੁਹੱਬਤ ਲਾਇਓ, ਜਿਨ੍ਹਾਂ ਨੇ ਸਾਨੂੰ ਨਾਮ ਦਿੱਤਾ।

ਖਿਨੁ ਕਿੰਚਿਤ ਕ੍ਰਿਪਾ ਕਰੀ ਜਗਦੀਸਰਿ

ਜਗਤ-ਈਰ ਨੇ ਖਿਨ ਮਾਤਰ ਕ੍ਰਿਪਾ ਕਰੀ। ਥੋਨੂੰ ਪਤੈ, ਲੰਬੀ ਚੌੜੀ ਬਾਤ ਹੈ। ਉਹ ਘਾਹੀ ਬੜਾ ਭਜਨੀਕ ਸੀ, ਕੱਖ ਖੋਤਕੇ ਰੋਟੀ ਖਾਂਦਾ ਸੀ ਤੇ ਭਜਨ ਕਰਦਾ ਸੀ। ਇਕ ਈਰ ਨੂੰ ਚਾਹੁੰਦਾ ਸੀ। ਉਸੇ ਦਿਨ ਉਹ ਹੋਇਆ ਕੰਮ। ਰਾਤ ਨੂੰ ਸਾਰਿਆਂ ਨੇ ਆਖਿਆ ਜਹਾਂਗੀਰ ਨੂੰ, ਬਈ ਮਹਾਰਾਜ ! ਇਹ ਸੱਚਾ ਪਾਤਾਹ ਕਹਿੰਦੇ ਨੇ ਆਪਣੇ ਗੁਰੂ ਨੂੰ, ਥੋਨੂੰ ਝੂਠਾ ਪਾਤਾਹ ਕਹਿੰਦੇ ਨੇ, ਸਾਡੀ ਇਹ ਬੜੀ ਹੱਤਕ ਹੈ। ਫਿਰ ਅਖੇ, ਕੀ ਕੀਤਾ ਜਾਵੇ ? ਅਖੇ ਜੀ, ਜਦ ਕੋਈ ਪੁੱਛੇ, ਮੈਂ ਸੱਚੇ ਪਾਤਾਹ ਕੋਲ ਜਾਣਾ ਹੈ, ਜਿਹੜੇ ਆਉਂਦੇ ਨੇ, ਉਹਨਾਂ ਨੂੰ ਥੋਡਾ ਤੰਬੂ

ਦੱਸੇ। ਉਹ ਤੰਬੂ ਦੱਸਿਆ ਹੀ ਨਾ ਜਾਵੇ। ਉਹ ਕਹਿੰਦੇ, ਕੰਮ ਤਾਂ ਚੱਲਣਾ ਨਹੀਂ। ਉਹ ਕਹਿੰਦੇ, ਨਹੀਂ ਜੀ। ਉਹ ਸਵੇਰੇ ਆਇਆ ਘਾਹੀ, ਉਹਦੇ ਕੋਲ ਪੈਸੇ ਜਿਹੜੇ ਵੱਟੇ ਹੋਏ ਸੀ, ਉਹਦੀ ਰੋਟੀ ਨਹੀਂ ਖਾਧੀ ਉਹਨੇ, ਲੈ ਕੇ ਆਇਆ। ਉਹਨੇ ਆਖਿਆ, ਸੱਚੇ ਪਾਤਾਹ ਕੋਲ ਜਾਣੈ, ਉਹਨਾਂ ਦਾ ਤੰਬੂ ਕਿਥੇ ਹੈ ? ਉਹਨੇ ਜਹਾਂਗੀਰ ਦੇ ਤੰਬੂ ਵੱਲ ਹੱਥ ਕਰਤਾ, ਉਹ ਚਲਿਆ ਗਿਆ। ਉਹਨੇ ਪੈਸੇ ਰੱਖਕੇ ਪ੍ਰਕਰਮਾ ਕੀਤੀਆਂ, ਡੰਡਉਤ ਕੀਤੀ ਤੇ ਹੱਥ ਬੰਨ ਕੇ ਖੜ੍ਹ ਗਿਆ। ਉਹ ਕਹਿੰਦੇ , ਮੰਗ ਕੀ ਮੰਗਦੈਂ ? ਉਹ ਕਹਿੰਦਾ- ਜੀ ਮੁਕਤੀ। ਜਹਾਂਗੀਰ ਨੇ ਦੇਖਿਆ ਆਲੇ ਦੁਆਲੇ। ਉਹ ਕਾਜੀ ਕਹਿੰਦਾ, ਇਕ ਪਿੰਡ ਦੇ ਦਿੰਦੇ ਹਾਂ ਤੈਨੂੰ, ਤੂੰ ਘਾਹ ਖੋਤਦੈਂ ਸਾਰਾ ਦਿਨ। ਕਹਿੰਦਾ- ਨਾ ਜੀ। ਉਹ ਕਹਿੰਦੇ ਇਲਾਕਾ ਦੇ ਦਿੰਦੇ ਹਾਂ। ਉਹ ਕਹਿੰਦਾ- ਮੈਨੂੰ ਤਿੰਨਾਂ ਲੋਕਾਂ ਦੀ ਜਰੂਰਤ ਨਹੀਂ, ਮੈਂ ਮੁਕਤੀ ਲੈਣੀ ਹੈ। ਜਹਾਂਗੀਰ ਕਹਿੰਦਾ- ਉਹ ਹੈ ਮੁਕਤੀ ਵਾਲੇ ਦਾ ਤੰਬੂ, ਉਹ ਹੈ ਸੱਚਾ ਪਾਤਾਹ। ਉਹਨੇ ਪੈਸੇ ਲਏ ਚੁੱਕ ਆਪਣੇ, ਉਹੀ ਤਾਂ ਸੀ ਉਹਦੇ ਕੋਲ ਤੇ ਉਹ ਜਹਾਂਗੀਰ ਕੋਲੋਂ ਉਥੇ ਚਲਾ ਗਿਆ ਤੇ ਜਹਾਂਗੀਰ ਵੀ ਪਿੱਛੇ ਹੋ ਗਿਆ ਤੇ ਅਹਿਲਕਾਰ ਸਾਰੇ ਪਿੱਛੇ ਹੋ ਗਏ। ਉਹਨੇ ਹੱਥ ਜੋੜਕੇ ਉਹੀ ਸਾਰੀ ਕ੍ਰਿਆ ਕੀਤੀ ਤੇ ਜਦ ਹੱਥ ਜੋੜਕੇ ਖੜਾ ਹੋਇਆ, ਅਖੇ ਕੀ ਚਾਹੁੰਦੈਂ ? ਕਹਿੰਦਾ- ਜੀ ਮੁਕਤੀ। ਕਹਿੰਦੇ- ਸਾਡੀ ਅੱਖ ਨਾਲ ਅੱਖ ਮਿਲਾ। ਮਿਲਾਈ, ਕਹਿੰਦਾ- ਜੀ ਨਿਹਾਲ ! ਨਿਹਾਲ !! ਨਿਹਾਲ !!! ਤੇ ਝਗੜਾ ਮੁੱਕਿਆ।

ਨਾਨਕ ਨਦਰੀ ਨਦਰਿ ਨਿਹਾਲ॥ (ਪੰਨਾ ੮)

ਨਿਹਾਲ ਕਰ ਦਿੱਤਾ। ਕਿਉਂ ? ਉਹ ਪੱਕਾ ਸੀ। ਉਹ ਕਹਿੰਦਾ- ਇਕ ਬਾਤ, ਇਤਿਹਾਸ ਚ ਲਿਖਿਐ। ਜਹਾਂਗੀਰ ਕਹਿੰਦਾ- ਜੀ ਹਿੰਦੂਆਂ ਦੀ ਮੁਕਤੀ ਬੜੀ ਸਸਤੀ ਹੈ। ਉਦੋਂ ਤਾਂ ਸਾਰੇ ਹਿੰਦੂ ਹੀ ਸੀ। ਹਿੰਦੂਆਂ ਦੀ ਮੁਕਤੀ ਬੜੀ ਸਸਤੀ ਹੈ। ਅਖੇ ਕਿਉਂ ? ਇੰਨੇ ਕੁ ਪੈਸਿਆਂ ਦੀ ਆ ਜਾਂਦੀ ਹੈ। ਗੁਰੂ ਸਾਹਿਬ ਕਹਿੰਦੇ, ਤੂੰ ਕੀ ਦਿੰਦਾ ਸੀ ? ਅਖੇ ਅਸੀਂ ਤਾਂ ਜੀ ਸਭ ਕੁੱਛ ਦੇ ਚੁੱਕੇ । ਤੇ ਇਹਨੇ ਕੀ ਕਿਹਾ ? ਇਹ ਕਹਿੰਦਾ-

ਮੈਨੂੰ ਤਿੰਨਾਂ ਲੋਕਾਂ ਦੀ ਜਰੂਰਤ ਨਹੀਂ, ਮੈਨੂੰ ਤਾਂ ਮੁਕਤੀ ਦੀ ਜਰੂਰਤ ਹੈ। ਫਿਰ ਅਖੇ, ਇਹਨੂੰ ਮੁਕਤੀ ਦਿੱਤੀ ਨਾ ਜਾਵੇ ? ਇਹ ਤਾਂ ਮੁਕਤੀ ਦਾ ਜਗਿਆਸੂ ਹੈ। ਉਹ ਕਹਿੰਦਾ- ਹਾਂ ਜੀ, ਗੱਲ ਤਾਂ ਠੀਕ ਹੈ। ਏਸ ਕਰਕੇ, ਭਾਈ ! ਉਹ ਈਰੀ ਕ੍ਰਿਪਾ ਨਾਲ ਕੰਮ ਬਣਦੈ।

ਕ੍ਰਿਪਾ ਕਟਾਖ ਅਵਲੋਕਨੁ ਕੀਨੋ ਦਾਸ ਕਾ ਦੂਖੁ ਬਿਦਾਰਿਓ॥

(ਪੰਨਾ ੬੮੧)

ਉਹ ਤਾਂ ਕ੍ਰਿਪਾ ਦੀ ਜਰੂਰਤ ਹੈ। ਪਰ ਕ੍ਰਿਪਾ ਉਹ ਕਰੇ, ਜਿਹੜਾ ਹਿਰਦੇ ਚ ਈਰ ਬੈਠੈ। ਇਹ ਉੱਤੋਂ ਉੱਤੋਂ ਦੀ ਕ੍ਰਿਪਾ ਨੇ ਕੱਖ ਨਹੀਂ ਕਰਨਾ ਹੈਗਾ, ਚਾਹੇ ਸਾਰਾ ਦਿਨ ਬੋਲਦੇ ਜਾਉ। ਜਦ ਗੁਰੂ ਕ੍ਰਿਪਾ ਕਰਦੂ ਤਾਂ ਉਦੋਂ ਹੀ ਕੰਮ ਬਣ ਜਾਣੈ। ਹਾਂ ਜੀ-

ਤਬ ਹਰਿ ਹਰਿ ਹਰਿ ਜਸੁ ਧਿਆਇਓ॥

ਫੇਰ ਕਹਿੰਦਾ ਮੈਂ **ਹਰਿ ਹਰਿ** ਹੀ ਧਿਆਇਆ, ਹਰੀ ਦਾ ਨਾਮ ਹੀ ਜਪਿਆ, ਹਰੀ ਦਾ ਹੀ ਜਸ ਕੀਤਾ, ਫਿਰ ਗੁਰੂ ਸਾਹਿਬ ਕਹਿੰਦੇ, ਮੈਂ ਹੋਰ ਕੋਈ ਕੰਮ ਨਹੀਂ ਕੀਤਾ ਫਿਰ ਮੈਂ ਹਰੀ ਦਾ ਜਸ ਹੀ ਕੀਤਾ। ਚੌਥੇ ਪਾਤਾਹ ਕਹਿੰਦੇ, ਇਹ ਤੀਸਰੇ ਪਾਤਾਹ ਦੀ ਕ੍ਰਿਪਾ ਨਾਲ ਸਾਨੂੰ ਇਹ ਮਤੀ ਪ੍ਰਾਪਤ ਹੋਈ।

ਜਨ ਨਾਨਕ ਕਉ ਹਰਿ ਭੇਟੇ ਸੁਆਮੀ

ਉਹ ਗੁਰੂ ਸਾਹਿਬ ਆਪ ਕਹਿੰਦੇ ਨੇ। ਚੌਥੇ ਪਾਤਾਹ ਕਹਿੰਦੇ, ਹੁਣ ਤਾਂ ਮੈਨੂੰ ਉਹ ਸੁਆਮੀ ਪ੍ਰਾਪਤ ਹੋ ਗਿਆ। **ਨਾਨਕ** ਚੌਥੇ ਪਾਤਾਹ ਦਾ ਵਾਚਕ ਹੈ। ਕਹਿੰਦੇ, ਹੁਣ ਤਾਂ ਮੈਨੂੰ ਉਹ ਸੁਆਮੀ ਮਿਲ ਗਿਆ, ਪ੍ਰਾਪਤ ਹੋ ਗਿਆ।

ਦੁਖੁ ਹਉਮੈ ਰੋਗੁ ਗਵਾਇਓ॥

ਹੁਣ ਜਿਹੜੀ ਹਉਮੈ ਦੀ ਕੰਧ ਸੀ ਪ੍ਰਛਿੰਨ, ਉਹ ਮੇਰਾ ਰੋਗ ਗਵਾ ਦਿੱਤਾ।

ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥

ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥

(ਪੰਨਾ ੪੬੬)

ਉਹ ਨਾਮ ਨੇ, ਮੇਰੀ ਜਿਹੜੀ ਦਾਰੂ ਸੀ ਨਾ ਨਾਮ ਰੂਪੀ ਦਾਰੂ, ਉਹ ਸਾਰਾ ਦੁੱਖ ਹਉਮੈ ਦਾ ਕੱਟ ਕੇ ਔਹ ਮਾਰਿਆ। ਹਉਮੈ ਹੀ ਇਹਨੂੰ ਜਨਮ ਮਰਨ ਚ ਲਿਜਾਂਦੀ ਹੈ। ਚਾਹੇ ਜਾਤੀ ਦੀ ਹੋਵੇ, ਚਾਹੇ ਮਜ਼੍ਹਬ ਦੀ ਹੋਵੇ, ਚਾਹੇ ਵਿੱਦਿਆ ਦੀ ਹੋਵੇ, ਚਾਹੇ ਮਾਇਆ ਦੀ ਹੋਵੇ, ਚਾਹੇ ਜਵਾਨੀ ਦੀ ਹੋਵੇ। ਇਹੀ ਇਹਨੂੰ ਜਨਮ ਮਰਨ ਚ ਲਿਜਾਣ ਵਾਲੀ ਹੈ। ਇਹੀ ਬੜਾ ਰੋਗ ਹੈ, ਹੋਰ ਇਸ ਤੋਂ ਬੜਾ ਰੋਗ ਕੋਈ ਨਹੀਂ ਹੈਗਾ। ਇਹਨੂੰ ਗੁਰੂ ਦੀ ਕ੍ਰਿਪਾ ਦੁਆਰੇ, ਜਦ ਨਾਮ ਪ੍ਰਾਪਤ ਹੋ ਗਿਆ ਤੇ-

ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥

(ਪੰਨਾ ੫੬)

ਨਾਮ ਤੇ ਹਉਮੈ ਚ ਵਿਰੋਧ ਹੈ ***ਦੋਇ ਨ ਵਸਹਿ ਇਕ ਠਾਇ***

ਉਹ ਇਕ ਅੰਤਹਕਰਣ ਚ ਦੋ ਤਾਂ ਇਕੱਠੇ ਰਹਿਣੇ ਨਹੀਂ। ਜਦ ਨਾਮ ਆ ਗਿਆ ਤਾਂ ਹਉਮੈ ਨੂੰ ਭੱਜਣਾ ਪਏਗਾ। ਜੇ ਨਾਮ ਨਹੀਂ ਆਇਆ ਤਾਂ ਹਉਮੈ ਦਾ ਡੇਰਾ ਲੱਗਿਆ ਹੀ ਹੋਇਐ। ਇਥੋਂ ਤਾਂ ਗੁਰੂ ਹੀ ਪਾਰ ਕਰੇਗਾ।

ਬੋਲੋ ਸਤਿਨਾਮ ਸ੍ਰੀ ਵਾਹਿਗੁਰੂ॥

੧ੴ ਸਤਿਗੁਰ ਪ੍ਰਸਾਦਿ।।

੩੮

ਧਨਾਸਰੀ ਮਹਲਾ ੪।।

ਇਛਾ ਪੂਰਕੁ ਸਰਬ ਸੁਖਦਾਤਾ ਹਰਿ
ਜਾ ਕੈ ਵਸਿ ਹੈ ਕਾਮਧੇਨਾ।।
ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ
ਤਾ ਸਰਬ ਸੁਖ ਪਾਵਹਿ ਮੇਰੇ ਮਨਾ।। ੧।।
ਜਪਿ ਮਨ ਸਤਿ ਨਾਮੁ ਸਦਾ ਸਤਿ ਨਾਮੁ।।
ਹਲਤਿ ਪਲਤਿ ਮੁਖ ਊਜਲ ਹੋਈ ਹੈ
ਨਿਤ ਧਿਆਈਐ ਹਰਿ ਪੁਰਖੁ ਨਿਰੰਜਨਾ।। ਰਹਾਉ।।
ਜਹ ਹਰਿ ਸਿਮਰਨੁ ਭਇਆ ਤਹ ਉਪਾਧਿ ਗਤੁ ਕੀਨੀ
ਵਡਭਾਗੀ ਹਰਿ ਜਪਨਾ।।
ਜਨ ਨਾਨਕ ਕਉ ਗੁਰਿ ਇਹ ਮਤਿ ਦੀਨੀ
ਜਪਿ ਹਰਿ ਭਵਜਲੁ ਤਰਨਾ।।੨।। (ਪੰਨਾ ੬੬੯)

ਸਾਰੀ ਸੰਗਤ ਕਿਰਪਾ, ਦਇਆ ਮਿਹਰ ਕਰਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ ! ਸਤਿਨਾਮ ਸ੍ਰੀ ਵਾਹਿਗੁਰੂ !!

ਦੁਨੀਆਂ ਦੇ ਸਾਰੇ ਮੰਗਲਾਂ ਨਾਲੋਂ ਬੜਾ ਮੰਗਲ **ਨਾਮ** ਹੈ, ਕਿਉਂ? ਨਾਮ-ਨਾਮੀ ਦਾ ਅਭੇਦ ਹੈ। ਨਾਮ-ਨਾਮੀ ਦੋ ਨਹੀਂ ਅੱਜ ਤੱਕ ਹੋਏ ।ਹੁਕਮ ਤੇ ਹੁਕਮੀ ਕਦੇ ਨਹੀਂ ਦੋ ਹੋਏ ਅੱਜ ਤੱਕ ।ਏਸ ਕਰਕੇ, ਨਾਮ ਦੇ ਨਾਲ ਤੁਹਾਡਾ ਜਦ ਇਕ ਵਾਰੀ ਮਨ ਜੁੜ ਗਿਆ ਤੇ ਨਾਮੀ ਤੁਹਾਨੂੰ ਦਿਸ ਪਊ। ਕਦੇ ਹੋ ਨਹੀਂ ਸਕਦਾ ਕਿ ਨਾਮੀ ਨਾ ਮਿਲੇ। ਪਰ ਨਾਮ ਨਾਲ ਮਨ ਨਹੀਂ ਜੁੜਿਆ।

ਨਾਮ ਸੰਗਿ ਜਿਸ ਕਾ ਮਨੁ ਮਾਨਿਆ॥
ਨਾਨਕ ਤਿਨਹਿ ਨਿਰੰਜਨੁ ਜਾਨਿਆ॥ (ਪੰਨਾ ੨੮੧)

ਜਿੰਨੇ ਵੀ ਖੰਡ ਬ੍ਰਹਮੰਡ ਧਾਰੇ ਨੇ, ਉਹ ਨਾਮ ਦੇ ਧਾਰੇ ਹੋਏ ਨੇ। ਨਾਮ ਦੇ ਕੀ, ਨਾਮੀ ਦੇ ਧਾਰੇ ਹੋਏ ਨੇ। ਨਾਮ-ਨਾਮੀ ਦਾ ਅਭੇਦ ਹੈ। ਨਾਮ ਇਕ ਐਸੀ ਚੀਜ ਹੈ ਦੁਨੀਆਂ ਵਿਚ, ਪਰਮੇਰ ਨਾਲ ਮਿਲਾਉਣ ਵਾਲਾ। ਗੁਰੂ ਘਰ ਵਿਚ ਰਸਤਾ ਹੀ ਇਹੀ ਹੈ, ਹੋਰ ਕੋਈ ਨਹੀਂ। ਜਦ ਤੱਕ ਥੋੜਾ ਨਾਮ ਦੇ ਨਾਲ ਮਨ ਨਹੀਂ ਮਿਲਦਾ ਤਦ ਤੱਕ ਤੁਹਾਨੂੰ ਰੱਬ ਨਹੀਂ ਮਿਲਦਾ, ਐਵੇਂ ਫੂਲ ਗੱਲਾਂ, ਬਹੁਤੀਆਂ ਫਿੱਕੀਆਂ ਗੱਲਾਂ ਦਾ ਤੇ ਝੂਠੀਆਂ ਗੱਲਾਂ ਦਾ ਫਾਇਦਾ ਨਹੀਂ ਹੁੰਦਾ। ਕਰਨੀ ਦਾ ਫਾਇਦਾ ਹੁੰਦੈ। ਏਸ ਕਰਕੇ, ਤੁਹਾਨੂੰ ਪਤੈ ਇਸ ਬਾਤ ਦਾ, ਨਾਮ ਕੀ ਚੀਜ ਹੈ? ਨਾਮ-ਨਾਮੀ ਇੱਕ ਨੇ। ਨਾਮ ਦੇ ਨਾਲ ਜਦ ਮਨ ਮੰਨ ਜਾਏ ਤਾਂ ਨਾਮੀ ਪ੍ਰਾਪਤ ਹੋ ਜਾਂਦੈ ਪਰ ਨਾਮ ਔਰ ਨਾਮੀ, ਸੰਤ ਕੋਲੋਂ ਪ੍ਰਾਪਤ ਹੁੰਦੈ। ਇਹ ਜਿਹੜਾ ਬਦ ਹੈ, ਇਹਦੀ ਉਥਾਨਕਾ ਦਸਮ ਪਾਤਾਹ ਨੇ ਲਿਖੀ-

ਜਬ ਬਰਦਾਨਿ ਸਮੈ ਵਹੁ ਆਵਾ॥
ਰਾਮਦਾਸ ਤਬ ਗੁਰੂ ਕਹਾਵਾ॥
ਤਿਸ ਬਰਦਾਨਿ ਪੁਰਾਤਨਿ ਦੀਆ॥
ਅਮਰਦਾਸਿ ਸੁਰ ਪੁਰਿ ਮਗੁ ਲੀਆ॥ (ਬਚਿਤ੍ਰ ਨਾਟਕ)

ਉਹਨਾਂ ਦੇ ਵਿਚ, ਪਰੰਪਰਾਗਤ ਆਉਂਦੇ ਲਘੂਆਂ ਤੇ ਕੂਆਂ ਵਿਚ ਵਿਵਾਦ ਹੋ ਗਿਆ। ਕੂਆਂ ਨੇ ਆਪਣੀ ਤਾਕਤ ਨਾਲ ਲਘੂਆਂ ਨੂੰ ਕੱਢ ਦਿੱਤਾ। ਉਹ ਸਨੌਢ ਦੇ ਵਿਚ ਚਲੇ ਗਏ। ਉਥੇ ਜੋ ਰਾਜਾ ਸੀ, ਉਹਦੀ ਇਕ ਲੜਕੀ ਸੀ। ਬੜਾ ਲਾਇਕ, ਅੱਛਾ ਸੀ, ਉਹਨੇ ਉਹਦੀ ਾਦੀ, ਜਿਹੜਾ ਇਹਨਾਂ ਦਾ ਸਾਹਿਬਾਦਾ ਸੀ, ਉਹਦੇ ਨਾਲ ਕਰ ਦਿੱਤੀ। ਉਹਦੇ ਵਿੱਚੋਂ ਜਿਹੜਾ ਪੈਦਾ ਹੋਇਆ ਬੱਚਾ (ਲੜਕਾ) ਸਾਹਿਬਾਦਾ, ਉਹਦਾ ਨਾਉਂ **ਸੋਢੀ ਰਾਇ** ਰੱਖਿਆ ਗਿਆ। ਉਦੋਂ ਤੋਂ ਇਹਨਾਂ ਦੀ **ਸੋਢੀ** ਸੰਗਿਆ ਪੈ ਗਈ। ਉਹਨਾਂ ਨੇ

ਉਸ ਰਾਜ ਦੀ ਤਾਕਤ ਲੈਕੇ, ਆਕੇ ਕੂਆਂ ਨੂੰ ਕੱਢ ਦਿੱਤਾ। ਕੂ, ਕਾਂਸੀ ਚਲੇ ਗਏ। ਉਥੇ ਜਾਕੇ ਉਹਨਾਂ ਨੇ ਚਾਰ ਵੇਦ ਪੜ੍ਹੇ, ਦੁਨੀਆਂ ਦੇ ਕਰਮ ਧਰਮ ਕਰਾਏ। ਸੋਢੀਆਂ ਨੇ ਵੀ ਸੁਣਿਆ। ਇਹ ਗਏ, ਉਹਨਾਂ ਅਗੇ ਪ੍ਰਾਰਥਨਾ ਕਰਕੇ ਲੈ ਆਏ ਤੇ ਉਥੇ ਇਕ ਰੀਤੀ ਹੈ ਕਾਂਸੀ ਵਿੱਚ। ਜੇ ਇਕ ਵੇਦ ਪੜ੍ਹਿਆ ਤਾਂ ਇਕ ਵੇਦੀ ਕਹਿੰਦੇ ਨੇ, ਜੇ ਚਾਰ ਵੇਦ ਪੜ੍ਹਿਆ ਤਾਂ ਚਾਰ ਵੇਦੀ ਕਹਿੰਦੇ ਨੇ। ਉਹ ਚਾਰ ਵੇਦ ਪੜ੍ਹਨੇ ਸੇ **ਵੇਦੀ** ਬਣ ਗਏ। ਉਹਨਾਂ ਨੂੰ ਲਿਆਏ, ਉਹਨਾਂ ਤੋਂ ਆਕੇ ਚਾਰੇ ਵੇਦ ਸੁਣੇ ਸੋਢੀਆਂ ਨੇ। ਜਦ ਸੁਣੇ, ਉਹ ਜਿਹੜਾ ਸੋਢੀ ਰਾਜਾ ਸੀ, ਉਹ ਸਾਰਾ ਆਪਣਾ ਸਾਮਾਨ ਜਿਤਨਾ ਸੀ ਰਾਜ ਭਾਗ, ਸਾਰਾ ਚੜ੍ਹਾ ਕੇ ਜੰਗਲ ਵਿਚ ਚਲਾ ਗਿਆ। ਉਸ ਵਕਤ ਜੋ ਸੋਢੀ ਰਾਜੇ ਨੂੰ ਵੇਦੀਆਂ ਨੇ ਵਰ ਦਿੱਤਾ ਸੀ, ਬਈ ਚੌਥੀ ਗੱਦੀ ਗੁਰੂ ਨਾਨਕ ਦੀ, ਸੋਢੀਆਂ ਨੂੰ ਹੋਏਗੀ। ਉਸ ਵਰਦਾਨ ਦਾ ਦਸਮ ਗੁਰੂ ਨੇ ਦੱਸਿਆ–

ਜਬ ਬਰਦਾਨਿ ਜਦ ਵਰਦਾਨ ਦਾ ਉਹ ਸਮਾਂ ਆਇਆ ***"ਰਾਮਦਾਸ ਤਬ ਗੁਰੂ ਕਹਾਵਾ॥" ਰਾਮਦਾਸ*** ਤਬ ਗੁਰੂ ਕਹਾਇਆ। ***ਤਿਸ ਬਰਦਾਨਿ ਪੁਰਾਤਨਿ ਲੀਆ॥"*** ਇਹ ਵਰਦਾਨ ਪਿੱਛੋਂ ਦਾ ਦਿੱਤਾ ਹੋਇਆ ਸੀ। ***ਅਮਰਦਾਸਿ ਸੁਰ ਪੁਰਿ ਮਗੁ ਲੀਆ॥*** ਅਮਰਦਾਸ, ਅਮਾਨਤ ਇਹਨਾਂ ਨੂੰ ਦੇਕੇ, ਸੰਤ ਬਣਾਕੇ, ਉਥੋਂ ਚਲੇ ਗਏ। ਸੰਤ ਬਣਦਾ ਕੈਸੇ ਹੈ?

ਪ੍ਰੇਮ ਭਗਤਿ ਉਧਰਹਿ ਸੇ ਨਾਨਕ
ਕਰਿ ਕਿਰਪਾ ਸੰਤੁ ਆਪਿ ਕਰਿਓ ਹੈ॥ (ਪੰਨਾ ੧੩੯੮)

ਜਿਸ ਦਿਨ ਪ੍ਰੇਮਾ ਭਗਤੀ ਦੀ ਬਿਰਤੀ ਤੁਹਾਡੇ ਹਿਰਦੇ ਵਿਚ ਆ ਗਈ, ਤੁਸੀਂ ਸੰਤ ਬਣ ਜਾਉਗੇ। ਜੇ ਪ੍ਰੇਮਾ ਭਗਤੀ ਦੀ ਬਿਰਤੀ ਦੇ ਬਿਨਾਂ ਤੁਸੀਂ ਸੰਤ ਬਣਨਾ ਚਾਹੋ, ਸਭ ਫੂਲ ਹੈ, ਐਵੇਂ ਵਾਧੂ ਗੱਲਾਂ ਨੇ। ਇਹ, ਸੰਤ ਕੱਚਾ ਪੱਕਾ ਕਦੇ ਹੁੰਦਾ ਹੀ ਨਹੀਂ, ਸੰਤ ਪੱਕਾ ਹੀ ਹੁੰਦਾ ਹੈ। ਉਥੇ ***ਕਚੜਿਆ ਸਿਉ ਤੋੜਿ*** ਕਿਹਾ ਹੈ, ਸੰਤ ਕਚੜਿਆ ਸਿਉ ਤੋੜਿ ਕਿਤੇ ਨਹੀਂ ਕਿਹਾ ਹੈ। ਆਹੋ ! ਐ ਧਰਲੀ ਗੱਲ ਐਧਰ

ਨਾ ਲਾਉ ਕਦੇ ਵੀ। ਇਹ, ਕਈ ਲਾ ਦਿੰਦੇ ਨੇ। ਏਸ ਕਰਕੇ, ਸੰਤ ਗੁਰੂ ਅਮਰਦਾਸ ਦੀ ਕਿਰਪਾ ਤੇ ਰਾਮਦਾਸ ਗੁਰੂ ਬਣ ਗਏ। ਗੁਰ ਗੱਦੀ ਦੇ ਮਾਲਕ ਬਣ ਗਏ। ਉਹਨਾਂ ਨੇ ਇਹ ਬਦ ਉਚਾਰਿਆ ਹੈ। ਸੰਤ ਕੀ ਕਰਦਾ ਹੁੰਦੈ ?

ਸੰਤਸੰਗਿ ਅੰਤਰਿ ਪ੍ਰਭੁ ਡੀਠਾ॥
ਨਾਮੁ ਪ੍ਰਭੂ ਕਾ ਲਾਗਾ ਮੀਠਾ॥ (ਪੰਨਾ ੨੯੩)

ਸੰਤ ਦੇ ਸੰਗ ਨਾਲ ਤੁਸੀਂ ਅੰਦਰ ਰੱਬ ਦੇਖੋਂਗੇ। ਇਹ, ਗੁਰੂ ਅਰਜਨ ਦੇਵ ਜੀ ਤੇਈਵੀਂ ਅਟਪਦੀ ਵਿਚ ਆਪ ਕਥਨ ਕਰਦੇ ਨੇ। ਅਸੀਂ **ਸੰਤ ਰਾਮਦਾਸ** ਦੀ ਕ੍ਰਿਪਾ ਤੇ ਅੰਦਰ ਰੱਬ ਦੇਖਿਆ। ਜਦ ਤੱਕ ਤੁਸੀਂ ਆਪਣੇ ਅੰਦਰ ਰੱਬ ਨਹੀਂ ਦੇਖੋਂਗੇ, ਤਬ ਤੱਕ ਤੁਸੀਂ ਇਹ ਕੰਮ ਕਰਨਾ।

ਨਾਮੁ ਪ੍ਰਭੂ ਕਾ ਲਾਗਾ ਮੀਠਾ॥ (ਪੰਨਾ ੨੯੩)

ਫਿਰ ਤੁਸੀਂ ਨਾਮ ਨੂੰ ਛੱਡ ਕੈਸੇ ਦੇਵੋਂਗੇ? ਫਿਰ ਤੁਸੀਂ ਨਾਮ ਨੂੰ ਤਿਆਗ ਹੀ ਨਹੀਂ ਸਕਦੇ। ਫਿਰ ਥੋੜਾ –

ਨਾਮ ਸੰਗਿ ਜਿਸ ਕਾ ਮਨੁ ਮਾਨਿਆ॥
ਨਾਨਕ ਤਿਨਹਿ ਨਿਰੰਜਨੁ ਜਾਨਿਆ॥ (ਪੰਨਾ ੨੮੧)

ਫਿਰ ਉਥੇ ਦੇਖੋਂਗੇ, ਪਰ ਉਹ ਕੈਸੇ ਦੇਖਿਆ ਜਾਂਦੈ ? ਫਰੀਦ ਕੋਲ ਵੀ ਇਹੀ ਬਾਤ ਆ ਗਈ। ਜਦ ਫਰੀਦ ਜੰਗਲ ਚੋਂ ਤਪ ਕਰਦਾ ਆਇਆ, ਬੜਾ ਤਪ ਕੀਤਾ। ਮਾਤਾ ਨੂੰ ਬੜਾ ਪਿਆਰ ਸੀ, ਉਹਨੇ, ਉਹਦੇ ਅਗੇ ਸਾਮਾਨ ਰੱਖ ਦਿੱਤਾ।

ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਂਝਾ ਦੁਧੁ॥
ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ॥ (ਪੰਨਾ ੧੩੭੯)

ਉਹਨੇ ਆਖਿਆ ਭਾਈ ! ਆਹ ਚੀਜਾਂ ਤੁਸੀਂ ਕਦੇ ਖਾਧੀਆਂ ਨੇ ਜੰਗਲ ਵਿਚ? ਕਿੰਨੀਆਂ ਮਿੱਠੀਆਂ ਨੇ। ਉਹ ਕਹਿੰਦਾ–ਮਾਂ ਬਿਲਕੁਲ ਮਿੱਠੀਆਂ ਨੇ, ਪਰ ਤੈਂ ਰੱਬ ਦਾ ਸੁਆਦ ਨਹੀਂ ਦੇਖਿਆ, ਤੇਰੀ ਬਿਰਤੀ

ਇੱਥੋਂ ਤੱਕ ਹੈ। ਹੁਣ ਉਹਨੇ ਫਰੀਦ ਨੇ ਦੇਖਿਆ ਸੀ ਰੱਬ ਦਾ ਸੁਆਦ। ਕੈਸੇ ਦੇਖਿਆ ਸੀ? ਉਹ ਅਖੀਰ ਤਪ ਕਰਕੇ, ਸਭ ਕੁੱਝ ਕਰਕੇ, ਖਵਾਜਾ ਅਜਮੇਰ ਦੇ ਪਾਸ ਗਿਆ, ਉਹ ਬੜਾ ਪਹੁੰਚਿਆ ਹੋਇਆ ਫਕੀਰ ਸੀ, ਉਹਦੀ ਸੇਵਾ ਕਰਨ ਲੱਗ ਪਿਆ। ਅਖੀਰੀ ਦਿਨ ਜਦ ਆਇਆ ਸੇਵਾ ਦਾ, ਬਾਰ੍ਹਵੇਂ ਸਾਲ ਦਾ। ਉਹ ਖਵਾਜੇ ਵਿਚ ਰਿੱਧੀ ਸਿੱਧੀ ਸੀ, ਉਹਨੇ ਅੱਗ ਬੁਝਾ ਦਿੱਤੀ। ਇਨਾਨ ਉਸ ਸਮੇਂ ਤੇ ਕਰਾਉਣਾ ਸੀ, ਫੇਲ੍ਹ ਹੋ ਗਿਆ, ਅੱਗ ਹੈ ਨਹੀਂ। ਜਦ ਦੂਰੋਂ ਦੀਵਾ ਬਲਦਾ ਦਿਸਿਆ ਵੇਸਵਾ ਦਾ, ਉਥੇ ਪਹੰਚ ਗਿਆ। ਉਹਨੂੰ ਕਹਿੰਦਾ, ਮਾਤਾ! ਮੈਨੂੰ ਅੱਗ ਦੇ ਦੇ। ਉਹ ਕਹਿੰਦੀ-ਅੱਖ ਦੇ ਦੇ। ਅੱਖ ਦੇ ਬਦਲੇ ਅੱਗ ਦੇਊਂ। ਉਹਨੇ ਕੱਢ ਕੇ ਅੱਖ ਦਾ ਆਨਾ, ਕਹਿੰਦਾ-ਆਹ ਲੈ। ਉਹਨੇ ਅੱਗ ਦੇ ਦਿੱਤੀ। ਆਕੇ ਉਸਨੇ ਜਲ ਗਰਮ ਕੀਤਾ। ਜਦ ਖਵਾਜੇ ਨੂੰ ਇਨਾਨ ਕਰਾਉਣ ਲੱਗਿਆ, ਉਹ ਪੱਟੀ ਬੰਨ੍ਹੀ ਸੀ। ਉਹ ਕਹਿੰਦਾ- ਇਹ ਕਿਉਂ ਬੰਨ੍ਹੀ ਹੈ ? ਕਹਿੰਦਾ-ਜੀ ਅੱਖ ਆ ਗਈ। ਉਹ ਬੋਲਦਾ ਹੀ ਇਵੇਂ ਸੀ। ਅਸੀਂ ਉਥੇ ਰਹੇ ਹਾਂ ਨਾ, ਪਾਕਪਟਨ, ਉਥੇ ਅੱਖਾਂ ਦੁਖਦੀਆਂ ਹੋਣ ਤਾਂ ਕਹਿੰਦੇ ਨੇ-ਅੱਖਾਂ ਆ ਗਈਆਂ। ਉਹਨੇ ਆਖਿਆ- ਜੀ ਅੱਖ ਆ ਗਈ। ਉਹ ਕਹਿੰਦੇ- ਜੇ ਅੱਖ ਆ ਗਈ ਤਾਂ ਪੱਟੀ ਖੋਲ੍ਹਦੇ। ਖੁਦਾ ਵਾਲੀ ਨਾਲੋਂ ਤਾਂ ਛੋਟੀ ਆਏਗੀ ਪਰ ਨਿਗ੍ਹਾ ਬਹੁਤ ਹੋਏਗੀ। ਉਹਨੇ ਖੋਲ੍ਹਤੀ, ਹੁਣ ਤੱਕ ਉਹ ਅੱਖ ਦੀ ਨਸਲ ਹੈ, ਉਸ ਕੁਲ ਦੇ ਵਿੱਚ। ਅਜੇ ਤੱਕ ਲੋਕ ਜਾਕੇ ਦੇਖਦੇ ਨੇ, ਅਸੀਂ ਵੀ ਗਏ। ਪਰ ਉਸਨੇ ਅੱਖ ਦੇ ਵੱਟੇ ਅੱਗ ਲਿਆਂਦੀ, ਆਪਣਾ ਪੂਰਾ ਨਿਬਾਹ ਦਿੱਤਾ, ਇਨਾਨ ਕਰਾ ਦਿੱਤਾ ਤੇ ਉਹਨੂੰ ਖੁਦਾ ਦਾ ਸੁਆਦ ਖਵਾਜੇ ਨੇ ਦਿਖਾ ਦਿੱਤਾ।

ਰਬ ਨ ਪੁਜਨਿ ਤੁਧੁ॥ (ਪੰਨਾ ੧੩੭੯)

ਮਾਤਾ! ਇਹ ਰੱਬ ਵਰਗੀਆਂ ਮਿੱਠੀਆਂ ਨਹੀਂ, ਰੱਬ ਵਰਗੀ ਮਿੱਠੀ ਚੀਜ ਕੋਈ ਵੀ ਨਹੀਂ ਪਰ ਉਹਨੇ ਸੁਆਦ ਦੇਖਿਆ ਹੋਇਆ ਸੀ ਖਵਾਜੇ ਫਕੀਰ ਦੇ ਕੋਲ, ਪੀਰ ਦੇ ਕੋਲ। ਪਰ ਮਾਤਾ ਨੇ ਖੁਦਾ ਦਾ

ਸੁਆਦ ਤਾਂ ਨਹੀਂ ਸੀ ਦੇਖਿਆ। ਜਦ ਤੱਕ ਇਹਨੂੰ ਖੁਦਾ ਦਾ ਸੁਆਦ ਨਹੀਂ ਪ੍ਰਾਪਤ ਹੁੰਦਾ, ਉਦੋਂ ਤੱਕ ਫੋਕੀਆਂ ਗੱਲਾਂ ਨੇ। ਹੁਣ ਤੁਸੀਂ ਜਾਣਦੇ ਹੋਂ ਸਾਰੇ, ਤੁਹਾਡੀ ਬਿਰਤੀ ਦੇ ਵਿਚ ਰੱਬ ਬੈਠੈ, ਉਹ ਜਿਹੜਾ ਵਿਆਪਕ ਹੈ, ਥੋਡੀ ਬਿਰਤੀ ਦੇ ਵਿਚ ਵੀ ਤਾਂ ਉਹੀ ਹੈ।

ਪੂਜਨ ਚਾਲੀ ਬ੍ਰਹਮ ਠਾਇ॥
ਸੋ ਬ੍ਰਹਮੁ ਬਤਾਇਓ ਗੁਰ ਮਨ ਹੀ ਮਾਹਿ॥
ਜਹਾ ਜਾਈਐ ਤਹ ਜਲ ਪਖਾਨ॥
ਤੂ ਪੂਰਿ ਰਹਿਓ ਹੈ ਸਭ ਸਮਾਨ॥
ਬੇਦ ਪੁਰਾਨ ਸਭ ਦੇਖੇ ਜੋਇ॥
ਊਹਾਂ ਤਉ ਜਾਈਐ ਜਉ ਈਹਾਂ ਨ ਹੋਇ॥
ਸਤਿਗੁਰ ਮੈ ਬਲਿਹਾਰੀ ਤੋਰ॥
ਜਿਨਿ ਸਕਲ ਬਿਕਲ ਭ੍ਰਮ ਕਾਟੇ ਮੋਰ॥
ਰਾਮਾਨੰਦ ਸੁਆਮੀ ਰਮਤ ਬ੍ਰਹਮ॥
ਗੁਰ ਕਾ ਸਬਦੁ ਕਾਟੈ ਕੋਟਿ ਕਰਮ॥ (ਪੰਨਾ ੧੧੯੫)

ਤੁਸੀਂ ਸਾਰੇ ਦੱਸੋ ? ਤੁਸੀਂ ਆਪਣੀ ਬਿਰਤੀ ਨੂੰ, ਆਪਣੇ ਖਿਆਲ ਨੂੰ, ਆਪਣੀ ਵਾਸਨਾਂ ਨੂੰ, ਕਾਮਨਾ ਨੂੰ ਜਿੰਨੀਆਂ ਉਠਦੀਆਂ ਨੇ, ਕਾਹਦੇ ਨਾਲ ਦੇਖਦੇ ਹੋਂ ? ਜਦ ਤੁਸੀਂ ਅੱਖਾਂ ਮੀਚੀ ਪਏ ਹੁੰਦੇ ਹੋ, ਉਦੋਂ ਕਿਹੜੀ ਉਹ ਬਿਜਲੀ ਹੈ ਤੁਹਾਡੇ ਕੋਲ ? ਦੋ ਪ੍ਰਕਾਰ ਦੀ ਹੈ, ਇਕ ਅੰਤਰ ਤੇ ਇਕ ਬਾਹਜ। ਬਾਹਜ ਹੈ ਚੰਦਰਮਾ, ਸੂਰਜ, ਤਾਰੇ, ਬਿਜਲੀ ਆਦਿ। ਸੁਪਤੀ ਜਦ ਘੋਰ ਨਿੰਦ੍ਰਾ ਹੁੰਦੀ ਹੈ, ਕੋਈ ਨਹੀਂ ਹੁੰਦਾ, ਉਦੋਂ ਤੁਸੀਂ ਅਵਿੱਦਿਆ ਦੀ ਬਿਰਤੀ ਕਾਹਦੇ ਨਾਲ ਦੇਖਦੇ ਹੋਂ ? **ਸਤਿ** ਜਿਸਦੇ ਪ੍ਰਕਾ ਦੇ ਨਾਲ ਇਹ ਸਾਰਾ ਪ੍ਰਕਾ ਦੇਖਿਆ ਜਾਂਦੈ। ਏਸ ਕਰਕੇ, ਉਹ ਤੇਰੇ ਅੰਦਰ ਹੈ ਤੇ ਤੇਰਾ ਆਪਾ ਹੈ। ਤੇਰਾ ਆਪਾ, ਬਿਰਤੀ ਤਾਂ ਨਹੀਂ ਹੈ। ਬਿਰਤੀ ਤਾਂ ਤਿੰਨਾਂ ਗੁਣਾਂ ਦੀ ਹੋਵੇਗੀ ਚਾਹੇ ਰਜੋ, ਤਮੋ, ਸਤੋ ਕਿਸੇ ਗੁਣ ਦੀ ਹੋਵੇ। ਇਹ ਤਿੰਨਾਂ ਗੁਣਾਂ ਦੀ ਹੋਵੇਗੀ। ਉਹ ਜਿਹੜਾ ਚੌਥਾ ਹੈ, ਉਹ ਕੌਣ ਹੈ ? **ਸਤਿ** । ਹੁਣ **ਸਤਿ** ਤਾਂ ਪਰਮੇ ਰ

ਹੈ, ਹੋਰ ਕੋਈ ਨਹੀਂ ਹੈ। ਜਿਹੜਾ ਤਿੰਨਾਂ ਕਾਲਾਂ ਵਿਚ ਇਕ ਰਸ ਰਹੇ ਤੇ ਵਿਆਪਕ ਪਰੀਪੂਰਣ, ਉਹਨੂੰ ਆਤਮਾ ਕਹਿੰਦੇ ਨੇ, **ਆਪਾ** ਆਤਮਾ ਦਾ ਨਾਉਂ ਹੈ **ਆਪਣਾ ਆਪ**। ਹੁਣ ਤੁਸੀਂ-

ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ॥
ਚਉਥੇ ਪਦ ਕਉ ਜੋ ਨਰੁ ਚੀਨੑੈ ਤਿਨੑ ਹੀ ਪਰਮ ਪਦੁ ਪਾਇਆ॥
(ਪੰਨਾ ੧੧੨੩)

ਉਹ ਤਾਂ ਚੌਥਾ ਪਦ ਹੈ। ਹੁਣ ਤੁਸੀਂ ਦੱਸੋ ? ਤੁਸੀਂ ਜਿਹੜੀ ਬਿਰਤੀ ਮੇਂ ਦੇਖਦੇ ਹੋ ਜਾਂ ਬਿਰਤੀ ਦੁਆਰਾ ਦੇਖਦੇ ਹੋ, ਉਹਨੂੰ ਹਮੇਂ ਆਖਾਂਗੇ ਮੇਰੀ ਬਿਰਤੀ ਜੀ ਕਿੱਕਰ ਦੇ ਆਕਾਰ ਹੋ ਗਈ ਮੇਰੀ ਬਿਰਤੀ ਜੀ ਫਲਾਣੇ ਦੇ ਆਕਾਰ ਹੋ ਗਈ। ਉਹਨੂੰ **ਮੇਰੀ** ਕਹਿੰਦੇ ਹੋ **ਮੈਂ** ਤਾਂ ਨਹੀਂ ਕਹਿੰਦੇ। ਉਹ **ਮੈਂ** ਤਾਂ ਉਹ ਜੋ ਬਿਰਤੀ ਦਾ ਸਾਖੀ ਹੈ, ਜਿਹੜਾ ਬਿਰਤੀ ਨੂੰ ਦੇਖਦਾ ਜਾਣਦੈ, **ਮੈਂ** ਤਾਂ ਉਹ ਹੈ। **ਮੈਂ** ਤੇ **ਮੇਰੀ** ਤਾਂ ਟੁੱਟ ਜਾਂਦੀ ਹੈ। **ਮੈਂ** ਵਿਚ ਆਕੇ, ਸਾਰੇ ਸੰਸਾਰ ਨਾਲ ਤੁਸੀਂ ਮੋਹ ਕਰਦੇ ਹੋ, ਆਹ ਪੁੱਤਰ ਮੇਰਾ, ਆਹ ਧੀ ਮੇਰੀ, ਘਰ ਆਦਿ ਜੋ ਕੁੱਛ ਵੀ। ਪਰ ਜਦ ਤੁਸੀਂ **ਆਪਣੇ ਆਪੇ** ਵਿਚ ਜਾਉਗੇ ਅਸਲ **ਮੈਂ** ਵਿਚ ਤਾਂ ਮੇ ਰੇ ਨਹੀਂ ਕਹੋਂਗੇ, ਤਾਂ ਕੇਵਲ **ਮੈਂ** ਕਹੋਗੇ। ਉਹ **ਆਪਾ** ਹੈ, ਉਹਨੂੰ **ਆਤਮਾ** ਕਹਿੰਦੇ ਨੇ।

ਜਿਨੀ ਆਤਮੁ ਚੀਨਿਆ ਪਰਮਾਤਮੁ ਸੋਈ॥
ਏਕੋ ਅੰਮ੍ਰਿਤ ਬਿਰਖੁ ਹੈ ਫਲੁ ਅੰਮ੍ਰਿਤੁ ਹੋਈ॥ (ਪੰਨਾ ੪੨੧)

ਉਹਨੂੰ ਉਸ ਦੇ ਉਤੇ ਇਹ ਗੁਰਪ੍ਰਸਾਦਿ ਕਹੋ, ਗੁਰੂਆਂ ਦੀ ਕਤੀ ਕਹੋ, ਉਹ ਪਰਮੇਰ ਦੀ ਕਤੀ ਹੁੰਦੀ ਹੈ। ਗੁਰੂ ਦੀ ਆਪਣੀ ਅਲਹਿਦਾ ਕਤੀ ਕੋਈ ਨਹੀਂ ਹੁੰਦੀ। ਜਿਹੜਾ ਗੁਰੂ ਹੋਏਗਾ ਬ੍ਰਹਮ ਗਿਆਨੀ, ਉਹ ਤਾਂ ਹੁਕਮ ਦੇ ਅੰਦਰ ਹੋਏਗਾ ਉਹ ਤਾਂ ਹੁਕਮ ਦੇ ਬਾਹਰ ਹੁੰਦਾ ਨਹੀਂ। ਹੁਕਮ ਦੇ ਬਾਹਰ ਨਹੀਂ ਹੁੰਦਾ, ਉਹ ਤਾਂ ਹੁਕਮ ਵਿਚ ਹੈ। ਉਹਨੇ ਤਾਂ ਜੋ ਕੰਮ ਕਰਨੈ, ਹੁਕਮ ਵਿਚ ਕਰਨੈ। ਬ੍ਰਹਮ ਗਿਆਨੀ ਹੁਕਮ ਦੇ ਬਾਹਰ ਨਹੀਂ ਕਦੇ ਜਾਊ, ਜੋ ਬੋਲੇਗਾ ਹੁਕਮ ਵਿਚ ਬੋਲੇਗਾ। ਜੋ

ਕਹੇਗਾ, ਹੁਕਮ ਵਿਚ ਕਹੇਗਾ, ਤਾਂ ਉਹ ਸਹੀ ਹੋਵੇਗਾ। ਏਸ ਕਰਕੇ ਹੁਣ ਤੁਸੀਂ ਐਂ ਦੱਸੋ ? ਜਿਹੜੀ ਥੋਡੀ ਆਹ ਦੇਖਣੇ ਵਾਲੀ ਵਸਤੂ ਹੈ ਜਾਂ ਬਿਰਤੀ ਹੈ, ਅੰਤਹਕਰਣ ਚੋਂ ਉੱਠੀ, ਟਿਕ ਗਈ ਤੇ ਹਟ ਗਈ। ਇਹ ਤਾਂ ਤਿੰਨੇ ਜੜ੍ਹ ਨੇ, ਤੁਸੀਂ ਤਾਂ ਚੇਤਨ ਹੋ। ਜੜ੍ਹ ਤਾਂ ਜੜ੍ਹ ਨੂੰ ਦੇਖ ਨਹੀਂ ਸਕਦਾ ਕਦੇ, ਚੇਤਨ ਦੇਖ ਸਕਦੈ। ਉਹ **ਸੋਹੰ ਪ੍ਰਕਾ** ਹੈ, ਪਰ ਇਹ ਤਾਂ **ਪਰ-ਪ੍ਰਕਾ** ਹੈ ਸਾਰਾ।

ਏਕ ਸਮੇਂ ਹੀ ਭਾਂਨ ਹੋਇ ਸਾਖੀ ਅਰੁ ਆਭਾਸੁ।
ਦੂਜੋ ਚੇਤਨ ਕੋ ਵਿੈ ਸਾਖੀ ਸਵਯੰ ਪ੍ਰਕਾਸ।।

(ਨਿਹਚਲਦਾਸ, ਵਿਚਾਰ ਸਾਗਰ ੪/੧੧੬)

ਉਹ ਸਾਖੀ ਥੋਡਾ ਆਪਾ ਹੈ, ਜਦ ਥੋਡੀ ਬਿਰਤੀ ਇਥੇ ਜਾਊ, ਇਥੇ ਸਮਾਨ ਚੇਤਨ ਹੈ। ਪਹਿਲੇ, ਇਹਦੇ ਆਕਾਰ ਬਿਰਤੀ ਹੋਊ। ਪਹਿਲਾਂ, ਆਹ ਸਮਾਨ ਚੇਤਨ ਥੋਡਾ ਸਾਖੀ ਬਣੇਗਾ, ਬਿਰਤੀ ਚੇਤਨ ਥੋਡਾ ਆਪਾ ਬਣੇਗਾ, ਫਿਰ ਤਹਾਨੂੰ ਬਿਰਤੀ ਦਿੱਸੇਗੀ, ਫਿਰ ਦ੍ਰਿ ਦਿੱਸੇਗਾ, ਇਹ ਤਿੰਨੇ ਦਿੱਸਣਗੇ। ਪਰ ਤੁਸੀ ਤਾਂ ਉਹ ਚੀਜ ਹੋਂ, ਜਿਹੜਾ ਦੇਖਣੇ ਵਾਲਾ ਹੈ।

ਦ੍ਰਿਸਟਿਮਾਨ ਹੈ ਸਗਲ ਮਿਥੇਨਾ ॥ (ਪੰਨਾ ੧ ੮੩)

ਜਿਹੜਾ ਦੇਖਣੇ ਚ ਆਉਂਦਾ ਹੈ, ਉਹ ਝੂਠਾ ਹੁੰਦਾ ਹੈ ਤੇ ਦ੍ਰਟਾ ਤਾਂ ਨਹੀਂ ਕਦੇ ਝੂਠਾ ਹੁੰਦਾ।

ਮੂਈ ਸੁਰਤਿ ਬਾਦੁ ਅਹੰਕਾਰੁ॥
ਓਹੁ ਨ ਮੂਆ ਜੋ ਦੇਖਣਹਾਰੁ॥ (ਪੰਨਾ ੧੮੨)

ਉਹ, ਦੇਖਣ ਵਾਲਾ ਤਾਂ ਨਿੱਤ ਹੈ। ਦ੍ਰਟਾ ਦਾ ਕਿਤੇ ਜਨਮ ਮਰਨ ਨਹੀਂ ਲਿਖਿਆ, ਦ੍ਰਟਾ ਵਿਆਪਕ ਹੈ, ਦਾਨਾ ਬੀਨਾ ਵਿਆਪਕ ਹੈ, ਸਾਖੀ ਵਿਆਪਕ ਹੈ, ਉਹ ਤਾਂ ਸਾਰੇ ਵਿਆਪਕ ਹੈ। ਉਹ, ਜਿਹੜਾ ਵਿਆਪਕ ਹੈ, ਉਹ, ਤੁਹਾਡੀ ਬਿਰਤੀ ਵਿਚ ਵੀ ਤਾਂ ਬੈਠੈ। ਜੇ ਥੋਡੀ ਬਿਰਤੀ ਵਿਚ ਨਾ ਹੋਵੇ ਤਾਂ ਪ੍ਰਿਛਿੰਨ ਹੋ ਜਾਊ ਤਾਂ ਘੱਟ ਹੋ ਜਾਊ।

ਆਦਿ ਪੂਰਨ ਮਧਿ ਪੂਰਨ ਅੰਤਿ ਪੂਰਨ ਪਰਮੇਸੁਰਹ॥
ਸਿਮਰੰਤਿ ਸੰਤ ਸਰਬਤ੍ਰ ਰਮਣੰ ਨਾਨਕ ਅਘਨਾਸਨ ਜਗਦੀਸੁਰਹ॥ (ਪੰਨਾ ੭੫)

ਉਹ ਤਾਂ ਸਾਰੇ ਪਾਪਾਂ ਦਾ ਨਾਸ ਕਰਨ ਵਾਲਾ ਹੈ, ਪਰ ਉਹ ਤਾਂ ਆਪਾ ਹੈ। ਹੁਣ ਤੁਸੀਂ ਐਂ ਦੱਸੋ ? ਥੋੜੀ ਬਿਰਤੀ ਆਪੇ ਵਿਚ ਟਿਕੀ ਹੋਈ ਹੈ ਕਿ ਦੁਨੀਆਂ ਵਿਚ ਟਿਕੀ ਹੋਈ ਹੈ ? ਇਹ ਤਾਂ ਤੁਸੀਂ ਆਪ ਹੀ ਆਪਣੇ ਅੰਦਰ ਦੇਖੋ। ਕਿਉਂ ? ਤੁਸੀਂ ਆਪਣੀ ਬਿਰਤੀ ਦੇ ਸਾਖੀ ਹੋ, ਮੈਂ ਆਪਣੀ ਬਿਰਤੀ ਦਾ ਸਾਖੀ ਹਾਂ। ਜੇ ਤਾਂ ਥੋੜੀ ਬਿਰਤੀ ਆਪੇ ਚ ਟਿਕੀ ਹੋਈ ਹੈ ਤਾਂ ਸੰਸਾਰ ਮੁੱਕ ਜਾਊ। ਤੇ ਸੰਸਾਰ ਤਾਂ ਸਾਰਾ ਦ੍ਰਿਟਮਾਨ ਰਹਿ ਗਿਆ, ਉਹ ਤਾਂ ਮਿਥਿਆ ਹੈ।

ਦ੍ਰਿਸਟਿਮਾਨ ਹੈ ਸਗਲ ਮਿਥੇਨਾ॥ (ਪੰਨਾ ੧੮੩)

ਤੇ ਦ੍ਰਟਾ ਤਾਂ ਨਹੀਂ ਮਿਥਿਆ। ਤੁਸੀਂ ਤਾਂ ਦ੍ਰਟਾ ਹੋ, ਆਤਮਾ ਹੋ, ਸਾਖੀ ਹੋ।

ਦਾਨਾ ਬੀਨਾ ਸਾਈ ਮੈਡਾ ਨਾਨਕ ਸਾਰ ਨ ਜਾਣਾ ਤੇਰੀ॥
(ਪੰਨਾ ੮੨)

ਤੁਸੀਂ ਤਾਂ ਦੇਖਦੇ ਵੀ ਹੋ, ਜਾਣਦੇ ਵੀ ਹੋ। ਤੁਸੀਂ ਆਪਣੇ ਅੰਦਰ ਦੇਖੋ, ਜਦ ਤੁਹਾਡੇ ਅੰਦਰ ਕੋਈ ਸੰਕਲਪ ਉਠਦੈ, ਉਹਨੂੰ ਦੇਖਦੇ ਵੀ ਹੋ ਤੇ ਜਾਣਦੇ ਵੀ ਹੋ। ਤੁਸੀਂ ਸੰਕਲਪ ਤਾਂ ਨਹੀਂ ਹੋ, ਸੰਕਲਪ ਤਾਂ ਜੜ੍ਹ ਹੁੰਦੈ। ਏਸ ਕਰਕੇ, ਉਹ ਥੋੜਾ ਆਪਾ ਹੈ, ਇਸ ਵਿਚ ਕੋਈ ੱਕ ਨਹੀਂ ਹੈ। ਏਸ ਕਰਕੇ, ਉਹ ਜੋ ਪਰਮੇਰ ਹੈ, ਉਹ ਪਰੀਪੂਰਣ ਹੈ, ਉਹ ਸਾਖੀ ਹੈ, ਅਖੰਡ ਹੈ। ਤੇ ਜਦ ਤੱਕ ਤੁਹਾਡਾ ਸਾਖੀ ਨਹੀਂ ਜਾਗੇ ਗਾ, ਇਹ ਹੰਕਾਰ ਨਵਿਰਤੀ ਨਹੀਂ ਹੋਏਗੀ। ਜਦ ਤੱਕ ਹੰਕਾਰ ਹੈ ਉਦੋਂ ਤੱਕ ਜੀਵ ਹੈ। ਜਿਸਦਾ ਸਾਖੀ ਚਿੱਤ ਜਾਗ ਗਿਆ, ਉਹਨੂੰ ਗਿਆਨ ਹੋ ਗਿਆ। ਉਹ ਵਿਆਪਕ ਹੈ, ਉਹਦੀ ਬਿਰਤੀ ਬ੍ਰਹਮਾਕਾਰ ਹੋ ਗਈ, ਅਖੰਡਾਕਾਰ ਹੋ ਗਈ ਜਾਂ ਲਿਵ ਕਹਿ ਦਿਉ। ਲਿਵ ਤੇ ਅਬਿਨਾਸੀ ਪਦ ਦੀ ਪ੍ਰਾਪਤੀ ਹੋ ਗਈ। ਕਿਉਂ ? ਇਹ ਗਿਆ ਗੁਰੂ ਦੀ ਰਣ ਵਿਚ, ਫਿਰ ਸਿਮਰਨ ਆਇਆ।

ਸਿਮਰਿ ਸਿਮਰਿ ਨਾਮੁ ਬਾਰੰ ਬਾਰ॥
ਨਾਨਕ ਜੀਅ ਕਾ ਇਹੈ ਅਧਾਰ॥ (ਪੰਨਾ ੨੯੫)

ਪਰ ਤੁਹਾਡੇ ਸਿਮਰਨ ਦੇ ਵਿਚਾਲੇ ਹੋਰ ਕੋਈ ਸੰਕਲਪ ਨਾ ਆ ਜਾਏ। ਫਿਰ ਤਾਂ ਤੁਹਾਡਾ ਸਿਮਰਨ ਚੱਲਿਆ ਹੀ ਨਾ।

ਖੋਜਤ ਖੋਜਤ ਤਤੁ ਬੀਚਾਰਿਓ ਦਾਸ ਗੋਵਿੰਦ ਪਰਾਇਣ॥
ਅਬਿਨਾਸੀ ਖੇਮ ਚਾਹਹਿ ਜੇ ਨਾਨਕ ਸਦਾ ਸਿਮਰਿ ਨਾਰਾਇਣ॥
(ਪੰਨਾ ੭੧੪)

ਜੇ ਤੂੰ ਉਸ ਅਬਿਨਾਸੀ ਪਦ ਦੀ ਪ੍ਰਾਪਤੀ ਚਾਹੁੰਨੈਂ, ਉਹ ਸੁੱਖ ਚਾਹੁੰਨੈਂ ਤਾਂ ਸਿਮਰਨ ਨਾ ਬੰਦ ਕਰੀਂ। ਸਿਮਰਨ ਤੋਂ ਬਾਅਦ ਗੁਰੂ ਗ੍ਰੰਥ ਸਾਹਿਬ ਮੇਂ ਆਉਂਦਾ ਹੈ, ਮੈਂ ਸੁਣਿਆ **ਅਨਾਹਤ** ਆਉਂਦਾ ਹੈ **ਇਕ ਰਸ** ।ਉਹ ਜਦ ਸਿਮਰਨ ਇਕ ਰਸ ਹੋ ਜਾਏ, ਉਹਨੂੰ ਅਨਾਹਤ ਕਹਿੰਦੇ ਨੇ। ਨਿਰ-ਹੰਕਾਰ, ਉਥੇ ਹੰਕਾਰ ਤਾਂ ਰਿਹਾ ਨਹੀਂ। ਪਹਿਲਾਂ ਧੁਨਿ ਆਏਗੀ, ਧੁਨਿ ਤੇ ਲਿਵ, ਲਿਵ ਤੇ ਅਬਿਨਾਸੀ ਪਦ ਦੀ ਪ੍ਰਾਪਤੀ। ਇਹ ਗੁਰੂ ਦੀ ਮਤਿ ਹੈ। ਏਸ ਕਰਕੇ ਪਹਿਲਾਂ ਆਪਣੇ ਆਪ ਦੀ ਸੂਝ ਹੋਣੀ ਚਾਹੀਦੀ ਹੈ, ਫਿਰ ਉਹ ਬੋਲੇਗਾ ਵੀ ਸੂਝ ਤੇ। ਅਜੇ ਦੁਨੀਆਂ ਨੂੰ ਖੁ ਕਰਨ ਵਾਸਤੇ ਬੋਲਣਾ ਪੈਂਦੈ, ਬੜਾ ਗਲਤ। ਬਈ ਖੁ ਹੋਣ ਨਾ ਹੋਣ, ਉਹਨਾਂ ਦੀ ਖੁੀ ਹੈ, ਤੇਰਾ ਕੋਈ ਠੇਕਾ ਲਿਆ ਹੋਇਐ ? ਉਹ ਪਦ ਲਾਉਣੇ ਉਥੇ ਝੂਠੇ। ਅੱਜ ਤੁਸੀਂ ਕਹਿੰਦੇ ਸੀ ਸੰਤ ਇਕ ਕੱਚਾ ਹੁੰਦੈ, ਇਕ ਪੱਕਾ ਹੁੰਦੈ। ਮੈਂ ਆਖਿਆ ਕੱਚਾ ਸੰਤ ਕੋਈ ਹੁੰਦਾ ਹੀ ਨਹੀਂ। ਸੰਤ ਸਾਰੇ ਪੱਕੇ ਹੁੰਦੇ ਨੇ। ਮੈਨੂੰ ਕੱਚਾ ਸੰਤ ਕੋਈ ਦਿਖਾਉ ? ਉਹਨੂੰ ਤਾਂ ਜੀਵ ਕਹੋ ਤੁਸੀਂ, ਕੱਚਾ ਤਾਂ ਜੀਵ ਹੁੰਦਾ ਹੈ। ਸਮਝ ਗਏ ?

ਪ੍ਰੇਮ ਭਗਤਿ ਉਧਰਹਿ ਸੇ ਨਾਨਕ
ਕਰਿ ਕਿਰਪਾ ਸੰਤੁ ਆਪਿ ਕਰਿਓ ਹੈ॥ (ਪੰਨਾ ੧੩੯੮)

ਜਿਸ ਦੇ ਵਿਚ ਪ੍ਰੇਮਾ ਭਗਤੀ ਆ ਜਾਊ, ਉਹ ਸੰਤ ਬਣ ਜਾਊ, ਫਿਰ ਕੱਚਾ ਕਿਥੋਂ ਰਹਿ ਗਿਆ ? ਉਹ ਤਾਂ ਪੱਕਾ ਹੀ ਹੋਏਗਾ। ਆਚਰਣ ਵੀ ਇਹੀ ਹੈ ਨਿਰਮਲ, ਸੁਖਮਨੀ ਮੇਂ–

ਸਾਧ ਨਾਮ ਨਿਰਮਲ ਤਾ ਕੇ ਕਰਮ॥ (ਪੰਨਾ ੨੯੬)

ਜਿਸਦੇ ਸਾਰੇ ਕਰਮ ੁੱਧ ਹੋ ਜਾਣ, ਉਹਨੂੰ **ਸਾਧ** ਕਹਿੰਦੇ ਨੇ। ਤੁਸੀਂ, ਘਿਉ ਨੂੰ ਜਦ ਤਿੰਨ ਵਾਰੀ ਤੱਤਾ (ਗਰਮ) ਕਰ ਲਉਂ, ਉਹ ਬਿਲਕੁਲ ੁੱਧ ਹੁੰਦੈ। ਉਹਦਾ ਸਭ ਕੁੱਝ ਜਲ ਜਾਂਦੈ, ਠੀਕ ਆ ਜਾਂਦੈ ਤੇ ਫਿਰ ਉਹਨੂੰ ਤੁਸੀਂ ਅੁੱਧ ਕੈਸੇ ਕਹਿ ਦਿਉਂਗੇ ? ਉਹ ਤਾਂ ਫਿਰ ੁੱਧ ਹੋ ਗਿਆ। ੁੱਧ ਦਾ ਨਾਉਂ ਸੰਤ, ਸਾਧ ਹੈ, ਹੋਰ ਕਿਸੇ ਦਾ ਨਾਉਂ ਨਹੀਂ। ਇਹ ਜੋ ਲੋਕਾਂ ਨੇ ਬਣਾਈਆਂ ਨੇ ਗੱਲਾਂ, ਇਹ ਪਿਛੋਂ ਬਣਾਈਆਂ ਨੇ, ਕਿਉਂ ? ਬਾਣੀ ਇਹਨਾਂ ਨੂੰ ਆਉਂਦੀ ਹੈ, ਇਕ ਤੁੱਕ ਇੱਥੋਂ ਚੁੱਕਣਗੇ, ਇਥੇ ਲਾ ਦੇਣਗੇ ਤੇ ਉਹਨਾਂ ਦਾ ਘਰ ਪੂਰਾ ਕਰਕੇ ਸੁਣਾ ਜਾਣਗੇ ਤੇ ਕੰਮ ਖਰਾਬ ਹੋ ਜਾਊ। ਬਾਣੀ ਇਕ ਐਸੀ ਚੀ ਹੈ, ਇਹਦਾ ਕੋਈ ਪਦ ਵੀ ਗਲਤ ਨਾ ਹੋਵੇ ਕਿਉਂਕਿ ਇਹ ਹੈ ਰੱਬੀ ਬਾਣੀ। ਗਲਤ ਤਾਂ ਇਹ ਹੈ ਨਹੀਂ, ਸਹੀ ਹੈ ਬਿਲਕੁਲ। ਪਰ ਤੁਹਾਡਾ ਮਨ, ਸਹੀ ਦੇ ਨਾਲ ਬਿਲਕੁਲ ਮਿਲ ਜਾਵੇ ਫਿਰ ਤਾਂ ਹੈ ਠੀਕ, ਨਹੀਂ ਗਲਤ ਹੈ। ਇਹ ਬਾਤਾਂ ਬਿਲਕੁਲ ਨਹੀਂ ਕਰਨੀਆਂ ਚਾਹੀਦੀਆਂ, ਉਹ ਸਹੀ ਪੜ੍ਹੋ, ਸਹੀ ਬੋਲੋ, ਇਹ ਤਾਂ ਸੱਚ ਹੈ, ਤੁਸੀਂ ਤਾਂ ਸੱਚ ਬੋਲਣ ਦੀ ਕੋਿ ਕਰਨੀ ਹੈ। ਇਕ ਸੱਚ ਹੁੰਦੈ ਦੁਨੀਆਂ ਦਾ ਸੱਚ, ਇਹ ਗਲਤ ਹੁੰਦੈ। ਇਕ ਹੁੰਦੈ ਰਹੱਸਕ ਸੱਚ। ਦੁਨੀਆਂ ਦਾ ਸੱਚ ਇਹ ਹੁੰਦੈ। ਇਕ ਨੇ ਪੁੱਛਿਆ, ਸਾਡੇ ਸਾਹਮਣੇ ਗੱਲ ਹੋਈ ਕਿ ਭਾਈ ਵੋਟ ? ਉਹ ਕਹਿੰਦਾ– ਜੀ ਤੁਹਾਡੇ ਬਿਨਾਂ ਹੋਰ ਕੀਹਨੂੰ ਪਾਉਣੈ ਤੇ ਮੈਂ ਕਿਹਾ ਤੂੰ ਇਹਨੂੰ ਪਾਏਂਗਾ? ਕਹਿੰਦਾ, ਜੀ ਕਾਹਨੂੰ ਪਾਉਣੈ, ਤੇ ਮੈਂ ਆਖਿਆ ਤੂੰ ਫਿਰ ਇਉਂ ਕਿਉਂ ਕਿਹਾ? ਕਹਿੰਦਾ–ਜੀ ਰਾਜੀ ਵੀ ਤਾਂ ਕਰਨਾ ਹੈ।

ਇਕ ਹੁੰਦਾ ਹੈ ਰੱਹਸਕ ਸੱਚ। ਰਹੱਸਕ ਸੱਚ, ਆਤਮਕ ਸੱਚ ਹੰਦਾ ਹੈ। ਤੁਸੀਂ ਕਿਸੇ ਤੋਂ ਲੈਣੇ ਨੇ ਰੁਪਏ ਵੀਹ, ਉਹ ਤੁਹਾਨੂੰ ਦੇ ਗਿਆ

ਤੀਹ। ਤੁਸੀਂ ਗਿਣਕੇ ਜੇਬ ਵਿਚ ਪਾ ਲਏ, ਮਨ ਨੇ ਲਾਲਚ ਕੀਤਾ ਬਈ ਹੁਣ ਕਿਹੜਾ ਪੁੱਛਦੈ। ਉਹ ਆ ਗਿਆ, ਅਖੇ- ਜੀ ਮੈਂ ਦਸ ਰੁਪਏ ਵੱਧ ਦੇ ਗਿਆ ਭੁੱਲ ਕੇ। ਕਹਿੰਦਾ- ਨਾ, ਉਥੇ ਜਾਕੇ ਗਿਣ, ਮੇਰੇ ਕੋਲ ਵੀਹ ਹੀ ਨੇ। ਪਰ ਆਤਮਕ ਆਵਾਜ ਕਹਿੰਦੀ ਹੈ, ਤੀਹ ਨੇ , ਤੂੰ ਲਏ ਨੇ, ਤੇਰੀ ਜੇਬ ਵਿਚ ਨੇ ਤੇ ਫਲਾਣੇ ਥਾਂ ਰੱਖੇ ਨੇ। ਤੁਸੀਂ ਉਹਨੂੰ ਕਦੇ ਨਹੀਂ ਬਦਲ ਸਕਦੇ। ਪੰਜਾਹ ਵਾਰੀ ਤੁਸੀਂ ਝੂਠ ਬੋਲੋ, ਉਹ ਅੰਦਰੋਂ ਆਤਮਾ ਦੀ ਆਵਾਜ ਉਹੀ ਕਹੇਗੀ ਬਈ ਤੂੰ ਤੀਹ ਲਏ ਨੇ, ਫਲਾਣੇ ਥਾਂ ਤੂੰ ਰੱਖੇ ਨੇ ਤੇ ਜੋ ਆਤਮਕ ਸੱਚ ਹੁੰਦੈ, ਉਹ ਰਹੱਸਕ ਸੱਚ ਹੁੰਦੈ।

ਉਹ ਗਾਂਧੀ ਕਹਿੰਦਾ ਸੀ, ਉਹਨੂੰ ਜਦ ਕਹਿੰਦੇ ਕਿਉਂ ਲੂਣ ਬਣਾਉਂਨੈ? ਖਰਚ ਹੁੰਦੈ, ਫਲਾਣਾ ਹੁੰਦੈ। ਉਹ ਕਹਿੰਦਾ- ਮੇਰੀ ਆਤਮਕ ਆਵਾਜ ਹੈ। ਉਹ ਜਦ ਬਦਲੀ (ਪਾਕਿਸਤਾਨ ਬਣਿਆਂ) ਹੋਈ, ਉਹ ਲੂਣ ਦੀ ਜਰੂਰਤ ਪਈ, ਉਹ ਕਹਿੰਦੇ- ਬਿਲਕੁਲ ਸੱਚ ਹੈ। ਆਤਮਾ ਦੀ ਆਵਾਜ ਦਾ ਕਿੰਨਾ ਫਾਇਦਾ ਹੋਇਆ। ਏਸ ਕਰਕੇ ਜਿਹੜਾ ਆਤਮਿਕ ਆਵਾਜ ਦੇ ਨਾਲ ਚਲਦੈ, ਉਹੀ ਆਦਮੀ ਸੱਚ ਬੋਲ ਸਕਦੈ। ਦੂਜਾ ਕੰਮ ਤਾਂ ਗਲਤ ਹੀ ਹੁੰਦੈ, ਉਹ ਤਾਂ ਧੋਖਾ ਦੇਣਾ ਹੁੰਦੈ, ਉਸਤੋਂ ਤਾਂ ਨਾ ਹੀ ਬੋਲੇ, ਉਹ ਚੰਗਾ ਹੈ। ਏਸ ਕਰਕੇ ਭਾਈ-

ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ॥
ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ॥ (ਪੰਨਾ ੪੬੮)

ਜਿਸਦੇ ਕੋਲ ਆਤਮਕ ਸੱਚ ਹੈ, ਉਹਦੇ ਸਾਰੇ ਪਾਪ ਕੱਟੇ ਜਾਣਗੇ।

ਸਰਬ ਧਰਮ ਮਹਿ ਸ੍ਰੇਸਟ ਧਰਮੁ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥ (ਪੰਨਾ ੨੬੬)

ਗੁਰੂ-ਕਿਆਂ ਨੇ ਨਿਬੇੜਾ ਕਰ ਦਿੱਤਾ, ਕਾਹਦਾ ? ਬਈ ਹਰੀ ਦਾ ਨਾਮ ਜਪਣਾ ਤੇ ਨਿਕਾਮ ਸੇਵਾ ਕਰਨੀ। ਬੱਸ ਝਗੜਾ ਹੀ ਖਤਮ ਹੋ ਗਿਆ। ਅਜੇ ਤਾਂ ਕਰਮ ਧਰਮ ਵਿਚ ਹੀ ਨਹੀਂ ਪਹੁੰਚੇ, ਧਰਮ ਦੀ ਪੌੜੀ ਤੇ ਪੈਰ ਧਰੋਂਗੇ ਤਾਂ ਕਰਮ ਧਰਮ ਮੇਂ ਪਹੁੰਚੋਗੇ। ਏਸ ਕਰਕੇ -

ਸਰਬ ਰੋਗ ਕਾ ਅਉਖਦੁ ਨਾਮੁ॥
ਕਲਿਆਣ ਰੂਪ ਮੰਗਲ ਗੁਣ ਗਾਮ॥ (ਪੰਨਾ ੨੭੪)

ਦਵਾਈਆਂ ਵੀ ਗੁਰੂ ਗ੍ਰੰਥ ਸਾਹਿਬ ਮੇਂ ਦੋ ਹੀ ਲਿਖੀਆਂ ਨੇ ਤੇ ਵੱਡੇ ਰੋਗ ਵੀ ਦੋ ਹੀ ਲਿਖੇ ਨੇ।

ਏਹ ਤਿਸਨਾ ਵਡਾ ਰੋਗੁ ਲਗਾ ਮਰਣੁ ਮਨਹੁ ਵਿਸਾਰਿਆ॥
(ਪੰਨਾ ੯੧੯)

ਸਹਸ ਖਟੇ ਲਖ ਕਉ ਉਠਿ ਧਾਵੈ॥
ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ। (ਪੰਨਾ ੨੭੮)

ਏਸ ਕਰਕੇ ਤ੍ਰਿਨਾ ਵੀ ਵਡਾ ਰੋਗ ਹੈ ਇਸ ਸੰਸਾਰ ਮੇਂ। ਤੇ–

ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥
ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ॥
(ਪੰਨਾ ੪੬੬)

ਇਕ ਸੰਤ ਨੂੰ ਦੂਆ ਸੰਤ ਕਹਿੰਦਾ– ਅਖੇ ਜੀ ! ਤੁਸੀਂ ਹੰਕਾਰੀ ਬੜੇ ਹੋ। ਉਹ ਕਹਿੰਦਾ– ਇਹਨੂੰ ਆਸਰਾ ਮੈਂ ਹੀ ਦੇ ਸਕਦਾਂ, ਤੂੰ ਨਹੀਂ ਦੇ ਸਕਦਾ। ਉਹ ਕਹਿੰਦਾ– ਕਿਉਂ ? ਅਖੇ ਹੰਕਾਰ ਨੂੰ ਆਸਰਾ ਗਿਆਨੀ ਦੇ ਦੇਊ ਮਾੜਾ ਮੋਟਾ, ਅਗਿਆਨੀ ਕੈਸੇ ਦੇਊਗਾ ? ਅਗਿਆਨੀ ਨੂੰ ਤਾਂ ਇਹ ਜਨਮਾਂ ਵਿਚ ਭਵਾਉਂਦਾ ਫਿਰਦਾ ਹੈ ਹੰਕਾਰ। ਤੁਹਾਡਾ ਜਨਮ ਮਰਨ ਜਾਂ ਮੇਰਾ, ਹੰਕਾਰ ਦੇ ਆਸਰੇ ਹੀ ਹੈ। ਜਦ ਤੱਕ ਹੰਕਾਰ ਹੈ, ਇਹ ਜੀਵ ਹੈ, ਜੰਮੇਗਾ ਤੇ ਮਰੇਗਾ, ਇਕ ਨਾਮ ਹੀ ਦਾਰੂ ਹੈ, ਤੇ ਜਦ ਇਹਦਾ ਮਨ, ਨਾਮ ਨਾਲ ਜੁੜ ਗਿਆ।

ਨਾਮ ਸੰਗਿ ਜਿਸ ਕਾ ਮਨੁ ਮਾਨਿਆ॥
ਨਾਨਕ ਤਿਨਹਿ ਨਿਰੰਜਨੁ ਜਾਨਿਆ॥ (ਪੰਨਾ ੨੮੧)

ਉਹ ਨਿਰਾਕਾਰ ਪਰਮੇਰ ਨੂੰ ਜਾਣ ਲੈਂਦਾ ਹੈ। ਪਰ ਮਨ ਇਹਦੇ ਅੱਗੇ ਹੈ, ਇਹ ਮਨ ਦੇ ਅੱਗੇ ਤਾਂ ਨਹੀਂ ਹੈ। ਮਨ ਨੂੰ ਤਾਂ ਇਹ ਹਰ ਵਕਤ ਦੇਖਦੈ, ਤੇ ਆਤਮਾ ਨੂੰ ਤਾਂ ਇਸ ਨੇ ਅੱਜ ਤੱਕ ਨਹੀਂ ਦੇ

ਖਿਆ ਤੇ ਨਾ ਦੇਖੇ ਕਦੇ। ਉਹ ਤਾਂ ਸਵੈ-ਅਨੁਭਵ ਹੈ, ਉਹ ਤਾਂ ਸੁਤੇ - ਅਨੁਭਵ ਹੈ। ਉਹਨੂੰ ਦੇਖਣੇ ਵਾਲਾ ਤਾਂ ਦ੍ਰਟਾ ਕੋਈ ਹੋਰ ਨਹੀਂ ।

ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ॥

(ਪੰਨਾ ੭)

ਉਹ ਤਾਂ ਦੇਖਦੈ, ਦ੍ਰਟਾ, ਵਿਆਪਕ ਹੈ। ਉਹ ਕਹਿੰਦਾ, ਉਹ ਜਿਹੜੇ ਹਨ ਤਿੰਨਾਂ ਗੁਣਾਂ ਨਾਲ ਜੁੜੇ ਹੋਏ ਬ੍ਰਹਮਾ, ਵਿਨੂ, ਮਹੇ, ਉਹਨਾਂ ਦੀ ਨਜਰ ਨਹੀਂ ਆਇਆ, ਕਿਉਂ ? ਉਹ ਗੁਣਾਂ ਨੂੰ ਛੱਡਣ ਰਜੋ, ਤਮੋ, ਸਤੋ ਨੂੰ ਤਾਂ ਉਹ ਦੇਖਣ, ਫਿਰ ਉਹ, ਉਹੀ ਬਣ ਜਾਏਗਾ, ਦ੍ਰਟਾ ਹੀ ਬਣ ਜਾਏਗਾ, ਦ੍ਰਿ ਨਹੀਂ ਬਣੇਗਾ।

ਦ੍ਰਿਸਟਿਮਾਨ ਹੈ ਸਗਲ ਮਿਥੇਨਾ॥ (ਪੰਨਾ ੧੮੩)

ਇਹ ਤਾਂ ਗਲਤ ਹੈ, ਮਨ ਜਿਹੜਾ ਹੈ, ਉਹਨੂੰ ਦੇਖਣਾ ਹੈ। ਨੌਵੇਂ ਪਾਤਾਹ ਨੇ ਲਿਖਿਆ ਹੈ -

ਮਨ ਰੇ ਕਉਨੁ ਕੁਮਤਿ ਤੈ ਲੀਨੀ॥

ਪਰ ਦਾਰਾ ਨਿੰਦਿਆ ਰਸ ਰਚਿਓ ਰਾਮ ਭਗਤਿ ਨਹਿ ਕੀਨੀ॥

(ਪੰਨਾ ੬੩੧)

ਕਹਿੰਦੇ- ਤੂੰ ਤਾਂ ਇਥੇ ਖੜਾ ਹੈਂ **ਪਰ ਦਾਰਾ** ਪਰਾਈਆਂ ਇਸਤਰੀਆਂ, ਪਰਾਈ ਨਿੰਦਾ, ਪਰਾਈ ਵਸਤੂ, ਤੂੰ ਤਾਂ ਕਹਿੰਦੇ, ਇਥੇ ਖੜਾ ਹੈਂ। ਮਨ ਰੇ ! ਰਾਮ ਦੀ ਭਗਤੀ ਤਾਂ ਤੈਨੂੰ ਥਿਆਈ ਨਹੀਂ।

ਰਮਤ ਰਾਮ ਜਨਮ ਮਰਣੁ ਨਿਵਾਰੈ॥ (ਪੰਨਾ ੮੬੫)

ਰਾਮ ਤਾਂ ਸਾਰੇ ਰਮਿਆ ਹੋਇਐ। ਜਦ ਤੈਨੂੰ ਇਹ ਥਿਆ ਜਾਊ, ਤੂੰ ਰਾਮ ਤੋਂ ਅਲਹਿਦਾ ਤਾਂ ਰਹਿ ਨਹੀਂ ਸਕਦਾ। ਰਾਮ ਤਾਂ ਇਕ ਹੈ ਵਿਆਪਕ, ਰਮਿਆ ਹੋਇਆ, ਤੇ ਤੂੰ ਅਲਹਿਦਾ ਕਿਵੇਂ ਹੋਵੇਂਗਾ ? ਤੇ ਉਹ ਉਹਦੇ ਨਾਲ ਪਹਿਲਾਂ ਮਿਲ ਗਿਆ, ਉਹ ਜਿਹੜਾ-

ਆਦਿ ਪੂਰਨ ਮਧਿ ਪੂਰਨ ਅੰਤਿ ਪੂਰਨ ਪਰਮੇਸੁਰਹ॥

(ਪੰਨਾ ੭੮)

ਪਰਮੇਰ ਤਾਂ ਪਹਿਲਾਂ ਹੀ ਪੂਰਣ ਹੈ, ਕੋਈ ਅਸੀਂ ਪੂਰਣ ਨਹੀਂ ਕਰਨਾ, ਸਾਡਾ ਤਾਂ ਮਨ ਲੀਨ ਹੋਣੈ।

ਸੁਣਿਆ ਮੰਨਿਆ ਮਨਿ ਕੀਤਾ ਭਾਉ॥
ਅੰਤਰਗਤਿ ਤੀਰਥਿ ਮਲਿ ਨਾਉ॥ (ਪੰਨਾ ੪)

ਉਹ ਕਹਿੰਦਾ ਸੁਣ ਲੈ, ਮੰਨਨ ਕਰ ਲੈ, ਨਿਧਿਆਸਨ ਕਰ ਲੈ, ਪ੍ਰੇਮ ਦੇ ਨਾਲ ਤੂੰ ਲੀਨ ਹੋ ਜਾਏਂਗਾ। ਪੂਰਾ ਪ੍ਰੇਮ ਹੋ ਜਾਂਦਾ ਤਾਂ ਅੰਤਰ ਲੀਨ ਹੋ ਜਾਂਦਾ। ਪਰਮੇਰ, ਪੂਰਣ ਤਾਂ ਪਹਿਲਾਂ ਹੀ ਸੀ, ਉਸਨੂੰ ਪੂਰਣ ਦਾ ਅਨੁਭਵ ਹੋ ਜਾਊ, ਪਹਿਲੇ ਅਨੁਭਵ ਨਹੀਂ ਸੀ, ਪਹਿਲਾਂ ਸੰਸਾਰ ਨੂੰ ਸਤਿ ਮੰਨਦਾ ਸੀ। ਏਸ ਕਰਕੇ–

ਮੁਕਤਿ ਪੰਥੁ ਜਾਨਿਓ ਤੈ ਨਾਹਨਿ ਧਨ ਜੋਰਨ ਕਉ ਧਾਇਆ॥
ਅੰਤਿ ਸੰਗ ਕਾਹੂ ਨਹੀ ਦੀਨਾ ਬਿਰਥਾ ਆਪੁ ਬੰਧਾਇਆ॥
(ਪੰਨਾ ੬੩੧)

ਤੈਨੂੰ ਤਾਂ ਮੁਕਤੀ ਦਾ ਪੰਥ ਹੀ ਨਹੀਂ ਥਿਆਇਆ।

ਗਿਆਨੈ ਕਾਰਨ ਕਰਮ ਅਭਿਆਸੁ॥
ਗਿਆਨੁ ਭਇਆ ਤਹ ਕਰਮਹ ਨਾਸੁ॥ (ਪੰਨਾ ੧੧੬੭)

ਕਰਮ, ਤੁਹਾਡੇ ਨਾਸ ਕਰਨੇ ਤੇ ਤਾਂ ਨਹੀਂ ਹੋਏ, ਗਿਆਨ ਤੇ ਨਾਸ ਹੋਏ ਨੇ। ਗਿਆਨ ਦੇ ਬਾਅਦ, ਤੁਸੀਂ ਨਿਕਾਮ ਸੇਵਾ ਕਰਨੀ ਹੈ। ਪਰ–

ਗਿਆਨੁ ਭਇਆ ਤਹ ਕਰਮਹ ਨਾਸੁ॥

ਭਾਈ ਬਹਿਲੋ ਦਾ ਜਦ ਸਾਰਾ ਕਰਮ ਨਾਸ ਕਰ ਦਿਤਾ ਪੰਚਮ ਪਾਤਾਹ ਨੇ ਤੇ ਫੇਰ ਤਾਂ ਉਹ ਆਪ ਹੀ ਰਹਿ ਜਾਂਦੈ।

ਨਾ ਹਰਿ ਭਜਿਓ ਨ ਗੁਰ ਜਨੁ ਸੇਵਿਓ
ਨਹ ਉਪਜਿਓ ਕਛੁ ਗਿਆਨਾ॥
ਘਟ ਹੀ ਮਾਹਿ ਨਿਰੰਜਨੁ ਤੇਰੈ ਤੈ ਖੋਜਤ ਉਦਿਆਨਾ॥
(ਪੰਨਾ ੬੩੨)

ਨਾ ਤਾਂ ਹਰੀ ਦਾ ਭਜਨ ਚੱਲਿਆ, ਹਰੀ ਦਾ ਭਜਨ ਤਾਂ ਉਦੋਂ ਚੱਲੇਗਾ ਜਦ ਮਨ, ਨਾਮ ਨਾਲ ਇਕ ਹੋ ਜਾਂਦੈ, ਉਸ ਤੋਂ ਪਹਿਲਾਂ ਤਾਂ ਚੱਲ ਨਹੀਂ ਸਕਦਾ, ਉਹ ਤਾਂ ਕੱਚੀ ਚਾਂਦਮਾਰੀ (ਬੰਦੂਕ ਦੀ ਸਿਖਲਾਈ ਵੇਲੇ ਨਿਸ਼ਾਨਾ ਮਾਰਨ ਵਾਲੀ ਥਾਂ (ਟਾਰਗੈਟ) ਤੇ ਬਣਿਆ ਚੰਦ ਦਾ ਨਿਸ਼ਾਨ) ਹੈ। ਕੱਚੀ ਚਾਂਦਮਾਰੀ ਨਾਲ ਅੱਜ ਤੱਕ ਕਿਸੇ ਨੂੰ ਕੋਈ ਇਨਾਮ ਨਹੀਂ ਮਿਲਿਆ, ਪੱਕੀ ਚਾਂਦਮਾਰੀ ਨਾਲ, ਮਿਲਦਾ ਹੁੰਦੈ। ਜਦ ਤੱਕ ਉਹਦੇ ਨਾਲ ਤੁਹਾਡਾ ਮਨ ਇਕ ਨਹੀਂ ਹੋਏਗਾ ਨਾਮ ਨਾਲ, ਤਾਂ ਚੱਲੇਗਾ ਕੈਸੇ ?

ਨਾ ਹਰਿ ਭਜਿਓ ਨ ਗੁਰ ਜਨੁ ਸੇਵਿਓ (ਪੰਨਾ ੬੩੨)

ਤੂੰ ਗੁਰੂ ਜਨਾਂ ਦੀ ਸੇਵਾ ਵੀ ਨਹੀਂ ਕੀਤੀ। ਦੇਖੋ ਖਵਾਜੇ ਨੇ ਖ਼ੁਦਾ ਦਾ ਸੁਆਦ ਦਿਖਾਇਆ।

ਸੰਤਸੰਗਿ ਅੰਤਰਿ ਪ੍ਰਭੁ ਡੀਠਾ॥
ਨਾਮੁ ਪ੍ਰਭੂ ਕਾ ਲਾਗਾ ਮੀਠਾ॥ (ਪੰਨਾ ੨੯੩)

ਇਥੇ ਜਾਕੇ ਮਿੱਠਾ ਲੱਗੂ।

ਨਾ ਹਰਿ ਭਜਿਓ ਨ ਗੁਰ ਜਨੁ ਸੇਵਿਓ ਨਹ ਉਪਜਿਓ ਕਛੁ ਗਿਆਨਾ॥
ਘਟ ਹੀ ਮਾਹਿ ਨਿਰੰਜਨੁ ਤੇਰੈ ਤੈ ਖੋਜਤ ਉਦਿਆਨਾ॥
(ਪੰਨਾ ੬੩੨)

ਤੈਨੂੰ ਤਾਂ ਗਿਆਨ ਵੀ ਨਾ ਹੋਇਆ। ਉਹ ਕਹਿੰਦੇ– ਕਿਥੇ ਜਾਣਾ ਸੀ?

ਤੇਰੇ ਹਿਰਦੇ ਦੇ ਵਿਚ ਨਿਰਾਕਾਰ ਪਰਮੇਰ ਤੇਰਾ ਆਪਾ ਹੈ, ਪਰ ਤੂੰ ਤਾਂ ਸੰਸਾਰ ਨੂੰ ਖੋਜਦਾ ਫਿਰਦੈਂ। ਆਹ ਮਿਲ ਜਾਏ, ਇਥੇ ਐਸੇ ਹੋ ਜਾਏ, ਇਥੇ ਆਹ ਕਰ ਲਈਏ, ਐਂ ਹੋ ਜਾਏਗਾ। ਕਹਿੰਦੇ– ਤੂੰ ਐਵੇਂ **ਉਦਿਆਨ** ਜੰਗਲ ਚ ਭੱਜਿਆ ਫਿਰਦਾ ਹੈਂ। ਤੇ **ਘਟ ਹੀ ਮਾਹਿ ਨਿਰੰਜਨੁ ਤੇਰੈ** **ਨਿਰੰਜਨੁ** ਨਿਰਾਕਾਰ ਦਾ ਨਾਉਂ ਹੈ। ਤੇ ਨਿਰਾਕਾਰ ਤਾਂ ਤੇਰਾ ਆਪਾ ਹੈ, ਤੇ ਨਿਰਾਕਾਰ ਕੋਈ ਬਿਰਤੀ ਨਹੀਂ, ਕੋਈ

ਖਿਆਲ ਨਹੀਂ ਹੈ, ਕੋਈ ਵਸਤੂ ਤੇਰਾ ਆਪਾ ਨਹੀਂ। ਤੂੰ ਸਭ ਦਾ ਦ੍ਰਟਾ ਹੈਂ। ਦ੍ਰਟਾ ਕਦੇ ਜਨਮ ਮਰਨ ਚ ਅੱਜ ਤੱਕ ਨਹੀਂ ਆਇਆ।

ਮੂਈ ਸੁਰਤਿ ਬਾਦੁ ਅਹੰਕਾਰੁ॥
ਓਹੁ ਨ ਮੂਆ ਜੋ ਦੇਖਣਹਾਰੁ॥
ਜੈ ਕਾਰਣਿ ਤਟਿ ਤੀਰਥ ਜਾਹੀ॥
ਰਤਨ ਪਦਾਰਥ ਘਟ ਹੀ ਮਾਹੀ॥
ਪੜਿ ਪੜਿ ਪੰਡਿਤੁ ਬਾਦੁ ਵਖਾਣੈ॥
ਭੀਤਰਿ ਹੋਦੀ ਵਸਤੁ ਨ ਜਾਣੈ॥ (ਪੰਨਾ ੧੫੨)

ਪੰਡਿਤ ! ਤੂੰ ਆਤਮ ਵਸਤੂ ਨੂੰ ਨਹੀਂ ਜਾਣਿਆ, ਤੂੰ ਤਾਂ ਬਾਦ-ਬਿਬਾਦ ਕਰਦਾ ਦੁਨੀਆਂ ਦੇ ਵਿਚ ਫਿਰਦਾ ਰਿਹੈਂ। ਉਹ ਕਹਿੰਦਾ- ਜੀ ਫਿਰ ਤੀਰਥਾਂ ਤੇ ਜਾਵਾਂਗਾ। ਗੁਰੂ ਸਾਹਿਬ ਕਹਿੰਦੇ, ਉਥੇ ਜਾਕੇ ਕੀ ਕਰੇਂਗਾ ? ਉਥੇ ਵੀ ਉਹ ਵਸਤੂ ਨਹੀਂ ਮਿਲਣੀ। ਤੈਨੂੰ ਆਤਮਾ ਦਾ ਗਿਆਨ ਨਹੀਂ। ਉਹ ਕਹਿੰਦਾ- ਜੀ ਫਿਰ ਆਪ ਨਹੀਂ ਮਰੋਗੇ ? ਉਹ ਕਹਿੰਦੇ -

ਹਉ ਨ ਮੂਆ ਮੇਰੀ ਮੁਈ ਬਲਾਇ॥
ਓਹੁ ਨ ਮੂਆ ਜੋ ਰਹਿਆ ਸਮਾਇ॥
ਕਹੁ ਨਾਨਕ ਗੁਰਿ ਬ੍ਰਹਮੁ ਦਿਖਾਇਆ॥
ਮਰਤਾ ਜਾਤਾ ਨਦਰਿ ਨ ਆਇਆ॥ (ਪੰਨਾ ੧੫੨)

ਜੰਮਣਾ ਮਰਨਾ ਉਥੇ ਨਹੀਂ, ਗੁਰੂ ਸਾਹਿਬ ਕਹਿੰਦੇ, ਉਹ ਜਿਹੜੀ ਬਲਾ ਸੀ ਨਾ ਅਵਿੱਦਿਆ, ਭੁੱਲ, ਗੁਰੂ ਸਾਹਿਬ ਕਹਿੰਦੇ- ਉਹ ਸਾਡੀ ਨਿਕਲ ਗਈ। ਤੂੰ ਸਾਡਾ ਨਾ ਫਿਕਰ ਕਰੀਂ, ਹੁਣ ਸਾਡੇ ਕੋਲ ਜੰਮਣਾ ਮਰਨਾ ਨਹੀਂ ਹੈਗਾ। ਅਸੀਂ ਉਥੇ ਪਹੁੰਚ ਗਏ ਹਾਂ, ਜਿੱਥੇ ਜਨਮ ਮਰਨ ਨਹੀਂ ਹੈਗਾ। ਵਿਆਪਕ ਨੂੰ ਜਨਮ ਮਰਨ ਨਹੀਂ ਹੁੰਦਾ। ਜਦ ਤੁਹਾਡੀ ਬਿਰਤੀ ਜੁੜ ਜਾਂਦੀ ਹੈ, ਫਿਰ ਦਿਸਦੀ ਹੈ ਕੋਈ ਵਸਤੂ ਦੁਨੀਆਂ ਦੀ? ਅਬਿਨਾਸੀ ਪਦ ਹੈ। ਬਿਰਤੀ ਤਾਂ ਇਹ ਦੇਖਦਾ ਨਹੀਂ ਕਿ ਮੇਰੀ ਬਿਰਤੀ ਕਿੱਥੇ ਹੈ, ਇਹ ਬਿਰਤੀ ਤਾਂ ਸਾਧਨ ਹੈ। ਆਤਮਾ ਤਾਂ ਸ਼ੁੱਧ ਹੈ ਪਹਿਲਾਂ

ਹੀ, ਆਤਮਾ ਨੂੰ ਧ ਤਾਂ ਨਹੀਂ ਕਰਨਾ। ਉਹ ਤਾਂ ਪਹਿਲਾਂ, ਸਾਰੇ ਪ੍ਰਕਾਂ ਦਾ ਪ੍ਰਕਾਕ ਵੀ ਉਹੀ ਹੈ, ਉਹ ਤਾਂ ਥੋ ਡਾ ਆਪਾ ਹੈ। ਪਰ ਯਕੀਨ ਨਹੀਂ। ਯਕੀਨ ਮਹਾਂਪੁਰ ਦੇ ਪ੍ਰਸਾਦਿ ਬਿਨਾਂ ਹੁੰਦਾ ਨਹੀਂ। ਇਕ ਮੌਲਾਣਾ ਰੂਮ ਹੋਇਆ, ਤੁਸੀਂ ਵੀ ਸੁਣਿਆ ਹੋਣੈ। ਉਹ ਇੰਨਾਂ ਪੜ੍ਹਿਆ ਲਿਖਿਆ ਸੀ, ਦੁਨੀਆਂ ਦੇ ਪੁਸਤਕ ਉਹਨੇ ਇਕੱਠੇ ਕੀਤੇ। ਲਿਖ ਲਿਖ ਇਕੱਠਾ ਕੀਤਾ, ਬੜਾ ਕੁੱਛ ਇਕੱਠਾ ਕੀਤਾ। ਪਰ ਖ਼ੁਦਾ ਨੂੰ ਉਹਦੇ ਉੱਤੇ ਕੁੱਛ ਰਹਿਮ ਆਇਆ, ਉਹਨੇ ਸਰਮਦ ਨੂੰ ਉਥੇ ਭੇਜ ਦਿੱਤਾ। ਉਹ ਸਰਮਦ ਮਸਤੀ ਵਿਚ ਉਥੇ ਬਹਿ ਗਿਆ। ਉਹਨੇ ਜਾਣਾ ਸੀ ਰੋਟੀ ਖਾਣ। ਅਖੇ, ਮੈਂ ਮਸਤਾ ! ਖਾਣਾ ਖਾਣ ਜਾਣੈ, ਤੂੰ ਬੈਠੇਂਗਾ? ਉਹਨੇ ਹਾਂ ਕਰ ਦਿੱਤੀ। ਉਹ ਜਦ ਮੁੜਕੇ ਆਇਆ, ਜਿੰਨੀਆਂ ਉਹਦੀਆਂ ਪੁਸਤਕਾਂ ਸੀ, ਸਾਰੀਆਂ ਉਹਨੇ ਟੋਭੇ ਵਿਚ ਸੁੱਟ ਦਿੱਤੀਆਂ, ਤਲਾਅ ਵਿਚ ਸੁੱਟ ਦਿੱਤੀਆਂ। ਉਹਨੇ ਜਦ ਦੇਖਿਆ, ਉਹ ਕਹਿੰਦਾ– ਮਸਤਾ ਕੰਮ ਖਰਾਬ ਕੀਤਾ, ਮਾਰ ਦਿੱਤਾ ਮਸਤਾ, ਮੈਂ ਤਾਂ ਕਾਸੇ ਜੋਗਾ ਨਹੀਂ ਛੱਡਿਆ। ਉਹ ਕਹਿੰਦਾ– ਕੀ ਹੋ ਗਿਆ ? ਉਹ ਕਹਿੰਦਾ– ਮੇ ਰੀ ਤਾਂ ਇਹੀ ਜਾਇਦਾਦ ਸੀ, ਪੁਸਤਕ ਪੜ੍ਹੇ ਹੋਏ ਸੀ ਸਭ ਕੁੱਛ, ਸਾਰੇ ਤੈਂ ਟੋਭੇ ਵਿਚ ਸੁੱਟ ਦਿੱਤੇ। ਉਹ ਕਹਿੰਦਾ– ਇਹਨਾਂ ਤੋਂ ਹੋ ਜਾਂਦੈ ਕੁੱਛ? ਉਹ ਕਹਿੰਦਾ, ਹਾਂ ! ਮੈਂ ਤਾਂ ਮਰ ਗਿਆ, ਮੈ ਤਾਂ ਬੜਾ ਦੁਖੀ ਹਾਂ। ਉਹਨੇ ਇਕ ਪੁਸਤਕ ਕੱਢਕੇ ਦਿੱਤੀ, ਉਹਨੇ ਫੜੀ ਤੇ ਸੁੱਕੀ, ਦੂਜੀ ਲਿਆਂਦੀ, ਉਹ ਵੀ ਸੁੱਕੀ, ਤੀਸਰੀ ਲਿਆਂਦੀ, ਉਹ ਵੀ ਸੁੱਕੀ। ਮੁਸਲਮਾਨ ਇੰਨਾ ਪੱਕਾ ਸੀ ਉਹ ਆਪਣੇ ਗੁਰੂ ਨੂੰ ਇੰਨਾ ਪੱਕਾ ਸਮਝਦਾ ਸੀ ਕਿ ਹੋਰ ਸਭ ਕੱਚੇ, ਜਿਹੜਾ ਇਸਲਾਮ ਹੈ ਉਹ ਸਭ ਤੋਂ ਧਰਮ ਪੱਕਾ। ਇਥੇ ਉਹ ਬੈਠਾ ਸੀ ਵੰਡ ਪਾਈ, ਇੰਨਾ ਕੁ ਲੈਕੇ ਸਾਰਿਆਂ ਨਾਲ ਦਵੈਤ ਪਾਈ ਬੈਠਾ ਸੀ। ਉਹ, ਜਦ ਉਹਦੀ ਦ੍ਰਿਟੀ ਹੋਈ। ਇਹ **ਗੁਰ ਪ੍ਰਸਾਦਿ** ਬਿਨਾਂ ਕਿਸੇ ਦਾ ਕੰਮ, ਅੱਜ ਤੱਕ ਨਹੀਂ ਚੱਲਿਆ ਤੇ ਨਾ ਅਗਾਂਹ ਨੂੰ ਚੱਲਣੈ, ਇਹ ਐਵੇਂ ਲੋਕਾਂ ਦੀਆਂ ਵਾਧੂ ਬਾਤਾਂ ਨੇ, ਗਲਤੀਆਂ ਨੇ। **ਗੁਰ ਪ੍ਰਸਾਦਿ** ਜੇ ਨਾ ਹੁੰਦਾ ਤਾਂ ਗੁਰੂ ਸਾਹਿਬ **ਗੁਰ ਪ੍ਰਸਾਦਿ** ਨਾ ਲਿਖਦੇ।

ਏਕਮ ਏਕੰਕਾਰੁ ਨਿਰਾਲਾ॥ ਅਮਰੁ ਅਜੋਨੀ ਜਾਤਿ ਨ ਜਾਲਾ॥
ਅਗਮ ਅਗੋਚਰੁ ਰੂਪੁ ਨ ਰੇਖਿਆ॥ (ਪੰਨਾ ੮੩੮)

ਇਹੋ ਜਿਹਾ ਰੱਬ ਹੈ, ਪਹਿਲੀ ਪਾਤਾਹੀ ਕਹਿੰਦੇ, ਬਿਲਾਵਲ ਰਾਗ ਵਿਚ। ਕਹਿੰਦੇ- ਜੀ ਹੈ ਕਿੱਥੇ ? ਕਹਿੰਦੇ –

ਖੋਜਤ ਖੋਜਤ ਘਟਿ ਘਟਿ ਦੇਖਿਆ॥ (ਪੰਨਾ ੮੩੮)

ਪਹਿਲੀ ਪਾਤਾਹੀ ਕਹਿੰਦੇ- ਸਾਰਿਆਂ ਦੇ ਹਿਰਦਿਆਂ ਵਿਚ ਬੈਠਾ ਹੈ। ਤੁਸੀਂ ਦੱਸੋ ਥੋਡੇ ਹਿਰਦੇ ਵਿਚ ਜਿਹੜਾ ਤੁਹਾਡੀ ਬਿਰਤੀ ਨੂੰ ਗਿਆਤਾ, ਗਿਆਨ, ਗੇਯ ਸਾਰਿਆਂ ਨੂੰ ਦੇਖਦੈ, ਉਹ ਚੇਤਨ ਹੈ ਕਿ ਜੜ੍ਹ ਹੈ ? ਮੈ ਤੁਹਾਨੂੰ ਪੁੱਛਦਾਂ, ਉਹ ਜੜ੍ਹ ਹੈ ਕਿ ਚੇਤਨ ਹੈ, ਦੇਖਣੇ ਵਾਲਾ, ਤੁਸੀਂ ਦੱਸੋ ? ਉਹ ਚੇਤਨ ਹੈ ਤੇ ਫਿਰ ਉਹ ਚੇਤਨ ਤਾਂ ਇੱਕ ਹੈ, ਦੋ ਤਾਂ ਹੈ ਨਹੀਂ। ਮੈਂ ਤੁਹਾਨੂੰ ਇਕ ਬਾਤ ਪੁੱਛਦਾਂ, ਸਾਡੀ ਉਹ ਪੜ੍ਹੀ ਹੋਈ ਹੈ। **ਇਕ** ਵਿਚ, ਜਾਤੀ ਨਹੀਂ ਹੁੰਦੀ। ਜਾਤੀ ਦੋ, ਚਾਰ, ਛੇ ਵਿਚ ਹੀ ਹੁੰਦੀ ਹੈ। ਇਕ ਵਿਚ ਜਾਤੀ ਨਹੀਂ ਹੁੰਦੀ ਤੇ ਇਕ ਵਿਚ ਮਜ੍ਹਬ ਵੀ ਨਹੀਂ ਹੁੰਦਾ ਤੇ ਇਕ ਵਿਚ ਪੰਥ ਵੀ ਕਦੇ ਨਹੀਂ ਹੁੰਦਾ। ਪੰਥੀ ਜਾਂ ਇੱਕਠੇ ਹੋਣਗੇ ਤਾਂ ਪੰਥ ਬਣੇਗਾ। ਇਕ ਕੋਈ ਚੀਜ ਨਹੀਂ ਹੁੰਦੀ, ਉਹ ਤਾਂ ਏਕਾ ਹੈ।

ਏਕਾ ਏਕੰਕਾਰ ਲਿਖੁ ਦੇਖਾਲਿਆ॥ ਊੜਾ ਓਅੰਕਾਰ ਪਾਸਿ ਬਹਾਲਿਆ॥

ਭਾਈ ਗੁਰਦਾਸ ਜੀ ਲਿਖਦੇ ਨੇ **ਏਕਾ** ਤਾਂ ਗੁਰੂ ਸਾਹਿਬ ਨੇ ਲਿਖ ਕੇ ਦਿਖਾਲ ਦਿੱਤਾ ਬਈ ਰੱਬ ਇਕ ਹੈ ਤੇ **ਊੜਾ** ਨਾਮ ਉਹਦੇ ਪਾਸ ਬਹਾਲ ਦਿੱਤਾ।

ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥
(ਪੰਨਾ ੪੬੩)

ਆਪਣੇ ਆਪ ਨੂੰ ਸਾਜਿਆ।

ਨਿਰਗੁਨੁ ਆਪਿ ਸਰਗੁਨੁ ਭੀ ਓਹੀ॥
ਕਲਾ ਧਾਰਿ ਜਿਨਿ ਸਗਲੀ ਮੋਹੀ॥ (ਪੰਨਾ ੨੮੭)

ਉਹ ਤਾਂ ਇਕ ਹੈ ਤੇ ਦੂਜੀ ਤਾਂ ਸ੍ਰਿਟੀ ਹੈ। ਨਾਮ ਤੇ ਨਾਮੀ ਤਾਂ ਇਕ ਨੇ, ਉਹ ਤਾਂ ਦੋ ਹੋ ਨਹੀਂ ਸਕਦੇ, ਕਿਉਂ ? ਨਾਮ-ਨਾਮੀ ਦਾ ਅਭੇਦ ਹੈ, ਉਹ ਦੋ ਕੈਸੇ ਕਰ ਦਿਉਂਗੇ ਤੁਸੀਂ ? ਨਾਮ ਕੋਈ ਵੀ ਹੋਵੇ। ਅਲ੍ਹਾ ਅਲ੍ਹਾ ਜਪਣ ਵਾਲਿਆਂ ਦਾ ਵੀ ਨਿਸਚੇ ਵਾਲਿਆਂ ਦਾ ਕੰਮ ਬਣਿਆ ਤੇ ਰਾਮ ਰਾਮ ਜਪਣ ਆਲਿਆਂ ਦਾ ਵੀ ਬਣਿਆ, ਵਾਹਿਗੁਰੂ ਵਾਹਿਗੁਰੂ ਜਪਣ ਵਾਲਿਆਂ ਦਾ ਵੀ ਨਿਸਚੇ ਨਾਲ ਹੀ ਕੰਮ ਬਣਿਆ, ਕਿਉਂ ? ਨਾਮ ਨਾਮੀ ਨਾਲ ਇਕ ਹੈ ਨਾ। **ਦੁਯੀ ਕੁਦਰਤਿ ਸਾਜੀਐ** ਸਾਜੀ ਤਾਂ ਦੂਜੀ ਹੈ ਕੁਦਰਤ, ਸ੍ਰਿਟੀ।

ਕਰਿ ਆਸਣੁ ਡਿਠੋ ਚਾਉ॥ (ਪੰਨਾ ੪੬੩)

ਸਾਰਿਆਂ ਦੇ ਹਿਰਦਿਆਂ ਵਿਚ ਸਾਖੀ ਹੋਕੇ ਨਹੀਂ ਬੈਠਾ ਹੈ? ਕਿਤੇ ਗਿਆ ਤਾਂ ਨਹੀਂ ਹੈ ? ਗੈਰਹਾਜਰ ਤਾਂ ਨਹੀਂ ਹੋਇਆ ਉਹ?

ਸਾਖੀ ਬ੍ਰਹਮ ਸ੍ਵਰੂਪ ਇਕ, ਨਹੀਂ ਭੇਦ ਕੋ ਗੰਧ।
ਰਾਗ ਦਵੇ ਮਤੀ ਕੇ ਧਰਮ, ਤਾ ਮੈਂ ਮਾਨਤ ਅੰਧ॥
(ਨਿਹਚਲਦਾਸ, ਵਿਚਾਰ ਸਾਗਰ ੨/੧੨)

ਚੇਤਨ ਨਿਰਧਰਮ ਹੈ, ਕਿਸੇ ਧਰਮ ਵਾਲਾ ਨਹੀਂ। ਜੇ ਧਰਮ ਵਾਲਾ ਹੁੰਦਾ, ਫੇਰ ਜੇ ਈਸਾਈ ਧਰਮ ਵਾਲਾ ਹੁੰਦਾ ਅਸੀਂ ਸਾਰੇ ਗਏ ਸੀ, ਜੇ ਸਿੱਖ ਧਰਮ ਵਾਲਾ ਹੁੰਦਾ ਤਾਂ ਉਹਨਾਂ ਨੂੰ ਸਾਰਿਆਂ ਨੂੰ ਜੁਆਬ ਹੋ ਜਾਂਦਾ, ਨਾ ! ਉਹ ਨਿਰਧਰਮ ਹੈ, ਉਹ ਨਿਰਵਿਖ ਹੈ, ਨਿਰਾਕਾਰ ਅੱਜ ਤੱਕ ਕਦੇ ਬਦਲਿਆ ਨਹੀਂ ਤੇ ਨਾ ਬਦਲੇ। ਦ੍ਰਟਾ ਤਾਂ ਉਹਨੂੰ ਕਹਿ ਦਿਉਂਗੇ, ਦਾਨਾ ਬੀਨਾ ਕਹਿ ਦਿਉਂਗੇ, ਸਾਖੀ ਕਹਿ ਦਿਉਂਗੇ, ਇਹ ਤਾਂ ਕਹਿ ਸਕਦੇ ਹੋਂ ਤੁਸੀਂ, ਪਰ ਹੋਰ ਨਹੀਂ ਕੁੱਛ ਕਹਿ ਸਕਦੇ। ਉਹ ਸਾਰਿਆਂ ਦੇ ਹਿਰਦਿਆਂ ਦੇ ਵਿੱਚ ਏਕਾ ਬੈਠੈ। ਇਕ ਮੇਂ ਜਾਤੀ, ਮਜ੍ਹਬ, ਪੰਥ, ਕੁੱਛ ਨਹੀਂ ਹੁੰਦਾ। ਜਦ ਤੁਹਾਡੀ ਬਿਰਤੀ ਉਥੇ ਚਲੀ ਜਾਊ, ਆਪੇ ਹੀ ਇਕ ਜਾਉਂਗੇ, ਫਿਰ ਵੈਰ ਕੀਹਦੇ ਨਾਲ ਕਰੋਗੇ ?

ਕੋਈ ਰਿਹਾ ਹੀ ਨਹੀਂ ਵੈਰ ਕਰਨ ਲਈ, ਕੋਈ ਬਾਕੀ ਰਿਹਾ ਹੀ ਨਾ। ਇਹ, ਇਹੀ ਕਲਪਨਾ ਕਰਦੈ, ਇਹ ਭਲੇ ਨੇ, ਇਹ ਬੁਰੇ ਨੇ। ਏਸ ਕਰਕੇ ਗੁਰੂ ਸਾਹਿਬ ਨੇ ਇਕ ਜਗ੍ਹਾ ਲਿਖਿਐ, ਪੰਚਮ ਪਾਤਾਹ ਨੇ-

ਬਿਸਰਿ ਗਈ ਸਭ ਤਾਤਿ ਪਰਾਈ॥
ਜਬ ਤੇ ਸਾਧਸੰਗਤਿ ਮੋਹਿ ਪਾਈ॥ ਰਹਾਉ॥
ਨਾ ਕੋ ਬੈਰੀ ਨਹੀ ਬਿਗਾਨਾ
ਸਗਲ ਸੰਗਿ ਹਮ ਕਉ ਬਨਿ ਆਈ॥
ਜੋ ਪ੍ਰਭ ਕੀਨੋ ਸੋ ਭਲ ਮਾਨਿਓ
ਏਹ ਸੁਮਤਿ ਸਾਧੂ ਤੇ ਪਾਈ॥
ਸਭ ਮਹਿ ਰਵਿ ਰਹਿਆ ਪ੍ਰਭੁ ਏਕੈ
ਪੇਖਿ ਪੇਖਿ ਨਾਨਕ ਬਿਗਸਾਈ॥ (ਪੰਨਾ ੧੨੯੯)

ਹੋ ਗਿਆ ਨਾ ਖੁ। ਏਸ ਜਗ੍ਹਾ ਅਸੀਂ ਆਉਂਦੇ ਹੀ ਨਹੀਂ। ਜਿਸ ਦਿਨ ਉਥੇ ਚਲਾ ਗਿਆ, ਆਪੇ ਵਿਸਰ ਜਾਊ, ਕਹਿਣੇ ਦੀ ਜਰੂਰਤ ਨਹੀਂ, ਉਪਦੇ ਦੀ ਜਰੂਰਤ ਨਹੀਂ, ਬਲਕਿ ਉਪਦੇ ਦੇਣ ਲੱਗ ਜਾਏ ਗਾ। ਏਸ ਕਰਕੇ ਭਾਈ ! ਉਹ ਪਰਮੇਰ ਸਾਰਿਆਂ ਦੇ ਵਿਚ ਰਵਿਆ ਹੋਇਆ ਇਕ ਹੈ, ਉਹ ਦੋ ਨਹੀਂ ਕਦੇ ਹੋਇਆ। ਜੇ ਦੋ ਹੁੰਦੇ ਤਾਂ ਗੁਰੂ ਸਾਹਿਬ ਦੂਆ ਲਿਖ ਦਿੰਦੇ ਜੇ ਤਿੰਨ ਹੁੰਦੇ ਤਾਂ ਤੀਆ ਲਿਖ ਦਿੰਦੇ। ਉਹਨਾਂ ਨੇ **ਏਕਾ** ਏਸੇ ਕਰਕੇ ਲਿਖਿਆ ਕਲਯੁੱਗ ਵਿੱਚ। ਪਹਿਲਾਂ ਕਿਸੇ ਨੇ ਏਕਾ ਨਹੀਂ ਲਿਖਿਆ। ਨਾ ਗੀਤਾ ਵਿਚ, ਨਾ ਵੇਦ ਵਿਚ, ਕਿਤੇ **ਏਕਾ** ਨਹੀਂ। ਗੁਰੂ- ਕਿਆਂ ਨੇ **ਏਕਾ** ਲਿਖਿਆ, ਬਈ ਇਹਨਾਂ ਨੂੰ ਇੰਨਾ ਪਤਾ ਲੱਗ ਜਾਏ ਕਿ ਰੱਬ ਇਕ ਹੈ, ਇਥੇ ਤਾਂ ਖੜ੍ਹੇ ਗਾ। ਏਸ ਕਰਕੇ, ਸਾਥੋਂ ਤਾਂ ਹੋਰ ਗੱਲਾਂ ਬਾਤਾਂ ਵਾਧੂ ਨਹੀਂ ਹੁੰਦੀਆਂ। ਪਰਮੇਰ ਜਿਹੜਾ ਹੈ, ਉਹ ਸਾਰਿਆਂ ਵਿਚ ਵਿਆਪਕ ਹੈ, ਇਕ ਹੈ, **ਆਤਮਾ** ਉਹਨੂੰ ਕਹਿੰਦੇ ਨੇ, ਆਪਾ ਕਹਿੰਦੇ ਨੇ। ਵਿਆਪਕ ਹੈ, ਪਰੀਪੂਰਣ ਹੈ। ਸਾਖੀ ਕਹੋ, ਦਾਨਾ ਬੀਨਾ ਕਹੋ, ਉਹ ਤਾਂ ਹੈ ਆਪਾ ਤੇ ਬਾਕੀ ਸਾਰੀ ਸ੍ਰਿਟੀ ਸਾਜੀ ਹੋਈ ਹੈ, ਪਰ ਹੈ ਉਹਦੀ ਸਾਜੀ ਹੋਈ। ਏਸ ਕਰਕੇ, ਇਹਦੇ ਨਾਲ ਵੀ ਨਹੀਂ ਦਵੈ ਕਰਨੀ। ਜੇ ਹੋਰ ਦੀ ਸਾਜੀ

ਹੁੰਦੀ ਤਾਂ ਦਵੈ ਬਣਦੀ ਸੀ। ਸਾਜੀ ਤਾਂ ਅਕਾਲ ਪੁਰਖ ਦੀ ਹੈ, ਅਕਾਲ ਪੁਰਖ ਨੂੰ ਕਹੋ, ਤੁਸੀਂ ਕਿਉਂ ਇਹੋ ਜਿਹੀ ਸਾਜੀ ?

ਮੈਂ ਇਕ ਡੇਰੇ ਚ ਰਹਿੰਦਾ ਸੀ ਗੁਜਰਾਂਵਾਲੇ ਦੇ ਜਿਲ੍ਹੇ ਚ ਥੋੜ੍ਹੇ ਜਿਹੇ ਸਮੇਂ ਲਈ। ਉਥੇ ਇਕ ਫਕੀਰ ਰਹਿੰਦਾ ਸੀ, ਬੜਾ ਭਾਰੀ ਫਕੀਰ ਸੀ। ਉਹ ਲੱਗੇ ਮਾਰਨ ਸੂਰਾਂ ਨੂੰ, ਇਕ ਸੂਰ ਨੂੰ ਜਮ ਹੋ ਗਿਆ ਬੱਚੇ ਨੂੰ। ਉਹ ਫਕੀਰ ਨੇ ਕਿਹਾ– ਫੜ ਲਉ ਇਹਨੂੰ, ਦਵਾਈ ਲਾਉ। ਦਵਾਈ ਲਾਈ, ਸਭ ਕੁੱਛ ਹੋਇਆ, ਉਹ ਰਾਜੀ ਹੋ ਗਿਆ। ਤਾਂ ਮੁਸਲਮਾਨਾਂ ਨੇ ਇਕੱਠ ਕਰ ਲਿਆ, ਬਈ ਤੁਸੀਂ ਇਸ ਜਾਨਵਰ ਸੂਰ ਨੂੰ ਕਿਉਂ ਪਕੜਿਆ ? ਕਿਉਂ ਰਾਜੀ ਕੀਤਾ ? ਇਹ ਤਾਂ ਹਰਾਮ ਹੈ। ਅਖੇ ਫਿਰ ਤੁਸੀਂ ਦੰਡ ਲਾ ਦਿਉ। ਉਹ ਕਹਿੰਦਾ– ਤੂੰ ਦੇਗ ਬਣਾ, ਉਹ ਜਿਹੜੇ ਚੌਲ ਬਣਾਉਂਦੇ ਨੇ, ਉਹ ਬਣਾਈ ਉਹਨੇ। ਜਦ ਉਹ ਸਾਰੇ ਖਾਣ ਵਾਸਤੇ ਆਏ, ਉਹ ਕਹਿੰਦਾ ਮੇਰੀ ਗੱਲ ਸੁਣ ਲਉ। ਉਹ ਕਹਿੰਦੇ, ਕੀ ? ਕਹਿੰਦਾ ਤੁਸੀਂ ਪਹਿਲਾਂ ਖੁਦਾ ਨੂੰ ਦੰਡ ਲਾਉ, ਉਹਨੇ ਇਹੋ ਜਿਹਾ ਜਾਨਵਰ ਬਣਾਇਆ ਕਿਉਂ ? ਮੈਂ ਤਾਂ ਹੁਣ ਦੁਖੀ ਦੀ ਸੇਵਾ ਕਰਨੀ ਸੀ, ਖੁਦਾ ਨੂੰ ਦੰਡ ਲਾਉ, ਉਹਨੇ ਇਹੋ ਜਿਹਾ ਬਣਾਇਆ ਕਿਉਂ ਜਾਨਵਰ ? ਜੀਹਦੇ ਤੇ ਹੱਥ ਲਾਉਣੇ ਤੇ ਭ੍ਰਟ ਹੋ ਜਾਈਦੈ। ਤਾਂ ਖਾਇਉ ਸਾਰੇ। ਕਹਿੰਦੇ–ਜੀ ਅਸੀਂ ਭੁੱਲ ਗਏ। ਕਹਿੰਦੇ–ਤਾਂ ਖਾ ਲਉ। ਉਹ ਤਾਂ ਖੁਦਾ ਨੇ ਸ੍ਰਿਟੀ ਤਾਂ ਆਪ ਸਾਜੀ ਹੈ, ਕਰਮਾਂ ਦੇ ਅਨੁਸਾਰ ਸਾਜੀ ਹੈ।

ਕਰਮ ਪ੍ਰਧਾਨ ਵਿਵ ਕਰ ਰਾਖਾ॥
ਜੋ ਜਸ ਕਰਈ ਸੋ ਤਸ ਫਲ ਚਾਖਾ॥ (ਰਾਮਾਇਣ)

ਹੋਰ ਤਾਂ ਕਿਸੇ ਨੇ ਇਹ ਸਾਜੀ ਨਹੀਂ, ਤੇ ਕਰਮਾਂ ਦੇ ਅਨੁਸਾਰ ਸਾਜੀ ਹੈ, ਉਹਨੇ ਠੀਕ ਨਿਆਇ ਨਾਲ ਸਾਜੀ ਹੈ। ਉਹਦੇ ਨਾਲ ਸਾਡੀ ਦਵੈ ਨਹੀਂ ਚਲਦੀ, ਚਾਹੇ ਸਾਡਾ ਮਨ ਭੁੱਲ ਜਾਏ, ਅਨਾਤਮਾ ਮੇਂ ਚਲਿਆ ਜਾਏ। ਉਹ ਜਿਹੜੇ ਗੁਰੂ ਨੇ ਨਾ ਬਣਾਉਟੀ ਜਿਹੇ, ਉਹ ਇਹਨੂੰ ਇਧਰ ਰਸਤੇ ਪਾਉਂਦੇ ਨੇ, ਲੜੋ ਓਏ, ਮਰੋ ਓਏ। ਇਉਂ ਤਾਂ ਨਹੀਂ ਕੰਮ ਚੱਲਣਾ ਹੈਗਾ। ਪਰ ਇਹ ਸੱਚ ਨਹੀਂ, ਸੱਚ ਤਾਂ ਇਕ ਹੈ,

ਹੋਰ ਕੋਈ ਸੱਚ ਨਹੀਂ। ਏਸ ਕਰਕੇ ਭਾਈ ! ਪਰਮੇਰ ਇਕ ਹੈ, ਸਭ ਦਾ ਮਾਲਕ ਹੈ। ਚਲ ਭਾਈ ! ਪੜ੍ਹ ਪੰਗਤੀ–

ਧਨਾਸਰੀ ਮਹਲਾ ੪॥

ਚੌਥੇ ਪਾਤਾਹ ਧਨਾਸਰੀ ਰਾਗ ਦੇ ਵਿਚ ਕਥਨ ਕਰਦੇ ਨੇ। ਰੱਬੀ ਬਾਣੀ ਦਾ ਜੋ ਹੁਕਮਨਾਮਾ ਆਇਆ, ਉਹੀ ਉਹਨਾਂ ਨੇ ਕਥਨ ਕਰਨਾ ਹੈ।

ਇਛਾ ਪੂਰਕੁ ਸਰਬ ਸੁਖਦਾਤਾ ਹਰਿ

ਉਹ ਜਿਹੜਾ ਹਰੀ ਹੈ, ਉਹ ਸਾਰੀਆਂ ਇੱਛਾਂ ਪੂਰਣ ਕਰਦਾ, ਸਾਰਿਆਂ ਸੁੱਖਾਂ ਦਾ ਉਹ ਦਾਤਾ ਹੈ। ਉਸਦੇ ਬਿਨਾਂ ਹੋਰ ਕੋਈ ਇੱਛਾਂ ਪੂਰੀਆਂ ਨਹੀਂ ਕਰ ਸਕਦਾ, ਉਹੀ ਸਾਰੇ ਸੁੱਖਾਂ ਦਾ ਦਾਤਾ ਹੈ। ਉਹ ਇੱਕੋ ਈ ਹੈ। **ਸਰਬ ਸੁਖਦਾਤਾ** ਉਹ ਸਾਰਿਆਂ ਦੇ ਵਿਚ ਇੱਕ ਹੈ। ਉਸ ਦਾਤਾ ਨੂੰ ਮੰਨੋ, ਹਰੀ ਨੂੰ ਮੰਨੋ, ਪਰਮੇਰ ਨੂੰ ਮੰਨੋ। ਤੁਹਾਡੀਆਂ ਇੱਛਾਂ ਵੀ ਪੂਰੀਆਂ ਹੋ ਜਾਣਗੀਆਂ, ਤੁਹਾਨੂੰ ਆਤਮਕ ਸੁੱਖ ਵੀ ਪ੍ਰਾਪਤ ਹੋ ਜਾਏਗਾ। ਤਾਂ ਉਸ ਪਰਮੇਰ ਨੂੰ ਮੰਨੋ। ਚੱਲ–

ਜਾ ਕੈ ਵਸਿ ਹੈ ਕਾਮਧੇਨਾ॥

ਕਾਮਧੇਨ, ਕਲਪ ਬ੍ਰਿਛ, ਜਿੰਨੇ ਵੀ ਫਲ ਦੇਣ ਵਾਲੇ ਨੇ ਬੜੇ, ਉਹ ਵੀ ਇਹਦੇ ਵੱਸ ਨੇ, ਉਹ ਆਪੇ ਹੀ ਫਲ ਦਿੰਦੈ। ਇਸਦਾ ਤੁਸੀਂ ਫਿਕਰ ਨਾ ਕਰੋ, ਉਸ ਦੇ ਵੱਸ ਹੈ। ਉਸਤੋਂ ਬਿਰਤੀ ਤੁਸੀਂ ਕਦੇ ਅਨਾਤਮਾ ਮੇਂ ਨਾ ਲੈ ਜਾਇਉ। ਥੋੜੀ ਬਿਰਤੀ ਅਕਾਰ ਹੋਵੇ ਇਕ ਹਰੀ ਦੇ, ਕਿਸੇ ਹੋਰ ਪਾਸੇ ਨਾ ਲੈ ਜਾਇਉ। ਇਹ ਤਾਂ ਫਿਰਦੀ ਹੈ ਭੱਜੀ, ਤੁਸੀਂ ਦੇਖਦੇ ਹੋਂ ਆਲੇ ਦੁਆਲੇ, ਕਦੇ ਠਹਿਗੀ ਹੈ ? ਇਹ ਤਾਂ ਭੱਜੀ ਫਿਰਦੀ ਹੈ। ਇਹ ਤਾਂ ਬਨਾਉਟੀ ਗੱਲਾਂ ਨੇ, ਉੱਤੋਂ ਉੱਤੋਂ ਕਰਦੇ ਹਾਂ, ਗਲਤ ਹੈ।

ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ

ਹੇ ਮੇਰੇ ਜੀਵ ! ਐਸੇ ਹਰੀ ਨੂੰ ਧਿਆਇਆ ਕਰ। ਹਰੀ ਦਾ ਅਰਥ ਕੀ ਹੈ ? ਹਰ ਜਗ੍ਹਾ ਜਿਹੜਾ ਹੋਵੇ। ਹੋਰ ਕੀ ਅਰਥ ਹੈ ? ਜਿਹੜਾ ਹਰ ਜਗ੍ਹਾ ਹੋਵੇ, ਉਹਨੂੰ ਹਰੀ ਕਹਿੰਦੇ ਨੇ। ਜਿਹੜਾ ਸਭ ਦੀ ਰੱਖਿਆ

ਕਰੇ, ਉਹਨੂੰ ਹਰੀ ਕਹਿੰਦੇ ਨੇ। ਉਹ ਪਰਮੇਰ ਹੈ, ਉਹਨੂੰ ਹਰੀ ਕ ਹਿ ਦਿਉ, ਰਾਮ ਕਹਿ ਦਿਉ, ਸਾਰੇ ਰਮਿਆ ਹੋਇਆ ਹੈ। ਵਾਹਿਗੁਰੂ ਕਹਿ ਦਿਉ, ਅਚਰਜ ਰੂਪ ਹੈ ਤੇ ਉਸ ਨੂੰ ਸਤਿਨਾਮ ਕਹਿ ਦਿਉ। ਸਤਿ ਜਿਹੜਾ ਹੁੰਦਾ ਹੈ, ਉਹ ਇੱਕੋ ਹੀ ਹੈ ਤਿੰਨੇ ਕਾਲਾਂ ਵਿਚ, ਉਹ ਕਦੇ ਬਦਲਿਆ ਨਹੀਂ। ਚੱਲੀਏ-

ਤਾ ਸਰਬ ਸੁਖ ਪਾਵਹਿ ਮੇਰੇ ਮਨਾ॥

ਦੁਨੀਆਂ ਦੇ ਸਾਰੇ ਸੁੱਖ ਤੇਰੇ ਕੋਲ ਆ ਜਾਣਗੇ ।ਆਤਮਕ ਸੁੱਖ, ਜਦ ਤੈਨੂੰ ਪ੍ਰਾਪਤ ਹੋ ਗਿਆ ਫੇਰ ਲੋਕ ਤੇਰੇ ਮੰਗਤੇ ਹੋ ਜਾਣਗੇ। ਅਸੀਂ ਗੁਰੂ-ਕਿਆਂ ਦੇ ਮੰਗਤੇ ਕਿਉਂ ਹਾਂ ? ਉਹਨਾਂ ਦੇ ਕੋਲ ਸੁੱਖ ਨੇ। ਅਸੀਂ ਤਾਂ ਮੰਗਦੇ ਹਾਂ ਅਰਦਾਸਾਂ ਕਰਕੇ ਤੇ ਸਾਨੂੰ ਅਰਦਾਸ ਕੋਈ ਕਿਉਂ ਨਹੀਂ ਕਰਦਾ ? ਉਹਨਾਂ ਨੂੰ ਪਤੈ ਕਿ ਇਹਦੇ ਕੋਲ ਹੈ ਤਾਂ ਕੁੱਛ ਨਹੀਂ, ਐਵੇ ਂ ਹੀ ਗੱਲ ਹੈ। ਏਸ ਲਈ ਭਾਈ ! ਇਹਨੂੰ ਸਾਰੇ ਸੁੱਖ ਪ੍ਰਾਪਤ ਹੋ ਜਾਣਗੇ, ਤੈਨੂੰ ਆਤਮਕ ਸੁੱਖ ਵੀ ਪ੍ਰਾਪਤ ਹੋ ਜਾਏਗਾ।

ਨਾਮ ਸੰਗਿ ਜਿਸ ਕਾ ਮਨੁ ਮਾਨਿਆ॥
ਨਾਨਕ ਤਿਨਹਿ ਨਿਰੰਜਨੁ ਜਾਨਿਆ॥ (ਪੰਨਾ ੨੮੧)

ਪਰ ਨਾਮ ਦੇ ਨਾਲ ਇਕ ਹੋ ਜਾ, ਨਿਰਾਕਾਰ ਨੂੰ ਜਾਣ ਲਏਂਗਾ। ਏਸ ਕਰਕੇ-

ਸਤਿ ਸਰੂਪੁ ਰਿਦੈ ਜਿਨਿ ਮਾਨਿਆ॥
ਕਰਨ ਕਰਾਵਨ ਤਿਨਿ ਮੂਲੁ ਪਛਾਨਿਆ॥ (ਪੰਨਾ ੨੮੫)

ਤੂੰ ਮੂਲ ਨੂੰ ਪਛਾਣ ਲਏਂਗਾ। ਜਦ ਸੱਚ ਨੂੰ ਮੰਨ ਲਿਆ ਤਾਂ ਸੱਚ ਹੀ ਮੂਲ ਹੈ, ਹੋਰ ਤਾਂ ਨਹੀਂ ਕੋਈ ਮੂਲ ਹੁੰਦਾ। ਤੂੰ ਮੂਲ ਨੂੰ ਜਾਣ ਲੈ ਫੇਰ ਤੂੰ ਪਰਮੇਰ ਨੂੰ ਪਛਾਣ ਲਏਂਗਾ, ਉਹ ਸਾਰੇ ਸੁੱਖ ਉਹਦੇ ਕੋਲ ਨੇ। ਪਰ ਇਥੋਂ ਹੱਟਕੇ, ਕਿਤੋਂ ਹੋਰ ਸੁੱਖ ਨਾ ਮੰਗ। ਹੋਰ ਕਿਸੇ ਆਦਮੀ ਦੇ, ਦੇਵਤਿਆਂ ਦੇ, ਫਲਾਨਿਆਂ ਧਿਮਕਿਆਂ ਦੇ ਜੇ ਮੰਗਣ ਤੁਰ ਗਿਆ, ਜੇ ਤੂੰ ਉਹਨਾਂ ਦਾ ਮੰਗਤਾ ਹੋ ਗਿਆ, ਫਿਰ ਤੂੰ ਰੱਬ ਦਾ ਮੰਗਤਾ ਨਹੀਂ ਹੋਏਂਗਾ। ਰੱਬ ਦਾ ਜਿਹੜਾ ਮੰਗਤਾ ਹੁੰਦੈ, ਉਹ ਹੋਰਾਂ ਦਾ

ਮੰਗਤਾ ਨਹੀਂ ਹੰਦਾ, ਇਹ ਨਿਯਮ ਹੈ। ਹਾਂ ! **ਕਬੀਰ** ਕਦੇ ਕਿਸੇ ਦਾ ਮੰਗਤਾ ਹੋਇਆ ? **ਦਾਦੂ** ਹੋਇਆ? **ਗੁਰੂ ਨਾਨਕ** ਕਦੇ ਹੋਇਆ? ਏਸ ਕਰਕੇ ਕੋਈ ਨਹੀਂ ਹੋਇਆ, ਇਹ ਗੁਰੂ ਨਾਨਕ ਦੀ ਵਿਲੱਖਣ ਬਾਤ ਹੈ।

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥
ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ॥
(ਪੰਨਾ ੧੪੦੮)

ਉਹ ਤਾਂ **ਨਾਨਕ** ਕਹਾਇਆ, ਉਹ ਕਿਸੇ ਗੁਰੂ ਨੂੰ ਦੁਨੀਆਂ ਦੇ ਨੂੰ ਧਾਰਕੇ ਗੁਰੂ ਨਹੀਂ ਬਣਿਆ। **ਗੁਰੂ ਅੰਗਦ** ਗੁਰੂ ਕਹਿ ਸਕਦੇ ਹੋ ਦੁਨੀਆਂ ਦੇ, ਪਰ ਉਹਨਾਂ ਨੂੰ ਨਹੀਂ, ਉਹ ਤਾਂ ਧੁਰੋਂ ਆਏ ਸੀ ਗੁਰੂ ਬਣਕੇ। ਉਹ ਤਾਂ ਗੱਦੀ ਦੇ ਮਾਲਕ ਧੁਰੋਂ ਬਣਕੇ ਆਏ ਸੇ, ਕੋਈ ਸਾਡੀ ਪੰਚਾਇਤ ਨੇ ਇੱਕਠੇ ਹੋਕੇ ਵੋਟ ਨਹੀਂ ਦਿੱਤੇ।

ਥਾਪਿਆ ਨ ਜਾਇ ਕੀਤਾ ਨ ਹੋਇ॥
ਆਪੇ ਆਪਿ ਨਿਰੰਜਨੁ ਸੋਇ॥ (ਪੰਨਾ ੨)

ਹੈ ਤਾਂ ਇਹ ਨਿਰਾਕਾਰ ਹੈਗਾ ਪਰ ਇੱਥੇ ਗੱਲ ਦੂਜੀ ਹੈ।

ਸਭ ਮਹਿ ਜੋਤਿ ਜੋਤਿ ਹੈ ਸੋਇ॥
ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥
ਗੁਰ ਸਾਖੀ ਜੋਤਿ ਪਰਗਟੁ ਹੋਇ॥ (ਪੰਨਾ ੧੩)

ਪਰ ਪਰਗਟ ਗੁਰਾਂ ਦੀ ਸਾਖੀ ਨਾਲ ਹੋਣੈ। ਕਿਸੇ ਨੂੰ ਪਰਗਟ ਹੋਈ ਨਹੀਂ ਅੱਜ ਤੱਕ। ਏਸ ਕਰਕੇ–

ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ॥ (ਪੰਨਾ ੫੯੯)

ਉਹ **ਵਿਆਪਕ,** ਕਹਿੰਦਾ– ਸਾਰਿਆਂ ਤੋਂ ਜਿਹੜਾ ਬੜਾ ਹੈ, ਉਹੀ ਗੁਰੂ ਹੈ ਮੇਰਾ, ਉਹਨੇ ਗੁਰੂ ਬਣਾਕੇ ਮੈਨੂੰ ਭੇਜਿਆ ਹੈ ਤੇ ਏਸ ਕਰਕੇ ਉਹ ਪਰਮੇਰ, ਗੁਰੂ ਨਾਨਕ ਦੇਵ ਆਪ ਹੀ ਨੇ, ਉਹ ਆਪਣਾ,

ਆਪ ਹੀ ਦੱਸੇਗਾ।

ਹਉ ਢਾਡੀ ਵੇਕਾਰੁ ਕਾਰੈ ਲਾਇਆ॥ (ਪੰਨਾ ੧੫੦)

ਇਹ ਵੀ ਕਹਿ ਗਏ। ਬੱਸ ! ਜੀਵ ਨੂੰ ਇਕੋ ਹੀ ਹੁਕਮ ਹੈ ਨਾਮ ਜਪਣਾ ਤੇ ਨਿਕਾਮ ਸੇਵਾ ਕਰਨੀ, ਇਹ ਤਾਂ ਇਹਦੇ ਵਾਸਤੇ ਹੈ ਠੀਕ। ਸਿਮਰਨ ਤੇ ਸੇਵਾ ਦੋਏ, ਪਹਿਲੀ ਪੌੜੀ ਹੈ, ਪਰ ਇਹ ਤਾਂ ਦੋਵੇਂ ਨਿਕਾਮ ਵੀ ਤਾਂ ਇਹਨੇ ਕਰਨੀਆਂ ਨੇ, ਮਨ ਦੀਆਂ ਕਾਮਨਾ ਨੂੰ ਹਟਾ ਕੇ।

ਮਨੁ ਬਸਿ ਆਵੈ ਨਾਨਕਾ ਜੇ ਪੂਰਨ ਕਿਰਪਾ ਹੋਇ॥
(ਪੰਨਾ ੨੯੮)

ਸਮਝ ਗਏ ? ਇਹ ਤਾਂ –

ਨਾ ਹਰਿ ਭਜਿਓ ਨ ਗੁਰ ਜਨੁ ਸੇਵਿਓ ਨਹ ਉਪਜਿਓ ਕਛੁ ਗਿਆਨਾ॥
ਘਟ ਹੀ ਮਾਹਿ ਨਿਰੰਜਨੁ ਤੇਰੈ ਤੈ ਖੋਜਤ ਉਦਿਆਨਾ॥
ਬਹੁਤੁ ਜਨਮ ਭਰਮਤ ਤੈ ਹਾਰਿਓ ਅਸਥਿਰ ਮਤਿ ਨਹੀ ਪਾਈ॥

ਇਹਦੀ, ਕਦੇ ਲਿਵ ਤਾਂ ਨਹੀਂ ਲੱਗੀ। ਲਿਵ ਲੱਗ ਗਈ ਤਾਂ ਪਾਸ ਹੋ ਜਾਏਗਾ।

ਅਸਥਿਰ ਮਤਿ ਨਹੀ ਪਾਈ॥
ਮਾਨਸ ਦੇਹ ਪਾਇ ਪਦ ਹਰਿ ਭਜੁ ਨਾਨਕ ਬਾਤ ਬਤਾਈ॥
(ਪੰਨਾ ੬੩੨)

ਜੇ ਤੂੰ ਮਨੁੱ ਦਾ ਗੀਰ ਧਾਰਿਆ ਤਾਂ ਰਾਤਰੀ ਦਿਨ ਹਰੀ ਦੇ ਭਜਨ ਨੂੰ ਨਾ ਬੰਦ ਕਰੀਂ, ਸੇਵਾ ਨੂੰ ਨਾ ਬੰਦ ਕਰੀਂ ਤਾਂ ਤੇਰਾ ਜਨਮ ਸਫਲ ਹੋਏਗਾ। ਉਂਵ ਕੋਈ ਨਹੀਂ ਸਫਲ ਹੁੰਦਾ ਹੈਗਾ, ਗੱਲਾਂ ਬਾਤਾਂ ਨਾਲ ਸਫਲ ਨਹੀਂ ਹੁੰਦਾ, ਜਿਹੜੀਆਂ ਤੁਸੀਂ ਹੋਰ ਗੱਲਾਂ ਕਰਦੇ ਹੋਂ। ਬੜੇ ਥਹੁ ਨਾਲ ਬੋਲਣਾ ਪੈਂਦਾ ਹੈ। ਸਾਡੇ ਸਾਹਮਣੇ, ਮੈਂ ਬੋਲਦੇ ਦੇਖੇ ਨੇ ਆਹ, ਜਿਹੜਾ ਤੁਸੀਂ ਕਹਿੰਦੇ ਸੀ, ਕੱਚਾ ਪੱਕਾ ਸੰਤ ਹੁੰਦੈ। ਮੈਂ ਆਖਿਆ ਇਹ ਤਾਂ ਗਲਤ ਕਹਿੰਦੇ ਨੇ, ਸੰਤ ਤਾਂ ਪੱਕਾ ਹੀ ਹੁੰਦਾ ਹੈ, ਉਹ ਤਾਂ

ਪ੍ਰੇਮਾ ਭਗਤੀ ਨਾਲ ਸੰਤ ਬਣਦਾ ਹੈ। ਤੇ-

ਸੰਤਸੰਗਿ ਅੰਤਰਿ ਪ੍ਰਭੁ ਡੀਠਾ॥
ਨਾਮੁ ਪ੍ਰਭੂ ਕਾ ਲਾਗਾ ਮੀਠਾ॥ (ਪੰਨਾ ੨੯੩)

ਕੋਈ ਹੋਰ ਤਾਂ ਅੰਦਰ ਰੱਬ ਦਿਖਾ ਹੀ ਨਹੀਂ ਸਕਦਾ। ਸੰਤ ਨੇ ਰੱਬ ਦਿਖਾਉਣਾ ਹੈ ਅੰਦਰ। ਕੱਚਾ ਕੋਈ ਸੰਤ ਹੁੰਦਾ ਹੀ ਨਹੀਂ, ਸੰਤ ਤਾਂ ਭਾਈ ! ਪੱਕਾ ਹੀ ਹੁੰਦੈ। ਇਹ ਲੋਕਾਂ ਨੂੰ ਆਦਤ ਪਈ ਹੋਈ ਹੈ। ਇਕ ਉਧਰ ਸੀ, ਉਹ ਆਖੇ ਕੋਈ ਸੰਤ ਨਹੀਂ, ਕੋਈ ਸਾਧ ਨਹੀਂ ਜਾਂ ਭਾਈ ਪਦ ਹੈ ਜਾਂ ਬਾਬਾ ਪਦ ਹੈ। ਕਿਸੇ ਨੂੰ ਸੰਤ ਨਾ ਮੰਨੋ। ਮੈਂ ਤੇ ਦਰਨ ਸਿਹੁੰ ਉਥੇ ਜਾਂਦੇ ਸੀ, ਇਕ ਕਹਿੰਦਾ- ਉਹ ਦੋ ਸੰਤ ਆਏ ਨੇ, ਦੂਜਾ ਕਹਿੰਦਾ- ਇਹ ਨਾ ਕਹਿਉ, ਉਹਨਾਂ ਨੂੰ ਪੱਕੇ ਕਰ ਦਿਉ। ਉਥੇ ਕਾਲਜ ਬਣਾਉਣਾ ਸੀ ਕਰਨਾਲ। ਉਹ ਕਾਲਜ ਦੇ ਵਿਚ ਸਾਡੇ ਸੇਵਕਾਂ ਨੇ ਪੈਸੇ ਦਿੱਤੇ ਜਾਕੇ। ਉਹਨਾਂ ਨੇ, ਉਹਨੂੰ ਦੱਸ ਦਿੱਤਾ ਬਈ ਇੱਥੇ ਇਕ ਸੰਤ ਹੈ, ਇਹ ਪੈਸੇ ਉਹਨਾਂ ਦੇ ਸੇਵਕਾਂ ਨੇ ਦਿੱਤੇ ਨੇ। ਉਹ ਫੇਰ ਮੇਰੇ ਕੋਲ ਆਇਆ। ਦਰਨ ਸਿਹੁੰ ਬੋਲਦਾ ਸੀ ਤੇ ਮੈਂ ਕਥਾ ਕਰਨੀ ਸੀ। ਉਹ ਆਖੇ ਜਿੰਨਾ ਚਿਰ ਸੰਤ ਨਿੱਕਾ ਸਿਹੁੰ ਹੈ, ਜਿੰਨਾ ਚਿਰ ਉਮਾਰਉ ਸਿਹੁੰ ਹੈ, ਸਾਨੂੰ ਕੀ ਫਿਕਰ ਹੈ ? ਉਹ ਉਮਾਰਉ ਸਿਹੁੰ ਨੇ ਜਮੀਨ ਦਿੱਤੀ ਤੇ ਪੈਸੇ ਵੀ ਦਿੱਤੇ ਤੇ ਮੇਰਾ ਉਹਨਾਂ ਨੂੰ ਸੀ ਕਿ ਪੈਸੇ ਇਹਦੇ ਸੇਵਕਾਂ ਨੇ ਦਿੱਤੇ ਨੇ। ਬੱਸ ! ਜਿੰਨਾ ਚਿਰ ਸੰਤ ਨਿੱਕਾ ਸਿਹੁੰ ਹੈ, ਸਾਨੂੰ ਨਹੀਂ ਫਿਕਰ। ਮੈਂ ਕਿਹਾ- ਉਥੇ ਸੰਤਾਂ ਦਾ ਖੰਡਨ ਕਰਕੇ ਆਇਐਂ, ਹੁਣ ਮੈਨੂੰ ਕੋਲ ਖੜ੍ਹਾ ਕਹੀ ਜਾਂਦਾ ਹੈਂ। ਹੁਣ ਕੀ ਹੋ ਗਿਆ ? ਬੱਸ ! ਪੈਸੇ ਮਿਲ ਗਏ। ਇਹ ਲੋਕ ਗਲਤ ਬੋਲਦੇ ਨੇ, ਸੱਚ ਬੋਲਣ ਲੱਗ ਜਾਣ ਤਾਂ ਕੰਮ ਬਣ ਜਾਏ। ਸੱਚ ਦਾਰੂ ਹੋ ਜਾਏ। ਪਾਪ ਚੋਂ ਨਿਕਲ ਜਾਣ, ਅੱਧ ਚ ਤਾਂ ਪਹੁੰਚ ਜਾਣ। ਏਸ ਕਰਕੇ, ਇਹ ਜਿਹੜੀ ਮਾਇਆ ਹੈ, ਇਹ ਚਿੰਬੜੀ ਪਈ ਹੈ ਸਾਰਿਆਂ ਨੂੰ।

ਬੋਲੋ ਸਤਿਨਾਮ ਸ੍ਰੀ ਵਾਹਿਗੁਰੂ॥

ੴ ਸਤਿਗੁਰ ਪ੍ਰਸਾਦਿ॥

੩੯

ਸੋਰਠ ਮਹਲਾ ੫॥

ਸੋਈ ਕਰਾਇ ਜੋ ਤੁਧੁ ਭਾਵੈ॥

ਮੋਹਿ ਸਿਆਣਪ ਕਛੂ ਨ ਆਵੈ॥

ਹਮ ਬਾਰਿਕ ਤਉ ਸਰਣਾਈ॥

ਪ੍ਰਭਿ ਆਪੇ ਪੈਜ ਰਖਾਈ॥

ਮੇਰਾ ਮਾਤ ਪਿਤਾ ਹਰਿ ਰਾਇਆ॥ ੧ ॥

ਕਰਿ ਕਿਰਪਾ ਪ੍ਰਤਿਪਾਲਣ ਲਾਗਾ

ਕਰੀ ਤੇਰਾ ਕਰਾਇਆ॥ ਰਹਾਉ॥

ਜੀਅ ਜੰਤ ਤੇਰੇ ਧਾਰੇ॥

ਪ੍ਰਭ ਡੋਰੀ ਹਾਥਿ ਤੁਮਾਰੇ॥

ਜਿ ਕਰਾਵੈ ਸੋ ਕਰਣਾ॥

ਨਾਨਕ ਦਾਸ ਤੇਰੀ ਸਰਣਾ॥ ੨ ॥ (ਪੰਨਾ ੬੨੬)

ਸਾਰੀ ਸੰਗਤ ਕਿਰਪਾ, ਦਇਆ, ਮਿਹਰ ਕਰਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ! ਸਤਿਨਾਮ ਸ੍ਰੀ ਵਾਹਿਗੁਰੂ!!

ਸੋਈ ਕਰਾਇ ਜੋ ਤੁਧੁ ਭਾਵੈ॥

ਜੀਵ ਨੂੰ ਇਹ ਭੁਲੇਖਾ ਨਾ ਪੈ ਜਾਏ, ਬਈ ਮੈਂ ਕਰਤਾ ਪੁਰ ਹਾਂ। ਜੇ ਇਹਦੇ ਕਰੇ ਤੇ ਕੋਈ ਕੰਮ ਹੁੰਦਾ ਹੋਵੇ ਤਾਂ ਸਾਰੇ ਇਹ ਆਪਣੇ

ਅਨੁਕੂਲ ਦੇ ਕਰੇ, ਪ੍ਰਤੀਕੂਲ ਕਦੇ ਕਰੇ ਹੀ ਨਾ। ਏਸ ਕਰਕੇ, ਗੁਰੂ ਸਾਹਿਬ ਹੁਣ ਇਹ ਦਸਦੇ ਨੇ ਬਈ ਏਸ ਬਦ ਦਾ ਤਾਤਪਰਜ ਇਹ ਹੈ ਬਈ ਕਰਤਾ ਪੁਰ, ਪਰਮੇਰ ਤੋਂ ਬਿਨਾਂ ਕੋਈ ਨਹੀਂ। ਉਤਪਤੀ, ਪਾਲਣਾ, ਲੈਅ ਕਰਤਾ, ਹਰਤਾ ਕਰਤਾ, ਪਰਮੇਰ ਹੈ। ਏਸ ਕਰਕੇ, ਤੁਸੀਂ ਪਰਮੇਰ ਦੀ ਆਗਿਆ ਵਿਚ ਚੱਲਣਾ, ਤੇ ਹਰਤਾ ਕਰਤਾ, ਇਕ ਪਰਮੇਰ ਹੈ। ਹੁਣ ਪੜ੍ਹ ਭਾਈ–

ਸੋਈ ਕਰਾਇ ਜੋ ਤੁਧੁ ਭਾਵੈ॥

ਜੋ ਪਰਮੇਰ ਨੂੰ ਭਾਉਂਦਾ ਹੋਏਗਾ, ਉਹੀ ਕੰਮ ਕਰਾਏਗਾ, ਹੋਰ ਕਿਸੇ ਦੀ ਸੱਤਾ ਨਹੀਂ ਹੈ।

ਮੋਹਿ ਸਿਆਣਪ ਕਛੂ ਨ ਆਵੈ॥

ਸ੍ਰੀ ਗੁਰੂ ਅਰਜਨ ਦੇਵ ਜੀ ਕਹਿੰਦੇ, ਮੇਰੀ ਕੋਈ ਸਿਆਣਪ ਨਹੀਂ, ਜੋ ਮੈਥੋਂ ਪਰਮੇਰ ਕਰਾਉਂਦਾ ਹੈ, ਮੈਂ ਉਹੀ ਕਰਦਾ ਹਾਂ, ਮੇਰੀ ਕੋਈ ਸਿਆਣਪ ਨਹੀਂ। ਮੈਂ ਕਰਤਾ ਨਹੀਂ, ਕਰਤਾ ਪੁਰ ਪਰਮੇਰ ਹੈ। ਜੈਸੀ ਉਹਦੀ ਆਗਿਆ ਹੁੰਦੀ ਹੈ, ਵੈਸੇ ਹੀ ਮੈਂ ਕਰਦਾ ਹਾਂ।

ਹਮ ਬਾਰਿਕ ਤਉ ਸਰਣਾਈ॥

ਹੇ ਪਰਮੇਰ! ਅਸੀਂ ਬਾਲਕ ਹਾਂ। ਬੱਚਿਆਂ ਨੂੰ ਯੋਗ, ਅਯੋਗ ਦਾ ਵਿਚਾਰ ਨਹੀਂ ਹੁੰਦਾ, ਕੀ ਕਰਨਾ ਹੈ, ਕੀ ਨਹੀਂ ਕਰਨਾ ਹੈ। ਪਰ, ਹੇ ਪਰਮੇਰ! ਅਸੀਂ ਆਪ ਦੀ ਰਣਾਗਤੀ ਪਏ ਹਾਂ।

ਪ੍ਰਭਿ ਆਪੇ ਪੈਜ ਰਖਾਈ॥

ਇਹ ਸਾਰੀ ਇੱਜਤ ਸਾਡੀ, ਇਕ ਪ੍ਰਭੂ, ਪਰਮੇਰ, ਪ੍ਰੇਰਕ ਨੇ ਰੱਖੀ ਹੈ। ਇਕ ਪਰਮੇਰ ਹੀ ਪ੍ਰੇਰਕ ਪ੍ਰਭੂ ਹੈ, ਜਿਸ ਨੇ ਸਾਡੀ ਇੱਜਤ ਰੱਖੀ ਹੈ ਦੁਨੀਆਂ ਦੇ ਵਿਚ ਤੇ ਸਾਡਾ ਬੋਲ ਬਾਲਾ ਪਰਮੇਰ ਦੀ ਰਣਾਗਤੀ ਮੇਂ ਹੁੰਦਾ ਹੈ।

ਮੇਰਾ ਮਾਤ ਪਿਤਾ ਹਰਿ ਰਾਇਆ॥

ਹਰੀ ਜੋ ਪਰਮੇਰ ਹੈ, ਰਾਇ ਪ੍ਰਕਾਮ, ਉਹੀ ਮੇਰਾ ਮਾਤਾ ਤੇ ਉਹੀ ਮੇਰਾ ਪਿਤਾ ਹੈ।

ਕਰਿ ਕਿਰਪਾ ਪ੍ਰਤਿਪਾਲਣ ਲਾਗਾ

ਬੜੀ ਕਿਰਪਾ ਕੀਤੀ, ਮੇਰੀ ਪ੍ਰਤਿਪਾਲਣਾ ਉਸੇ ਨੇ ਹੀ ਕੀਤੀ ਹੈ, ਮੇਰੀ ਰੱਖਿਆ ਉਸ ਪਰਮੇਰ ਨੇ ਹੀ ਕੀਤੀ ਹੈ।

ਕਰੀ ਤੇਰਾ ਕਰਾਇਆ॥ ਰਹਾਉ॥

ਹੇ ਪਰਮੇਰ ! ਜੋ ਆਪ ਕਰਾਉਂਦੇ ਹੋ, ਮੈਂ ਉਹ ਕੰਮ ਕਰਦਾ ਹਾਂ। ਮੇਰੀ ਆਪਣੀ ਕੋਈ ਬੁੱਧੀ ਨਹੀਂ, ਬਲ ਨਹੀਂ। ਮੈਂ ਆਪਦਾ ਕਰਾਇਆ ਹੀ ਸਾਰਾ ਕੰਮ ਕਰਦਾ ਹਾਂ।

ਜੀਅ ਜੰਤ ਤੇਰੇ ਧਾਰੇ॥

ਤੇ ਇਹ ਸਾਰੇ ਵੱਡੇ ਛੋਟੇ ਜੀਵ, ਪਰਮੇਰ ਦੇ ਧਾਰਣ ਕੀਤੇ ਹੋਏ ਨੇ।

ਪ੍ਰਭ ਡੋਰੀ ਹਾਥਿ ਤੁਮਾਰੇ॥

ਹੇ ਪਰਮੇਰ ! ਸਾਡੀ ਸਾਰਿਆਂ ਦੀ ਖਾਣ ਪਾਣ ਦੀ ਡੋਰੀ, ਆਪ ਦੇ ਹੱਥ ਵਿਚ ਹੈ। ਆਪ ਸਰਕਾਰ ਹੋਂ, ਸਾਰਿਆਂ ਦੀ ਕਾਰ ਤੇਰੇ (ਕਰਤੇ ਦੇ) ਹੱਥ ਵਿਚ ਹੈ।

ਜਿ ਕਰਾਵੈ ਸੋ ਕਰਣਾ॥

ਜੋ ਪਰਮੇਰ ਕਰਾਏਗਾ, ਕਰਮਾਂ ਦੇ ਅਨੁਸਾਰ, ਉਹੀ ਕੰਮ, ਅਸੀਂ ਕਰਾਂਗੇ।

ਨਾਨਕ ਦਾਸ ਤੇਰੀ ਸਰਣਾ॥

ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਕਹਿੰਦੇ, ਮੈਂ ਤਾਂ, ਹੇ ਪਰਮੇਰ ! ਆਪ ਦੀ ਰਣਾਗਤੀ ਹਾਂ।

ਜੋ ਸਰਣਿ ਆਵੈ ਤਿਸੁ ਕੰਠਿ ਲਾਵੈ

ਇਹੁ ਬਿਰਦੁ ਸੁਆਮੀ ਸੰਦਾ॥ (ਪੰਨਾ ੫੪੪)

ਮੈਂ ਤਾਂ ਆਪ ਦੀ ਰਣਾਗਤੀ ਹਾਂ। ਭਭੀਖਣ ਜਦ ਰਣ ਆਇਆ, ਸੁਗਰੀਵ ਵਰਗਿਆਂ ਨੇ ਉਹਨੂੰ ਰੋਕ ਲਿਆ, ਵਜੀਰਾਂ ਨੇ। ਸੁਗਰੀਵ ਆਪ ਗਿਆ ਰਾਮ ਜੀ ਕੋਲ, ਜੀ ਦੁਮਣ ਦਾ ਭਾਈ ਆਇਆ ਹੈ, ਉਹਦੇ ਨਾਲ ਕੀ ਸਲੂਕ ਕੀਤਾ ਜਾਵੇ? ਰਾਮ ਜੀ ਨੇ ਹੁਕਮ ਦਿੱਤਾ, ਉਹਨੂੰ ਆਉਣ ਦਿਉ ਸੁਤੰਤਰ, ਤੁਸੀਂ ਅਟ ਵਜੀਰ ਉਹਦੀ ਅਰਦਲ ਵਿਚ ਪਿੱਛੇ ਆ ਜਾਉ। ਸੁਗਰੀਵ ਕਹਿੰਦਾ, ਦੁਮਣ ਦੇ ਭਾਈ ਨਾਲ ਇਹ ਸਲੂਕ ਹੁੰਦਾ ਤਾਂ ਨਹੀਂ, ਸੁਗਰੀਵ ਰਾਮ ਜੀ ਨੂੰ ਕਹਿੰਦਾ। ਰਾਮ ਜੀ ਕਹਿੰਦੇ,

ਸਖਾ ਨੀਤਿ ਤੁਮ੍ਹ ਨੀਕਿ ਬਿਚਾਰੀ॥

ਕਿ ਸੁਗਰੀਵ ਤੂੰ ਵਜੀਰ ਹੈਂ, ਨੀਤੀ ਬਹੁਤ ਅੱਛੀ ਜਾਣਦੈਂ। ਇਹ, ਮੈਂ ਵੀ ਜਾਣਦਾ ਹਾਂ। ਤੈਨੂੰ ਮੇਰੇ ਧਰਮ ਦਾ ਪਤਾ ਨਹੀਂ ਅਜੇ, ਕੀ ਹੈ ? ਜੋ ਰਣ ਆਏਗਾ, ਮੈਂ ਉਹਦਾ ਜਨਮ ਮਰਨ ਕੱਟ ਦਿਊਂ, ਇਹ ਮੇਰਾ ਧਰਮ ਹੈ। ਸਤਿ ਬਚਨ। ਜਦ ਉਹ ਪਿੱਛੇ ਹੋ ਗਿਆ, ਉਹ ਆਇਆ, ਉਹਨੇ ਮੱਥਾ ਟੇਕਿਆ। ਉਹਨਾਂ ਨੇ ਤਿਲਕ ਕਰ ਦਿੱਤਾ। ਸਾਰੇ ਹੈਰਾਨ ਹੋ ਗਏ ਬਈ ਲੰਕਾ ਦਾ ਬਾਦਾਹ ਵੀ ਇਹਨੂੰ ਬਣਾ ਦਿੱਤਾ। ਸਮੁੰਦਰ ਦੇ ਉਰਲੇ ਪਾਸੇ ਬੈਠੇ ਹਾਂ, ਕਹਿੰਦੇ, ਜੀ ਅਜੇ ਤਾਂ ਸਮੁੰਦਰ ਤੋਂ ਪਾਰ ਨਹੀਂ ਹੋਏ। ਕਹਿੰਦੇ, ਬਈ ਅਸੀਂ ਇਹਨੂੰ ਲੰਕਾ ਦਾ ਬਾਦਾਹ ਬਣਾ ਦਿੱਤਾ, ਹੁਣ, ਇਹਦੇ ਨਾਲ ਅਸੀਂ ਜਾਵਾਂਗੇ। ਸਤਿ ਬਚਨ, ਕਹਿੰਦੇ ਤੇ ਲੰਕਾ ਫਤਹਿ ਕਰ ਲਈ। ਉਹਨੇ ਆਖਿਆ, ਜੀ ਲੰਕਾ ਤੁਸੀਂ ਜਿੱਤ ਲਈ ਤੇ ਜੇ ਆਖੋ ਸੋਨਾ ਮੈਂ ਆਪਣੀ ਪਤੀ ਦੇ ਮੁਕਟ ਵਿਚ ਪਾ ਦੇਵਾਂ, ਉਹ ਹੁਣ ਪੂਰਾ ਹੋਣ ਹੀ ਵਾਲਾ ਹੈ। ਉਹਨਾਂ ਆਖਿਆ ਭਭੀਖਣ

ਨੂੰ ਪੁੱਛ ਲੈ, ਲੰਕਾ ਭਭੀਖਣ ਦੀ ਹੈ, ਅਸੀਂ ਉਹਦੇ ਨਾਲ ਹਾਂ। ਉਹਦੇ ਕੋਲ ਗਈ, ਉਹਨੇ ਆਖਿਆ ਰਾਮ ਨੇ ਹੀ ਦਿੱਤੀ ਹੈ, ਰਾਮ ਦੀ ਹੀ ਹੈ। ਮੈਂ ਨਹੀਂ ਦੱਸਦਾ। ਉਹਦਾ ਵਕਤ ਪੂਰਾ ਹੋ ਗਿਆ। ਏਸ ਕਰਕੇ, ਜਿੱਤ ਕੇ ਲੰਕਾ ਭਭੀਖਣ ਨੂੰ ਦੇ ਦਿੱਤੀ, ਤਿਲਕ ਪਹਿਲਾਂ ਦੇ ਦਿੱਤਾ ਸੀ। ਇਹ ਹਿੰਦੁਸਤਾਨ ਦਾ ਪਹਿਲਾ ਸਿਧਾਂਤ ਹੈ। ਕਿਸੇ ਦੀ ਮਦਦ ਕਰਕੇ, ਉਹਦੀ ਚੀਜ ਨਹੀਂ ਲੈਣੀ, ਉਹਨੂੰ ਅਰਪਣ ਕਰ ਦੇਣੀ। ਪਰ ਇੰਦਰਾ ਨੇ ਵੀ ਪਿਛਲੀ ਰੀਤ ਦਿਖਾਲ ਹੀ ਦਿੱਤੀ। ਇੰਦਰਾ ਨੇ ਵੀ ਉਸਤੋਂ (ਬੰਗਲਾ ਦੇ ਤੋਂ) ਕੁੱਛ ਲਿਆ ਨਹੀਂ। ਉਹਨੂੰ ਕਿਤੇ ਪਿਛਲੀ ਗੱਲ ਯਾਦ ਆ ਗਈ, ਬਈ ਭਾਰਤ ਦਾ ਇਹ ਪਹਿਲਾ ਸਿਧਾਂਤ ਹੈ। ਏਸ ਕਰਕੇ, ਰਣਾਗਤੀ ਈਰ ਦੀ ਜਾਣੇ ਸੇ, ਜਨਮ ਮਰਨ ਕੱਟਿਆ ਜਾਂਦੈ। ਇਥੇ ਛੋਟੇ ਵੱਡੇ ਧਰਮਾਂ ਦਾ ਕੋਈ ਸਿਧਾਂਤ ਨਹੀਂ ਰਹਿੰਦਾ।

ਸਰਵ ਧਰਮਾਨ ਪਰਿਤਯਜਯ ਮਾਮੇਕੰ ਰਣੰ ਵ੍ਰਜ।
ਅਹੰ ਤਵਾ ਸਰਵ ਪਾਪੇਭਯੋ ਮੋਖਯ ਯਿਾਮਿ ਮਾ੍ ਚਃ।

(ਗੀਤਾ)

ਮੱਤ ਸੋਚ ਕਰ, ਮੇਰੇ ਪਾਪ ਕੈਸੇ ਨਵਿਰਤ ਹੋਏਂਗੇ ? ਮੈਂ ਜਿੰਮੇਵਾਰ ਹਾਂ। ਭਗਵਾਨ ਕ੍ਰਿਨ ਚੰਦਰ ਜੀ ਕਹਿੰਦੇ, ਮੈਂ ਇਸਦਾ ਜਿੰਮੇਵਾਰ ਹਾਂ, ਪਰ ਤੂੰ ਮੇਰੀ ਰਣ ਮੇਂ ਆ ਜਾ। ਸਾਰੇ ਧਰਮਾਂ ਦਾ, ਪਾਪਾਂ ਪੁੰਨਾਂ ਦਾ ਅਭਿਮਾਨ ਛੱਡ ਦੇ, ਇਕ ਰਣਾਗਤੀ ਆ ਜਾ। ਏਸ ਕਰਕੇ ਜੋ ਜੀਵ, ਪਰਮੇਰ ਦੀ ਰਣਾਗਤੀ ਜਾਂਦੈ, ਉਹਦਾ ਜਨਮ ਮਰਨ ਕੱਟਿਆ ਜਾਂਦਾ ਹੈ। ਦਸਮ ਪਾਤਾਹ ਨੇ ਵੀ ਸਾਫ ਲਿਖਿਆ ਹੈ–

ਜਿਤੇ ਰਨ ਜੈਹੈ॥ ਤਿਤਿਓ ਰਾਖ ਲੈਹੈ॥
ਬਿਨਾ ਰਨ ਤਾ ਕੀ ਨਹੀ ਅਉਰ ਓਟੰ॥
ਲਿਖੇ ਜੰਤ੍ਰ ਕੇਤੇ ਪੜ੍ਹੇ ਮੰਤ੍ਰ ਕੋਟੰ॥

ਬਚੇਗਾ ਨ ਕੋਈ ਕਰੇ ਕਾਲ ਚੋਟੰ।।

ਜਿਤੇ ਰਨ ਜੈਹੈ।। ਤਿਤਿਓ ਰਾਖ ਲੈਹੈ।। (ਦਸਮ ਗ੍ਰੰਥ)

ਕਬੀਰ, ਨਾਮਦੇਵ, ਧੰਨਾ, ਜੈਦੇਵ, ਵੇਸਵਾ (ਗਨਕਾ), ਸੱਜਣ ਠੱਗ, ਕੌਡਾ ਰਾਖ ਆਦਿ ਜਿਸ ਛਿਨ ਮੇਂ ਰਣ ਆਏ, ਉਸੇ ਛਿਨ ਮੇਂ ਮੁਕਤ ਹੋ ਗਏ। ਪਰਮੇਰ ਦੀ ਰਣਾਗਤੀ ਮੇਂ ਆਕੇ, ਜੀਵ ਦਾ ਜਨਮ ਮਰਨ ਕੱਟਿਆ ਜਾਂਦੈ। ਰਣ ਪਰੇ ਕੀ ਬਰਖ਼ਾ ਹੈ, ਤੇਰੇ ਸਾਰੇ ਪਾਪਾਂ ਦੀ ਨਵਿਰਤੀ ਕਰ ਦਿੰਦੀ ਹੈ ਤੇ ਜਨਮ ਮਰਨ ਕੱਟ ਦਿੰਦੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਕਹਿੰਦੇ, ਹੇ ਪਰਮੇਰ ! ਮੈਂ ਆਪ ਦੀ ਰਣਾਗਤੀ ਆਇਆ ਹਾਂ।

ਬੋਲੋ ਸਤਿਨਾਮ ਸ੍ਰੀ ਵਾਹਿਗੁਰੂ।।

੧ਓ ਸਤਿਗੁਰ ਪ੍ਰਸਾਦਿ॥

੪੦

ਸੋਰਠਿ ਮਹਲਾ ੫ ॥

ਗੁਰਿ ਪੂਰੈ ਚਰਨੀ ਲਾਇਆ॥
ਹਰਿ ਸੰਗਿ ਸਹਾਈ ਪਾਇਆ॥
ਜਹ ਜਾਈਐ ਤਹਾ ਸੁਹੇਲੇ॥
ਕਰਿ ਕਿਰਪਾ ਪ੍ਰਭਿ ਮੇਲੇ॥ ੧॥
ਹਰਿ ਗੁਣ ਗਾਵਹੁ ਸਦਾ ਸੁਭਾਈ॥
ਮਨ ਚਿੰਦੇ ਸਗਲੇ ਫਲ ਪਾਵਹੁ
ਜੀਅ ਕੈ ਸੰਗਿ ਸਹਾਈ॥ ੧॥ ਰਹਾਉ॥
ਨਾਰਾਇਣ ਪ੍ਰਾਣ ਅਧਾਰਾ॥
ਹਮ ਸੰਤ ਜਨਾਂ ਰੇਨਾਰਾ॥
ਪਤਿਤ ਪੁਨੀਤ ਕਰਿ ਲੀਨੇ॥
ਕਰਿ ਕਿਰਪਾ ਹਰਿ ਜਸੁ ਦੀਨੇ॥ ੨॥
ਪਾਰਬ੍ਰਹਮੁ ਕਰੇ ਪ੍ਰਤਿਪਾਲਾ॥
ਸਦ ਜੀਅ ਸੰਗਿ ਰਖਵਾਲਾ॥
ਹਰਿ ਦਿਨੁ ਰੈਨਿ ਕੀਰਤਨੁ ਗਾਈਐ॥
ਬਹੁੜਿ ਨ ਜੋਨੀ ਪਾਈਐ॥ ੩॥
ਜਿਸੁ ਦੇਵੈ ਪੁਰਖੁ ਬਿਧਾਤਾ॥
ਹਰਿ ਰਸੁ ਤਿਨ ਹੀ ਜਾਤਾ॥
ਜਮਕੰਕਰੁ ਨੇੜਿ ਨ ਆਇਆ॥
ਸੁਖੁ ਨਾਨਕ ਸਰਣੀ ਪਾਇਆ॥ ੪॥ (ਪੰਨਾ ੬੨੩)

ਸਾਰੀ ਸੰਗਤ ਕਿਰਪਾ, ਦਇਆ, ਮਿਹਰ ਕਰਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ! ਸਤਿਨਾਮ ਸ੍ਰੀ ਵਾਹਿਗੁਰੂ!!

ਧਰਨਿ ਗਗਨ ਨਵ ਖੰਡ ਮਹਿ ਜੋਤਿ ਸ੍ਵਰੂਪੀ ਰਹਿਓ ਭਰਿ॥
ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖ ਹਰਿ॥
(ਪੰਨਾ ੧੪੦੯)

ਆਪ ਨੂੰ ਪਤਾ ਹੋਏਗਾ, ਇਹਨਾਂ ਭੱਟਾਂ ਨੂੰ ਸਰਾਪ ਸੀ ਤੇ ਸਰਾਪ ਮੋਚਨ (ਨਵਿਰਤ) ਤਾਂ ਹੁੰਦੈ ਜੇ ਪੂਰਣ ਮਹਾਂਪੁਰ ਦੀ ਕਿਰਪਾ ਹੋਵੇ।

ਗੁਰ ਮਹਿ ਆਪੁ ਸਮੋਇ ਸਬਦੁ ਵਰਤਾਇਆ॥(ਪੰਨਾ ੧੨੭੯)

ਗੁਰੂ ਦੇ ਵਿਚ ਪਰਮੇਰ ਬੈਠਾ ਹੁੰਦੈ।

ਗੁਰੁ ਪਰਮੇਸਰੁ ਏਕੋ ਜਾਣੁ॥ ਜੋ ਤਿਸੁ ਭਾਵੈ ਸੋ ਪਰਵਾਣੁ।
(ਪੰਨਾ ੮੬੪)

ਗੁਰੂ ਬ੍ਰਹਮ ਗਿਆਨੀ ਹੁੰਦੈ, ਏਸ ਮੇਂ ਕੋਈ ੱਕ ਨਹੀਂ। ਕੱਚਾ ਗੁਰੂ, ਗੁਰੂ ਨਹੀਂ ਹੁੰਦਾ।

ਪਰ ਜਬ-

ਗੁਰ ਮਹਿ ਆਪੁ ਸਮੋਇ (ਪੰਨਾ ੧੨੭੯)

ਗੁਰੂ ਦੇ ਵਿਚ ਆਪ ਪਰਮੇਰ ਨੇ ਬੈਠ ਕੇ ਬਦ ਵਰਤਾਇਆ, ਉਹਨਾਂ ਨੂੰ ਉਪਦੇ ਕੀਤਾ ਪਰਮਾਰਥ ਦਾ, ਯਥਾਰਥ ਦਾ ਤੇ ਆਪਣੀ ਕ੍ਰਿਪਾ ਦਿਟੀ ਦੇ ਨਾਲ ਉਹਨਾਂ ਭੱਟਾਂ ਦਾ ਜਿਤਨਾ ਵੀ ਸਰਾਪ ਸੀ, ਮੋਚਨ ਕਰ ਦਿਤਾ ਤੇ ਉਹਨਾਂ ਨੂੰ ਗਿਆਨ ਬਖਸ਼ਿਆ।

ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖ ਹਰਿ॥
(ਪੰਨਾ ੧੪ ੪)

ਇਹ ਜੋ ਗੁਰੂ ਅਰਜਨ ਦੇਵ ਮਹਾਰਾਜ ਨੇ, ਇਹ ਪਰਤੱਖ ਈਰ ਨੇ, ਇਸ ਵਿਚ ਕਦੇ ਤੁਸੀਂ ੱਕ ਨਹੀਂ ਕਰਨਾ। ਇਹਨਾਂ ਦੀ ਕਿਰਪਾ ਤੇ ਸਾਨੂੰ ਗਿਆਨ ਪ੍ਰਾਪਤ ਹੋਇਆ। ਇਹਨਾਂ ਦੀ ਕ੍ਰਿਪਾ ਤੇ ਹੀ ਸਾਡਾ ਸਰਾਪ ਮੋਚਨ ਹੋਇਐ। ਇਹ ਪਰਤੱਖ ਹਰੀ ਨੇ। ਅਸੀਂ ਸਾਲ ਭਰ

ਦੁਨੀਆਂ ਦੇ ਵਿਚ ਧੱਕੇ ਖਾਧੇ, ਕਿਤੇ ਸਾਨੂੰ ਖੈਰ ਨਹੀਂ ਪਈ। ਜਦ ਏਸ ਦਰਵਾਜੇ ਦੇ ਉਤੇ ਆਏ, ਗੁਰੂ ਅਰਜਨ ਦੇਵ ਦੀ ਰਣ ਮੇਂ ਆਏ ਤਾਂ ਸਾਡਾ ਸਰਾਪ ਵੀ ਮੋਚਨ ਹੋ ਗਿਆ ਤੇ ਸਾਨੂੰ ਗਿਆਨ ਵੀ ਪ੍ਰਾਪਤ ਹੋ ਗਿਆ। ਪਰ ਗਿਆਨ ਤਾਂ ਪਹਿਲਾਂ ਹੀ ਸੀ, ਗਿਆਨ ਕੋਈ ਉਤਪਤੀ ਵਾਲੀ ਵਸਤੂ ਤਾਂ ਹੈ ਨਹੀਂ। ਉਤਪਤੀ ਤਾਂ ਬਿਰਤੀ ਹੁੰਦੀ ਹੈ, ਬਿਰਤੀ ਗਿਆਨ ਉਤਪੰਨ ਹੁੰਦੈ ਤੇ ਸਰੂਪ ਗਿਆਨ ਤਾਂ ਕਦੇ ਉਤਪੰਨ ਹੋਇਆ ਹੀ ਨਹੀਂ, ਉਹ ਤਾਂ ਸਤਿ ਹੈ, ਨਿਰਾਕਾਰ ਹੈ, ਵਿਆਪਕ ਹੈ, ਇਹਦਾ ਆਤਮਾ ਹੈ।

ਅੰਤਰ ਆਤਮੈ ਬ੍ਰਹਮੁ ਨ ਚੀਨਿ~ਆ ਮਾਇਆ ਕਾ ਮੁਹਤਾਜੁ ਭਇਆ॥ (ਪੰਨਾ ੪੩5)

ਇਹ ਮਨ, ਮਾਇਆ ਦਾ ਮੁਹਤਾਜ ਹੋ ਗਿਆ, ਕਿਸੇ ਦੇ ਵੱਸ ਦੀ ਬਾਤ ਨਹੀਂ ਹੈ। ਮਾਇਆ, ਇਹਦੇ ਅੰਦਰ ਐਸੀ ਬਹਿ ਗਈ।

ਮਾਇਆ ਮਨਹੁ ਨ ਵੀਸਰੈ ਮਾਂਗੈ ਦੰਮਾਂ ਦੰਮ॥
ਸੋ ਪ੍ਰਭੁ ਚਿਤਿ ਨ ਆਵਈ ਨਾਨਕ ਨਹੀ ਕਰੰਮਿ॥

(ਪੰਨਾ ੧੪੨੬)

ਇਹਦਾ, ਇੱਡਾ ਬੜਾ ਪੁੰਨ ਕਰਮ ਨਹੀਂ ਹੈ, ਨਿਕਾਮ ਕਰਮ ਨਹੀਂ ਹੈ। ਏਸ ਕਰਕੇ, ਇਹਨੂੰ ਗਿਆਨ ਪ੍ਰਾਪਤ ਨਹੀਂ ਹੋਇਆ, ਇਹਦੇ ਤੇ ਬਖਸ਼ ਨਹੀਂ ਹੋਈ। ਆਤਮਾ ਤਾਂ ਪਹਿਲਾਂ ਹੀ ਇਹਦਾ, ਪਰਮਾਤਮਾ ਹੈ, ਕੋਈ ਆਤਮਾ-ਪਰਮਾਤਮਾ ਦੋ ਨਹੀਂ ਹਨ। ਆਤਮਾ-ਪਰਮਾਤਮਾ, ਬਦ ਦੋ ਨੇ, ਵਸਤੂ ਤਾਂ ਇਕੋ ਹੀ ਹੈ।

ਏਕ ਵਸਤੁ ਬੂਝਹਿ ਤਾ ਹੋਵਹਿ ਪਾਕ॥ ਬਿਨੁ ਬੂਝੇ ਤੂੰ ਸਦਾ ਨਾਪਾਕ॥ (ਪੰਨਾ ੩੭੪)

ਜਿੰਨਾ ਚਿਰ ਤੂੰ ਏਕੇ ਨੂੰ ਨਹੀਂ ਜਾਣਦਾ, ਉਤਨਾ ਚਿਰ ਤੂੰ ਨਾਪਾਕ ਹੈਂ, ਜਦ ਏਕਾ ਬੁੱਝ ਲਿਆ, ਤੂੰ ਪਾਕ ਹੈਂ।

ਏਕਮ ਏਕੰਕਾਰੁ ਨਿਰਾਲਾ॥ ਅਮਰੁ ਅਜੋਨੀ ਜਾਤਿ ਨ ਜਾਲਾ॥

ਅਗਮ ਅਗੋਚਰੁ ਰੂਪੁ ਨ ਰੇਖਿਆ॥ ਖੋਜਤ ਖੋਜਤ ਘਟਿ ਘਟਿ ਦੇਖਿਆ॥ (ਪੰਨਾ 838)

ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ॥
ਕਹੁ ਨਾਨਕ ਤਿਹ ਭਜੁ ਮਨਾ ਭਉ ਨਿਧਿ ਉਤਰਹਿ ਪਾਰਿ॥
(ਪੰਨਾ ੧੪੨੭)

ਦੱਸੋ ਤਾਂ ਕਿਹੜੇ ਹਿਰਦੇ ਦੇ ਵਿਚ ਸਾਖੀ, ਚੇਤਨ ਨਹੀਂ ਹੈ ? ਕਿਹੜੇ ਹਿਰਦੇ ਦੇ ਵਿਚ ਉਹ ਦ੍ਰਟਾ ਨਹੀਂ ਹੈ ? ਕਿਹੜੇ ਹਿਰਦੇ ਦੇ ਵਿਚ ਉਹ **ਦਾਨਾ ਬੀਨਾ ਸਾਈ ਮੈਡਾ** ਨਹੀਂ ਹੈ ? ਉਹ ਸਾਰਿਆਂ ਦੇ ਹਿਰਦਿਆਂ ਦੇ ਵਿਚ ਹੈ। ਪ੍ਰਾਯ ਵਾਚੀ ਬਦ ਨੇ, ਉਹਨੂੰ ਦਾਨਾ-ਬੀਨਾ ਕਹੋ, ਦ੍ਰਟਾ ਕਹਿ ਦਿਉ, ਸਾਖੀ ਕਹਿ ਦਿਉ, ਚੇਤਨ ਕਹਿ ਦਿਉ, ਹਰਿ ਜੂ ਕਹਿ ਦਿਉ, ਹਰੀ ਕਹਿ ਦਿਉ ਪਰ ਵਸਤੂ ਤਾਂ ਇੱਕੋ ਹੈ। ਈਰ ਤੇ ਜੀਵ ਦੋਨੋਂ ਕਲਪਿਤ ਨੇ ਤੇ ਚੇਤਨ ਪ੍ਰਮਾਰਥ ਹੈ, ਇਹ ਨਿੱਤ ਦ੍ਰਿਟੀ ਹੈ।

ਨਹਿ ਦ੍ਰਟੂ ਦ੍ਰਟੇ ਬਿਪਰ ਲੋਪੋ ਵਿਦਯਤੇ।
(ਬ੍ਰਹਦਾਰਣਕ ਉਪਨਿਦ)

ਦ੍ਰਟਾ ਦੀ ਦ੍ਰਿਟੀ ਕਦੇ ਅੱਜ ਤੱਕ ਲੋਪ ਨਹੀਂ ਹੋਈ ਤੇ ਨਾ ਹੋਵੇ। ਤੁਹਾਡੀਆਂ ਬਿਰਤੀਆਂ ਕਿਤਨੀਆਂ ਉਠਦੀਆਂ ਨੇ, ਥੋੜੇ ਫੁਰਨੇ, ਸੰਕਲਪ ਕਿਤਨੇ ਉਠਦੇ ਨੇ ਪਰ ਜਿਹੜੀ ਨਿੱਤ ਦ੍ਰਿਟੀ ਹੈ, ਉਹ ਤਾਂ ਨਹੀਂ ਕਦੇ ਬਦਲੀ, ਉਹ ਤਾਂ ਦ੍ਰਟਾ ਦਾ ਨਾਉ ਂਹੈ।

ਮੂਈ ਸੁਰਤਿ ਬਾਦੁ ਅਹੰਕਾਰੁ॥
ਓਹੁ ਨ ਮੂਆ ਜੋ ਦੇਖਣਹਾਰੁ॥ (ਪੰਨਾ ੧52)

ਉਸ ਦ੍ਰਟੇ ਦਾ ਕਦੇ ਜਨਮ ਮਰਨ ਨਹੀਂ ਹੋਇਆ। ਇਹਦਾ, ਅਜੇ ਸਾਰੇ ਦ੍ਰਿ ਵਿਚ, ਮਿਥਿਆ ਵਿਚ, ਪੱਕਾ ਦ੍ਰਿੜ ਨਿਚਾ ਨਹੀਂ ਹੋਇਆ।

ਦ੍ਰਿਸਟਿਮਾਨ ਹੈ ਸਗਲ ਮਿਥੇਨਾ॥ (ਪੰਨਾ ੧ 8੩)

ਗੁਰੂ ਸਾਹਿਬ ਕਹਿੰਦੇ- ਜੋ ਦ੍ਰਿ ਹੈ, ਉਹ ਝੂਠ ਹੈ, ਪ ਰ ਇਸ ਗੁਰੂ

ਦੀ ਪੰਗਤੀ ਤੇ ਇਹਦਾ ਯਕੀਨ ਨਹੀਂ ਹੋਇਆ। ਇਹਨੇ ਦ੍ਰਿ ਨੂੰ ਬਿਲਕੁਲ ਮਿਥਿਆ, ਝੂਠ ਨਹੀਂ ਸਮਝਿਆ। ਅਜੇ ਇਥੇ ਇਹਦਾ ਮੋਹ ਹੈ।

ਜਨਮਿ ਮਰੈ ਤ੍ਰੈ ਗੁਣ ਹਿਤਕਾਰੁ॥
ਚਾਰੇ ਬੇਦ ਕਥਹਿ ਆਕਾਰੁ॥
ਤੀਨਿ ਅਵਸਥਾ ਕਹਹਿ ਵਖਿਆਨੁ॥
ਤੁਰੀਆਵਸਥਾ ਸਤਿਗੁਰ ਤੇ ਹਰਿ ਜਾਨੁ॥ (ਪੰਨਾ ੧੫੪)

ਚੌਥੀ ਅਵਸਥਾ ਸਤਿਗੁਰੂ ਨੇ ਹੀ ਦੱਸਣੀ ਹੈ, ਪੂਰਨ ਬ੍ਰਹਮ ਗਿਆਨੀ ਨੇ ਹੀ ਪ੍ਰਗਟ ਕਰਨੀ ਹੈ। ਏਸ ਕਰਕੇ ਭੱਟਾਂ ਦੇ ਅੰਦਰ, ਗਿਆਨ ਗੁਰੂ ਸਾਹਿਬ ਨੇ ਆਪ ਰੱਖਿਆ, ਉਹ ਬ੍ਰਹਮ ਗਿਆਨੀ ਹੋ ਗਏ, ਸਰਾਪ ਉਹਨਾ ਦਾ ਮੋਚਨ ਹੋ ਗਿਆ। ਉਹ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਈਰ ਰੂਪ ਨੇ, ਉਹਨਾਂ ਦਾ ਇਹ ਬਦ ਆਇਆ ਹੈ, ਇਹਨੂੰ ਹੁਕਮਨਾਮਾ ਕਹਿੰਦੇ ਨੇ, ਇਹ ਪਰਮੇਰੀ ਬਾਣੀ ਹੈ, ਇਹ ਈਰੀ ਬਾਣੀ ਹੈ, ਇਹ ਧੁਰ ਕੀ ਬਾਣੀ ਹੈ, ਏਸ ਮੇਂ ਕੋਈ ੱਕ ਨਹੀਂ ਹੈ, ਪਰ ਸਾਡੀ ਰਧਾ ਵਿਚ ਫਰਕ ਹੈ, ਸਾਡੀ ਪੂਰੀ ਰਧਾ ਨਹੀਂ ਹੈ। ਏਸ ਨੂੰ ਐਨਾ ਵੀ ਪਤਾ ਨਹੀਂ ਹੈ ਕਿ ਇਹ ਤਿੰਨਾਂ ਅਵਸਥਾਂ ਨੂੰ ਦੇਖਦਾ ਹੈ। ਗੁਰੂ ਸਾਹਿਬਾਨ ਨੇ ਲਿਖਿਆ ਹੈ–

ਜੋ ਇਹੁ ਜਾਣਹੁ ਸੋ ਇਹੁ ਨਾਹਿ॥
ਜਾਨਣਹਾਰੇ ਕਉ ਬਲਿ ਜਾਉ॥ (ਪੰਨਾ 885)

ਜਾਨਨਹਾਰ ਪ੍ਰਭੂ ਪਰਬੀਨ॥
ਬਾਹਰਿ ਭੇਖ ਨ ਕਾਹੂ ਭੀਨ॥ (ਪੰਨਾ ੨੬੯)

ਜੋ ਇਹੁ ਜਾਣਹੁ – ਥੋਡੇ ਜਾਨਣੇ ਵਿਚ ਤ੍ਰਿਕੁਟੀ ਆਉਂਦੀ ਹੈ। ਅੰਤਹਕਰਣ, ਅੰਤਹਕਰਣ ਦੀ ਬਿਰਤੀ ਤੇ ਵਿਾ। ਤ੍ਰਿਕੁਟੀ ਥੋਡੇ ਦੇਖਣੇ ਚ ਆਉਂਦੀ ਹੈ ਪਰ ਤ੍ਰਿਕੁਟੀ ਦਾ ਸਾਖੀ ਤਾਂ ਥੋਡੇ ਦੇਖਣੇ ਵਿਚ ਨਹੀਂ ਆਉਂਦਾ। ਉਹ ਤਾਂ ਦ੍ਰਟਾ ਨਿੱਤ ਹੈ, ਏਸ ਕਰਕੇ ਜੋ ਵੀ (ਜਾਗਰਤ) ਸਥੂਲ ਹੈ, ਜਦ ਇਹਨੂੰ ਬਿਰਤੀ ਦੁਆਰਾ ਦੇਖੋਂਗੇ ਤਾਂ

ਤੁਹਾਨੂੰ ਇਹ ਸਤਿ ਪ੍ਰਤੀਤ ਹੋਏਗਾ। ਜਦ ਤੁਹਾਨੂੰ ਇਹ ਪਤਾ ਲੱਗ ਗਿਆ ਕਿ ਬਿਰਤੀ ਨੂੰ ਤਾਂ ਉਹ ਸਾਖਾਤ ਦੇਖਦੈ ਤੇ ਵਿ ਨੂੰ ਸਾਖਾਤ ਨਹੀਂ ਕਰਦਾ ਬਿਨਾਂ ਬਿਰਤੀ ਦੇ, ਤੇ ਬਿਰਤੀ ਦਾ ਤਾਂ ਸਾਖਾਤ ਕਰਤਾ, ਦ੍ਰਟਾ ਬਿਰਤੀ ਅਰੂੜ ਹੈ। ਬਿਰਤੀ ਦੇ ਵਿਚ ਬੈਠਾ ਤੇ ਬਿਰਤੀ ਨੂੰ ਪਰਤੱਖ ਕਰਦਾ ਤੇ ਬਿਰਤੀ ਦੁਆਰਾ ਕਿਸੇ ਨੂੰ ਪਰਤੱਖ ਕਰਦਾ ਹੈ ਪਰ ਤ੍ਰਿਕੁਟੀ ਜਿੰਨੀ ਹੈ, ਤਿੰਨ ਗੁਣ ਜਿੰਨੇ ਨੇ, ਇਹ ਸਭ ਮਿਥਿਆ ਨੇ।

ਤ੍ਰੈਗੁਣ ਵਿਯਾ ਵੇਦਾ ਨਿਸਤ੍ਰੈਗੁਣਯੋ ਭਵਾਰਜੁਨ।

(ਗੀਤਾ 2/45)

ਨਿਰਦਵੰਦ੍ਵੋ ਨਿਤਯ ਸਤਵਸਥੋ ਨਿਰਯੋਗਖੇਮ ਆਤਮਵਾਨ।

ਤੂੰ ਤਾਂ ਆਤਮਵਾਨ ਹੋਣਾ ਹੈ ਤੇ ਆਤਮਾ ਦਾ ਮਾਲਕ ਹੋਣਾ ਹੈ ਕਿ ਉਰੇ ਹੀ ਖੜਾ ਰਹਿਣੈ ? ਜਦ ਅਰਜਨ ਨੂੰ ਇਹ ਉਪਦੇ ਭਗਵਾਨ ਨੇ ਆਪ ਕੀਤਾ, ਬਈ ਇਨ੍ਹਾਂ ਤਿੰਨਾਂ ਗੁਣਾਂ ਵਿਚ ਨਾ ਰਹੀਂ।

ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ॥
ਚਉਥੇ ਪਦ ਕਉ ਜੋ ਨਰੁ ਚੀਨ੍ਹੈ ਤਿਨ੍ਹ ਹੀ ਪਰਮ ਪਦੁ ਪਾਇਆ॥

(ਪੰਨਾ ੧੧੨੩)

ਉਹਨੇ ਤਾਂ ਪਰਮਪਦ ਪਾ ਲਿਆ। ਚੌਥਾ ਪਦ, ਇਹ ਆਪ ਹੈ । ਕੋਈ ਹੋਰ ਨਹੀਂ ਚੌਥਾ ਪਦ। ਪਰ ਇਹ, ਤਿੰਨਾਂ (ਗੁਣਾਂ) ਦੇ ਮੋਹ ਦੇ ਵਿਚ ਫਸਿਆ ਪਿਐ।

ਜਨਮਿ ਮਰੈ ਤ੍ਰੈ ਗੁਣ ਹਿਤਕਾਰੁ॥ (ਪੰਨਾ ੧54)

ਜਦ ਤੱਕ ਇਹਦਾ ਮੋਹ ਹੈ ਤਿੰਨਾਂ ਗੁਣਾਂ ਦੇ ਵਿਚ, ਇਹ ਜਨਮ ਮਰਨ ਵਿਚ ਜਾਊ। ਇਹ, ਇਹਦੀ ਭੁੱਲ ਹੈ। ਭੁੱਲ ਦਾ ਨਾਉਂ ਹੀ ਅਗਿਆਨ ਹੈ, ਹੋਰ ਅਗਿਆਨ ਕੋਈ ਵਸਤੂ ਤਾਂ ਨਹੀਂ ਹੈ। ਤੁਸੀਂ ਅੱਜ ਤੱਕ ਅਗਿਆਨ ਦੇਖਿਆ ਤਾਂ ਨਹੀਂ ਕਦੇ? ਅਗਿਆਨ ਕਲਪਿਤ ਚੀਜ ਹੈ, ਕਲਪਿਤ ਚੀਜ ਕਦੇ ਸਤਿ ਨਹੀਂ ਹੁੰਦੀ। ਏਸ

ਕਰਕੇ ਜਦ ਇਹ ਸੁਫਨੇ ਵਿਚ ਜਾਂਦੈ ਤੇ ਇਹਦੇ ਮਨ ਦੀਆਂ ਦੋ ਚੀਜਾਂ ਬਣ ਜਾਂਦੀਆਂ ਨੇ, ਇਕ ਵਿ੍ਾ ਤੇ ਇਕ ਦ੍ਰਿਟੀ। ਪਰ ਸਾਖੀ ਤਾਂ ਇਹੀ ਹੈ। ਦ੍ਰਟਾ ਤਾਂ ਇਹ ਆਪ ਹੀ ਹੈ ਤੇ ਉਥੇ ਕੋਈ ਚਾਨਣ ਹੈ ? ਕਦੇ ਕਦੇ ਸੁਫਨੇ ਵਿਚ ਤੁਹਾਨੂੰ ਰ ਦਿਸਦੈ, ਕਦੇ ਕੋਈ ਰੁਪਏ ਤੁਹਾਡੇ ਅੱਗੇ ਆਉਂਦੇ ਨੇ, ਕਦੇ ਕਦੇ ਕੋਈ ਖ਼ੁੀ ਦੀ ਬਾਤ ਆਉਂਦੀ ਹੈ, ਤੁਸੀਂ ਉਹਨੂੰ ਕੀਹਦੇ ਚਾਨਣੇ ਨਾਲ ਦੇਖਦੇ ਹੋਂ ? ਉਹ ਜਿਹੜਾ ਰ ਆਇਆ, ਉਹਦੇ ਦੇਖਣੇ ਵਾਲਾ ਜਿਹੜਾ ਹੈ, ਉਹਤੋਂ ਅਲਹਿਦਾ ਚਾਨਣ ਕਿਹੜਾ ਹੈ ? ਜਿਹੜੀਆਂ ਬਾਹਜ ਜੋਤੀਆਂ ਨੇ ਉਹ ਤਾਂ ਕੋਈ ਵੀ ਨਹੀਂ, ਨਾ ਉਥੇ ਚੰਦਰਮਾ, ਨਾ ਤਾਰੇ, ਕੋਈ ਚੀਜ ਹੈ ਨਹੀਂ, ਉਹ ਤਾਂ ਦ੍ਰਟਾ, ਪ੍ਰਕਾ ਰੂਪ, ਜੋਤੀ ਸਰੂਪ, ਆਪ ਚੇਤਨ ਹੈ।

ਸਭ ਮਹਿ ਜੋਤਿ ਜੋਤਿ ਹੈ ਸੋਇ ॥
ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥
ਗੁਰ ਸਾਖੀ ਜੋਤਿ ਪਰਗਟੁ ਹੋਇ॥ (ਪੰਨਾ ੧੩)

ਉਥੇ ਤੁਹਾਨੂੰ ਭੁਲੇਖਾ ਇੰਨਾ ਹੀ ਹੁੰਦੈ, ਜਿਹੜੇ ਤੁਹਾਡੇ ਪਿਛਲੇ ਸੰਸਕਾਰ ਨੇ, ਉਹਨਾਂ ਨੇ ਸੁਫਨਾ ਬਣਾ ਦਿੱਤਾ। ਜਿਹੋ ਜਿਹੇ ਸੰਸਕਾਰ ਨੇ ਉਹੋ ਜਿਹਾ ਸੁਫਨਾ ਆਏਗਾ। ਸੁਫਨਾ ਸਭ ਦਾ ਅਲਹਿਦਾ ਅਲਹਿਦਾ ਹੁੰਦੈ, ਇਕ ਨਹੀਂ ਹੁੰਦਾ ਕਦੇ। ਜੇ ਸੁਫਨਾ ਸੁਤੇ ਹੁੰਦਾ ਹੋਵੇ ਸਾਰਿਆਂ ਦਾ ਤਾਂ ਇੱਕੋ ਹੀ ਹੋਵੇ। ਸੰਸਕਾਰਾਂ ਦੇ ਅਨੁਸਾਰ ਸੁਫਨਾ ਹੁੰਦੈ। ਏਸ ਕਰਕੇ, ਤੁਸੀਂ ਹੁਣ ਦੇਖੋ ਤੇ ਜਦ ਤੁਸੀਂ ੁਪਤੀ ਮੇਂ ਜਾਂਦੇ ਹੋ ਘੋਰ ਨਿੰਦ੍ਰਾ ਮੇਂ, ਤੁਸੀਂ ਕਹਿੰਦੇ ਹੋ- ਮੈਂ ਬੜਾ ਸੁੱਖ ਤੇ ਸੋਇਆ, ਕੁੱਛ ਨਾ ਪਤਾ ਲਗਿਆ। ਉਥੇ ਨਾ ਤਾਂ ਤੁਹਾਡੀਆਂ ਦਸ ਇੰਦਰੀਆਂ ਸਨ, ਨਾ ਤੁਹਾਡੇ ਮਨ, ਬੁੱਧੀ, ਚਿੱਤ, ਹੰਕਾਰ ਆਦਿ ਸੇ, ਨਾਂ ਅੰਤਹਕਰਣ ਸੀ। ਉਸ ੁਪਤੀ ਦਾ ਤੁਹਾਨੂੰ ਪਰਤੱਖ ਹੋਇਆ, ਪਰ ਕੀਹਦੇ ਦੁਆਰਾ ਹੋਇਆ ? ਉਹ ਅਨੁਭਵ ਦੁਆਰਾ। ਉਥੇ ਤੁਹਾਡਾ ਸਾਖਾਤ ਅਨੁਭਵ ਸੀ, ਤੁਸੀਂ ਉੱਠ ਕੇ ਆਖਿਆ, ਮੈਂ ਬੜੇ ਸੁੱਖ ਸੇ ਸੋਇਆ, ਕੁੱਛ ਮੈਨੂੰ ਪਤਾ ਨਹੀਂ ਲੱਗਿਆ। ਉਹ ਨਾ ਪਤਾ, ਅਗਿਆਨ ਹੈ ਤੇ ਸੁਖ ਰੂਪ

ਆਤਮਾ ਚੇਤਨ ਹੈ, ਸਤਿ ਚਿੱਤ ਅਨੰਦ ਹੈ। ਉਹ ਇਹਦਾ ਆਪਾ ਹੈ, ਇਸ ਮੇਂ ਕੋਈ ੱਕ ਨਹੀਂ ਹੈ, ਚਾਹੇ ਕੋਈ ਕੁੱਛ ਕਹੇ। ਪਰ ਕੋਈ ਗ੍ਰੰਥਾਂ ਨੂੰ ਝੂਠੇ ਨਹੀਂ ਕਰ ਸਕਦਾ, ਅਲਹਾਮ ਕਦੇ ਝੂਠਾ ਨਹੀਂ ਹੋਇਆ। ਏਸ ਕਰਕੇ ਦੋ ਚੀਜਾਂ ਦੁਨੀਆਂ ਦੇ ਵਿਚ ਨੇ, ਇਕ ਬ੍ਰਹਮ ਗਿਆਨੀ ਮਹਾਂਪੁਰ ਤੇ ਇਕ ਸਾਖੀ। ਗੁਰੂ ਗ੍ਰੰਥ ਸਾਹਿਬ ਸਾਰਾ, ਜਿਥੋਂ ਵੀ ਤੁਸੀਂ ਪੜ੍ਹੋਂਗੇ, ਉਹ ਉਸੇ ਜਗ੍ਹਾ ਤੋਂ ਤੁਹਾਨੂੰ ਪ੍ਰਮਾਰਥ ਮੇਂ ਲਿਜਾਏਗਾ। ਵਿਵਹਾਰ ਦਾ, ਪਾਖੰਡ ਦਾ ਖੰਡਨ ਕਰੇਗਾ। ਸੱਚੇ ਵਿਹਾਰ ਦਾ ਖੰਡਨ ਨਹੀਂ ਕਰੇਗਾ, ਸੱਚਾ ਵਿਹਾਰ ਤਾਂ ਕਰਨਾ ਪਏਗਾ। ਏਸ ਕਰਕੇ, ਉਥੇ _ਪਤੀ ਦੇ ਵਿਚ_ਪਤੀ ਦਾ ਅਨੁਭਵ ਇਹਨੇ ਆਪ ਸਾਖਾਤ ਕੀਤਾ। ਆਪ ਇਹਦਾ ਉਥੇ ਅਨੁਭਵ ਸਰੂਪ ਚੇਤਨ ਹੈ, ਕੋਈ ਹੋਰ ਉਥੇ ਇੰਦਰੇ ਗਿਆਨ ਨਹੀਂ ਹੈ, ਮਨ ਦਾ ਗਿਆਨ ਨਹੀਂ ਹੈ, ਬੁੱਧੀ ਤਾਂ ਉਥੇ ਹੈ ਨਹੀਂ। ਏਸ ਕਰਕੇ, ਉਹਦੇ ਵਿਚ ਨਿਸਚਾ ਹੋ ਗਿਆ। ਪਰ ਜਦ ਇਹ ਸਮਾਧੀ ਵਿਚ ਹੋਇਆ, ਚਾਹੇ ਵਿਚਾਰ ਦੁਆਰਾ ਹੋਵੇ, ਚਾਹੇ ਧਾਰਨਾ ਧਿਆਨ ਦੁਆਰਾ, ਸਾਧਨਾ ਦੁਆਰਾ, ਜੋਗ ਦੀ ਸਮਾਧੀ ਹੋਵੇ, ਉਥੇ ਇੱਕ ਚੇਤਨ ਇਹਦਾ ਆਪਾ ਰਹਿ ਜਾਏਗਾ, ਹੋਰ ਕੁੱਛ ਨਹੀਂ ਰਹਿ ਜਾਏਗਾ। ਉਹਨੂੰ ਨਿਰ-ਵਿਕਲਪ ਸਮਾਧੀ ਕਹਿੰਦੇ ਨੇ। ਵਿਕਲਪ ਨਾਉਂ ਹੈ ਤ੍ਰਿਕੁਟੀ ਦਾ,ਉਥੇ ਕੋਈ ਤ੍ਰਿਕੁਟੀ ਨਹੀਂ। ਏਸ ਕਰਕੇ-

ਜੋ ਇਹੁ ਜਾਣਹੁ ਸੋ ਇਹੁ ਨਾਹਿ॥ (ਪੰਨਾ 885)

ਜੀਹਨੂੰ ਤੁਸੀਂ ਜਾਣਦੇ ਹੋਂ, ਇਹ ਰੱਬ ਨਹੀਂ ਹੈ। ਇਹ ਤਾਂ ਬੁੱਤ-ਪ੍ਰਸਤੀ ਹੈ। ਰੱਬ ਤਾਂ ਤੁਸੀਂ ਕਦੇ ਅੱਜ ਤੱਕ ਦੇਖਿਆ ਹੀ ਨਹੀਂ ਹੈ। ਤੁਹਾਡੇ ਮਨ ਨੇ ਹੀ ਰੱਬ ਦੇਖਣਾ ਸੀ ਤੇ ਮਨ ਨੂੰ ਐਂ ਵੀ ਨਹੀਂ ਪਤਾ ਕਿ ਰੱਬ ਕਿਹੋ ਜਿਹਾ ਹੁੰਦਾ ਹੈ। ਮਨ ਦਾ ਦ੍ਰਟਾ, ਮਨ ਦੇ ਪਿਛਲੇ ਪਾਸੇ, ਮਨ ਦੇ ਵਿਚ ਅਰੂੜ ਚੇਤਨ, ਉਹ ਆਪ ਬੈਠਾ ਹੈ ਤੇ ਮਨ ਨੂੰ ਤਾਂ ਪਤਾ ਹੀ ਨਹੀਂ ਵਿਚਾਰੇ ਨੂੰ ਬਈ ਕੀ ਹੁੰਦੈ ? ਥੋੜਾ ਕੰਨ ਦੁਖਦਾ ਹੈ, ਕਦੇ ਕੰਨ ਨੇ ਤੁਹਾਨੂੰ ਇਹ ਨਹੀਂ ਕਿਹਾ, ਕਿ ਮੈਂ ਦੁੱਖਦਾ ਹਾਂ।

ਤੁਹਾਡੀ ਅੱਖ ਦੁਖਦੀ ਹੈ, ਉਹਨੇ ਕਦੇ ਨਹੀਂ ਕਿਹਾ, ਮੈਂ ਦੁੱਖਦੀ ਹਾਂ। ਹੱਥ ਕੰਮ ਨਹੀਂ ਕਰਦਾ, ਉਹਨੇ ਕਦੇ ਨਹੀਂ ਕਿਹਾ ਮੈਂ ਨਹੀਂ ਕੰਮ ਕਰਦਾ, ਦੁਖਦਾ ਹਾਂ। ਪਰ ਕੋਈ ਹੈ ਅਭਿਮਾਨੀ, ਜਿਹੜਾ ਕਹਿੰਦੈ ਮੇਰਾ ਕੰਨ ਦੁਖਦੈ, ਮੇਰੀ ਅੱਖ ਦੁੱਖਦੀ ਹੈ, ਅੱਜ ਮੇਰਾ ਬਈ ਮਨ ਇਸਥਿਰ ਨਹੀਂ ਹੈ। ਆਹ ਜਿਹੜੇ ਹਰਟ (Heart) ਫੇਲ ਹੁੰਦੇ ਨੇ, ਇਹ ਸਾਰੇ ਸੋਚ ਨਾਲ ਹੁੰਦੇ ਨੇ, ਜੇ ਇਹਨੂੰ ਪੱਕਾ ਪਤਾ ਹੋਵੇ ਕਿ ਮੈਂ ਤਾਂ ਮਨ ਦਾ ਅਰੂੜ ਚੇਤਨ ਹਾਂ, ਮੈਂ ਤਾਂ ਮਨ ਦਾ ਦ੍ਰਟਾ ਹਾਂ, ਮੈਂ ਤਾਂ ਮਨ ਬੁੱਧੀ ਨੂੰ ਸਾਖਾਤ ਦੇਖਦਾ ਹਾਂ। ਜਦ ਇਹਦੀ ਬਿਰਤੀ ਉਠਦੀ ਹੈ, ਬਿਰਤੀ ਨੂੰ ਇਹ ਸਾਖਾਤ ਦੇਖਦਾ ਹੈ। ਭਲਾ, ਵਿ ਨੂੰ ਤਾਂ ਬਿਰਤੀ ਦੁਆਰਾ ਦੇਖੇਗਾ, ਤ੍ਰਿਕੁਟੀ ਦੁਆਰਾ। ਪਰ ਬਿਰਤੀ ਨੂੰ ਕਾਹਦੇ ਨਾਲ ਦੇਖੇਗਾ? ਬਿਰਤੀ ਵਿਾਇਕ ਤਾਂ ਬਿਰਤੀ ਹੁੰਦੀ ਨਹੀਂ। ਉਹ ਭਾਈ ਕਾਹਨ ਸਿਹੁੰ ਨੇ ਇਕ ਵਾਰੀਂ ਕਾ ਕੀਤੀ ਮਹਾਨ-ਕੋ ਦੀ। ਉਹਨੂੰ ਇਕ ਸੰਤਾਂ ਨੇ ਬੜਿਆਂ ਨੇ ਕਹਿ ਦਿੱਤਾ ਬਈ ਇਹਦੇ ਨਾਲ ਗੱਲ ਕਰ। ਮੈਂ ਆਖਿਆ ਓਏ! ਸੰਤ ਰਾਮ ਸਿੰਹੁ ਹੋਰੀਂ ਦਸਦੇ ਸਨ ਬਈ ਬਿਰਤੀ ਵਿਾਇਕ ਬਿਰਤੀ ਹੈ, ਕਿ ਨਹੀਂ ? ਉਹ ਮੈਨੂੰ ਆਂਹਦਾ ਉਥੇ ਚੱਲ, ਉਥੇ ਦੱਸਾਂਗੇ। ਉਹ ਜਦ ਆਏ ਬਲਵੰਤ ਸਿੰਹੁ ਆਖੇ ਹੁਣ ਪੁੱਛ । ਮੈਂ ਆਖਿਆ ਨਾ। ਉਹ ਕਹਿੰਦਾ ਪੁੱਛ। ਉਹ ਕਹਿੰਦਾ ਇਹ ਤਾਂ ਸੰਤਾਂ ਦੇ ਕੰਮ ਹੁੰਦੇ ਨੇ, ਸਾਡੇ ਤਾਂ ਨਹੀਂ ਹਣ। ਮੈਂ ਆਖਿਆ, ਹੁਣ ਗੱਲ ਕੀ ਕਹੇਂਗਾ। ਏਸ ਕਰਕੇ, ਤੁਸੀਂ ਐਂ ਦੱਸੋ, ਥੋਡਾ ਜਿਹੜਾ ਆਤਮਾ ਚੇਤਨ ਹੈ, ਉਹ ਪ੍ਰਮਾਤਮਾ ਹੈ।

ਜਿਨੀ ਆਤਮੁ ਚੀਨਿਆ ਪਰਮਾਤਮੁ ਸੋਈ॥
ਏਕੋ ਅੰਮ੍ਰਿਤ ਬਿਰਖੁ ਹੈ ਫਲੁ ਅੰਮ੍ਰਿਤੁ ਹੋਈ॥(ਪੰਨਾ ੪੨੧)

ਅਮਰ ਹੋ ਜਾਏਗਾ ਇਹ। ਅਮਰ ਤਾਂ ਇਹ ਪਹਿਲੇ ਹੀ ਹੈ। ਚੇਤਨ ਕਿਸੇ ਨੇ ਅਮਰ ਕਰਨੈ ? ਇਹ ਤ੍ਰਿਕੁਟੀ ਕਲਪਿਤ ਹੈ, ਚੇਤਨ ਤਾਂ ਨਿੱਤ ਮੁਕਤ ਹੈ, ਅੰਮ੍ਰਿਤ ਹੈ, ਸਤਿ ਹੈ। ਸੱਤਾ ਇਕ ਹੈ, ਦੋ ਸੱਤਾ ਤਾਂ ਹੈ ਨਹੀਂ। ਰਮਾਇਣ ਵਿਚ ਦੋ ਸੱਤਾ ਲਿਖੀਆਂ ਨੇ, ਇੱਕ ਜੀਵ ਤੇ ਇਕ ਈਰ। ਬਿਆਸ ਨੇ ਖੰਡਨ ਕਰ ਦਿੱਤਾ, ਕਹਿੰਦਾ ਸੱਤਾ ਦੋ ਕੈਸੇ

ਹੋ ਜਾਣਗੀਆਂ ? ਏਸ ਕਰਕੇ, ਸਤਿ ਇੱਕ ਹੈ, ਉਹ ਸਤਿ ਹੈ, ਏਕਾ ਹੈ। ਉਹ ਗੁਰੂ ਸਾਹਿਬ ਨੇ ਸਾਫ ਲਿਖ ਦਿੱਤਾ।

ਏਕਮ ਏਕੰਕਾਰੁ ਨਿਰਾਲਾ॥ ਅਮਰੁ ਅਜੋਨੀ ਜਾਤਿ ਨਾ ਜਾਲਾ॥
ਅਗਮ ਅਗੋਚਰੁ ਰੂਪੁ ਨ ਰੇਖਿਆ॥ ਖੋਜਤ ਖੋਜਤ ਘਟਿ ਘਟਿ ਦੇਖਿਆ॥ (ਪੰਨਾ 838)

ਪਰ ਇਹ ਤਾਂ ਭਾਈ ਘਨੱਈਏ ਨੇ ਦੇਖਿਆ ਸੀ, ਤੁਸੀ ਤਾਂ ਨਹੀਂ ਦੇਖਿਆ। ਜੇ ਤੁਸੀਂ ਦੇਖ ਲਉ ਤਾਂ ਬੇੜਾ ਪਾਰ ਨਾ ਹੋ ਜਾਏ ? ਤਾਂ ਫਿਰ ਜੋ ਤੁਹਾਡੇ ਸਾਹਮਣੇ ਆਏਗਾ, ਰੱਬ ਹੀ ਆਏਗਾ, ਚਾਹੇ ਕੋਈ ਆਵੇ। ਭਾਈ ਸਾਹਿਬ ਨੇ ਜਦ ਤੋਂ ਮਕ ਚੁੱਕੀ, ਉਹਨੇ ਐਂ ਤਾਂ ਨਹੀਂ ਦੇਖਿਆ ਕਿ ਇਹ ਹਿੰਦੂ ਹੈ ਕਿ ਇਹ ਮੁਸਲਮਾਨ ਹੈ, ਫਲਾਣਾ, ਧਿਮਕਾ। ਉਹ ਜਲ ਪਿਆਈ ਗਿਆ। ਉਹ ਜਦ ਕਿਾਇਤ ਹੋਈ ਉਹ ਜਿਹੜਾ (ਰੋਪੜ) ਰੂਪ ਨਗਰ ਜਿਸ ਨੂੰ ਅੱਜ ਕਲ੍ਹ ਕਹਿਣ ਲੱਗ ਪਏ, ਉਥੋਂ ਦਾ ਜਦ ਪਠਾਣ ਪੰਜ ਸੌ ਆਦਮੀ ਲੈ ਕੇ ਆਇਆ, ਉਹਨੇ ਕਿਹਾ ਤਾਂ ਕੁੱਛ ਹੋਰ, ਐਂ ਕਰੂੰਗਾ, ਮੈਂ ਗੁਰੂ ਗੋਬਿੰਦ ਸਿੰਘ ਨੂੰ ਲੈਕੇ ਆਊਂ, ਇਹ ਤਾਂ ਹੁੰਦਾ ਹੀ ਹੈ ਲੋਕਾਂ ਦਾ। ਤੇ ਜਦ ਉਹ ਜਖਮੀ ਹੋ ਗਿਆ, ਉਹਦੇ ਹੱਥ ਨਾ ਹਿੱਲਣ। ਉਹਨੇ ਆਖਿਆ ਪਾਣੀ। ਭਾਈ ਸਾਹਿਬ ਨੂੰ ਕਹਿੰਦਾ, ਮੇਰੇ ਹੱਥ ਤਾਂ ਹਿਲਦੇ ਨਹੀਂ। ਭਾਈ ਸਾਹਿਬ ਨੇ ਇਕ ਹੱਥ ਉਹਦੇ ਮੂੰਹ ਨੂੰ ਲਾਇਆ ਤੇ ਇਕ ਹੱਥ ਨਾਲ ਪਾਣੀ ਪਾਇਆ, ਤੇ ਉਹ ਹੈ ਤਾਂ ਦੁਮਣ ਸੀ, ਉਹ ਤਾਂ ਦੁਮਣ ਬਣਕੇ ਆਇਆ ਸੀ ਪਰ ਭਾਈ ਸਾਹਿਬ ਨੂੰ ਦੁਮਣ ਨਹੀਂ ਦਿਸਿਆ। ਭਾਈ ਸਾਹਿਬ ਤਾਂ ਸਾਰਿਆਂ ਦੇ ਵਿਚ ਪਰਮੇਰ ਦੇਖਦਾ ਸੀ, ਸਾਰਿਆਂ ਵਿੱਚ ਗੁਰੂ ਦੇਖਦਾ ਸੀ, ਉਹ ਤਾਂ ਗੁਰੂ ਗੋਬਿੰਦ ਸਿੰਘ ਮਹਾਰਾਜ ਨੂੰ ਦੇਖਦਾ ਸੀ। ਉਹਨਾਂ ਆਖਿਆ ਸੀ, ਤੂੰ ਜਲ ਪਿਆਇਆ ਕਰ ਸਾਡਾ ਰੂਪ ਸਮਝ ਕੇ। ਉਹ ਉਥੋਂ ਹਿੱਲਿਆ ਨਹੀਂ। ਏਸ ਕਰਕੇ, ਜਦ ਇਹਦੀ ਬਿਰਤੀ ਇਥੇ ਜਾਏਗੀ ਤਾਂ ਬਿਰਤੀ ਦਾ ਆਸਰਾ ਨਹੀਂ ਇਹਨੇ ਲੈਣਾ, ਇਹ ਤਾਂ ਬਿਰਤੀ ਦਾ ਦ੍ਰਟਾ ਹੈ।

ਮੂਈ ਸੁਰਤਿ ਬਾਦੁ ਅਹੰਕਾਰੁ॥ (ਪੰਨਾ ੧5੨)

ਜਿਹੜਾ ਬੇਅਰਥ ਹੰਕਾਰ ਸੀ ਬਿਰਤੀਆਂ ਵਿਾਇਕ, ਉਹ ਤਾਂ ਨਾ ਹੋਣ ਵਾਲਾ ਹੈ।

ਓਹੁ ਨ ਮੂਆ ਜੋ ਦੇਖਣਹਾਰੁ॥ ੨॥
ਕਹੁ ਨਾਨਕ ਗੁਰਿ ਬ੍ਰਹਮੁ ਦਿਖਾਇਆ॥
ਮਰਤਾ ਜਾਤਾ ਨਦਰਿ ਨ ਆਇਆ॥ ੪॥ (ਪੰਨਾ ੧5੨)

ਜੰਮਣਾ ਮਰਨਾ ਕੋਈ ਵਸਤੂ ਤਾਂ ਨਹੀਂ ਹੈ, ਪਰ ਇਹ ਭੁੱਲ ਗਿਆ। ਜਦ ਥੋੜਾ ਜਿਹਾ ਚਿੱਤ ਇਹਦਾ ਢਿੱਲਾ ਹੁੰਦੈ - ਕਹਿੰਦਾ ਮੈਂ ਮਰ ਜਾਊਂ। ਉਹਨੂੰ ਆਖੇ ਤੂੰ ਮਰਨ ਵਾਲਾ ਨਹੀਂ, ਵੀਹ ਵਾਰ ਤੂੰ ਮਰ ਚੁਕਿਐਂ। ਮੈ ਬੈਠਾ ਸੀ। ਇਕ ਸੰਤ ਨੂੰ, ਇਕ ਸੰਤ ਕਹਿੰਦਾ ਤੂੰ ਮਰਨਾ ਵੀ ਹੈ। ਉਹ ਕਹਿੰਦੇ ਇਹ ਗੱਲ ਤਾਂ ਅਸੀਂ ਕਈ ਵਾਰ ਕਰ ਚੁੱਕੇ ਹਾਂ, ਕਹਿੰਦਾ-ਇਹ ਨਾ ਮੈਨੂੰ ਦੱਸ, ਕਹਿੰਦਾ-ਪਹਿਲੀ ਵਾਰੀ ਅਸੀਂ ਮਰੇ ਹਾਂ ? ਵੀਹ ਵਾਰੀਂ ਅਸੀਂ ਮਰੇ ਹਾਂ, ਵੀਹ ਵਾਰੀ ਅਸੀਂ ਜੰਮੇ ਹਾਂ, ਇਹੋ ਜਿਹੀਆਂ ਗੱਲਾਂ ਨਾ ਕਰ ਇਥੇ। ਮੈਂ ਆਖਿਆ ਸੰਤ ਨੂੰ ਇਹ ਗੱਲ ਤਾਂ ਚੰਗੀ ਕਹੀ ਹੈ। ਹੁਣ ਇਹ ਤਾਂ ਇਕ ਅਟੱਲ ਨਿਯਮ ਹੈ, ਜੋ ਪੈਦਾ ਹੋਇਐ ਉਹਨੇ ਤਾਂ ਜਰੂਰ ਜਾਣੈ, ਹੁਣ ਇਹਦੇ ਵਿਚ ਤੁਸੀਂ ਕੀ ਕਰੋਂਗੇ ? ਇਹ ਤਾਂ ਗੀਤਾ ਨੇ ਕਹਿ ਦਿੱਤਾ ਬਈ ਉਤਪਤੀ ਨਿਸਚੇ ਵਾਲਾ, ਮ੍ਰਿਤੂ ਨਿਸਚੇ ਹੋਏਗਾ। ਇਹ ਤਾਂ ਪੱਕੀ ਬਾਤ ਹੈ। ਪਰ ਇਹਨੇ ਕੰਮ ਇਕ ਕਰਨਾ ਸੀ, ਉਹ ਸਿਮਰਨ ਦੇ ਬਿਨਾਂ ਇਹਦਾ ਬੇੜਾ ਨਹੀਂ ਲੰਘਣਾ, ਇਹ ਤੁਸੀਂ ਇਕ ਨਿਯਮ ਦੀ ਬਾਤ ਸਮਝੋ।

ਸਿਮਰਿ ਸਿਮਰਿ ਨਾਮੁ ਬਾਰੰ ਬਾਰ॥
ਨਾਨਕ ਜੀਅ ਕਾ ਇਹੈ ਅਧਾਰ॥ (ਪੰਨਾ ੨੯5)

ਜੀਵ ਦਾ ਅਧਾਰ ਸਿਮਰਨ ਦੁਆਰਾ ਹੈ। ਸਿਮਰਨ ਲਿਵ ਮੇਂ ਲੈ ਜਾਏਗਾ ਤੁਹਾਨੂੰ। ਜਦ ਸਿਮਰਨ ਤੁਹਾਡਾ ਚੱਲ ਗਿਆ ਅਨਾਹਤ ਹੁੰਦਾ ਹੋਇਆ, ਧੁਨਿ ਹੁੰਦਾ ਹੋਇਆ, ਲਿਵ ਲੱਗ ਜਾਂਦੀ ਹੈ। ਨਿਕਾਮ ਸੇਵਾ ਕਰਨੀ ਹੈ, ਸੇਵਾ ਦੇ ਬਾਅਦ ਤੈਨੂੰ ਸਿਮਰਨ ਪ੍ਰਾਪਤ ਹੋ ਜਾਊ।

ਕਿਉਂ ? ਅੰਤਹਕਰਣ ੁੱਧ, ਸੇਵਾ ਬਿਨਾ ਕਿਸੇ ਦਾ ਹੋਇਆ ਨਹੀਂ, ਜੇ ਹੋਇਆ ਹੋਵੇ ਤਾਂ ਦੱਸੋ ? ਏਸ ਕਰਕੇ, ਜਦ ਤੁਹਾਨੂੰ ਸਿਮਰਨ ਮਿਲ ਗਿਆ, ਸਿਮਰਨ ਤੁਹਾਡਾ ਚੱਲ ਪਿਆ, ਉਹਨੂੰ ਵੇਦਾਂਤ ਢਾਲੇ ਨਿਧਿਆਸਨ ਕਹਿੰਦੇ ਨੇ, ਸਜਾਤੀ ਪਰਤੇ ਕਹਿੰਦੇ ਨੇ। ਗੀਤਾ ਵਿੱਚ ਲਿਖਿਆ ਹੈ, ਭਗਵਾਨ ਕ੍ਰਿਨ ਨੇ –

ਅਨਨਯਾਚਿੰਤਯੰਤੋ ਮਾਂ ਯੇ ਜਨਾਃ ਪਰਯੁਪਾਸਤੇ।
ਤੇਾਂ ਨਿਤਯਾਭਿਯੁਕਤਾਨਾਂ ਯੋਗ ਖੇਮ ਵਹਾ ਮਯਹਮ।।

(ਗੀਤਾ 9/22)

ਮੈਂ ਜਿੰਮੇਵਾਰ ਹਾਂ ਉਹਦੀ ਯੋਗ ਕੇਮ ਦਾ, ਮੈਂ ਉਹਦੀ ਮੁਕਤੀ ਦਾ ਜਿੰਮੇਵਾਰ ਹਾਂ ਪਰ ਅਨਿੰਨ ਸਿਮਰਨ ਤੂੰ ਛੱਡੀਂ ਨਾ ਅਰਜਨ ! ਏਸ ਕਰਕੇ ਇਹਨੇ ਸਿਮਰਨ ਨਹੀਂ ਛੱਡਣਾ। ਦੁਨੀਆਂ ਦੇ ਕੰਮ ਸਾਰੇ ਕਰਨੇ ਨੇ ਪਰ ਸਿਮਰਨ ਛੱਡ ਕੇ ਨਹੀਂ ਕਰਨੇ। ਸਿਮਰਨ ਅੰਦਰੋਂ ਬੰਦ ਨਹੀਂ ਕਰਨਾ ਕਦੇ। ਸਿਮਰਨ ਇਹਦਾ ਬੇੜਾ ਪਾਰ ਕਰ ਦਏਗਾ। ਏਸ ਕਰਕੇ, ਹੁਣ ਬਦ ਬੋਲੋ ਭਾਈ ! ਵਕਤ ਥੋੜਾ ਹੈ।

ਸੋਰਠਿ ਮਹਲਾ ੫।।

ਸੋਰਠਿ ਰਾਗ ਦੇ ਵਿਚ ਪੰਚਮ ਪਾਤਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਹਾਜ, ਪੰਜਵੇਂ ਨਾਨਕ, ਕਥਨ ਕਰਦੇ ਨੇ –

ਗੁਰਿ ਪੂਰੈ ਚਰਨੀ ਲਾਇਆ।।

ਸਾਨੂੰ, ਗੁਰੂ ਰਾਮਦਾਸ ਮਹਾਰਾਜ ਜੀ ਨੇ ਚਰਨੀ ਲਾਇਆ ਹੈ। ਉਹਨਾਂ ਦਾ ਪੂਰਣ ਗੁਰੂ, ਗੁਰੂ ਰਾਮਦਾਸ ਸੀਗਾ। ਸ੍ਰੀ ਗੁਰੂ ਰਾਮਦਾਸ ਜੀ ਨੇ ਸਾਨੂੰ ਚਰਨੀਂ ਲਾਇਆ। ਚਰਨੀਂ ਮਹਿਨੇ-ਬਖ ਦਿੱਤਾ, ਬਖਿ ਕਰ ਦਿੱਤੀ।

ਹਰਿ ਸੰਗਿ ਸਹਾਈ ਪਾਇਆ।।

ਉਹ ਜਿਹੜਾ ਹਰੀ ਸੰਗ ਸੀ ਹਮੇ-

ਨਾਮੁ ਸੰਗੀ ਸੋ ਮਨਿ ਨ ਬਸਾਇਓ।।

ਛੋਡਿ ਜਾਹਿ ਵਾਹੂ ਚਿਤੁ ਲਾਇਓ॥
ਸੋ ਸੰਚਿਓ ਜਿਤੁ ਭੂਖ ਤਿਸਾਇਓ॥
ਅੰਮ੍ਰਿਤ ਨਾਮੁ ਤੋਸਾ ਨਹੀ ਪਾਇਓ॥ (ਪੰਨਾ ੭੧5)

ਇਹਦਾ ਤਾਂ ਸੰਗੀ ਨਾਮ ਹੀ ਸੀ।

ਨਾਮ ਕੇ ਧਾਰੇ ਖੰਡ ਬ੍ਰਹਮੰਡ॥ (ਪੰਨਾ ੨੮੪)

ਨਾਮ ਅੱਖਰਾਂ ਦਾ ਨਾਉਂ ਨਹੀਂ ਹੈ। ਤੁਸੀਂ ਜਦ ਕਬੀਰ ਦੀ ਬਾਣੀ ਪੜ੍ਹੋਂਗੇ, ਉਸਨੂੰ, ਉਹਨਾਂ ਨੇ ਆਖਿਆ ਪੰਡਤਾਂ ਨੇ, ਤੈਨੂੰ ਅਧਿਕਾਰ ਨਹੀਂ **ਓਮ** ਦਾ, ਤੂੰ ਦਰ ਹੈਂ- ਜੁਲਾਹਾ। ਉਹਨੇ ਆਖਿਆ-

ਓਅੰਕਾਰ ਆਦਿ ਮੈ ਜਾਨਾ॥
ਲਿਖਿ ਅਰੁ ਮੇਟੈ ਤਾਹਿ ਨ ਮਾਨਾ॥
ਓਅੰਕਾਰ ਲਖੈ ਜਉ ਕੋਈ॥
ਸੋਈ ਲਖਿ ਮੇਟਣਾ ਨ ਹੋਈ॥ (ਪੰਨਾ ੩੪)

ਉਹ ਕਹਿੰਦਾ- ਮੈਂ **ਓਅੰਕਾਰ** ਨੂੰ ਜਾਣ ਲਿਆ, ਜਿਹੜਾ ਸ੍ਰਿਟੀ ਦਾ ਆਦਿ ਕਾਰਣ ਪਰਮੇਰ ਹੈ, ਉਹ **ਓਮ** ਹੈ, ਇਹਨੂੰ ਮੈਂ ਜਾਣ ਲਿਆ ਹੈ। ਮੈਂ ਤੁਹਾਡੇ ਅੱਖਰਾਂ ਵਾਲੇ **ਓਮ** ਨੂੰ ਨਹੀਂ ਲੈਂਦਾ ਹਾਂ, ਇਹ ਤਾਂ ਤੁਸੀਂ ਰੋਜ ਲਿਖ ਲੈਂਦੇ ਹੋ ਪੱਟੀ ਤੇ ਅਤੇ ਮਿਟਾ ਦਿੰਦੇ ਹੋ। ਕਬੀਰ ਕਹਿੰਦਾ- ਮੈਂ ਇਹਦਾ ਉਪਾਕ ਤਾਂ ਨਹੀਂ ਹਾਂ। ਮੈਂ ਜਿਹੜਾ ਸੰਸਾਰ ਬਣਦਾ ਹੈ ਔਰ ਪਰਲੋ ਹੁੰਦਾ ਹੈ, ਮੈਂ ਇਹਦਾ ਉਪਾਕ ਨਹੀਂ। ਮੈਂ ਤਾਂ ਇਕ ਦਾ ਉਪਾਕ ਹਾਂ, ਉਸ ਦਾ **ਓਮ** ਦਾ, ਉਹ ਹੈਗਾ ਲਕ। ਤੇ ਜਿਸ ਨੂੰ ਲਕ ਹੋ ਗਿਆ, ਉਹ ਮਿਟੇਗਾ ਨਹੀਂ। ਕਿਉਂ ? ਉਹਦਾ ਆਪਾ ਜੋ ਹੈ। ਹੁਣ ਤੁਸੀਂ ਐਂ ਦੱਸੋ? ਓਅੰਕਾਰ ਪਰਮੇਰ ਦਾ ਪਹਿਲਾ ਨਾਮ ਹੈ, ਗੁਰੂ ਗ੍ਰੰਥ ਸਾਹਿਬ ਵਿੱਚ ਵੀ ਤੇ ਉਪਨਿਦਾਂ ਵਿਚ ਵੀ। ਉਪਨਿਦ ਤੇ ਗੁਰੂ ਗ੍ਰੰਥ ਸਾਹਿਬ, ਇਕ ਆਏਂਗੇ। ਹੇਠਲੇ ਲਿਖਾਰੀ ਅਲਹਿਦਾ ਚਲੇ ਜਾਂਦੇ ਨੇ, ਅਸੀਂ ਦੇਖੇ ਨੇ, ਉਹ ਇਥੇ ਨਹੀਂ ਰਹਿੰਦੇ। ਉਹ ਅਲਹਿਦਾ ਚਲੇ ਜਾਂਦੇ ਨੇ। ਏਸ ਕਰਕੇ **ਓਮ** ਨਾਉਂ ਹੈ।

ਓਅੰਕਾਰ ਆਦਿ ਮੈ ਜਾਨਾ॥ (ਪੰਨਾ ੩੪)

ਜਿਹੜਾ ਸ੍ਰਿਟੀ ਦਾ ਆਦਿ ਕਾਰਣ ਹੈ, ਓਅੰਕਾਰ ਹੈ, ਉਹ ਪਰਮੇਰ ਹੈ। ਉਹ ਪਰਮੇਰ ਸਾਰੇ ਵਿਆਪਕ ਨਹੀਂ ਹੈ ? ਥੋਡੀ ਬਿਰਤੀ, ਬੁੱਧੀ ਦੀ ਬਿਰਤੀ ਦੇ ਵਿਚ ਨਹੀਂ ਬੈਠਾ ? ਥੋਡੀ ਬਿਰਤੀ, ਥੋਡੇ ਖਿਆਲ ਨੂੰ ਦੇਖਦਾ ਨਹੀਂ ? ਉਹ ਜਾਣਦਾ ਨਹੀਂ ਹੈ? ਉਹ ਤਾਂ ਦ੍ਰਟਾ ਹੈ, ਉਹ ਤਾਂ ਸਾਖੀ ਹੈ। ਇਹ ਵੀ ਤੁਸੀਂ ਦੇਖ ਲਉ, ਸਾਖੀ ਅੱਜ ਤੱਕ ਾਖ ਨਾਲ ਨਹੀਂ ਮਿਲਿਆ। ਜਦ ਤੁਸੀਂ ਕੋਈ ਕਲਪਨਾ ਕਰੋਂਗੇ, ਉਹ ਸਾਖੀ, ਉਦੋਂ ਵੀ ਦੇਖੀ ਜਾਏਗਾ, ਬਈ ਆਹ ਤੇਰੀ ਗਲਤ ਹੈ, ਆਹ ਠੀਕ ਹੈ। ਤੁਸੀਂ ਆਪ ਹੀ ਨਿਰਣਾ ਕਰ ਲਉਗੇ ਬਈ ਹਾਂ ! ਉਹ ਬਾਤ ਮੈਂ ਸੋਚੀ ਸੀ, ਉਹ ਗਲਤ ਸੀ, ਆਹ ਠੀਕ ਹੈ। ਉਹ ਕੌਣ ਦਸਦੈ ਅੰਦਰ ? ਸਾਖੀ ਹੀ ਤਾਂ ਦੱਸਦੈ, ਬਈ ਆਹ ਤੇਰੀ ਗਲਤ ਹੈ। ਉਹ ਹੈ ਸਾਖੀ, ਉਹ ਹੈ ਚੇਤਨ, ਉਹਦਾ ਨਾਉਂ ਹੈ **ਆਤਮਾ** । ਉਹਨੂੰ ਅੰਤਰ-ਆਤਮਾ ਕਹਿੰਦੇ ਨੇ। ਉਹਨੂੰ ਪਰਮੇਰ ਕਹਿੰਦੇ ਨੇ। ਏਸ ਕਰਕੇ ਉਹ ਥੋਡਾ ਆਪਾ ਹੈ, ਹੋਰ ਕੋਈ ਥੋਡਾ ਆਪਾ ਨਹੀਂ। ਇਹ ਤਾਂ ਸਾਰੇ ਤਿੰਨ ਗੁਣ ਨੇ। ਸਤੋ ਗੁਣ ਦਾ ਪ੍ਰਧਾਨ ਅੰਤਹਕਰਣ ਹੈ। ਬਿਰਤੀਆਂ ਤਿੰਨਾਂ ਦੀਆਂ ਨੇ ਰਜੋ, ਸਤੋ, ਤਮੋ ਦੀਆਂ ਤੇ ਵਿਾ ਤਮੋ ਗੁਣ ਦਾ ਹੁੰਦੈ। ਇਹ ਤਾਂ ਤਿੰਨ ਗੁਣ ਮੁੱਕ ਗਏ।

ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ॥ (ਪੰਨਾ ੧੧੨੩)

ਮਾਇਆ ਤਾਂ ਇਥੇ ਸਮਾਪਤ ਹੋ ਗਈ।

ਚਉਥੇ ਪਦ ਕਉ ਜੋ ਨਰੁ ਚੀਨ੍ਹੈ ਤਿਨ੍ਹ ਹੀ ਪਰਮ ਪਦੁ ਪਾਇਆ॥ (ਪੰਨਾ ੧੧੨੩)

ਉਹ **ਪਰਮ ਪਦੁ** ਪਰਮੇਰ ਹੈ, ਉਹ ਤੁਹਾਡਾ ਆਤਮਾ ਹੈ। ਉਸੇ ਨੂੰ ਪ੍ਰਮਾਤਮਾ ਕਹਿੰਦੇ ਨੇ, ਉਸੇ ਨੂੰ ਸਾਖੀ ਕਹਿੰਦੇ ਨੇ, ਉਸੇ ਨੂੰ **ਦਾਨਾ ਬੀਨਾ ਸਾਈ ਮੈਡਾ** ਕਹਿੰਦੇ ਨੇ। ਦਾਨਾ ਬੀਨਾ ਸਰਬੱਗ ਹੈ,

ਅਲਪੱਗ ਨਹੀਂ ਹੈ। ਅਲਪੱਗ ਹੁੰਦਾ ਹੈ, ਅਨਾਤਮ ਪਦਾਰਥ, ਉਹ ਤਾਂ ਸਰਬੱਗ ਹੈ। ਉਹ ਥੋੜੇ ਕਿਸੇ ਖਿਆਲ ਨੂੰ ਨਿਰਣਾ ਕਰਕੇ ਸਹੀ ਨਹੀਂ ਦੱਸੀ ਜਾਂਦਾ ? ਉਹ ਚੇਤਨ ਥੋੜਾ ਆਪਾ ਹੈ, ਜਦ ਥੋਨੂੰ ਉਹਦਾ ਲਕ ਹੋ ਗਿਆ ਤੇ ਮਿਟਣੇ ਵਾਲੀ ਤਾਂ ਕੋਈ ਚੀ ਨਾ ਰਹੀ, ਫਿਰ ਤਾਂ ਕੋਈ ਤੁਹਾਨੂੰ ਸੋਚ ਦੀ ਜਰੂਰਤ ਨਹੀਂ। ਪਰ ਗਿਆਨ ਵਿਚ ਕੋਮਲਤਾ ਹੈ ਜੈਸੇ ਕੱਚਾ, ਕੋਮਲ ਹੁੰਦੈ। ਜਦ ਪਹਿਲਾ ਕੰਡਾ ਹੁੰਦੈ ਕਿੱਕਰ ਦਾ ਕੱਚਾ, ਉਹਦੇ ਨਾਲ ਕੰਡਾ ਨਹੀਂ ਨਿਕਲਦਾ, ਪੱਕੇ ਨਾਲ ਨਿਕਲਦੈ। ਜਦ ਇਹਨੂੰ ਸਰੂਪ ਦਾ ਦ੍ਰਿੜ ਨਿਸਚਾ ਹੋ ਜਾਏ, ਉਹਨੂੰ ਹੀ ਗੁਰੂ ਸਾਹਿਬ **ਨਾਮ ਦਾ ਦ੍ਰਿੜ** ਕਹਿੰਦੇ ਨੇ, ਉਹ ਹੋ ਜਾਏ। ਉਹ ਮੈਨੂੰ ਜਿਹੜਾ ਮੇਰੇ ਸੰਗ ਸੀ ਮੇਰੀਆਂ ਤ੍ਰਿਕੁਟੀਆਂ ਨੂੰ, ਮੇਰੀਆਂ ਬਿਰਤੀਆਂ ਨੂੰ ਦੇਖਣੇ ਵਾਲਾ, ਉਹ ਮੈਂ ਪਾ ਲਿਆ, ਗੁਰੂ ਅਰਜਨ ਦੇਵ ਜੀ ਕਹਿੰਦੇ, ਇਹ ਗੁਰੂ ਰਾਮਦਾਸ ਦੀ ਕਿਰਪਾ ਤੇ ਮੈਨੂੰ ਪ੍ਰਾਪਤ ਹੋ ਗਿਆ। ਅਵਤਾਰ ਦੀ ਇਹ ਤਾਕਤ ਹੁੰਦੀ ਹੈ। ਗੁਰੂ ਅਵਤਾਰ ਕਦੇ ਕਦੇ ਆਉਂਦਾ ਹੁੰਦਾ ਹੈ। ਕਲਾ ਅਵਤਾਰ, ਅੰਸਾ ਅਵਤਾਰ ਕਿੰਨੇ ਗਿਣੋਗੇ ਤੁਸੀਂ ਉਥੇ ? ਪਰ ਗੁਰੂ ਅਵਤਾਰ ਤਾਂ ਕਦੇ ਕਦੇ ਆਏਗਾ। ਗੁਰੂ ਅਵਤਾਰ ਜੇ ਕਦੇ ਕਦੇ ਨਾ ਆਵੇ ਤਾਂ ਉਹਨੂੰ ਚੌਹਾਂ ਥਾਵਾਂ ਤੇ ਨਾ ਜਾਣਾ ਪੈਂਦਾ, ਉਹ ਜਿਥੇ ਆਉਂਦਾ, ਉਥੇ ਹੀ ਉਪਦੇ ਕਰੀ ਜਾਂਦਾ। ਵਿਨਾਭ ਕਿਥੇ ਬੈਠਾ ਹੈ, ਝੰਡਾ ਵਾਢੀ ਕਿਥੇ ਬੈਠਾ ਹੈ, ਉਹਦੇ ਤਾਂ ਸਾਰੇ ਨਿਗਾਹ ਵਿਚ ਨੇ ਤੇ ਸਾਰਾ ਕਾਰਜ ਸਿੱਧ ਕਰਨਾ ਹੈ। ਉਹ ਗੁਰੂ ਰਾਮਦਾਸ ਦੀ ਕ੍ਰਿਪਾ ਤੇ ਜਿਹੜਾ ਮੇਰਾ ਸੰਗੀ ਸੀ ਬਿਰਤੀ ਦਾ, ਸਹਾਇਤਾ ਕਰਨੇ ਵਾਲਾ ਪਰਮੇਰ, ਸੱਤਾ ਸਫੁਰਤੀ ਦੇਣ ਵਾਲਾ, ਉਹ ਮੈਂ ਪਾ ਲਿਆ, ਗੁਰੂ ਅਰਜਨ ਦੇਵ ਜੀ ਕਹਿੰਦੇ।

ਜਹ ਜਾਈਐ ਤਹਾ ਸੁਹੇਲੇ॥

ਹੁਣ ਦੁੱਖ ਤਾਂ, ਤਾਂ ਹੁੰਦਾ ਜੇ ਤਿੰਨ ਗੁਣਾ ਵਿਚ ਹੁੰਦੇ। ਹੁਣ ਤਾਂ ਆਤਮਾ **ਆਪਣਾ ਆਪ** ਪ੍ਰਾਪਤ ਹੋ ਗਿਆ, ਉਹ ਵਿਆਪਕ ਹੈ। ਜਿੱਥੇ ਜਾਵਾਂਗੇ ਹੁਣ ਤਾਂ **ਸੁਹੇਲੇ** ਸੁਖੀ ਹਾਂ। ਗੁਰੂ ਅਰਜਨ ਦੇਵ ਜੀ ਮਹਾਰਾਜ ਕਹਿੰਦੇ –

ਜਹ ਜਾਈਐ ਤਹਾ ਸੁਹੇਲੇ॥

ਜਿਥੇ ਵੀ ਜਾਵਾਂਗੇ ਸੁਖੀ ਹਾਂ । ਕਿਉਂ ? ਸੁੱਖ ਸਰੂਪ ਤਾਂ ਆਪਾ ਹੈ ਇਹਦਾ। ਸੁੱਖ ਸਰੂਪ ਇਹਦਾ ਆਪਾ ਹੈ, ਇਹ ਦੁਖੀ ਕੈਸੇ ਹੋ ਜਾਏਗਾ? ਦੁੱਖ ਤਾਂ ਮਨ ਤੱਕ ਆਉਂਦੈ, ਅੱਗੇ ਤਾ ਦੁੱਖ ਦੀ ਕੋਈ ਜਗ੍ਹਾ ਨਹੀਂ।

ਸੁਖੁ ਦੁਖੁ ਰਹਤ ਸਦਾ ਨਿਰਲੇਪੀ ਜਾ ਕਉ ਕਹਤ ਗੁਸਾਈ॥
ਸੋ ਤੁਮ ਹੀ ਮਹਿ ਬਸੈ ਨਿਰੰਤਰਿ ਨਾਨਕ ਦਰਪਨਿ ਨਿਆਈ॥

(ਪੰਨਾ ੬੩੨)

ਉਹ ਤਾਂ ਦੁਖ ਸੁਖ ਤੇ ਪਰ੍ਹੇ ਹੈ, ਉਹ ਤਾਂ ਦੁਖ ਸੁਖ ਦਾ ਦ੍ਰਸ਼ਟਾ ਹੈ, ਏਸ ਕਰਕੇ ਹੁਣ ਤਾਂ ਸੁੱਖ ਹੀ ਸੁੱਖ ਹੈ। ਜਿੱਥੇ ਜਾਈਏ, ਉਥੇ **ਸੁਹੇਲੇ** ਬੜੇ ਸੁਖੀ ਹਾਂ-

ਕਰਿ ਕਿਰਪਾ ਪ੍ਰਭਿ ਮੇਲੇ॥

ਪ੍ਰਭੂ ਪਰਮੇਰ ਨੇ ਕਿਰਪਾ ਕਰਕੇ, ਗੁਰੂ ਰਾਮਦਾਸ ਮਿਲਾਏ ਤੇ ਗੁਰੂ ਰਾਮਦਾਸ ਨੇ ਕਿਰਪਾ ਕਰਕੇ, ਪਰਮੇਰ ਨਾਲ ਮਿਲਾ ਦਿੱਤਾ। ਇਹ ਇਕ ਨਿਯਮ ਹੈ ੨ਤਰਾਂ ਦਾ। ਪਰਮੇਰ ਦੀ ਕ੍ਰਿਪਾ ਤੇ ਪੂਰਣ ਗੁਰੂ ਮਿਲੇਗਾ ਤੇ ਪੂਰਣ ਗੁਰੂ ਦੀ ਕਿਰਪਾ ਤੇ ਪਰਮੇਰ ਮਿਲੇਗਾ। ਇਹ ਨਿਯਮ ਹੈ ਇਕ। ਜਿਹੜਾ ਵੀ ਗ੍ਰੰਥ ਤੁਸੀਂ ਪੜ੍ਹੋਗੇ, ਇਹ ਤੁਹਾਨੂੰ ਆਏ ਗਾ। ਕਿਰਪਾ ਕਰੀ ਈਰ ਨੇ, ਗੁਰੂ ਰਾਮਦਾਸ ਦੇ ਚਰਨਾਂ ਵਿਚ ਮਿਲਾ ਦਿੱਤੇ ਤੇ ਗੁਰੂ ਰਾਮਦਾਸ ਨੇ ਕਿਰਪਾ ਕਰਕੇ ਈਰ ਨਾਲ ਮਿਲਾ ਦਿੱਤੇ। ਪਤਾ ਲੱਗ ਗਿਆ, ਜਿਹੜਾ ਵਿਆਪਕ ਚੇਤਨ ਹੈ, ਮੇਰੇ ਹਿਰਦੇ ਦੇ ਵਿਚ ਮੌਜੂਦ ਹੈ, ਇਸਥਿਤ ਹੈ, ਦ੍ਰਸ਼ਟਾ ਹੋਕੇ ਬੈਠਾ, ਜਨਮ ਮਰਨ ਤੇ ਰਹਿਤ ਹੈ। ਇਹੀ, ਜਨਮ ਮਰਨ ਤੇ ਰਹਿਤ ਨਾਰਾਇਣ ਹੈ।

ਹਰਿ ਗੁਣ ਗਾਵਹੁ ਸਦਾ ਸੁਭਾਈ॥

ਹੇ ਸ੍ਰੇਟ ਪੁਰੋ ! ਹੇ ਭਾਈਓ ! ਤੁਸੀਂ ਹਰੀ ਗੁਣ ਗਾਇਆ ਕਰੋ। ਜਦ ਤੱਕ ਤੁਹਾਨੂੰ ਪਰਮੇਰ ਪ੍ਰਾਪਤ ਨਾ ਹੋ ਜਾਏ, ਉਦੋਂ ਤੱਕ ਨਾਮ ਨਾ ਛੱਡਿਓ, ਇਹ ਨਿਯਮ ਹੈ।

ਸਿਮਰਿ ਸਿਮਰਿ ਨਾਮੁ ਬਾਰੰ ਬਾਰ॥
ਨਾਨਕ ਜੀਅ ਕਾ ਇਹੈ ਅਧਾਰ॥ (ਪੰਨਾ ੨੯5)

ਸਿਮਰਨ ਨਾ ਤੁਸੀਂ ਛੱਡਿਓ, ਜੇ ਤੁਹਾਡੇ ਹੱਥੋਂ, ਸਿਮਰਨ ਛੁੱਟ ਗਿਆ, ਤਾਂ ਤੁਹਾਡੀ ਲਿਵ ਨਹੀਂ ਲੱਗੇਗੀ। ਨਾ ਇਕ ਰਸ ਬਦ ਹੋਵੇ, ਨਾ ਧੁਨਿ ਆਵੇ, ਨਾ ਲਿਵ ਲਗੇ। ਲਿਵ ਤੋਂ ਬਿਨਾਂ ਅਬਿਨਾਸੀ ਪਦ ਦੀ ਪ੍ਰਾਪਤੀ ਨਹੀਂ ਹੋਣੀ। ਏਸ ਕਰਕੇ ਭਾਈ ! ਤੁਸੀਂ ਸਾਰੇ ਪਰਮੇ ਰ ਦਾ ਸਿਮਰਨ ਕਰਿਆ ਕਰੋ, ਨਾਮ ਜਪਿਆ ਕਰੋ। ਨਾਮ ਨੇ ਨਾਮੀ ਮਿਲਾਉਣੈ, ਇਹ ਗੁਰੂ ਘਰ ਦਾ ਸਿਧਾਂਤ ਹੈ।

ਨਾਮ ਸੰਗਿ ਜਿਸ ਕਾ ਮਨੁ ਮਾਨਿਆ॥
ਨਾਨਕ ਤਿਨਹਿ ਨਿਰੰਜਨੁ ਜਾਨਿਆ॥ (ਪੰਨਾ ੨੮੧)

ਨਾਮ ਨਾਲ ਜੀਹਦਾ ਮਨ ਮੰਨ ਗਿਆ, ਉਹਨੇ ਨਿਰਾਕਾਰ ਨੂੰ ਜਾਣ ਲਿਆ। ਤੁਸੀਂ ਆਪ ਆਪਣੇ ਅੰਦਰ ਦੇਖੋ ਕਿਸੇ ਦੇ ਕਹੇ ਤੇ ਨਾ ਮੰਨਿਉਂ, ਥੋਡਾ ਮਨ ਨਾਮ ਦੇ ਨਾਲ ਇਕ ਹੋਇਐ ਕਦੇ ? ਕੋਈ ਕਹੋ। ਜਦ ਇਕ ਹੋ ਜਾਊ, ਸਮਾਧੀ ਹੋ ਜਾਏਗੀ, ਹੋਰ ਸਮਾਧੀ ਦਾ ਕੋਈ ਰੂਪ ਤਾਂ ਹੈ ਨਹੀਂ। ਜਦ ਤੁਹਾਡਾ ਮਨ, ਪਰਮੇਰ ਨਾਲ ਇਕ ਹੋ ਗਿਆ, ਨਾਮ ਨਾਲ ਲੀਨ ਹੋ ਗਿਆ, ਥੋਡੀ ਸਮਾਧੀ ਹੋ ਜਾਊ ਤੇ ਨਿਤ ਮੋਕ ਤੁਸੀਂ ਉਦੋਂ ਹੋ ਜਾਣੈ, ਤੁਹਾਨੂੰ ਜਾਗ ਆ ਜਾਣੀ ਹੈ।

ਏਕ ਵਸਤੁ ਬੂਝਹਿ ਤਾ ਹੋਵਹਿ ਪਾਕ॥
ਬਿਨੁ ਬੂਝੇ ਤੂੰ ਸਦਾ ਨਾਪਾਕ॥ (ਪੰਨਾ ੩੭੪)

ਇਕ ਵਸਤੂ ਜਦ ਤੂੰ ਬੁੱਝ ਲਈ ਤਾਂ ਪਵਿੱਤਰ ਹੋ ਜਾਏਂਗਾ, ਬ੍ਰਹਮਗਿਆਨ ਤੈਨੂੰ ਹੋ ਜਾਏਗਾ।

ਮਨ ਚਿੰਦੇ ਸਗਲੇ ਫਲ ਪਾਵਹੁ

ਤੇ ਜੋ ਵੀ ਤੁਸੀਂ ਮਨ ਦੇ ਵਿਚ ਕਹੋਂਗੇ, ਇਹ ਵਿਧੀ ਵਾਕ ਹੈ, ਉਹੀ ਫਲ ਪਾਉਂਗੇ। ਗੁਰੂ ਸਾਹਿਬ ਕਹਿੰਦੇ– ਨਾਮ ਨਾ ਛੱਡਿਓ ਤੁਸੀਂ, ਜਿਹੜੇ ਵੀ ਤੁਸੀਂ ਆਪਣੇ ਅੰਦਰ ਕੋਈ ਖਿਆਲ ਕਰੋਗੇ, ਉਹ ਤੁਹਾਡਾ ਪੂਰਾ ਹੋ ਜਾਊ, ਉਹ ਫਲ ਤੁਹਾਨੂੰ ਪ੍ਰਾਪਤ ਹੋ ਜਾਏਗਾ।

ਜੀਅ ਕੈ ਸੰਗਿ ਸਹਾਈ॥

ਉਹ ਜੀਵ ਦੇ ਸੰਗ ਜਿਹੜਾ ਪਰਮੇਰ ਹੈ, ਉਹ ਸਹਾਇਤਾ ਕਰੇ ਗਾ। ਜੀਵ ਕੋਈ ਵਸਤੂ ਤਾਂ ਨਹੀਂ, ਜੀਵ ਕੋਈ ਜਾਨਵਰ ਦਾ ਨਾ ਨਹੀਂ, ਕੋਈ ਪ੍ਰਾ ਦਾ ਨਾਉਂ ਨਹੀਂ ਹੈ। ਇਹ ਜੀਵ ਤਾਂ ਕਲਪਿਤ ਹੈ। ਇਹਨੇ ਕਲਪਨਾ ਕਰ ਲਿਆ ਇਕ ਜੀਵ, ਬਈ ਮੈਂ ਜੀਵ ਹਾਂ। ਉਹਨੂੰ ਆਖੇ ਕੈਸੇ ਜੀਵ ਹੈਂ ? ਕਬੀਰ ਨੇ ਤਾ ਫਾਹਾ ਵੱਢ ਦਿੱਤਾ **ਕਬੀਰ ਬੀਜਕ** ਮੇਂ। ਉਹਨੇ ਆਖਿਆ, ਤੂੰ ਤਾਂ ਪਾਰਖ ਹੈਂ। ਗੁਰੂ ਸਾਹਿਬ ਕਹਿੰਦੇ –

ਨਾਨਕ ਪਾਰਖੁ ਆਪਿ ਜਿਨਿ ਖੋਟਾ ਖਰਾ ਪਛਾਣਿਆ॥

(ਪੰਨਾ ੧੪੪)

ਤੇ ਇਥੋਂ ਤੱਕ ਕਬੀਰ ਗਿਆ, ਕਹਿੰਦਾ ਉਹ ਤਾਂ ਪਾਰਖ ਹੈ, ਪਾਰਖ ਤਾਂ ਸਾਖੀ, ਚੇਤਨ, ਆਤਮਾ, ਪਰਮਾਤਮਾ ਹੈ। ਪਾਰਖ ਤਾਂ ਚੇਤਨ ਹੈ, ਜੜ੍ਹ ਕਦੇ ਹੋਇਆ ਨਹੀਂ। ਕਬੀਰ ਸਾਹਿਬ ਕਹਿੰਦੇ, ਇਸ ਤੋਂ ਅਗਾਂਹ ਤੁਹਾਨੂੰ ਜਰੂਰਤ ਹੀ ਨਹੀਂ, ਬੱਸ ਪਾਰਖ ਨੂੰ ਸਿਆਣ ਲਉ। ਜਿਹੜਾ ਸਾਰੀ ਦੁਨੀਆਂ ਦੀ ਪਰੀਖਿਆ ਕਰਦੈ ਥੋਡੇ ਅੰਦਰ ਬੈਠਕੇ, ਥੋਡੇ ਖਿਆਲਾਂ ਨੂੰ ਜਾਣਦੈ, ਤੁਹਾਡੇ ਸੰਕਲਪਾਂ ਨੂੰ ਜਾਣਦੈ, ਥੋਡੀਆਂ ਬਿਰਤੀਆਂ ਨੂੰ ਜਾਣਦੈ, ਉਹ ਪਾਰਖ ਹੈ, ਉਹ ਸਰਬੱਗ ਹੈ, ਉਹ ਪਰਮੇਰ ਹੈ। ਏਸ ਕਰਕੇ, ਤੁਸੀਂ ਭਾਈ ! ਇਥੇ ਪਹੁੰਚ ਜਾਉ।

ਰਹਾਉ ॥

ਰਹਾਉ ਰਾਗੀਆਂ ਵਾਸਤੇ ਹੁੰਦੈ, ਇਹ ਪੰਕਤੀ ਦੋ ਵਾਰੀਂ ਪੜਨੀ ਹੈ, **ਰਹਾਉ** ਦੀ ਪੰਕਤੀ। ਅਸੀਂ ਸੰਪਰਦਾਇ ਵਿਚ ਪੜ੍ਹੇ ਹਾਂ, ਉਹ ਕਹਿੰਦੇ ਸੀ ਬਈ ਸਾਰੇ ਬਦ ਦਾ ਤਾਤਪਰਜ ਹੁੰਦੈ **ਰਹਾਉ** ਵਾਲੀ ਪੰਕਤੀ ਵਿਚ। ਏਸ ਕਰਕੇ, ਰਾਗੀ ਇਸਨੂੰ ਦੋ–ਚਾਰ ਵਾਰੀ ਪੜ੍ਹਦੇ ਨੇ। ਚਲ ਅੱਗੇ ਭਾਈ –

ਨਾਰਾਇਣ ਪ੍ਰਾਣ ਅਧਾਰਾ॥
ਹਮ ਸੰਤ ਜਨਾਂ ਰੇਨਾਰਾ॥

ਇਹ ਜਿਹੜਾ **ਨਾਰਾਇਣ** ਹੈ ਕਿ ਨਾ ਚੇਤਨ, **ਆਤਮਾ** ਸਾਰੇ ਨਰਾਂ ਦਾ ਅਧਿਠਾਨ, ਉਹ ਸਾਰਿਆਂ ਦੇ ਪ੍ਰਾਣਾਂ ਦਾ ਆਸਰਾ ਹੈ। ਸਾਡੇ ਪ੍ਰਾਣ, ਉਹਦੇ ਆਸਰੇ ਨੇ। ਜਦ ਇਥੇ ਤੱਕ ਪਹੁੰਚ ਗਿਆ ਤਾਂ ਸਾਰੇ ਸੰਤ ਜਿੰਨੇ ਦੁਨੀਆਂ ਦੇ ਮਹਾਂਪੁਰਖ ਨੇ ਮੈਂ ਉਹਨਾਂ ਦੀ ਧੂੜ ਹੋ ਗਿਆ। ਮੈਂ ਉਹਨਾਂ ਦੀ ਧੂੜ, ਓਸ ਦਿਨ ਤੋਂ ਹੋ ਗਿਆ। ਮੈਨੂੰ ਓਸ ਸੰਤ ਦੇ ਪਾਸੋਂ, ਇਹ ਵਸਤੂ ਪ੍ਰਾਪਤ ਹੋਈ ਸੀ, ਗੁਰੂ ਰਾਮਦਾਸ ਦੀ ਕ੍ਰਿਪਾ ਤੇ ਇਹ ਵਸਤੂ ਪ੍ਰਾਪਤ ਹੋਈ, ਜਿਹੜਾ ਮੇਰੇ ਪ੍ਰਾਣਾਂ ਦਾ ਆਸਰਾ ਸੀ **ਚੇਤਨ** , ਉਹ ਮੈਨੂੰ ਪ੍ਰਾਪਤ ਹੋ ਗਿਆ। ਏਸ ਕਰਕੇ, ਮੈਂ ਉਹਨਾਂ ਗੁਰੂ ਰਾਮਦਾਸ ਜੀ ਦੇ ਚਰਨਾਂ ਦੀ ਧੂੜ ਹਾਂ ਤੇ ਜਿਹੜੇ ਵੀ ਇਥੇ ਪਹੁੰਚੇ, ਉਹਨਾਂ ਦੀ ਵੀ ਧੂੜ ਹਾਂ।

ਪਤਿਤ ਪੁਨੀਤ ਕਰਿ ਲੀਨੇ॥

ਇਹਨਾਂ ਪਤਿਤਾਂ ਨੂੰ ਪਵਿੱਤਰ ਕਰਨ ਵਾਲੀ ਇਹੀ ਵਸਤੂ ਹੈ। ਅਸੀਂ ਪਹਿਲਾਂ ਭੁੱਲ ਚ ਸੀ, ਇਹ ਸਾਨੂੰ ਪਤਾ ਨਹੀਂ ਸੀ। ਪਰ ਗੁਰੂ ਸਾਹਿਬ ਲਿਖਦੇ ਨੇ ਸਾਨੂੰ ਪਵਿੱਤਰ ਕਰ ਦਿੱਤਾ, ਗੁਰੂ ਰਾਮਦਾਸ ਦੀ ਕਿਰਪਾ ਨੇ, ਗੁਰੂ ਰਾਮਦਾਸ ਦੀ ਮਿਹਰ ਨੇ, ਬਖ਼ਸ਼ ਨੇ ਸਾਨੂੰ ਮਹਾਂ-ਪਵਿੱਤਰ ਕਰ ਦਿੱਤਾ। ਆਤਮਾ ਮਹਾਂ-ਪਵਿੱਤਰ ਹੈ। ਆਤਮਾ, ਅੱਜ ਤੱਕ ਮੈਲਾ ਕਦੇ ਨਹੀਂ ਹੋਇਆ, ਨਾ ਉਹਦੇ ਚ ਕੋਈ ਕਾਮ, ਕ੍ਰੋਧ, ਲੋਭ, ਮੋਹ ਪਹੁੰਚਿਆ। ਕੋਈ ਵਿਕਾਰ ਨਹੀਂ, ਜਿਹੜਾ ਚੇਤਨ ਮੇਂ ਚਲਿਆ ਜਾਵੇ। ਪਰ ਅੱਜ ਅਸੀਂ ਮਹਾਂ-ਪਵਿੱਤਰ ਹੋ ਗਏ। ਸਾਨੂੰ ਇਹ ਗਿਆਨ ਹੋ ਗਿਆ। ਸਾਡਾ ਆਪਾ ਚੇਤਨ, ਵਿਆਪਕ, ਪਰੀਪੂਰਣ, ਈਸ਼ਰ ਕਹਿ ਲਉ, ਪਰਮੇਸ਼ਰ ਕਹਿ ਲਉ, ਬ੍ਰਹਮ ਕਹਿ ਲਉ, ਜੋ ਤੁਹਾਡੀ ਖ਼ੁਸ਼ੀ ਹੈ ਵਿਸ਼ੇਸ਼ਣ ਦੇ ਦਿਉ, ਅਸੀਂ ਇਥੇ ਪਹੁੰਚ ਗਏ।

ਗੁਰੁ ਅਰਜੁਨੁ ਪਰਤਖ ਹਰਿ॥ (ਪੰਨਾ ੧੪੦੯)

ਚੱਲੀਏ -

ਕਰਿ ਕਿਰਪਾ ਹਰਿ ਜਸੁ ਦੀਨੇ॥

ਕਿਰਪਾ ਕਰਕੇ ਪਰਮੇਰ ਨੇ ਹਰੀ ਜਸ ਦਿੱਤਾ। ਹਰੀ ਜਸ ਆਪਣੇ ਆਪ ਨਹੀਂ ਮਿਲਦਾ। ਜਦ ਇਹ ਭੁੱਲ ਵਿਚ ਜਾਂਦੈ ਉਦੋਂ ਹਰੀ ਜਸ ਨਹੀਂ ਪ੍ਰਾਪਤ ਹੁੰਦਾ। ਜਦ ਇਹ ਆਪਣੇ ਸਰੂਪ ਵਿਚ ਜਾਗ ਪੈਂਦੈ ਫਿਰ ਇਹਦਾ ਹਰੀ ਜਸ ਬੰਦ ਨਹੀਂ ਹੁੰਦਾ।

ਭੂਲਿਓ ਮਨੁ ਮਾਇਆ ਉਰਝਾਇਓ॥
ਜੋ ਜੋ ਕਰਮ ਕੀਓ ਲਾਲਚ ਲਗਿ ਤਿਹ ਤਿਹ ਆਪੁ ਬੰਧਾਇਓ॥
ਸਮਝ ਨ ਪਰੀ ਬਿਖੈ ਰਸ ਰਚਿਓ ਜਸੁ ਹਰਿ ਕੋ ਬਿਸਰਾਇਓ॥

(ਪੰਨਾ ੭ ੨)

ਇਹਨੂੰ, ਹਰੀ ਦਾ ਜਸ ਭੁੱਲ ਗਿਆ, ਇਹਨੇ ਵਿਸਾਰ ਦਿੱਤਾ। ਉਹ ਹਰੀ ਦਾ ਜਸ ਸਾਨੂੰ, ਗੁਰੂ ਰਾਮਦਾਸ ਨੇ ਬਖਸ਼ ਕਰਕੇ ਦੇ ਦਿੱਤਾ। ਹੁਣ ਅਸੀਂ, ਹਰੀ ਜਸ ਗਾਉਂਦੇ ਹਾਂ ਹਰ ਵਕਤ।

ਪਾਰਬ੍ਰਹਮੁ ਕਰੇ ਪ੍ਰਤਿਪਾਲਾ॥

ਪਾਰਬ੍ਰਹਮ ਪਰਮੇਰ ਸਾਡੀ ਪ੍ਰਤਿਪਾਲਣਾ ਕਰਦਾ ਹੈ। ਜਿਤਨੇ ਵਿਰੋਧੀ ਸਨ, ਪ੍ਰਿਥੀਆ ਕਿੰਨਾ ਵਿਰੋਧੀ ਸੀ ਪਰ ਪ੍ਰਤਿਪਾਲਣਾ ਕਰਨ ਵਾਲਾ ਤਾਂ ਪਰਮੇਰ ਸੀ। ਇਹ ਸੁਲਹੀ ਆਇਆ ਤੇ ਨਾਰਾਇਣ ਨੇ ਰੱਖ ਲਿਆ। ਉਹਨੂੰ ਪਰਮੇਰ ਕਹੋ, ਨਾਰਾਇਣ ਕਹੋ, ਪਾਰਬ੍ਰਹਮ ਕਹੋ, ਉਹ ਸਾਡੀ ਪ੍ਰਤਿਪਾਲਾ ਕਰਦਾ ਹੈ। ਹੁਣ ਅਸੀਂ ਕਿਸੇ ਜੀਵ ਦੇ ਆਸਰੇ ਨਹੀਂ ਹਾਂ। ਸਾਡਾ ਪ੍ਰਤਿਪਾਲਕ, ਰਖਕ, ਇੱਕ ਪਰਮੇਰ ਪਾਰਬ੍ਰਹਮ ਹੈ।

ਸਦ ਜੀਅ ਸੰਗਿ ਰਖਵਾਲਾ॥

ਸਾਰੀ ਦੁਨੀਆਂ ਦਾ ਉਹ ਰਖਵਾਲਾ ਹੈ, ਜਿੰਨੇ ਦੁਨੀਆਂ ਦੇ ਵਿਚ ਜੀਅ ਨੇ। ਤੇ ਅਸੀਂ ਵੀ ਉਹਨੂੰ ਆਪਣਾ ਰਾਖਾ ਮੰਨ ਲਿਆ।

ਰਾਖਾ ਏਕੁ ਹਮਾਰਾ ਸੁਆਮੀ॥ ਸਗਲ ਘਟਾ ਕਾ ਅੰਤਰਜਾਮੀ॥

(ਪੰਨਾ ੧੧੩੬)

ਉਹ ਸਾਡਾ ਰਾਖਾ ਹੈ।

ਹਰਿ ਦਿਨੁ ਰੈਨਿ ਕੀਰਤਨੁ ਗਾਈਐ॥

ਹੁਣ ਤਾਂ ਇੱਕੋ ਹੀ ਬਾਤ ਰਹਿ ਗਈ, ਰਾਤਰੀ, ਦਿਨ ਕੀਰਤਨ ਕਰਨਾ, ਮੈਹਨੇ-ਸਿਮਰਨ ਕਰਨਾ, ਜਸ ਕਰਨਾ। ਹੁਣ ਤਾਂ ਹਰੀ ਦਾ ਕੀਰਤਨ ਹੀ ਕਰਨਾ ਹੈ।

ਬਹੁੜਿ ਨ ਜੋਨੀ ਪਾਈਐ॥

ਹੁਣ ਜਨਮ ਮੁੱਕ ਗਏ ਸਾਡੇ। ਜਨਮਾਂ ਦਾ ਕੋਈ ਕੰਮ ਨਹੀਂ ਰਿਹਾ, ਉਹ ਸੰਸਕਾਰ ਹੀ ਨਹੀਂ ਰਹੇ। ਹੁਣ ਤਾਂ ਭਾਈ! ਜਨਮ ਮਰਨ ਤੇ ਰਹਿਤ ਨਾਰਾਇਣ ਹੋ ਗਏ।

ਜਿਸੁ ਦੇਵੈ ਪੁਰਖੁ ਬਿਧਾਤਾ॥

ਕਿਰਪਾ ਕਰਕੇ ਜੀਹਨੂੰ ਫਲ ਪੁਰ ਦਾਤਾ ਪੁਰਖ ਦਿੰਦਾ ਹੈ। ਗੁਰੂ ਰਾਮਦਾਸ ਜੀ ਦੁਆਰਾ ਪਰਮੇਰ ਨੇ ਸਾਨੂੰ ਦਿੱਤਾ।

ਗੁਰੁ ਪਰਮੇਸਰੁ ਏਕੋ ਜਾਣੁ॥
ਜੋ ਤਿਸੁ ਭਾਵੈ ਸੋ ਪਰਵਾਣੁ॥ (ਪੰਨਾ ੪੬੪)

ਹੁਣ ਤਾਂ ਪਰਮੇਰ ਔਰ ਗੁਰੂ ਇਕ ਨੇ। ਬ੍ਰਹਮ ਗਿਆਨੀ ਪਰਮੇਰ ਹੁੰਦਾ ਹੈ।

ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥
ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥
ਬ੍ਰਹਮ ਗਿਆਨੀ ਕਾ ਸਗਲ ਅਕਾਰੁ॥
ਬ੍ਰਹਮ ਗਿਆਨੀ ਆਪਿ ਨਿਰੰਕਾਰੁ॥
ਬ੍ਰਹਮ ਗਿਆਨੀ ਸਭ ਸ੍ਰਿਸਟਿ ਕਾ ਕਰਤਾ॥
ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ॥ (ਪੰਨਾ ੨੭੩)

ਉਹਦਾ ਜਨਮ ਮਰਨ ਫਿਰ ਹੁੰਦਾ ਹੀ ਨਹੀਂ।

ਹਰਿ ਰਸੁ ਤਿਨ ਹੀ ਜਾਤਾ॥

ਹਰੀ ਦਾ ਰਸ, ਉਹਨੇ ਹੀ ਜਾਣਿਆ। ਉਹਨੇ-

ਉਹ ਰਸੁ ਪੀਆ ਇਹ ਰਸੁ ਨਹੀ ਭਾਵਾ॥ (ਪੰਨਾ ੩੪੨)

ਉਹਨੂੰ, ਹਰੀ ਦਾ ਰਸ ਪ੍ਰਾਪਤ ਹੋ ਗਿਆ, ਅਨੰਦ ਪ੍ਰਾਪਤ ਹੋ ਗਿਆ।

ਜਮਕੰਕਰੁ ਨੇੜਿ ਨ ਆਇਆ॥

ਉਹ ਜਮਾਂ ਦੇ ਜਿਹੜੇ **ਕੰਕਰੁ** ਸੀ, ਨੌਕਰ ਸੀ, ਦੂਤ, ਉਹ ਸਾਡੇ ਨੇੜੇ ਨਹੀਂ ਆਉਂਦੇ। ਜਮਾਂ ਨਾਲ ਸਾਡਾ ਕੋਈ ਸੰਬੰਧ ਨਹੀਂ।

ਦੂਰਿ ਰਹੀ ਉਹ ਜਨ ਤੇ ਬਾਟ॥ (ਪੰਨਾ ੩੯੩)

ਇਹ ਅਲਹਿਦਾ ਰਸਤਾ ਹੈ, ਇਹ ਤਾਂ ਗਿਆਨ ਹੈ, ਇਥੇ ਜਮਾਂ ਦਾ ਕੋਈ ਕੰਮ ਨਹੀਂ ਹੈ।

ਸੁਖੁ ਨਾਨਕ ਸਰਣੀ ਪਾਇਆ॥

ਅਸੀਂ ਪਰਮੇਰ ਦੀ ਰਣੀ ਪਏ, ਉਹਨਾਂ ਨੇ ਸਾਨੂੰ ਗੁਰੂ ਮਿਲਾ ਦਿੱਤਾ। ਸਾਨੂੰ ਆਤਮ ਸੁੱਖ ਪ੍ਰਾਪਤ ਹੋ ਗਿਆ, ਪਰ ਰਣੀ ਪੈਕੇ ਹੋਇਆ।

ਸਰਵ ਧਰਮਾਨ ਪਰਿਤਯਜਯ ਮਾਮੇਕੰ ਰਣੰ ਵ੍ਰਜ।
ਅਹੰ ਤਵਾ ਸਰਵ ਪਾਪੇਭਯੋ ਮੋਖਯ ਯਿਾਮਿ ਮਾ੍ ਚ:॥

(ਗੀਤਾ 18/66)

ਮੱਤ ਸੋਚ ਕਰੀਂ ਤੂੰ ਮੋਕ ਦੀ, ਪਾਪਾਂ ਦੀ। ਪਰ ਤੂੰ ਰਣ ਪੈ ਜਾ। ਰਣ ਉਸ ਪਾਰਬ੍ਰਹਮ ਪਰਮੇਰ ਦੀ ਪੈ ਜਾ, ਹੋਰ ਕਿਸੇ ਦੀ ਰਣ ਨਹੀਂ। ਜਿਹੜਾ ਲੋਕਾਂ ਨੂੰ ਭੁਲੇਖਾ ਹੈ ਕਿ ਕ੍ਰਿਨ ਨੇ **ਮੈਂ** ਕਿਹਾ, ਇਹ ਨਹੀਂ। ਉਹਨੇ ਆਖਿਆ, ਪਾਰਬ੍ਰਹਮ ਪਰਮੇਰ ਦੀ ਰਣ ਪੈ ਜਾ। ਉਹਦਾ ਆਪਣੀ ਵਿਅਕਤੀਗਤ ਮੈਂ ਦਾ ਮਤਲਬ ਨਹੀਂ ਉਥੇ। ਵਿਅਕਤੀ ਦਾ ਤਾਂ ਉਹ ਸੱਤਵੇਂ ਅਧਿਆਏ ਵਿਚ ਖੰਡਨ ਕਰਕੇ ਆਇਐ। ਉਹ ਤਾਂ ਪਹਿਲਾਂ ਖੰਡਨ ਕਰਕੇ ਆਇਐ। ਉਹਨੇ ਤਾਂ ਖੇਤ੍ਰਗਯ ਕਿਹਾ। ਉਹ ਤਾਂ ਤੇਰ੍ਹਵੇਂ ਅਧਿਆਏ ਦੇ ਦੂਸਰੇ ਸਲੋਕ ਵਿਚ ਚਲਿਆ ਗਿਆ। ਉਹ ਕਹਿੰਦਾ, ਖੇਤ੍ਰਗਯ ਜੋ ਚੇਤਨ ਹੈ, ਇਹਦੇ ਹਿਰਦੇ ਦੇ ਵਿਚ ਉਹ ਗਿਆਨ **ਮੈਂ** ਹਾਂ, ਉਹ ਸਾਰਿਆਂ ਦੇ ਵਿੱਚ

ਇੱਕ ਹੈ। ਉਹ ਸਰਬ ਖੇਤ੍ਰਗਯ ਇਕ ਹੈ, ਅਰਜੁਨ ! ਉਹ ਸਾਰਿਆਂ ਦੇ ਹਿਰਦਿਆਂ ਵਿਚ ਪਰਮੇਰ ਹੈ।

ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ॥

(ਪੰਨਾ ੧੪੨੭)

ਉਹ ਤਾਂ ਸਾਰਿਆਂ ਦੇ ਹਿਰਦਿਆਂ ਦੇ ਵਿਚ ਓਅੰਕਾਰ ਬੈਠੈ, ਪਰਮੇਰ ਬੈਠੈ, ਈਰ ਬੈਠੈ। ਹੁਣ ਅਸੀਂ ਬਖੇ ਗਏ, ਸਾਨੂੰ ਆਤਮ-ਸੁਖ ਪ੍ਰਾਪਤ ਹੋ ਗਿਆ।

ਜਮਕੰਕਰੁ ਨੇੜਿ ਨ ਆਇਆ॥
ਸੁਖੁ ਨਾਨਕ ਸਰਣੀ ਪਾਇਆ॥
ਬੋਲੋ ਸਤਿਨਾਮ ਸ੍ਰੀ ਵਾਹਿਗੁਰੂ॥

ੴ ਸਤਿਗੁਰ ਪ੍ਰਸਾਦਿ॥

੪੧

ਸਲੋਕੁ॥

ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥
ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥ ੧॥

ਅਸਟਪਦੀ॥ (ਪੰਨਾ 289)

ਜਾਚਕ ਜਨੁ ਜਾਚੈ ਪ੍ਰਭ ਦਾਨੁ॥ ਕਰਿ ਕਿਰਪਾ ਦੇਵਹੁ ਹਰਿ ਨਾਮੁ॥
ਸਾਧ ਜਨਾ ਕੀ ਮਾਗਉ ਧੂਰਿ॥ ਪਾਰਬ੍ਰਹਮ ਮੇਰੀ ਸਰਧਾ ਪੂਰਿ॥
ਸਦਾ ਸਦਾ ਪ੍ਰਭ ਕੇ ਗੁਨ ਗਾਵਉ॥ ਸਾਸਿ ਸਾਸਿ ਪ੍ਰਭ ਤੁਮਹਿ ਧਿਆਵਉ॥
ਚਰਨ ਕਮਲ ਸਿਉ ਲਾਗੈ ਪ੍ਰੀਤਿ॥ ਭਗਤਿ ਕਰਉ ਪ੍ਰਭ ਕੀ ਨਿਤ ਨੀਤਿ॥
ਏਕ ਓਟ ਏਕੋ ਆਧਾਰੁ॥ ਨਾਨਕੁ ਮਾਗੈ ਨਾਮੁ ਪ੍ਰਭ ਸਾਰੁ॥ ੧॥
ਪ੍ਰਭ ਕੀ ਦ੍ਰਿਸਟਿ ਮਹਾ ਸੁਖੁ ਹੋਇ॥ ਹਰਿ ਰਸੁ ਪਾਵੈ ਬਿਰਲਾ ਕੋਇ॥
ਜਿਨ ਚਾਖਿਆ ਸੇ ਜਨ ਤ੍ਰਿਪਤਾਨੇ॥ ਪੂਰਨ ਪੁਰਖ ਨਹੀ ਡੋਲਾਨੇ॥
ਸੁਭਰ ਭਰੇ ਪ੍ਰੇਮ ਰਸ ਰੰਗਿ॥ ਉਪਜੈ ਚਾਉ ਸਾਧ ਕੈ ਸੰਗਿ॥
ਪਰੇ ਸਰਨਿ ਆਨ ਸਭ ਤਿਆਗਿ॥ ਅੰਤਰਿ ਪ੍ਰਗਾਸ ਅਨਦਿਨੁ ਲਿਵ ਲਾਗਿ॥

ਬਡਭਾਗੀ ਜਪਿਆ ਪ੍ਰਭੁ ਸੋਇ॥ ਨਾਨਕ ਨਾਮਿ ਰਤੇ ਸੁਖੁ ਹੋਇ॥੨॥

ਸੇਵਕ ਕੀ ਮਨਸਾ ਪੂਰੀ ਭਈ॥ ਸਤਿਗੁਰ ਤੇ ਨਿਰਮਲ ਮਤਿ ਲਈ॥

ਜਨ ਕਉ ਪ੍ਰਭੁ ਹੋਇਓ ਦਇਆਲੁ॥ ਸੇਵਕੁ ਕੀਨੋ ਸਦਾ ਨਿਹਾਲੁ॥

ਬੰਧਨ ਕਾਟਿ ਮੁਕਤਿ ਜਨੁ ਭਇਆ॥ ਜਨਮ ਮਰਨ ਦੂਖੁ ਭ੍ਰਮੁ ਗਇਆ॥

ਇਛ ਪੁਨੀ ਸਰਧਾ ਸਭ ਪੂਰੀ॥ ਰਵਿ ਰਹਿਆ ਸਦ ਸੰਗਿ ਹਜੂਰੀ॥

ਜਿਸ ਕਾ ਸਾ ਤਿਨਿ ਲੀਆ ਮਿਲਾਇ॥ ਨਾਨਕ ਭਗਤੀ ਨਾਮਿ ਸਮਾਇ॥ ੩॥

ਸੋ ਕਿਉ ਬਿਸਰੈ ਜਿ ਘਾਲ ਨ ਭਾਨੈ॥ ਸੋ ਕਿਉ ਬਿਸਰੈ ਜਿ ਕੀਆ ਜਾਨੈ॥

ਸੋ ਕਿਉ ਬਿਸਰੈ ਜਿਨਿ ਸਭੁ ਕਿਛੁ ਦੀਆ॥ ਸੋ ਕਿਉ ਬਿਸਰੈ ਜਿ ਜੀਵਨ ਜੀਆ॥

ਸੋ ਕਿਉ ਬਿਸਰੈ ਜਿ ਅਗਨਿ ਮਹਿ ਰਾਖੈ॥ ਗੁਰ ਪ੍ਰਸਾਦਿ ਕੋ ਬਿਰਲਾ ਲਾਖੈ॥

ਸੋ ਕਿਉ ਬਿਸਰੈ ਜਿ ਬਿਖੁ ਤੇ ਕਾਢੈ॥ ਜਨਮ ਜਨਮ ਕਾ ਟੂਟਾ ਗਾਢੈ॥

ਗੁਰਿ ਪੂਰੈ ਤਤੁ ਇਹੈ ਬੁਝਾਇਆ॥ ਪ੍ਰਭੁ ਅਪਨਾ ਨਾਨਕ ਜਨ ਧਿਆਇਆ॥ ੪॥

ਸਾਜਨ ਸੰਤ ਕਰਹੁ ਇਹੁ ਕਾਮੁ॥ ਆਨ ਤਿਆਗਿ ਜਪਹੁ ਹਰਿ ਨਾਮੁ॥

ਸਿਮਰਿ ਸਿਮਰਿ ਸਿਮਰਿ ਸੁਖ ਪਾਵਹੁ॥ ਆਪਿ ਜਪਹੁ ਅਵਰਹ ਨਾਮੁ ਜਪਾਵਹੁ॥

ਭਗਤਿ ਭਾਇ ਤਰੀਐ ਸੰਸਾਰੁ॥ ਬਿਨੁ ਭਗਤੀ ਤਨੁ ਹੋਸੀ ਛਾਰੁ॥

ਸਰਬ ਕਲਿਆਣ ਸੂਖ ਨਿਧਿ ਨਾਮੁ॥ ਬੂਡਤ ਜਾਤ ਪਾਏ ਬਿਸ੍ਰਾਮੁ॥

ਸਗਲ ਦੂਖ ਕਾ ਹੋਵਤ ਨਾਸੁ॥ ਨਾਨਕ ਨਾਮੁ ਜਪਹੁ ਗੁਨਤਾਸੁ॥ ੫॥

ਉਪਜੀ ਪ੍ਰੀਤਿ ਪ੍ਰੇਮ ਰਸੁ ਚਾਉ॥ ਮਨ ਤਨ ਅੰਤਰਿ ਇਹੀ ਸੁਆਉ॥

ਨੇਤ੍ਰਹੁ ਪੇਖਿ ਦਰਸੁ ਸੁਖੁ ਹੋਇ। ਮਨੁ ਬਿਗਸੈ ਸਾਧ ਚਰਨ ਧੋਇ॥

ਭਗਤ ਜਨਾ ਕੈ ਮਨਿ ਤਨਿ ਰੰਗੁ॥ ਬਿਰਲਾ ਕੋਊ ਪਾਵੈ ਸੰਗੁ॥

ਏਕ ਬਸਤੁ ਦੀਜੈ ਕਰਿ ਮਇਆ॥ ਗੁਰ ਪ੍ਰਸਾਦਿ ਨਾਮੁ ਜਪਿ ਲਇਆ॥

ਤਾ ਕੀ ਉਪਮਾ ਕਹੀ ਨ ਜਾਇ॥ ਨਾਨਕ ਰਹਿਆ ਸਰਬ ਸਮਾਇ॥ ੬॥

ਪ੍ਰਭ ਬਖਸੰਦ ਦੀਨ ਦਇਆਲ॥ ਭਗਤਿ ਵਛਲ ਸਦਾ ਕਿਰਪਾਲ॥

ਅਨਾਥ ਨਾਥ ਗੋਬਿੰਦ ਗੁਪਾਲ॥ ਸਰਬ ਘਟਾ ਕਰਤ ਪ੍ਰਤਿਪਾਲ॥

ਆਦਿ ਪੁਰਖ ਕਾਰਣ ਕਰਤਾਰ॥ ਭਗਤ ਜਨਾ ਕੇ ਪ੍ਰਾਨ ਅਧਾਰ॥

ਜੋ ਜੋ ਜਪੈ ਸੁ ਹੋਇ ਪੁਨੀਤ॥ ਭਗਤਿ ਭਾਇ ਲਾਵੈ ਮਨ ਹੀਤ॥

ਹਮ ਨਿਰਗੁਨੀਆਰ ਨੀਚ ਅਜਾਨ॥ ਨਾਨਕ ਤੁਮਰੀ ਸਰਨਿ ਪੁਰਖ ਭਗਵਾਨ॥ ੭॥

ਸਰਬ ਬੈਕੁੰਠ ਮੁਕਤਿ ਮੋਖ ਪਾਏ। ਏਕ ਨਿਮਖ ਹਰਿ ਕੇ ਗੁਨ ਗਾਏ॥

ਅਨਿਕ ਰਾਜ ਭੋਗ ਬਡਿਆਈ॥ ਹਰਿ ਕੇ ਨਾਮ ਕੀ ਕਥਾ ਮਨਿ ਭਾਈ॥

ਬਹੁ ਭੋਜਨ ਕਾਪਰ ਸੰਗੀਤ। ਰਸਨਾ ਜਪਤੀ ਹਰਿ ਹਰਿ ਨੀਤ॥

ਭਲੀ ਸੁ ਕਰਨੀ ਸੋਭਾ ਧਨਵੰਤ॥ ਹਿਰਦੈ ਬਸੇ ਪੂਰਨ ਗੁਰ ਮੰਤ॥

ਸਾਧਸੰਗਿ ਪ੍ਰਭ ਦੇਹੁ ਨਿਵਾਸ॥ ਸਰਬ ਸੂਖ ਨਾਨਕ ਪਰਗਾਸ॥ 5॥ ੨ ॥

ਸਾਰੀ ਸੰਗਤ ਕਿਰਪਾ, ਦਇਆ, ਮਿਹਰ ਕਰਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ ! ਸਤਿਨਾਮ ਸ੍ਰੀ ਵਾਹਿਗੁਰੂ !!

ਫਿਰ ਕੀ ਮੰਗ ਮੰਗੇ ? ਭਗਤੀ ਕੈਸੇ ਕਰੇ ? ਇਹ ਭਗਤੀ ਪ੍ਰਧਾਨ ਅਟਪਟੀ ਹੈ। ਚੱਲ ਭਾਈ –

ਸਲੋਕ॥

ਫਿਰਤ ਫਿਰਤ ਪ੍ਰਭ ਆਇਆ

ਹੇ ਪਰਮੇਰ ਪਰੀਪੂਰਣ ! ਮੈਂ ਫਿਰਦਾ ਫਿਰਦਾ, ਪੰਚਮ ਪਾਤਾਹ ਕਹਿੰਦੇ– ਬਹੁਤ ਜਗਾ ਫਿਰਕੇ ਆਇਆ, ਪਰ ਕਿਤੇ ਖੈਰ ਨਾ ਪਈ।

ਪਰਿਆ ਤਉ ਸਰਨਾਇ॥

ਹੁਣ ਮੈਂ ਹਾਰ ਕੇ ਆਪ ਦੀ ਰਣ ਪਿਆਂ। ਗੀਤਾ ਦੀ ਸਮਾਪਤੀ ਇਥੇ ਜਾਕੇ ਹੋਈ ਹੈ ਤੇ ਰਮਾਇਣ ਦੇ ਵਿਚ ਵੀ ਇਹ ਪ੍ਰਸੰਗ ਆਇਆ ਹੈ ਤੇ ਗੁਰੂ ਸਾਹਿਬ ਨੇ ਲਿਖਿਆ ਹੈ –

ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ॥ (ਪੰਨਾ 5੪੪)

ਰਣਾਗਤੀ ਭਗਤੀ ਸਾਰਿਆਂ ਤੇ ਅੱਵਲ, ਸਾਰਿਆਂ ਤੇ ਅਖੀਰੀ ਹੈ। ਜਿਸ ਵਕਤ ਇਹ ਸਾਰਾ ਆਪਣਾ ਤਾਣ, ਬਲ, ਸਭ ਤਿਆਗ ਦੇ

ਵੇ ਹੰਕਾਰ, ਉਦੋਂ ਇਹ ਦੂਜੇ ਦੀ ਰਣ ਪੈਂਦੈ ਕਿ ਮੈਂ ਤੇਰੀ ਰਣ ਹਾਂ। ਤੇ ਪੰਚਮ ਪਾਤਾਹ ਕਹਿੰਦੇ- ਮੈਂ ਫਿਰਦਾ ਫਿਰਦਾ ਜਨਮਾਂ ਵਿਚ, ਆਪਦੀ ਰਣ ਆਇਆਂ, ਹੇ ਪਰੀਪੂਰਣ ਪਰਮੇਰ !

ਪਰਿਆ ਤਉ ਸਰਨਾਇ।

ਮੈਂ ਆਪਦੀ ਰਣ ਪਿਆ ਹਾਂ।

ਸਰਨਿ ਪਰੇ ਕੀ ਰਾਖੁ ਦਇਆਲਾ।।
ਨਾਨਕ ਤੁਮਰੇ ਬਾਲ ਗੁਪਾਲਾ।। (ਪੰਨਾ ੨੬)

ਰਣ ਪਰੇ ਦੀ ਪਰਮੇਰ ਜਰੂਰ ਰਖਦਾ ਹੈ ਕਿਉਂਕਿ ਉਹਦਾ ਬਾਕੀ ਸੰਕਲਪ ਤਾਂ ਕੋਈ ਨਹੀਂ। ਜਦ ਸਭ ਸੰਕਲਪ ਮੁੱਕ ਜਾਂਦੇ ਨੇ, ਉਹਦਾ (ਹੰਕਾਰ ਦਾ) ਜੋਰ ਲੱਗ ਚੁੱਕਦੈ, ਫਿਰ ਉਹ ਰਣ ਪੈਂਦਾ ਹੈ। ਮੈਂ ਹੁਣ ਆਪਦੀ ਰਣ ਪਿਆ ਹਾਂ।

ਸਰਵ ਧਰਮਾਨ ਪਰਿਤਯਜਯ ਮਾਮੇਕੰ ਰਣੰ ਵ੍ਰਜ।
ਅਹੰ ਤਵਾ ਸਰਵ ਪਾਪੇਭਯੋ ਮੋਖਯ ਯਿਾਮਿ ਮਾ_ ਚਃ।।
(ਗੀਤਾ 18/66)

ਜਦ ਉਸ ਨੇ (ਅਰਜਨ ਨੇ) ਬਹੁਤ ਜਿਆਦਾ ਕਿਹਾ, ਮੈਂ ਜੀ ਕਰ ਨਹੀਂ ਸਕਦਾ, ਮੈਨੂੰ ਂਤੀ ਨਹੀਂ ਹੈ। ਉਹਨੇ ਆਖਿਆ, ਤੂੰ ਸਾਰੇ ਸਾਧਨ ਛੱਡ ਕੇ ਮੇਰੀ ਰਣ ਆ ਜਾ। ਸਾਰੇ ਧਰਮਾਂ ਨੂੰ ਤਿਆਗ ਕੇ ਇਕ ਰਣਾਗਤੀ ਬੜਾ ਧਰਮ ਹੈ, ਉਸ ਨੂੰ ਲੈ ਲੈ। ਤੇ ਮੈਂ ਤੇਰੇ ਸਾਰੇ ਪਾਪਾਂ ਦਾ ਨਾਸ ਕਰੂੰਗਾ, ਤੂੰ ਪਾਪਾਂ ਦਾ ਮੱਤ ਕੁੱਛ ਸੋਚ ਕਿ ਮੇਰੇ ਪਾਪ ਨਹੀਂ ਨਾਸ ਹੋਣਗੇ, ਮੋਕ ਦੀ ਬਾਬਤ ਮੱਤ ਸੋਚ। ਤੇਰਾ ਸਾਰਾ ਕਾਰਜ ਠੀਕ ਹੋ ਜਾਊ, ਤੂੰ ਇਕ ਰਣਾਗਤੀ ਪੈ ਜਾ।

ਨਾਨਕ ਕੀ ਪ੍ਰਭ ਬੇਨਤੀ

ਸ੍ਰੀ ਗੁਰੂ ਅਰਜਨ ਦੇਵ ਜੀ ਕਹਿੰਦੇ-ਹੇ ਮਹਾਰਾਜ ! ਮੇਰੀ ਇਕ ਆਪ ਦੇ ਪਾਸ ਬੇਨਤੀ ਹੈ, ਹੇ ਪਰਮੇਰ!

ਅਪਨੀ ਭਗਤੀ ਲਾਇ।।

ਕਿਰਪਾ ਕਰਕੇ ਮੈਨੂੰ ਅਪਣੀ ਭਗਤੀ ਵਿਚ ਲਾ ਲੈ। ਹੋਰ ਕੋਈ ਮੇਰੀ ਦੁਨੀਆਂ ਦੀ ਮੰਗ ਨਹੀਂ ਹੈ। ਮੈਨੂੰ ਆਪਣੀ ਭਗਤੀ ਦੇ ਦਿਉ। ਭਗਤੀ ਤੇ ਸੰਤ ਬਣ ਜਾਂਦੈ। ਸੰਤ ਦੀ ਕਿਰਪਾ ਤੇ ਮੋਕ ਹੋ ਜਾਂਦੀ ਹੈ, ਪਰਮੇਰ ਪ੍ਰਾਪਤ ਹੋ ਜਾਂਦਾ ਹੈ।

ਪ੍ਰੇਮ ਭਗਤਿ ਉਧਰਹਿ ਸੇ ਨਾਨਕ ਕਰਿ ਕਿਰਪਾ ਸੰਤੁ ਆਪਿ ਕਰਿਓ ਹੈ॥ (ਪੰਨਾ ੧੩੪੪)

ਪ੍ਰੇਮਾ ਭਗਤੀ ਦੇ ਵਿਚ, ਜਦ ਇਹਦਾ ਮਨ ਜੁੜ ਗਿਆ ਤੇ ਫਿਰ ਇਹਨੂੰ ਪ੍ਰੇਮ ਪ੍ਰਾਪਤ ਹੋ ਗਿਆ। ਪ੍ਰੇਮ, ਜਦ ਇਹਨੂੰ ਪ੍ਰਾਪਤ ਹੋ ਜਾਏ –

ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭੁ ਪਾਯੋ॥

ਇਹ ਦਸਵੇਂ ਪਾਤਾਹ ਦਾ ਬਚਨ ਹੈ।

ਸਾਚੁ ਕਹੌਂ ਸੁਨ ਲੇਹੁ ਸਭੈ ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭੁ ਪਾਯੋ॥ (ਅਕਾਲ ਉਸਤਤਿ)

ਸਾਰੀ ਸੰਗਤ ਦਾ ਇਕੋ ਹੀ ਸਵਾਲ ਸੀ, ਜੀ ਸਾਨੂੰ ਤੁਸੀਂ ਪਰਮੇਰ ਦੀ ਪ੍ਰਾਪਤੀ ਦੀ, ਕਿਰਪਾ ਕਰਕੇ ਬਾਤ ਦੱਸੋ। ਉਹ ਕਹਿੰਦੇ–ਮੈਂ ਸੱਚ ਕਹਿਨਾਂ, ਸਾਰੇ ਸੁਣ ਲਓ। ਜੀਹਨੇ ਪ੍ਰੇਮ ਕੀਤਾ, ਉਹ ਪਰਮੇਰ ਨੂੰ ਮਿਲ ਗਿਆ। ਚਾਹੇ ਉਹ ਸੂਰਦਾਸ ਹੈ, ਚਾਹੇ ਉਹ ਗਨਕਾ ਹੈ, ਚਾਹੇ ਉਹ ਅਜਾ ਮੱਲ ਹੈ। ਜੋ ਵੀ ਦੁਨੀਆਂ ਦੇ ਵਿਚ ਕਬੀਰ, ਧੰਨਾ, ਕੋਈ ਵੀ ਹੈ। ਜਿਸ ਨੇ ਵੀ ਪ੍ਰੇਮ ਕੀਤਾ, ਉਹ ਸਾਰੇ ਪ੍ਰੇਮਾ ਭਗਤੀ ਦੁਆਰੇ ਉਧਾਰੇ ਗਏ, ਉਹ ਸੰਤ ਬਣ ਗਏ। ਜੀਹਦੇ ਅੰਦਰ ਪ੍ਰੇਮਾ ਭਗਤੀ ਆ ਜਾਏ, ਜੀਹਦੀ ਬਿਰਤੀ ਪ੍ਰੇਮ ਵਿਚ ਭਿੱਜੀ, ਪਰਮੇਰ ਦੇ ਆਕਾਰ ਲਿਵ ਲੱਗ ਜਾਏ, ਉਹਨੂੰ ਸਭ ਕੁੱਛ ਪ੍ਰਾਪਤ ਹੋ ਜਾਂਦੈ, ਉਹ ਸੰਤ ਬਣ ਜਾਂਦੈ।

ਸੰਤਸੰਗਿ ਅੰਤਰਿ ਪ੍ਰਭੁ ਡੀਠਾ॥
ਨਾਮੁ ਪ੍ਰਭੂ ਕਾ ਲਾਗਾ ਮੀਠਾ॥ (ਪੰਨਾ ੨੯੩)

ਤੇ ਉਹਦੇ ਸੰਗ ਨਾਲ ਪਰਮੇਰ ਅੰਦਰ ਦਿਸ ਪੈਂਦੈ, ਉਹ ਜਿਹੜਾ

ਸਾਰੇ ਵਿਆਪਕ ਹੈ, ਤੇਰੇ ਹਿਰਦੇ ਦੇ ਵਿਚ ਵੀ ਤਾਂ ਉਹ ਸਾਖੀ ਰੂਪੇ , ਪਾਰਖ ਰੂਪੇ ਬੈਠਾ ਹੈ। ਏਸ ਵਕਤ ਵਿਆਪਕ ਤਾਂ ਹੈ ਨਹੀਂ, ਜਦ ਤੇਰੀ ਵਿਆਪਕ ਬਿਰਤੀ ਹੋਊ, ਕੋਈ ਕਿਰਿਆ ਨਹੀਂ ਤੂੰ ਕਰ ਸਕੇਂਗਾ, ਉਦੋ ਤਾਂ ਸਮਾਧੀ ਹੋਏਗੀ। ਪਰ ਉਹ ਸਾਖੀ ਤਾਂ ਹਰ ਵਕਤ ਹੀ ਤੈਨੂੰ ਹਾਜਰਾ ਹਜੂਰ ਹੈ ਤੇ ਜਾਹਰਾ ਜਹੂਰ ਹੈ। ਉਹ ਤੇਰੀਆਂ ਸਾਰੀਆਂ ਬਿਰਤੀਆਂ ਨੂੰ, ਸਾਰੇ ਖਿਆਲਾਂ ਨੂੰ, ਤੇਰੀਆਂ ਵਾਨਾਂ, ਕਾਮਨਾਂ ਨੂੰ ਹਰ ਵਕਤ ਦੇਖਦੈ ਦ੍ਰਟਾ ਹੋਕੇ । ਉਹ ਜਨਮ ਮਰਨ ਵਾਲੀ ਵਸਤੂ ਨਹੀਂ ਹੈ।

ਮੁਈ ਸੁਰਤਿ ਬਾਦੁ ਅਹੰਕਾਰੁ॥ ਓਹੁ ਨ ਮੂਆ ਜੋ ਦੇਖਣਹਾਰੁ॥

(ਪੰਨਾ ੧5੨)

ਉਹ ਦੇਖਣੇ ਵਾਲਾ ਜਨਮ ਮਰਨ ਵਾਲਾ ਨਹੀਂ ਹੈ। ਜੋ ਦਿੱਸਣ ਵਿਚ ਆਉਂਦੈ, ਉਹ ਜਨਮ ਮਰਨ ਵਾਲਾ ਹੈ।

ਦ੍ਰਿਸਟਿਮਾਨ ਹੈ ਸਗਲ ਮਿਥੇਨਾ॥ (ਪੰਨਾ ੧ ੪੩)

ਜਿਹੜਾ ਥੋਡੇ ਅੱਗੇ ਕੋਈ ਖਿਆਲ ਆਏਗਾ ਜਾਂ ਕਿਸੇ ਵਿੇ ਵਿਾਇਕ ਉਹ ਬਣੇਗਾ, ਜਾਂ ਕਿਸੇ ਪਦਾਰਥ ਵਿਾਇਕ ਖਿਆਲ ਹੋਏਗਾ, ਉਹ ਸਭ ਮਿਥਿਆ ਨੇ, ਬਦਲਨੇ ਵਾਲੇ ਨੇ, ਝੂਠੇ ਨੇ, ਪ੍ਣਾਮੀ ਨੇ। ਪਰ ਜਿਹੜਾ ਦੇਖਣੇ ਵਾਲਾ ਦ੍ਰਟਾ ਹੈ, ਉਹ ਤਾਂ ਨਹੀਂ ਜਨਮ ਮਰਨ ਵਿਚ ਕਦੇ ਆਇਆ, ਉਹ ੁੱਧ ਹੈ, ਵਿਆਪਕ ਹੈ, ਪਰੀਪੂਰਣ ਹੈ, ਪਾਰਖ ਹੈ।

ਨਾਨਕ ਪਾਰਖੁ ਆਪਿ ਜਿਨਿ ਖੋਟਾ ਖਰਾ ਪਛਾਣਿਆ॥

(ਪੰਨਾ ੧੪੪)

ਪਾਰਖ ਤਾਂ ਉਹ ਆਪ ਹੀ ਹੁੰਦੈ। ਪਾਰਖ ਦੀ ਪਦਵੀ ਹੋਰ ਤਾਂ ਕਿਸੇ ਨੂੰ ਦਿੱਤੀ ਨਹੀਂ। ਕਬੀਰ ਨੇ ਤਾਂ ਇਹਨੂੰ **ਕਬੀਰ ਬੀਜਕ** ਮੇਂ ਬਹੁਤ ਜਿਆਦਾ ਲਿਖਿਐ। ਉਹਨੇ ਇਸਤੋਂ ਅੱਗੇ ਲਿਖਿਆ ਵੀ ਕੁੱਛ ਨਹੀਂ। ਉਹ ਕਹਿੰਦਾ **ਪਾਰਖ** ਕਹੋ ਤੁਸੀਂ **ਆਪਣੇ ਆਪ** ਨੂੰ। ਤੁਸੀਂ ਹਰ ਵਕਤ ਆਪਣੀਆਂ ਬਿਰਤੀਆਂ ਨੂੰ ਦੇਖਦੇ ਹੋ, ਪਰਖਦੇ ਹੋ, ਜੋ ਤੁਹਾਡੀ

ਬਿਰਤੀ ਵਿਚ ਭਰਿਆ ਪਿਐ, ਉਹ ਦੇਖਦੇ ਹੋ। ਅੱਗੇ, ਉਹ ਬਿਰਤੀ ਦੁਆਰਾ ਵਿ ਨੂੰ ਦੇਖਦੇ ਹੋ। ਸੱਚ ਬੋਲੋ ਤੁਸੀਂ ਦੇਖਿਆ ਤਾਂ ਨਾ ਉਹ ਪਾਰਖ ਹੈ, ਉਹ ਸਾਖੀ ਹੈ। ਤੁਸੀਂ ਤਾਂ ਉਦੋਂ ਹੋਵੋਂਗੇ ਵਿਆਪਕ, ਜਿਸ ਵਕਤ ਤੁਹਾਡੀ ਬ੍ਰਹਮਾਕਾਰ ਬਿਰਤੀ ਹੋਵੇਗੀ ਜਾਂ ਲਿਵ ਲੱਗੀ ਹੋਵੇ ਗੀ ਉਦੋਂ ਉਥੇ ਅਬਿਨਾਸੀ ਪਦ ਹੀ ਹੋਏਗਾ, ਹੋਰ ਕੋਈ ਵਸਤੂ ਨਹੀਂ ਹੋਏਗੀ, ਉਹ ਤਾਂ ਸਮਾਧੀ ਹੋਵੇਗੀ। ਏਸ ਕਰਕੇ, ਭਾਈ ! ਉਹ ਜੋ ਪਰਮੇਰ ਹੈ, ਉਹ ਸਾਰੇ ਵਿਆਪਕ ਹੈ, ਪਰੀਪੂਰਣ ਹੈ, ਦ੍ਰਟਾ ਹੈ, ਸਾਖੀ ਹੈ। ਇਹਦਾ **ਨਿਜ ਰੂਪ** ਕਹੀਏ **ਆਪਾ** ਹੈ, **ਸੋਇ** ਹੈ। ਗ੍ਰੰਥਾਂ ਵਿਚ ਲਿਖਿਐ, **ਸੋਇ** । ਅਖੇ ਜੀ **ਸੋਇ** ਕੀ ? ਅਖੇ **ਸੋਇ** ਸਰੂਪ। ਪਹਿਲਾਂ ਉਹਨੂੰ **ਸੋਇ** ਲਿਖਿਆ। **ਸੋਇ** ਕੀ ਸਾਰਿਆਂ ਚ ਮੁਕਾ ਕੇ ਉਹਨੇ **ਸੋਇ** ਲਿਖਿਆ। ਉਹ ਦੂਜੇ ਕਹਿੰਦੇ **ਸੋਇ** ਕੀ ? ਉਹ ਕਹਿੰਦਾ- **ਸੋਇ** ਸਰੂਪ, ਆਪਣਾ ਸਰੂਪ।

ਤਦਾ ਦ੍ਰਟੁ ਸ੍ਵਰੂਪੇ ਅਵਸਾਥਨੰ। (ਉਪਨਿਦ)

ਇਹ ਯੋਗ ਦਰਨ ਦੇ ਵਿਚ ਪਤੰਜਲ ਲਿਖਦੈ, ਕਹਿੰਦਾ- ਤੈਂ ਤਾਂ ਆਪਣੇ ਸਰੂਪ ਮੇਂ ਇਸਥਿਤ ਹੋਣੈ। ਤੇਰਾ ਸਰੂਪ ਦ੍ਰਟਾ ਹੈ, ਤੂੰ ਤਾਂ ਉਥੇ ਇਸਥਿਤ ਹੋਣੈ। ਤੈਨੂੰ ਅੱਗੇ ਪਿੱਛੇ ਦੀ ਕੋਈ ਬਾਤ ਨਹੀਂ। ਨਾ ਤੂੰ ਸੰਸਾਰ ਮੇਂ ਜਾ, ਨਾ ਤੂੰ ਵਿਆਪਕ ਮੇਂ ਜਾ। ਤੂੰ **ਸੋਇ** ਸਰੂਪ ਮੇਂ ਇਸਥਿਤ ਹੋ ਜਾ ਆਪਣੇ ਮੇਂ, ਸਭ ਕੁੱਛ ਆਪੇ ਹੀ ਹੋ ਜਾਏਗਾ। ਏਸ ਕਰਕੇ, ਹੇ ਪਰਮੇਰ ! ਕ੍ਰਿਪਾ ਕਰਕੇ ਮੈਨੂੰ ਪ੍ਰੇਮਾ ਭਗਤੀ ਦੇ ਦਿਉ, ਜਿਸ ਕਰਕੇ ਮੇਰਾ ਨਿਸਤਾਰਾ ਹੋ ਜਾਏ।

ਅਸਟਪਦੀ॥

ਅੱਠਾਂ ਪਦਾਂ ਦੀ ਪਦੀ ਆਏਗੀ, ਅਸਟਪਦੀ।

ਜਾਚਕ ਜਨੁ ਜਾਚੈ ਪ੍ਰਭ ਦਾਨੁ॥

ਜਾਚਕ ਹੋਕੇ ਜੀਵ, ਦਾਨ ਮੰਗਦੈ ਪ੍ਰਭੂ ਤੇ, ਪਰਮੇਰ ਤੇ।

ਕਰਿ ਕਿਰਪਾ ਦੇਵਹੁ ਹਰਿ ਨਾਮੁ॥

ਪਰਮੇਰ ਕਹਿੰਦਾ, ਕੀ ਦੇਵਾਂ ? ਕਹਿੰਦਾ, ਜੀ ਕਿਰਪਾ ਕ ਰਕੇ **ਨਾਮੁ** ਦੇ ਦਿਉ, ਹੋਰ ਕੋਈ ਵਸਤੂ ਨਹੀਂ ਦੇਣੀ। ਕਿਉਂ ? ਨਾਮ ਤੇ ਨਾਮੀ ਪ੍ਰਾਪਤ ਹੋ ਜਾਏਗਾ।

ਨਾਮ ਸੰਗਿ ਜਿਸ ਕਾ ਮਨੁ ਮਾਨਿਆ॥
ਨਾਨਕ ਤਿਨਹਿ ਨਿਰੰਜਨੁ ਜਾਨਿਆ॥ (ਪੰਨਾ ੨੮੧)

ਨਾਮੁ ਸੰਗੀ ਸੋ ਮਨਿ ਨ ਬਸਾਇਓ॥
ਛੋਡਿ ਜਾਹਿ ਵਾਹੂ ਚਿਤੁ ਲਾਇਓ॥ (ਪੰਨਾ ੭੧5)

ਨਾਮ ਮੈਂ ਮੰਗਦਾ ਹਾਂ ਜਗਿਆਸੂ ਹੋ ਕੇ, ਗੁਰੂ ਅਰਜਨ ਦੇਵ ਕਹਿੰਦੇ – ਕਿਰਪਾ ਕਰਕੇ ਮੈਨੂੰ ਨਾਮ ਦਾਨ ਦੇ ਦਿਉ।

ਸਾਧ ਜਨਾ ਕੀ ਮਾਗਉ ਧੂਰਿ॥

ਮੈਂ ਉਹਨਾਂ ਸੰਤਾਂ ਦੀ, ਜਿਹੜੇ ਨਾਮ ਵਾਲੇ ਸੰਤ ਨੇ, ਜਿਹਨਾਂ ਨੂੰ ਨਾਮ ਪ੍ਰਾਪਤ ਹੋ ਗਿਆ, ਮੈਂ ਉਹਨਾਂ ਦੇ ਚਰਨਾਂ ਦੀ ਧੂੜ ਮੰਗਦਾਂ ਹਾਂ।

ਪਾਰਬ੍ਰਹਮ ਮੇਰੀ ਸਰਧਾ ਪੂਰਿ॥

ਹੇ ਪਰਮੇਰ ਪਰੀਪੂਰਣ ! ਇਹ ਮੇਰੀ ਰਧਾ ਪੂਰੀ ਕਰ ਦੇ। ਇਹ ਇਕ ਮੇਰੀ ਬੇਨਤੀ ਹੈ, ਮੈਨੂੰ ਨਾਮ ਦਾਨ ਦੇ ਦੇ।

ਸਦਾ ਸਦਾ ਪ੍ਰਭ ਕੇ ਗੁਨ ਗਾਵਉ॥

ਫਿਰ ਜਿਹੜਾ ਨਾਮ ਲਉਗੇ।

ਸਦਾ ਸਦਾ ਪ੍ਰਭ ਕੇ ਗੁਨ ਗਾਵਉ॥

ਉਸ ਪਰਮੇਰ ਦੇ ਗੁਣ ਗਾਉਂਦੇ ਰਹਿਓ। ਉਸਨੂੰ ਭੁੱਲ ਕੇ ਹੋਰ ਦੁਨੀਆਂ ਦੇ ਗੁਣ ਨਾ ਗਾਇਓ।

ਸਾਸਿ ਸਾਸਿ ਪ੍ਰਭ ਤੁਮਹਿ ਧਿਆਵਉ॥

ਹੇ ਪਰਮੇਰ ! ਸਵਾਸ ਸਵਾਸ ਮੈਂ ਤੈਨੂੰ ਹੀ ਧਿਆਵਾਂਗਾ, ਤੇਰਾ ਹੀ ਧਿਆਨ ਕਰੂੰਗਾ, ਤੇਰਾ ਹੀ ਨਾਮ ਜਪੂੰਗਾ।

ਚਰਨ ਕਮਲ ਸਿਉ ਲਾਗੈ ਪ੍ਰੀਤਿ॥

ਚਰਨਾਂ ਕਮਲਾਂ ਦੇ ਨਾਲ ਜਦ ਮੇਰੀ ਪ੍ਰੀਤ ਲੱਗ ਗਈ, ਆਪ ਦੇ

ਚਰਨਾਂ ਨਾਲ।

ਭਗਤਿ ਕਰਉ ਪ੍ਰਭ ਕੀ ਨਿਤ ਨੀਤਿ॥

ਨਿਤ, ਹਮੇਂਾਂ ਹੀ ਹੇ ਪ੍ਰਭੂ !ਆਪ ਦੀ ਭਗਤੀ ਕਰੂੰਗਾ। ਹੇ ਭਾਈ ! ਹਮੇਂਾਂ ਉਸ ਪ੍ਰਭੂ ਦੀ ਭਗਤੀ ਬਿਨਾਂ, ਹੋਰ ਕੋਈ ਕੰਮ ਨਾ ਕਰਿਓ।

ਏਕ ਓਟ ਏਕੋ ਆਧਾਰੁ॥

ਉਹੀ ਮੇਰਾ ਆਸਰਾ ਹੈ, ਉਹੀ ਪਰਮੇਰ, ਮੇਰਾ ਅਧਾਰ ਹੈ, ਹੋਰ ਮੇਰਾ ਕੋਈ ਦੁਨੀਆਂ ਵਿਚ ਆਸਰਾ, ਉਸ ਤੋਂ ਬਿਨਾਂ ਨਹੀਂ ਹੈ।

ਅੰਤ ਬਾਰ ਨਾਨਕ ਬਿਨੁ ਹਰਿ ਜੀ ਕੋਊ ਕਾਮਿ ਨ ਆਇਓ॥

(ਪੰਨਾ ੬੩੪)

ਅੰਤ ਨੂੰ ਤੇਰੇ, ਬਿਨਾਂ ਪਰਮੇਰ ਦੇ, ਕੋਈ ਕੰਮ ਨਹੀਂ ਆਉਂਦਾ ਹੈਗਾ। ਤੁਹਾਨੂੰ ਪਤੈ ? ਅੱਜ ਕਲ੍ਹ ਲੋਕ ਮੈਂ ਵੀ ਦੇਖਦਾਂ, ਤੁਸੀਂ ਵੀ ਦੇਖਦੇ ਹੋਂ, ਉਹ ਆਪੋ ਆਪਣੇ ਜਿਹੜੇ ਜਿਹੜੇ ਉਹਨਾਂ ਦੇ ਗੁਰੂ ਨੇ, ਇਟ ਨੇ ਚਾਹੇ ਉਹ ਪੱਥਰ ਨੇ, ਚਾਹੇ ਉਹ ਮਨੁੱਖ ਨੇ, ਚਾਹੇ ਉਹ ਕੁੱਛ ਨੇ, ਚਾਹੇ ਦੇਵਤੇ ਨੇ, ਉਹਨਾਂ ਦੀ ਟੇਕ ਟਿਕਾਉਣਗੇ । ਤਾਂ ਗੁਰੂ ਸਾਹਿਬ ਕਹਿੰਦੇ ਨੇ, ਇਕ ਪਰਮੇਰ ਜੋ ਏਕਾ ਹੈ, ਉਸ ਪਰਮੇਰ ਦਾ ਆਸਰਾ ਲੈਣਾ ਹੈ।

ਏਕਮ ਏਕੰਕਾਰੁ ਨਿਰਾਲਾ॥ ਅਮਰੁ ਅਜੋਨੀ ਜਾਤਿ ਨ ਜਾਲਾ॥

ਅਗਮ ਅਗੋਚਰੁ ਰੂਪੁ ਨ ਰੇਖਿਆ॥ ਖੋਜਤ ਖੋਜਤ ਘਟਿ ਘਟਿ ਦੇਖਿਆ॥ (ਪੰਨਾ ੮੩੮)

ਉਹ ਸਾਰੇ, ਚਾਰ ਖਾਣੀਆਂ ਦੇ ਹਿਰਦਿਆਂ ਦੇ ਵਿਚ ਬੈਠਾ ਹੈ। ਚੀਂਟੀ ਤੋਂ ਲੈਕੇ ਹਾਥੀ ਤੱਕ, ਸਭ ਦੇ ਹਿਰਦੇ ਦੇ ਵਿਚ ਉਹ ਬੈਠਾ ਹੈ।

ਸਾਹਿਬੁ ਮੇਰਾ ਏਕੋ ਹੈ॥ ਏਕੋ ਹੈ ਭਾਈ ਏਕੋ ਹੈ॥ (ਪੰਨਾ ੩5)

ਸਾਹਿਬ ਮੇਰਾ ਇਕ ਹੈ, ਮਾਲਕ ਮੇਰਾ ਇਕ ਹੈ।

ਨਾਨਕੁ ਮਾਗੈ ਨਾਮੁ ਪ੍ਰਭ ਸਾਰੁ॥

ਮੈਂ, ਦੁਨੀਆਂ ਵਿੱਚੋਂ ਜਿਹੜੀ ਸਾਰ ਚੀਜ ਹੈ, ਗੁਰੂ ਸਾਹਿਬ ਕਹਿੰਦੇ, ਮੈਂ ਉਹ ਮੰਗਦਾ ਹਾਂ, ਇਕ ਨਾਮ ਮੰਗਦਾ ਹਾਂ।

ਪ੍ਰਭ ਕੀ ਦ੍ਰਿਸਟਿ ਮਹਾ ਸੁਖੁ ਹੋਇ॥

ਜੇ ਪ੍ਰਭੂ ਦੀ ਕ੍ਰਿਪਾ ਦ੍ਰਿਟੀ ਹੋ ਜਾਏ ਤਾਂ ਸਾਰੇ ਸੁੱਖ ਇਹਨੂੰ ਪ੍ਰਾਪਤ ਹੋ ਜਾਂਦੇ ਨੇ, ਜੀਵ ਨੂੰ।

ਹਰਿ ਰਸੁ ਪਾਵੈ ਬਿਰਲਾ ਕੋਇ॥

ਪਰ ਹਰੀ ਦਾ ਰਸ ਤਾਂ ਕੋਈ ਬਿਰਲਾ ਹੀ ਪਾਵੇਗਾ।

ਉਹ ਰਸੁ ਪੀਆ ਇਹ ਰਸੁ ਨਹੀ ਭਾਵਾ॥ (ਪੰਨਾ ੩੪੨)

ਜਿਹਨਾਂ ਨੂੰ ਉਹ ਰਸ ਪ੍ਰਾਪਤ ਹੋ ਗਿਆ, ਉਹਨਾਂ ਨੂੰ ਸੰਸਾਰ ਦਾ ਰਸ ਬਿਲਕੁਲ ਅੱਛਾ ਨਹੀਂ ਲੱਗਿਆ। ਕਬੀਰ ਨੂੰ, ਨਾਮਦੇਵ ਨੂੰ, ਧੰਨੇ ਨੂੰ, ਕਿਸੇ ਭਗਤ ਨੂੰ ਇਹ ਰਸ ਨਹੀਂ ਅੱਛਾ ਲੱਗਿਆ ਸੰਸਾਰ ਦਾ, ਪਰ ਜਿਨ੍ਹਾਂ ਨੂੰ ਇਕ ਵਾਰੀ ਹਰੀ ਦਾ ਰਸ ਪ੍ਰਾਪਤ ਹੋ ਗਿਆ, ਪਰਮੇਰ ਦਾ-

ਜਿਨ ਚਾਖਿਆ ਸੇ ਜਨ ਤ੍ਰਿਪਤਾਨੇ॥

ਜਿਹਨਾਂ ਨੇ ਉਸ ਰਸ ਨੂੰ ਚੱਖਿਆ ਪਰਮੇਰ ਦੇ ਆਨੰਦ ਨੂੰ, ਉਹ ਤ੍ਰਿਪਤ ਹੋ ਗਏ, ਉਹ ਜਨਮ ਮਰਨ ਤੇ ਛੁੱਟ ਗਏ, ਕ੍ਰਿਤ ਕ੍ਰਿਤ ਹੋ ਗਏ, ਜੀਵਨ-ਮੁਕਤ ਹੋ ਗਏ।

ਪੂਰਨ ਪੁਰਖ ਨਹੀ ਡੋਲਾਨੇ॥

ਉਹੀ ਪੂਰਣ ਪੁਰ ਹੋਏ ਨੇ, ਉਹ ਫਿਰ ਡੋਲੇ ਨਹੀਂ ਕਦੇ। ਕਬੀਰ ਡੋਲਿਆ ਕਦੇ ? ਗੰਗਾ ਦਰਿਆ ਵਿਚ ਸੁੱਟਿਆ, ਲੱਕੜਾਂ ਚ ਪਾਕੇ ਫੂਕਿਆ, ਹਾਥੀ ਰਾਬ ਪਿਆਕੇ ਛੱਡਿਆ, ਇਹ ਕਦੇ ਡੋਲਿਆ ? ਬਿਲਕੁਲ ਨਹੀਂ ਡੋਲਿਆ। ਨਾਮਦੇਵ ਕਦੇ ਡੋਲਿਆ ? ਜੋ ਰਾਮ ਜਪਦਾ ਸੀ। ਮਾਈ ਨੇ ਵੀ ਕਿਹਾ, ਮਾਤਾ ਦਾ ਜਿਆਦਾ ਪਿਆਰ ਹੁੰਦੈ। ਕਹਿੰਦੀ- ਜੇ ਤੂੰ ਬਚ ਜਾਏਂ, ਰਾਮ ਰਾਮ ਛੱਡਕੇ ਖੁਦਾ ਖੁਦਾ ਕਹਿ ਲੈ।

ਕਹਿੰਦਾ– ਤੂੰ ਮੇਰੀ ਮਾਂ ਨਹੀਂ, ਮੈਂ ਤੇਰਾ ਪੁੱਤਰ ਨਹੀਂ। ਝਗੜਾ ਮੁੱਕਿਆ। ਤੂੰ ਚਲੀ ਜਾ। ਏਸ ਕਰਕੇ, ਤੂੰ ਭਾਈ ! ਉਥੋਂ ਡੋਲੀਂ ਨਾ ਕਦੇ, ਉਸ ਪਰਮੇਰ ਦੇ ਨਾਮ ਤੋਂ।

ਸੁਭਰ ਭਰੇ ਪ੍ਰੇਮ ਰਸ ਰੰਗਿ॥

ਸੁਭਰ ਕਹੀਏ, **ਲਬਾ ਲਬ** ਪ੍ਰੇਮ ਦੇ ਨਾਲ ਹੁਣ ਸਾਡਾ ਆਨੰਦ ਦੇ ਨਾਲ ਮਨ ਭਰਿਆ ਗਿਆ ਹੈ। ਪਹਿਲੇ ਨਾਮ ਹੁੰਦੈ ਗ੍ਰੰਥਾਂ ਦੇ ਵਿੱਚ, ਤੁਸੀਂ ਦੇਖੋਂਗੇ ਜਿਹੜਾ ਵੀ ਗੁਰੂ ਦੇਊ, ਪਹਿਲਾਂ ਨਾਮ ਦੇਊ, ਬਈ ਆਹ ਜਪੋ। ਪ੍ਰੇਮ ਨਹੀਂ ਪਹਿਲੇ ਹੁੰਦਾ, ਪ੍ਰੇਮ ਤੋਂ ਪਹਿਲਾਂ ਸੰਸਾਰ ਅਜੇ ਹੁੰਦਾ ਹੈ, ਪ੍ਰੇਮ ਤਾਂ ਉਦੋਂ ਹੁੰਦੈ ਜਦ ਸੰਸਾਰ ਮੁੱਕ ਜਾਂਦੈ, ਪਹਿਲਾਂ ਤਾਂ ਪ੍ਰੇ ਮ ਨਹੀਂ ਆਉਂਦਾ ਹੁੰਦਾ। ਪਰ ਨਾਮ ਵੀ ਬਖਸ਼ਿ ਹੈ, ਪ੍ਰੇਮ ਵੀ ਬਖਸ਼ਿ ਹੈ, ਮੋਕ ਵੀ ਬਖਸ਼ਿ ਹੈ। ਤੇ ਇਹ ਸਾਰੇ –

ਸਤੁ ਸੰਤੋਖੁ ਦਇਆ ਧਰਮੁ ਸੁਚਿ ਸੰਤਨ ਤੇ ਇਹੁ ਮੰਤੁ ਲਈ॥

(ਪੰਨਾ ੪੨੨)

ਇਹ ਸਾਰੀ ਬਖਸ਼ਿ ਦੀ ਚੀਜ ਹੈ। ਇਹ ਗੁਰੂ ਬਖਦਾ ਹੁੰਦੈ। ਕਿਹੜਾ ਗੁਰੂ ? ਜਿਹੜਾ ਬ੍ਰਹਮ ਗਿਆਨੀ ਪੂਰਣ ਗੁਰੂ ਹੈ, ਉਹ ਬਖਦਾ ਹੁੰਦਾ ਹੈ।

ਉਪਜੈ ਚਾਉ ਸਾਧ ਕੈ ਸੰਗਿ॥

ਹੁਣ ਜਿਹੜੇ **ਸਾਧ** ਦਾ ਸੰਗ ਮੈਂ ਕੀਤਾ ਸੀ, ਗੁਰੂ ਰਾਮਦਾਸ ਦਾ, ਹੁਣ ਮੇਰੇ ਮਨ ਦੇ ਵਿਚ ਬੜਾ ਹੀ ਉਤਾਹ, ਚਾਉ ਪੈਦਾ ਹੋਇਆ, ਪਰਮੇਰ ਨੂੰ ਮਿਲਣ ਦਾ।

ਪਰੇ ਸਰਨਿ ਆਨ ਸਭ ਤਿਆਗਿ॥

ਜਦ **ਆਨ** ਹੋਰ ਸਾਰਾ ਤਿਆਗ ਕੇ ਰਣ ਪੈ ਜਾਏ।

ਅੰਤਰਿ ਪ੍ਰਗਾਸ ਅਨਦਿਨੁ ਲਿਵ ਲਾਗਿ॥

ਉਹ **ਪ੍ਰਗਾਸ** ਅੰਦਰ ਹੋ ਗਿਆ। ਰਾਤਰੀ ਦਿਨ ਲਿਵ ਲੱਗ ਗਈ ਤੇ ਅਬਿਨਾਸੀ ਪਦ ਦੀ ਪ੍ਰਾਪਤੀ ਹੋ ਜਾਂਦੀ ਹੈ। ਇਹ ਗੁਰਬਾਣੀ

ਠੀਕ ਦਸਦੀ ਹੈ। ਤੇ ਬੁੱਧ ਨੂੰ ਜਦ ਉਹਦਾ ਸਾਰਾ ਬਲ, ਜਦ ਬਿਲਕੁਲ ਉਹਦੀਆਂ ਹੱਡੀਆਂ ਨਿਕਲ ਆਈਆਂ, ਛੇ ਗੁਰੂ ਧਾਰੇ ਬੁੱਧ ਨੇ। ਜਿੰਨੇ ਸਾਧਨ ਕਹੇ, ਉਹਨੇ ਕੀਤੇ ਪਰ ਨਾ ਹੋਇਆ ਪ੍ਰਾਪਤ। ਉਹਨੇ ਆਖਿਆ, ਮੈਂ ਤਾਂ ਹੁਣ ਕਰਤਾ, ਹੁਣ ਦੱਸੋ ? ਉਹ ਕਹਿੰਦਾ– ਹੁਣ ਹੋਰ ਗੁਰੂ ਕੋਲ ਜਾ, ਮੇਰਾ ਤਾਂ ਇੱਥੋਂ ਤੱਕ ਕੰਮ ਚਲਦੈ। ਜਦ ਉਹਨੂੰ ਤੀਜੇ ਗੁਰੂ ਨੇ ਦੱਸਿਆ ਬਈ ਤਿੰਨ ਮਹੀਨੇ ਤੂੰ ਏਸ ਲੋਟ ਸਾਧਨ ਕਰੀਂ। ਉਹਨੂੰ ਕਹਿੰਦਾ, ਹੁਣ ਦੱਸ? ਕਹਿੰਦਾ, ਬਈ ਮੈਂ ਏਸ ਤੋਂ ਅੱਗੇ ਪਹੁੰਚਿਆ ਨਹੀਂ। ਗੌਤਮ ਨੂੰ ਕਹਿੰਦਾ– ਮੈਂ ਨਹੀਂ ਪਹੁੰਚਿਆ, ਹੋਰ ਨੂੰ ਪੁੱਛ। ਉਸ ਦਿਨ ਜਦ ਉਹ ਨਿਰੰਜਨਾ ਨਦੀ ਲੰਘਣ ਲੱਗਿਆ ਤਾਂ ਉਹਦਾ ਇੰਨਾ ਸਰੀਰ ਤੁੱਛ ਹੋ ਗਿਆ। ਅਖੀਰੀ ਉਹ ਟਾਹਣੀ ਫੜਕੇ ਜੜ੍ਹਾਂ ਚ ਬਹਿ ਗਿਆ, ਪਿੱਪਲ ਦੀਆਂ ਵਿਚ। ਅੱਗੇ ਨਹੀਂ ਉਹਤੋਂ ਚੱਲਿਆ ਗਿਆ। ਉਸ ਵਕਤ ਉਹਦਾ ਸਾਰਾ ਕੁੱਛ ਮੁੱਕ ਗਿਆ ਤੇ ਇਕ ਮਾਈ ਨੇ ਖੀਰ ਲਿਆਂਦੀ, ਉਹਦੇ ਅੱਗੇ ਰੱਖ ਦਿੱਤੀ, ਉਹਨੇ ਖਾਧੀ, ਉਹਨੂੰ ਕੁੱਛ ਕਰਾਰ ਆ ਗਿਆ ਉੱਠਣ ਦਾ। ਜਦ ਉਹ ਖੀਰ ਖਾਣ ਲੱਗਿਆ, ਜਿਹੜੇ ਬੁੱਧ ਦੇ ਪੰਜ ਚੇਲੇ ਸਨ ਨਾਲ, ਉਹ ਛੱਡਕੇ ਚਲੇ ਗਏ। ਉਹਨਾਂ ਨੇ ਆਖਿਆ ਗੌਤਮ ਭ੍ਰਟ ਹੋ ਗਿਆ, ਇਹ ਤਾਂ ਦਰਣੀ ਦੀ ਖੀਰ ਖਾ ਗਿਆ। ਇਹ ਤਾਂ ਗਿਆ ਆਇਆ। ਅੱਗੇ ਤੋਂ ਇਹਦੇ ਕੋਲ ਨਹੀਂ ਰਹਿਣਾ, ਇਹਦੇ ਦਰਨ ਨਹੀਂ ਕਰਨੇ। ਇਹ ਤਾਂ ਭ੍ਰਟ ਹੋ ਗਿਆ। ਉਹ ਚਲੇ ਗਏ। ਉਸ ਵਕਤ ਬੁੱਧ ਦੇ ਦਿਲ ਵਿਚ ਇਕ ਬਿਰਤੀ ਆਈ, ਬਈ ਕੋਈ ਵਸਤੂ ਸਤਿ ਨਹੀਂ, ਸਭ ਮਿਥਿਆ ਹੈ। ਸਭ ਉਹਨੇ ਦਿਲੋਂ ਤਿਆਗ ਦਿੱਤੀ।

ਪਰੇ ਸਰਨਿ ਆਨ ਸਭ ਤਿਆਗਿ॥

ਜਦ ਇਹ ਪਰਮੇਰ ਦੀ ਰਣ, ਸਭ ਕੁੱਛ ਤਿਆਗ ਕੇ ਪਏਗਾ ਤਾਂ ਕੀ ਹੋਏਗਾ?

ਅੰਤਰਿ ਪ੍ਰਗਾਸ

ਇਹਦੇ ਅੰਦਰ ਗਿਆਨ ਦੀ ਲੈਟ (Light) ਪੈਦਾ ਹੋ ਜਾਏਗੀ,

ਗਿਆਨ ਰੂਪੀ ਦੀਵਾ ਪ੍ਰਗਟ ਹੋ ਜਾਏਗਾ।

ਅਨਦਿਨੁ ਲਿਵ ਲਾਗਿ॥

ਰਾਤਰੀ ਦਿਨ ਇਹਦੀ ਬਿਰਤੀ ਜੁੜ ਜਾਏਗੀ। ਉਸਨੂੰ **ਨਿਰਬਾਣ ਪਦ** ਦੀ ਪ੍ਰਾਪਤੀ ਹੋ ਗਈ ਬੁੱਧ ਨੂੰ, ਉਸੇ ਛਿਨ ਮੇਂ। ਉਹਨੇ ਆਖਿਆ- ਬਈ ਹੁਣ ਜੀਹਦੀ ਖ਼ੁਸ਼ੀ ਹੈ ਆ ਜਾਉ, ਮੈਨੂੰ ਉਹ ਚੀਜ ਪ੍ਰਾਪਤ ਹੋ ਗਈ ਹੈ। ਪਹਿਲੇ ਨਹੀਂ ਸੀ ਉਹ ਮੰਨਦਾ, ਉਹ ਕਹਿੰਦਾ ਸੀ ਮੈਨੂੰ ਨਹੀਂ ਉਹ ਚੀਜ ਪ੍ਰਾਪਤ ਹੋਈ, ਬੜਾ ਸੱਚਾ ਮਹਾਂਪੁਰ ਸੀ। ਤੇ ਉਹ ਵੀ ਚਲੇ ਗਏ ਚੇਲੇ। ਬੁੱਧ ਉਹਨਾਂ ਦੇ ਪਿੱਛੇ ਗਿਆ। ਉਹਨਾਂ ਦਾ ਨਿਯਮ ਸੀ, ਲੈ ਬਈ ਉਹ ਆਉਂਦਾ ਹੈ, ਮੱਥਾ ਨਹੀਂ ਟੇਕਣਾ, ਇਹਦੇ ਪੈਰੀਂ ਨਹੀਂ ਪੈਣਾ, ਉਹਤਾਂ ਦਰਣੀ ਦੀ ਖੀਰ ਖਾ ਗਿਆ। ਜਦ ਬੁੱਧ ਉਹਨਾਂ ਦੇ ਪਾਸ ਗਿਆ, ਉਹ ਪੈਰਾਂ ਤੇ ਪੈ ਗਏ। ਉਹਨੇ ਆਖਿਆ ਤੁਸੀਂ ਐਂ ਗੱਲਾਂ ਕਰਦੇ ਸੀ, ਆਹ ਤੁਸੀਂ ਪਕਾਈ ਸੀ ਸਲਾਹ, ਐਂ ਕੀਤਾ ਸੀ ਤੇ ਹੁਣ ਕਿਉ ਪੈਰੀਂ ਪੈ ਗਏ ? ਕਹਿੰਦੇ, ਸਾਨੂੰ ਨਹੀਂ ਪਤਾ, ਕੋਈ ਕਤੀ ਹੈ, ਜੀਹਨੇ ਫੜਕੇ ਪੈਰਾਂ ਤੇ ਪਾ ਦਿੱਤਾ। ਉਹ ਕਹਿੰਦਾ, ਤੁਹਾਡਾ ਭਲਾ ਹੋਣੈ। ਮੈਨੂੰ ਉਹ ਵਸਤੂ ਪ੍ਰਾਪਤ ਹੋ ਗਈ ਹੈ, ਮੈਂ ਵੀ ਤੁਹਾਡੇ ਮਗਰ ਇਸੇ ਕਰਕੇ ਆਇਆਂ, ਬਈ ਤੁਸੀਂ ਮੇਰੀ ਸੇਵਾ ਬੜੀ ਕੀਤੀ ਸੀ। ਏਸ ਕਰਕੇ ਮੈਂ ਤੁਹਾਡੇ ਪਿੱਛੇ ਆਇਆਂ, ਫਿਰ ਉਹਨਾਂ ਨੂੰ ਬੋਧ ਕੀਤਾ, ਉਹ ਵੀ ਪੰਜੇ ਗਿਆਨਵਾਨ ਹੋ ਗਏ। ਏਸ ਕਰਕੇ, ਜਦ ਇਹ ਸਾਰੇ ਅੰਦਰੋਂ ਤਿਆਗ ਦੇਵੇਗਾ, ਇਕ ਚੇਤਨ ਪਰਮੇਰ ਪੂਰਣ ਦੀ ਰਣ ਪੈ ਜਾਏਗਾ, ਇਹਨੂੰ ਸਭ ਕੁੱਛ ਆਪੇ ਹੀ ਪ੍ਰਾਪਤ ਹੋ ਜਾਏ ਗਾ। ਬੁੱਧ ਨੇ ਪਹਿਲਾ ਲਫ ਹੀ ਇਹੀ ਕੱਢਿਆ, ਬਈ ਜਾਤੀ ਕੋਈ ਨਹੀਂ। ਜਾਤੀ ਤਾਂ ਕਲਪਿਤ ਪਦਾਰਥ ਹੈ, ਝੂਠ ਹੈ, ਜਾਤੀ ਤਾਂ ਗਲਤ ਹੈ। ਹੁਣ ਇਕ ਹਿੰਦੂ, ਮੁਸਲਮਾਨ ਹੋ ਜਾਏ, ਉਹਦੇ ਵਿਚ ਮੁਸਲਮਾਨ ਜਾਤੀ ਆ ਜਾਊ ਤੇ ਹਿੰਦੂ ਜਾਤੀ ਭੱਜ ਜਾਊ। ਤੇ ਜੇ ਉਹ ਸਿੱਖ ਹੋ ਜਾਏ, ਉਹਦੇ ਵਿਚ ਸਿੱਖ ਜਾਤੀ ਆ ਜਾਊ ਤੇ ਹਿੰਦੂ ਜਾਤੀ ਚਲੀ ਜਾਊ। ਕਹਿੰਦੇ- ਇਹ ਤਾਂ ਗਲਤ ਹੈ, ਇਹ ਤਾਂ ਬਣਾਈ ਹੋਈ ਹੈ

ਲੋਕਾਂ ਦੀ, ਜਾਤੀ ਤਾਂ ਬਣਾਈ ਹੋਈ ਹੈ, ਝੂਠ ਹੈ। ਬੁੱਧ, ਜਾਤੀ ਨਹੀਂ ਮੰਨਦੇ। ਕਿਉਂ ਨਹੀਂ ਮੰਨਦੇ ? ਉਸਨੂੰ ਜਦ ਉਹਨੇ ਖੀਰ ਖਾ ਲਈ, ਉਹਦੇ ਜਿਹੜੇ ਚੇਲੇ ਸੀ, ਬੇਮੁੱਖ ਇਸੇ ਗੱਲੋਂ ਹੋਏ, ਬਈ੍ਰ ਦਰਣੀ ਦੀ ਖੀਰ ਖਾ ਲਈ। ਉਹਨੇ ਆਖਿਆ, ਜਾਤੀ ਦਾ ਫਾਹਾ ਵੱਢੋ, ਇਹ ਵੀ ਬੜਾ ਖਰਾਬ ਹੈ। ਫਿਰ ਉਹ ਜਾਤੀ ਬੁੱਧ ਨਹੀਂ ਮੰਨੇਗਾ ਕਦੇ ਵੀ। ਏਸ ਕਰਕੇ, ਉਹਨੇ ਜਦ ਅੰਦਰੋਂ ਸਭ ਦੇਖ ਲਿਆ, ਉਹ ਕਹਿੰਦਾ, ਸਭ ਝੂਠ ਹੈ। ਕੋਈ ਮੈਨੂੰ ਕਿਸੇ ਚੀ ਦੀ ਪ੍ਰਾਪਤੀ ਇਹਨਾਂ ਨਾਲ ਨਹੀਂ ਹੋਈ। ਜਦ ਉਹਨੇ ਅੰਦਰੋਂ ਤਿਆਗ ਦਿੱਤਾ, ਉਹਦੇ ਅੰਦਰ ਬ੍ਰਹਮਾਕਾਰ ਬਿਰਤੀ ਪੈਦਾ ਹੋ ਗਈ ਲਿਵ। ਉਹਨੂੰ **ਨਿਰਬਾਣ ਪਦ** ਪ੍ਰਾਪਤ ਹੋ ਗਿਆ, ਉਹਦਾ ਨਾਉਂ **ਬੁੱਧ** ਪੈ ਗਿਆ। **ਬੁੱਧ** ਨਾਉਂ ਹੈ **ਬੋਧ ਵਾਲਾ** , ਬ੍ਰਹਮ ਗਿਆਨੀ।

ਬਡਭਾਗੀ ਜਪਿਆ ਪ੍ਰਭੁ ਸੋਇ॥

ਕਹਿੰਦੇ **ਸੋ** ਜੋ ਪਰਮੇਰ ਹੈ, ਉਹ ਵੱਡੇ ਭਾਗਾਂ ਵਾਲਿਆਂ ਨੇ ਹੀ ਜਪਿਆ ਹੈ।

ਨਾਨਕ ਨਾਮਿ ਰਤੇ ਸੁਖੁ ਹੋਇ॥

ਜੇ ਨਾਮ ਦੇ ਨਾਲ ਇੱਕ ਹੋ ਜਾਏ ਤੇਰਾ ਮਨ, ਤੈਨੂੰ ਆਤਮ ਸੁੱਖ ਪ੍ਰਾਪਤ ਹੋ ਜਾਏ। ਗੱਲ ਕੁੱਛ ਵੀ ਨਹੀਂ ਹੈ। ਪਰ ਤੂੰ ਦੇਖਦਾ ਹੈਂ ਆਪਣੇ ਮਨ ਨੂੰ, ਐਵੇਂ ਗੱਲਾਂ ਤੁਸੀਂ ਵੀਹ ਕਰਦੇ ਹੋਂ ਪਰ ਤੂੰ ਆਪਣੇ ਮਨ ਨੂੰ ਦੇਖਦਾ ਨਹੀਂ ? ਜਦ ਮਨ ਤੇਰਾ ਨਾਮ ਦੇ ਨਾਲ ਇੱਕ ਹੋ ਜਾਊ, ਮਨ ਨਹੀਂ ਰਹੇਗਾ, ਮਨ ਤਾਂ ਲੀਨ ਹੋ ਗਿਆ, ਫਿਰ ਤਾਂ ਉਥੇ ਪਰਮੇਰ ਹੀ ਰਹੇਗਾ। ਇਸੇ ਦਾ ਨਾਉਂ ਤਾਂ ਸਮਾਧੀ ਹੈ, ਹੋਰ ਕੀ ਹੈ ? ਹੁਣ ਤੁਸੀਂ ਸੋਚੋ ਆਪਣੇ ਮਨ ਮੇਂ, ਕਦੇ ਤੁਹਾਡਾ ਮਨ, ਨਾਮ ਦੇ ਨਾਲ ਇਕ ਹੋਇਐ ? ਨਾਮ- ਨਾਮੀ ਦਾ ਤਾਂ ਅਭੇਦ ਹੈ, ਸੱਚੇ ਦਿਲੋਂ ਦੱਸਿਓ ? ਮਨ ਤਾਂ ਇਹਦਾ ਹੁੰਦਾ ਹੈ ਭੱਜਿਆ ਇਧਰ ਗੇੜੇ ਮਾਰਦਾ ਹੋਰ ਜਗ੍ਹਾ, ਤੇ ਇਹ ਆਪਣੀ ਜਾਣ ਚ ਭਜਨ ਕਰਦਾ ਹੁੰਦੈ, ਸਮਝ ਗਏ ? ਐਥੇ, ਇੱਕ ਆਇਆ ਸੀ ਸਾਡੇ ਕੋਲ। ਉਹ ਇਉਂ ਇੱਥੇ ਬੈਠੇ ਤੜਕੇ ਬੜੇ, ਦੋ

ਘੰਟੇ, ਉਹ ਕਹਿੰਦਾ, ਸਮਾਧੀ ਲੱਗ ਜਾਂਦੀ ਹੈ। ਉਹੀ ਸਕੂਟਰ ਚੁੱਕ ਕੇ ਲੈ ਗਿਆ ਸਹੁਰਾ, ਇਹੋ ਜਿਹੀ ਸਮਾਧੀ ਲੱਗੀ ਕਿ ਸਕੂਟਰ ਹੀ ਲੈ ਗਿਆ ਚੁੱਕ ਕੇ। ਇਹੋ ਜਿਹੀਆਂ ਲੋਕਾਂ ਦੀਆਂ ਸਮਾਧੀਆਂ ਨੇ ਸਹੁਰਿਆਂ ਦੀਆਂ। ਇਹ ਕਹਿੰਦੇ ਕੁੱਛ ਹੋਰ ਨੇ ਤੇ ਕਰਦੇ ਕੁੱਛ ਹੋਰ ਨੇ, ਸੱਚ ਤਾਂ ਇਹ ਬੋਲਦੇ ਨਹੀਂ ਹਨ। ਤੇ ਹਿੰਦੁਸਤਾਨ ਦਾ ਤਾਂ ਸੁਭਾਅ ਹੀ ਹੈ ਸੱਚ ਨਾ ਬੋਲਣਾ। ਤੇ ਐਸ ਕਰਕੇ ਤੁਸੀਂ ਦੱਸੋ ? ਥੋੜਾ ਮਨ ਕਦੇ ਇਕ ਹੋਇਆ ਹੈ ਨਾਮ ਦੇ ਨਾਲ ? ਜਦ ਇਕ ਹੋ ਜਾਏਗਾ, ਲੀਨ ਹੋ ਜਾਏਗਾ ਮਨ, ਫਿਰ ਮਨ ਨਹੀਂ ਰਹੇਗਾ, ਫੇਰ ਤਾਂ ਨਾਮ ਤੇ ਨਾਮੀ ਰਹਿ ਜਾਣਗੇ। ਨਾਮ ਨਾਲ ਮਨ ਇੱਕ ਹੋ ਗਿਆ, ਨਾਮੀ ਤੁਹਾਨੂੰ ਪਰਮੇਰ ਪ੍ਰਾਪਤ ਹੋ ਜਾਣਾ ਹੈ, ਗੱਲ ਤਾਂ ਐਨੀ ਹੈ। ਪਰ ਇਹ ਤਾਂ ਬਿਨਾਂ ਮਨ ਦੇ ਲੱਗੇ ਤੇ ਮਨ ਐਧਰ ਜਾਂਦਾ ਹੁੰਦੈ। ਇਹ ਓਧਰ ਭਜਨ ਕਰਦਾ ਹੁੰਦੈ। ਕਦੇ ਕਦੇ ਤੁਸੀਂ ਦੇਖਿਓ, ਇਹ ਜਪੁ ਜੀ ਸਾਹਿਬ ਦੀਆਂ ਪੌੜੀਆਂ ਸੱਤ ਅੱਠ ਪੜ੍ਹ ਜਾਂਦਾ ਹੈ। ਤੇ ਮਨ ਦਾ ਪਤਾ ਹੀ ਨਹੀਂ ਕਿਥੇ ਹੁੰਦੈ। ਉਹ ਤਾਂ ਰਮਾ ਹੁੰਦਾ ਹੈ, ਦੱਬੀ ਜਾਂਦਾ ਹੈ । ਏਸ ਕਰਕੇ, ਰਟਿਆ ਹੋਇਆ ਹੁੰਦੈ। ਮਨ ਨੂੰ ਜੋੜਦੇ ਨਾਮ ਦੇ ਨਾਲ, ਉਦੋਂ ਹੀ ਰੱਬ ਪ੍ਰਾਪਤ ਹੋ ਜਾਏਗਾ। ਬੱਸ! ਫਿਰ ਤੁਹਾਨੂੰ ਪਰਮੇਰ ਪ੍ਰਾਪਤ ਹੋ ਜਾਏਗਾ। ਚੱਲੀਏ -

ਸੇਵਕ ਕੀ ਮਨਸਾ ਪੂਰੀ ਭਈ ॥

ਕਹਿੰਦੇ, ਇੱਥੇ ਜਾਕੇ ਭਾਈ ! ਸੇਵਕ ਦੀ ਸਾਰੀ ਮਨ ਦੀ ਇੱਛਾ ਪੂਰੀ ਹੋ ਜਾਏਗੀ।

ਸਤਿਗੁਰ ਤੇ ਨਿਰਮਲ ਮਤਿ ਲਈ॥

ਇਹ ੍ਧ ਮਤੀ, ਭਾਈ ! ਪੂਰਣ ਗੁਰੂ ਰਾਮਦਾਸ ਮਹਾਰਾਜ ਤੇ ਲਈ ਹੈ ਮੈਂ।

ਜਨ ਕਉ ਪ੍ਰਭੁ ਹੋਇਓ ਦਇਆਲੁ॥

ਜਦ ਆਪਣੇ ਪ੍ਰੇਮੀਆਂ ਤੇ ਪ੍ਰਭੂ ਦਇਆਲ ਹੋਇਆ, ਆਪਣੇ ਸੇਵਕਾਂ ਤੇ-

ਸੇਵਕੁ ਕੀਨੋ ਸਦਾ ਨਿਹਾਲੁ॥

ਹਮੇਸ਼ਾਂ ਵਾਸਤੇ ਨਿਹਾਲ ਕਰ ਦਿੱਤਾ। ਉਹ ਘਾਹੀ ਕਰ ਦਿੱਤਾ ਸੀ ਨਾ ਛੇਵੇਂ ਪਾਤਸ਼ਾਹ ਦੇ ਪਾਸ ਆਇਆ ਸੀ ਜਿਹੜਾ। ਇਹ ਜਾਂਦੇ ਸੀ ਕਸ਼ਮੀਰ ਨੂੰ ਤੇ ਜਹਾਂਗੀਰ ਲੈ ਕੇ ਗਿਆ ਸੀ ਛੇਵੇਂ ਪਾਤਸ਼ਾਹ ਨੂੰ ਬੜੀ ਪ੍ਰਾਰਥਨਾ ਕਰਕੇ। ਉਹਦਾ ਮਤਲਬ ਸੀ ਮੇਰੇ ਤੇ ਕੋਈ ਪਿੱਛੇ ਗਲਤੀ ਹੋ ਗਈ ਹੈ, ਮਾਫੀ ਹੋ ਜਾਏਗੀ। ਜਦ ਕੋਈ ਆਉਂਦਾ ਸੀ ਉਥੇ ਸਿੱਖ, ਉਹ ਪੁੱਛਦਾ ਸੀ, ਸੱਚੇ ਪਾਤਸ਼ਾਹ ਦਾ ਤੰਬੂ ਕਿਹੜਾ ਹੈ ? ਲੋਕ ਦੱਸਦੇ ਬਈ ਉਹ ਹੈ। ਅੱਗੇ ਹੁੰਦਾ ਸੀ ਗੁਰੂ ਸਾਹਿਬ ਦਾ ਤੰਬੂ, ਜਹਾਂਗੀਰ ਦਾ ਪਿੱਛੇ ਹੁੰਦਾ ਸੀ। ਕਾਜੀਆਂ ਨੇ ਉਹਦੇ ਮੁੱਲਾਂ ਜਿਹੜੇ ਸੀ ਬੜੇ, ਉਹਨਾਂ ਨੇ ਸਲਾਹ ਕੀਤੀ ਕਿ ਆਪਣੇ ਰਾਜੇ ਦੀ, ਬਾਦਸ਼ਾਹ ਦੀ, ਬੜੀ ਭਾਰੀ ਹੱਤਕ ਹੈ। ਇਹ ਅੱਜ ਕਲ੍ਹ ਹਿੰਦੁਸਤਾਨ ਦਾ ਬਾਦਸ਼ਾਹ ਹੈ, ਹਜ਼ਰਤ ਕਹਿੰਦੇ ਨੇ ਇਹਨੂੰ। ਪਰ ਇਹ ਜਦ ਕੋਈ ਮਾਮੂਲੀ ਜਿਹਾ ਸਿੱਖ ਪੁੱਛਦਾ ਹੈ ਕਿ ਸੱਚੇ ਪਾਤਸ਼ਾਹ ਦਾ ਤੰਬੂ ਕਿਹੜਾ ਹੈ ? ਕਹਿੰਦਾ, ਸਾਨੂੰ ਕਹਿਣਾ ਪੈਂਦੈ ਬਈ ਉਹ ਹੈ। ਇਹ ਤਾਂ ਹੱਤਕ ਹੈ। ਉਹਨਾਂ ਨੇ ਮਤਾ ਪਾਸ ਕਰ ਲਿਆ ਬਈ ਸਵੇਰੇ ਪਹਿਲਾਂ ਜਿਹੜਾ ਆਕੇ ਪੁੱਛੇ ਸੱਚੇ ਪਾਤਸ਼ਾਹ ਦਾ ਤੰਬੂ, ਤਾਂ ਸੰਤਰੀ ਜਹਾਂਗੀਰ ਦੇ ਤੰਬੂ ਵੱਲ ਹੱਥ ਕਰੇ। ਉਹ ਜਿਹੜਾ ਘਾਹੀ ਸੀ, ਉਹਨੇ ਘਾਹ ਖੋਤਿਆ, ਪਹਿਲੇ ਦਿਨ ਰੋਟੀ ਨਹੀਂ ਖਾਧੀ, ਬਈ ਇਹ ਪੈਸੇ ਮੈਂ ਭੇਟਾ ਕਰਾਂਗਾਂ ਗੁਰੂ ਨੂੰ। ਉਹ ਆਇਆ, ਉਹਨੇ ਆਖਿਆ– ਜੀ ਸੱਚੇ ਪਾਤਸ਼ਾਹ ਦਾ ਤੰਬੂ ਕਿਹੜੈ ? ਉਹਨੇ ਜਹਾਂਗੀਰ ਦੇ ਤੰਬੂ ਵੱਲ ਹੱਥ ਕਰ ਦਿੱਤਾ, ਉਹ ਹੈ। ਉਹ ਚਲਾ ਗਿਆ ਤੇ ਜਹਾਂਗੀਰ ਬੈਠਾ ਸੀ। ਉਹਨੇ ਜਾਕੇ ਮੱਥਾ ਟੇਕਿਆ, ਪਰਕ੍ਰਮਾਂ ਕੀਤੀਆਂ, ਪੈਸੇ ਅੱਗੇ ਰੱਖ ਦਿੱਤੇ, ਡੰਡਉਤ ਕੀਤੀ ਤੇ ਹੱਥ ਬੰਨ੍ਹ ਕੇ ਖੜਾ ਹੋ ਗਿਆ। ਉਹਨੇ ਆਖਿਆ– ਮੰਗ ਕੀ ਮੰਗਦੈਂ ? ਉਹਨੇ ਆਖਿਆ– ਜੀ ਮੁਕਤੀ ਮੰਗਦਾਂ, ਮੁਕਤੀ ਲੈਣੀ ਹੈ। ਉਹ ਜਿਹੜੇ ਸਾਥ ਬੈਠੇ ਸੀ ਅਹਿਲਕਾਰ, ਉਹਨਾਂ ਨੇ ਆਖਿਆ– ਓਏ ! ਤੈਨੂੰ ਇਕ ਖੂਹ ਦੇ ਦਿੰਦੇ ਹਾਂ, ਘਾਹ ਖੋਤਣ ਤੋਂ ਤਾਂ ਛੁੱਟ ਜਾਏਂਗਾ। ਉਹਨੇ ਆਖਿਆ– ਨਾ ਜੀ। ਦੂਜੇ ਨੇ ਆਖਿਆ– ਓਏ ! ਪਿੰਡ ਦੇ ਦਿੰਦੇ ਹਾਂ

ਤੈਨੂੰ ਸਾਰਾ। ਅਖੇ ਨਾ ਜੀ। ਤੀਜੇ ਨੇ ਆਖਿਆ- ਓਏ ! ਤੈਨੂੰ ਨਾਮ ਬਣਾ ਦਿੰਦੇ ਹਾਂ। ਉਹ ਕਹਿੰਦਾ, ਮੈਨੂੰ ਤਿੰਨਾਂ ਲੋਕਾਂ ਦੀ ਜਰੂਰਤ ਨਹੀਂ, ਮੈਂ ਮੁਕਤੀ ਲੈਣੀ ਹੈ। ਉਹ ਜਹਾਂਗੀਰ ਕਹਿੰਦਾ, ਉਹ ਹੈ ਤੰਬੂ, ਮੁਕਤੀ ਵਾਲੇ ਦਾ ਤੰਬੂ ਉਹ ਹੈ। ਮੈਂ ਤਾਂ ਰਾਜਾ ਦੁਨੀਆਂ ਦਾ ਹਾਂ। ਉਹ ਹੈ ਸੱਚੇ ਪਾਤਾਹ ਦਾ ਤੰਬੂ। ਉਹਨੇ ਪੈਸੇ ਲਏ ਚੁੱਕ, ਸਿੱਧਾ ਤੁਰ ਪਿਆ। ਪਿੱਛੇ ਜਹਾਂਗੀਰ ਵੀ ਤੁਰ ਪਿਆ। ਉਹ ਜਦ, ਉਥੇ ਗਿਆ, ਉਹੀ ਸਾਰਾ ਕੰਮ ਉਹਨੇ ਉਥੇ ਵੀ ਕੀਤਾ। ਉਹ ਹੱਥ ਬੰਨ੍ਹ ਕੇ ਖੜ੍ਹ ਗਿਆ, ਡੰਡਉਤ ਬੰਦਨਾ ਸਭ ਕੁੱਛ ਕਰਕੇ। ਛੇਵੇਂ ਪਾਤਾਹ ਕਹਿੰਦੇ- ਸਿੱਖਾ ਕੀ ਮੰਗਦੈਂ ? ਕਹਿੰਦਾ- ਜੀ ਮੁਕਤੀ। ਉਹ ਕਹਿੰਦੇ- ਮੇਰੀ ਅੱਖ ਦੇ ਨਾਲ ਅੱਖ ਮਿਲਾ। ਉਹ ਜਦ ਮਿਲਾਈ, ਉਹ ਕਹਿੰਦਾ ਨਿਹਾਲ ! ਨਿਹਾਲ ! ਨਿਹਾਲ ! ਜਹਾਂਗੀਰ ਹੈਰਾਨ ਹੋ ਗਿਆ। ਕਹਿੰਦਾ- ਜੀ ਇਕ ਬਾਤ ਮੈਂ ਬੇਨਤੀ ਕਰ ਸਕਦਾਂ ? ਕਹਿੰਦੇ- ਹਾਂ ਕਰ ਸਕਦੈਂ। ਕਹਿੰਦਾ- ਜੀ ਹਿੰਦੂਆਂ ਦੀ ਮੁਕਤੀ ਬੜੀ ਸਸਤੀ ਹੈ, ਇੰਨੇ ਕੁ ਪੈਸਿਆਂ ਦੀ ਆ ਜਾਂਦੀ ਹੈ। ਉਹ ਕਹਿੰਦੇ- ਤੂੰ ਕੀ ਦਿੰਦਾ ਸੀ ? ਅਖੇ, ਅਸੀਂ ਤਾਂ ਬਹੁਤ ਕੁੱਛ ਦਿੰਦੇ ਸੀ, ਇਹਨੇ ਕੁੱਛ ਨਾ ਲਿਆ। ਕਹਿੰਦਾ, ਤਿੰਨਾਂ ਲੋਕਾਂ ਦੀ ਜਰੂਰਤ ਨਹੀਂ। ਫੇਰ ਕਹਿੰਦੇ, ਉਹਦਾ ਮੁਕਤੀ ਦਾ ਹੱਕ ਨਹੀਂ ਹੈ ? ਜੀਹਨੂੰ ਤਿੰਨਾਂ ਲੋਕਾਂ ਦੀ ਇੱਛਾ ਨਹੀਂ, ਉਹਦੀ ਰੱਬ ਕੋਲ ਜਾਣ ਦੀ ਹੀ ਰਹਿ ਗਈ ਬਾਤ, ਤੇ ਸਾਰੇ ਉਹ ਅਹਿਲਕਾਰ ਹੈਰਾਨ ਹੋ ਗਏ। ਤੇ ਏਸ ਕਰਕੇ ਭਾਈ ! ਪਰਮੇਰ ਦੀ ਸੇਵਾ ਇਥੇ ਪੂਰੀ ਹੋਵੇਗੀ, ਉਹ ਨਿਹਾਲ ਹੋ ਜਾਏਗਾ, ਉਹ ਮੁਕਤ ਹੋ ਜਾਏਗਾ।

ਸੇਵਕੁ ਕੀਨੋ ਸਦਾ ਨਿਹਾਲੁ॥

ਸਦਾ ਵਾਸਤੇ ਉਹਦਾ ਜਨਮ ਮਰਨ ਕੱਟ ਦਿੱਤਾ। **ਹਾਲ** ਨਾਉਂ ਹੈ ਦੁੱਖਾਂ ਦਾ ਤੇ **ਨਿਹਾਲ** ਨਾਉਂ ਹੈ ਦੁੱਖਾਂ ਤੇ ਰਹਿਤ। ਜਨਮ ਮਰਨ ਤੇ ਰਹਿਤ ਕਰ ਦਿੰਦਾ ਹੈ ਪਰਮੇਰ।

ਬੰਧਨ ਕਾਟਿ ਮੁਕਤਿ ਜਨੁ ਭਇਆ॥

ਉਹਦੇ ਸਾਰੇ ਬੰਧਨ ਕੱਟ ਦਿੱਤੇ ਤਾਂ ਉਹ ਮੁਕਤ ਹੋਇਆ ਹੈ।

ਇਹਦੇ ਕਿੰਨੇ ਬੰਧਨ ਨੇ ਮੋਹ ਦੇ, ਜੋ ਇਹ ਪਾਈ ਬੈਠਾ ਹੈ।

ਜਨਮ ਮਰਨ ਦੂਖੁ ਭ੍ਰਮੁ ਗਇਆ॥

ਜੰਮਣਾ ਤੇ ਮਰਨਾ, ਦੁੱਖ ਤੇ ਭਰਮ ਸਾਰਾ ਨਾਸ ਹੋ ਗਿਆ। ਅਰਥ ਤਾਂ ਗੁਰੂ ਜੀ ਆਪ ਹੀ ਕਰੀ ਜਾਂਦੇ ਨੇ।

ਇਛ ਪੁਨੀ ਸਰਧਾ ਸਭ ਪੂਰੀ॥

ਉਹਦੀ ਇੱਛਾ ਬਿਲਕੁਲ ਇਹ ਪੂਰੀ ਹੋ ਗਈ ਤੇ ਰਧਾ ਵੀ ਪੂਰਨ ਹੋ ਗਈ।

ਰਵਿ ਰਹਿਆ ਸਦ ਸੰਗਿ ਹਜੂਰੀ॥

ਕਹਿੰਦੇ- ਹੁਣ ਇਹ ਪਤਾ ਲੱਗ ਗਿਆ ਕਿ ਜਿਹੜਾ ਸਾਰੇ ਰਵਿ ਰਹਿਆ ਵਿਆਪਕ ਹੈ, ਉਹ ਸਦਾ ਹੀ ਮੇਰੇ ਸਾਥ ਹੈ, ਹਾਜਰਾ ਹਜੂਰ ਹੈ ਤੇ ਜਾਹਰਾ ਜਹੂਰ ਹੈ। ਇਹ, ਇਹਨੂੰ ਅਨੁਭਵ ਹੋ ਗਿਆ ਇਸ ਬਾਤ ਦਾ।

ਜਿਸ ਕਾ ਸਾ ਤਿਨਿ ਲੀਆ ਮਿਲਾਇ॥

ਜਿਸਦਾ ਸੀ ਇਹ ਜੀਵ, ਇਹ ਜਿਹੜਾ ਬਿਰਤੀ ਵਿਚ ਅਰੂੜ (ਇਸਥਿਤ) ਚੇਤਨ ਬੈਠਾ ਸੀ, ਇਹ ਵਿਆਪਕ ਤਾਂ ਪਹਿਲਾਂ ਹੀ ਸੀ। ਉਸਦੇ ਨਾਲ ਹੁਣ ਮੈਨੂੰ ਇਹ ਗਿਆਨ ਹੋ ਗਿਆ, ਉਹ ਇਕ ਹੈ, ਪਰੀਪੂਰਣ ਹੈ।

ਨਾਨਕ ਭਗਤੀ ਨਾਮਿ ਸਮਾਇ॥

ਕਹਿੰਦੇ- ਨਾਮ ਔਰ ਭਗਤੀ ਦੁਆਰਾ ਭਾਈ ! ਪਰਮੇਰ ਵਿਚ ਸਮਾਇਆ ਜਾਂਦਾ ਹੈ। ਨਾਮ ਬੰਦ ਨਾ ਹੋਵੇ ਤੇ ਭਗਤ ਵੀ ਇਹੋ ਜਿਹਾ ਹੋਵੇ ਤੇ ਬਿਲਕੁਲ ਹੰਕਾਰ ਦਾ ਭੋਰਾ ਨਾ ਹੋਵੇ ਅੰਦਰ। ਹੰਕਾਰ ਸਮਾਪਤ ਹੋ ਜਾਏ ਤੇ ਨਾਮ ਚੱਲ ਜਾਏਗਾ, ਇਹ ਨਿਯਮ ਹੈ। ਜਦ ਤੱਕ ਹੰਕਾਰ ਨਹੀਂ ਜੀਵ ਦਾ ਸਮਾਪਤ ਹੁੰਦਾ, ਉਦੋਂ ਤੱਕ ਕੋਈ ਨਾਮ ਨਹੀਂ ਚਲਦਾ, ਐਵੇਂ ਗੱਪਾਂ ਮਾਰਦਾ ਹੈ। ਨਾਮ ਕਦ ਚੱਲੇਗਾ ? ਜਦ ਹੰਕਾਰ ਸਾਰਾ ਪਰੇ ਹੋ ਜਾਏਗਾ, ਤਾਂ ਇਹਦਾ ਨਾਮ ਚੱਲ ਜਾਏਗਾ। ਫਿਰ ਕੀ ਹੋ

ਜਾਊ? ਹੁਣ ਪੜ੍ਹ –

ਨਾਨਕ ਭਗਤੀ ਨਾਮਿ ਸਮਾਇ॥

ਉਹ ਨਾਮ ਔਰ ਭਗਤੀ ਦੁਆਰਾ ਅਸੀਂ ਪਰਮੇਰ ਦੇ ਨਾਲ, ਉਹਦੇ ਵਿਚ **ਸਮਾਇ** , ਸਾਡਾ ਮਨ ਇਕ ਹੋਏਗਾ।

ਸੋ ਕਿਉ ਬਿਸਰੈ ਜਿ ਘਾਲ ਨ ਭਾਨੈ॥

ਜੋ ਇੰਨੀ ਘਾਲ ਵੀ ਕਦੇ ਉਹ ਭੰਨਦਾ ਨਹੀਂ ਜੋ ਇਹਦੀ ਕੀਤੀ ਹੋਈ ਹੈ, ਇਹੋ ਜਿਹਾ ਪਰਮੇਰ ਕਿਉਂ ਬਿਸਰੇ ਬਈ!

ਸੋ ਕਿਉ ਬਿਸਰੈ ਜਿ ਕੀਆ ਜਾਨੈ॥

ਜਿਹੜਾ ਤੇਰੇ ਕੀਤੇ ਨੂੰ ਹਮੇਂ ਜਾਣੇ, ਉਹ ਕਿਉਂ ਭੁੱਲੇ ? ਤੁਹਾਨੂੰ ਪਤਾ ਨਹੀਂ, **ਕੀਆ** ਕਿਥੇ ਤੱਕ ਜਾਣਦੇ ਨੇ। ਜਦ ਉਹ ਭੌਰਾ ਤੇ ਗੁਰਦਾਸ, ਭਾਈ ਭਗਤੇ ਦੇ ਲੜਕੇ ਸੀ। ਭਗਤਾ, ਬਹਿਲੋ ਦਾ ਪੁੱਤਰ ਸੀ। ਬਹਿਲੋ ਨੇ ਉਥੇ ਜਾਕੇ ਸੇਵਾ ਕੀਤੀ ਸੀ, ਜਦ ਹਰਿਮੰਦਰ ਸਾਹਿਬ ਬਣਾਇਆ ਅੰਮ੍ਰਿਤਸਰ। ਜਦ ਗੁਰੂ ਸਾਹਿਬ ਬਣਾਉਣ ਲੱਗੇ ਮੰਦਿਰ, ਉਹਨਾਂ ਨੇ ਆਖਿਆ ਬਈ ਗੱਲ ਸੁਣ ਲਉ, ਪਹਿਲਾਂ ਉਸ ਪੁਰਾਣੇ ਸਿੱਖ ਨੂੰ ਲਿਆਉ, ਉਹ ਭੁੱਲਿਆ ਬੈਠੈ। ਉਥੇ **ਭਾਈ ਕੇ ਫਫੜੇ** ਇਕ ਪਿੰਡ ਹੈ ਮਾਲਵੇ ਵਿਚ, ਦਮਦਮੇ ਸਾਹਿਬ ਦੇ ਐਸ ਪਾਸੇ ਹੈ, ਬੜਾ ਭਾਰੀ ਪਿੰਡ ਹੈ। ਉਹ **ਭਾਈ ਕੇ ਫਫੜੇ** ਵੀ ਬਹਿਲੋ ਕਰਕੇ ਪਿਆ ਹੈ ਉਹਦਾ ਨਾਉਂ। ਉਸ ਵਕਤ ਉਸਤੇ ਐਸਾ ਪ੍ਰਭਾਵ ਪੈ ਗਿਆ ਸੀ, ਉਹ ਮੁਸਲਮਾਨਾਂ ਦਾ ਆਗੂ ਨੰਬਰਦਾਰ ਹੋ ਗਿਆ ਸੀ। ਮੁਸਲਮਾਨਾਂ ਦਾ ਆਗੂ, ਜਿਹੜਾ ਮੁਸਲਮਾਨ ਮੱਤ ਨੂੰ ਮੰਨੇ, ਉਹਨੂੰ ਉਹ ਬਣਾਉਂਦੇ ਸੀ ਆਪਣਾ, ਅੱਗੇ ਲੋਕਾਂ ਨੂੰ ਉਪਦੇ ਕਰਨ ਵਾਲਾ। ਉਹਦੇ ਕੋਲ ਇਕ ਤਾਂ ਛੜੀ ਹੁੰਦੀ ਸੀ ਲੋਹੇ ਦੀ ਤੇ ਇਕ ਉਹ ਥੜਾ ਬਣਾਉਂਦਾ ਸੀ। ਉਹਦੇ ਉੱਤੇ ਆਕੇ ਮੱਥਾ ਟੇਕਦੇ ਸੀ ਲੋਕ। ਉਹ ਛੜੀ ਉਹਨੂੰ ਲਾਉਂਦਾ ਸੀ। ਉਹ ਛੜੀ ਸੁਲਤਾਨ ਪੀਰ ਦੀ ਮੰਨਦੇ ਨੇ । ਫਿਰ ਲੋਕ ਉਹਦੇ ਨਾਲ ਰਾਜੀ ਹੁੰਦੇ ਜੋ ਕੁੱਛ ਹੋਵੇ। ਉਹਨੇ ਆਪਣੇ ਵਿਹੜੇ ਵਿਚ ਥੜਾ ਬਣਾਇਆ ਸੀ, ਭਾਈ ਬਹਿਲੋ ਨੇ। ਉਹ ਛੜੀ ਉਹਦੇ ਪਾਸ ਸੀ,

ਪਿੰਡ ਦਾ ਉਹ ਨੰਬਰਦਾਰ ਸੀ। ਪੰਚਮ ਪਾਤਾਹ ਕਹਿੰਦੇ ਲਿਆਉ ਉਹਨੂੰ, ਪੱਕਾ ਕਰਨੈ ਆਪਾਂ। ਲਿਆਉ, ਪਰ ਛੇ ਜਣੇ ਜਾਉ, ਉਹਨੇ ਤੁਰਨਾ ਨਹੀਂ ਤੁਹਾਡੇ ਨਾਲ। ਉੱਧਰ ਮੁਸਲਮਾਨੀ ਮੱਤ ਦਾ, ਉਹਦੇ ਤੇ ਅਸਰ ਪਿਆ ਹੋਇਐ। ਜਦ ਨਾ ਤੁਰਿਆ, ਦੋ ਜਣੇ ਖਿੱਚਿਓ, ਚਾਰ ਧੱਕੇ ਮਾਰਿਓ, ਐਂ ਲਿਆਇਉ ਫੜਕੇ। ਪਰ ਤੁਹਾਨੂੰ ਪਿੰਡ ਦੇ ਆਦਮੀ ਸਾਰੇ ਆਖਣਗੇ ਕਿ ਕਿਉਂ ਅਨਿਆਇ ਕਰਦੇ ਹੋ ? ਉਹਨਾਂ ਨੂੰ ਕਹਿ ਦਿਉ, ਇਹ ਗੁਰੂ ਦਾ ਪੁਰਾਣਾ ਸੇਵਕ ਹੈ ਤੇ ਗੁਰੂ ਦੇ ਪਾਸ ਲੈ ਜਾਣਾ ਹੈ। ਉਹੀ ਬਾਤ ਹੋਈ, ਜਦ ਫੜਿਆ ਉਹਨਾਂ ਨੇ, ਉਹ ਲੋਕ ਆਂਹਦੇ, ਕਿਉਂ ਧੱਕਾ ਕਰਦੇ ਹੋ ਇਹਦੇ ਨਾਲ। ਉਹ ਕਹਿੰਦਾ, ਮੈਂ ਗੁਰੂ ਨੂੰ ਮੰਨਦਾ ਹੀ ਨਹੀਂ, ਮੈਂ ਸੁਲਤਾਨ ਨੂੰ ਮੰਨਦਾ ਹਾਂ, ਮੈਂ ਤਾਂ ਗੁਰੂ ਨੂੰ ਮੰਨਦਾ ਹੀ ਨਹੀਂ। ਉਹ ਕਹਿੰਦੇ, ਤੈਨੂੰ ਪਤਾ ਹੀ ਨਹੀਂ ਪਰ ਤੂੰ ਪਿੱਛੇ ਬੇਮੁੱਖ ਹੋ ਗਿਆ, ਮਾਇਆ ਦੇ ਪ੍ਰਭਾਵ ਵਿੱਚ ਆ ਗਿਆ। ਉਹ ਲੋਕਾਂ ਨੇ ਉਹਨੂੰ ਰੋਕਿਆ, ਉਹ ਕਹਿੰਦੇ, ਨਾ ਬਈ ! ਤੁਹਾਡਾ ਹੱਕ ਨਹੀਂ ਹੈ, ਇਹ ਪੁਰਾਣਾ ਗੁਰੂ ਦਾ ਸੇਵਕ ਹੈ ਭੁੱਲਿਆ ਹੋਇਆ। ਲੋਕ ਕਹਿੰਦੇ, ਨਾ ਜੀ ! ਅਸੀਂ ਗੁਰੂ ਬਾਬਤ ਕੁੱਛ ਨਹੀਂ ਕਹਿੰਦੇ, ਲੈ ਜਾਉ ਭਾਈ ! ਉਹ ਗੁਰੂ ਕਾ ਸੇਵਕ ਹੈ, ਗੁਰੂ ਤਾਂ ਜਾਹਰ ਨੇ । ਉਹ ਲਿਆਏ, ਤੇ ਸਤਲੁਜ ਦਰਿਆ ਤੱਕ ਫੜਕੇ ਹੀ ਲਿਆਏ, ਤੁਰ ਪਿਆ ਨਾਲ, ਆ ਗਿਆ। ਜਦ ਬੇੜੀ ਵਿਚ ਬੈਠਾ ਤੇ ਅੱਧ ਵਿਚ ਗਿਆ ਸਤਲੁਜ ਦੇ, ਉਹ ਕਹਿੰਦਾ, ਖੋਲ੍ਹ ਦਿਉ ਭਾਈ ! ਉਹ ਕਹਿੰਦੇ ਨਾ, ਫਿਰ ਤੂੰ ਭੱਜ ਜਾਏਂਗਾ। ਕਹਿੰਦਾ, ਹੁਣ ਭੱਜਣ ਜੋਗਾ ਰਿਹਾ ਹੀ ਨਹੀਂ। ਉਹ ਨਕਾ, ਪੰਚਮ ਪਾਤਾਹ ਨੇ ਸਾਫ ਦਿਖਾਲ ਦਿੱਤਾ, ਫਿਰ ਉਹ ਕਹਿੰਦਾ ਖੋਲ੍ਹ ਦਿਉ ਮੈਂ ਭੱਜਣਾ ਨਹੀਂ। ਉਹਨਾਂ ਨੇ ਖੋਲ੍ਹ ਦਿੱਤਾ। ਉੱਤਰ ਕੇ ਜਿਉਂ ਤੁਰਿਆ ਉਹਨਾਂ ਨੂੰ ਅੰਮ੍ਰਿਤਸਰ ਤੱਕ ਰਲਣ ਹੀ ਨਹੀਂ ਦਿੱਤਾ, ਭਾਈ ਬਹਿਲੋ ਨੇ। ਉਹ ਭੱਜ ਕੇ ਰਲਣ। ਉਹਨੂੰ ਤਾਂ ਇਹ ਹੋ ਗਿਆ, ਮੈਂ ਤਾਂ ਬੜਾ ਅੜਕ ਗਿਆ, ਭੁੱਲ ਗਿਆ ਤੇ ਅਖੀਰੀ ਜਦ ਗਏ, ਉਹਨੇ ਮੱਥਾ ਟੇਕਿਆ ਜਾਕੇ ਤੇ ਸਿੱਖ ਵੀ ਬਹਿ ਗਏ ਮੱਥਾ ਟੇਕ ਕੇ। ਉਹ ਕਹਿੰਦੇ– ਕੀ ਬਾਤ ਹੈ ? ਉਹ ਕਹਿੰਦਾ, ਜੀ

ਭੁੱਲ ਗਿਆ, ਮਾਇਆ ਨੇ ਭੁਲਾ ਦਿੱਤਾ, ਨੰਬਰਦਾਰੀ ਮਿਲ ਗਈ, ਪਿੰਡ ਦਾ ਬੜਾ ਹੋ ਗਿਆ, ਮੁਸਲਮਾਨਾਂ ਦਾ ਰਾਜ ਹੈ, ਆਹ ਗੱਲ ਹੈ। ਉਹਨਾਂ ਆਖਿਆ ਹੁਣ? ਅਖੇ, ਹੁਣ ਤਾਂ ਜੀ ਸਭ ਕੁੱਛ ਆਪਦੇ ਅਰਪਣ, ਸਭ ਕੁੱਛ ਆਪਦਾ। ਅਖੇ, ਇਹ ਹਰਿਮੰਦਰ ਸਾਹਿਬ ਬਣਾਉਣਾ ਹੈ। ਭੱਠੇ ਤੈਂ ਲਾਉਣੇ ਨੇ, ਉਹਨਾਂ ਦੇ ਵਿਚ ਤੂੰ ਸਭ ਕੁੱਛ ਪਾਉਣਾ ਹੈ ਤੇ ਪਕਾਉਣੇ ਨੇ, ਉਹ ਇੱਟਾਂ ਆਪਾਂ ਨੇ ਢੋਕੇ ਇਥੇ ਲਾਉਣੀਆਂ ਨੇ, ਐਂ ਬਣਾਉਣਾ ਹੈ। ਉਹ ਜਦ ਐਨ ਪੂਰਾ ਹਰਿਮੰਦਰ ਸੰਪੂਰਣ ਹੋ ਗਿਆ, ਉਸ ਦਿਨ ਗੁਰੂ ਸਾਹਿਬ ਬੋਲੇ ਪੰਚਮ ਪਾਤਾਹ, **ਭਾਈ ਬਹਿਲੋ ਸਭ ਸੇ ਪਹਿਲੋ** । ਕਹਿੰਦੇ ਭਾਈ ਬਹਿਲੋ ਸਭ ਸੇ ਪਹਿਲੋ ਹੈ। ਉਹ ਜਦ ਗਿਆ ਗੁਰੂ ਸਾਹਿਬ ਕੋਲ, ਉਹ ਕਹਿੰਦੇ ਵਿਛਾ ਖੇਸ, ਉਹਦੇ ਕੋਲ ਖੇਸ ਹੀ ਸੀ। ਉਹ ਕਹਿੰਦਾ- ਜੀ ਮੈਂ ਤਾਂ ਨਿਹਾਲ ਹੋ ਗਿਆ, ਮੈਨੂੰ ਤਾਂ ਸਭ ਕੁੱਛ ਪ੍ਰਾਪਤ ਹੋ ਗਿਆ। ਗੁਰੂ ਸਾਹਿਬ ਕਹਿੰਦੇ, ਮੰਗ! ਉਹ ਕਹਿੰਦਾ- ਜੀ ਮੰਗ ਦੀ ਕੋਈ ਇੱਛਾ ਨਹੀਂ ਹੈ। ਉਹ ਕਹਿੰਦੇ- ਜਦ ਅਸੀਂ ਕਹਿੰਦੇ ਹਾਂ ਤਿੰਨ ਵਾਰ ਬਈ ਮੰਗ। ਉਹ ਕਹਿੰਦਾ- ਜੀ ਸਾਡੇ ਜਲ ਨਹੀਂ ਮਾਲਵੇ ਦੇ ਵਿਚ, ਬਹੁਤ ਦੂਰ ਹੈ, ਦੋ ਸੌ ਹੱਥ ਤੇ ਹੈ। ਅਖੇ, ਜਲ ਨਹੀਂ ਉਥੇ, ਬੜੇ ਲੋਕ ਤੰਗ ਨੇ, ਹੋਰ ਤਾਂ ਕੁੱਛ ਨਹੀਂ। ਉਹਨਾਂ ਆਖਿਆ- ਜਿਹੜਾ ਉਹ ਤੇਰਾ ਹੈ ਨਾ ਇਧਰਲੇ ਪਾਸੇ ਟੋਭਾ, ਉਹਦੀ ਇੱਟ ਚੁੱਕ ਦੇਈਂ ਜਾਕੇ। ਉਹ ਕਹਿੰਦਾ- **ਸਤਿ ਬਚਨ** । ਉਹਨੇ ਆਕੇ ਇੱਟ ਚੁੱਕੀ, ਜਲ ਹੀ ਜਲ ਹੋ ਗਿਆ। ਲੋਕਾਂ ਨੇ ਆਖਿਆ, ਭਾਈ ਬਹਿਲੋ ਵਰਗਾ ਕੋਈ ਨਹੀਂ। ਤਿਹਾਏ ਮਰਦੇ ਸੀ, ਪੂ ਦੁਖੀ ਸਨ। ਹੁਣ ਉਹ ਤਲਾਅ ਬਣਿਆ ਹੋਇਐ, ਲੋਕ ਜਾਕੇ ਇਨਾਨ ਕਰਦੇ ਨੇ, ਤੇ ਆਹ ਜਿਹੜੇ ਸੁੱਕੇ ਮੁੰਡੇ ਹੁੰਦੇ ਨੇ, ਉਹਨਾਂ ਨੂੰ ਨਲਾਉਂਦੇ ਨੇ ਉਹਦੇ ਵਿਚ। ਸੋ ਏਸ ਕਰਕੇ, ਜਦ ਭਾਈ ਬਹਿਲੋ ਨੇ ਆਪਣੀ ਪੂਰਣ ਕਮਾਈ ਕੀਤੀ, ਉਹ ਕ੍ਰਿਤ ਕ੍ਰਿਤ ਹੋ ਗਿਆ। ਇਹ ਸੇਵਕ ਉਦੋਂ ਪੂਰਣ ਹੁੰਦੈ, ਜਦ ਇਹਦੀ ਸੇਵਾ ਪੂਰਣ ਹੋ ਜਾਏ। ਸੇਵਾ ਤਾਂ ਹੁੰਦੀ ਹੈ ਕਿਤੇ ਬਾਰਾਂ ਸਾਲ ਗਾਗਰਾਂ ਢੋ ਕੇ। ਇਹ ਪਹਿਲੇ ਦਿਨ

ਹੀ ਚਾਹੁੰਦੈ, ਮੈਨੂੰ ਇਹ ਮਿਲ ਜਾਏ ਤੇ ਆਹ ਮਿਲ ਜਾਏ। ਇਹ ਜਿੰਨੀ ਇਹਦੀ ਮੰਗ ਹੁੰਦੀ ਹੈ, ਉਹ ਪਰਮਾਰਥ ਉਥੇ ਚੌਥੇ ਹਿੱਸੇ ਦਾ ਵੀ ਨਹੀਂ ਹੁੰਦਾ। ਏਸ ਕਰਕੇ, ਸੇਵਕ ਦੀ ਸੇਵਾ ਉਦੋਂ ਪੂਰੀ ਹੋਏਗੀ, ਜਦ ਉਹ ਮਨਜ਼ੂਰ ਹੋ ਜਾਏਗਾ। ਹੁਣ ਪੜ੍ਹ ਭਾਈ–

ਸੋ ਕਿਉ ਬਿਸਰੈ ਜਿ ਕੀਆ ਜਾਨੈ॥

ਹਾਂ! ਮੈਂ ਭੁੱਲ ਗਿਆ ਉਹ ਬਾਤ ਜਿਹੜੀ ਗੱਲ ਵਿਚੋਂ ਸੀ। ਜਦ ਰਾਮ ਰਾਇ ਨੂੰ ਭੇਜਿਆ, ਦਿੱਲੀ ਬਾਦਾਹ ਨੇ ਬੁਲਾਇਆ। ਗੁਰੂ ਸਾਹਿਬ ਕਹਿੰਦੇ– ਅਸੀਂ ਤਾਂ ਨਹੀਂ ਜਾਣਾ, ਇਹ ਸਾਡਾ ਸਾਹਿਬਜਾਦਾ ਜਾਏਗਾ। ਉਹਨੂੰ ਕਹਿ ਦਿੱਤਾ ਬਈ ਜੋ ਔਰੰਗਜੇਬ ਕਹੇ, ਐਸ ਜੇਬ ਵਿਚ ਹੱਥ ਪਾਕੇ ਕਹਿ ਦੇਈਂ, ਉਹੀ ਹੋਈ ਜਾਊ। ਬਹੱਤਰ (72) ਸਿੱਧੀਆਂ ਦਿਖਾਲੀਆਂ। ਜਮੁਨਾ ਤੇ ਉਹਨੂੰ ਲੈਕੇ ਨਾਲ ਤੋਰਿਆ ਤੇ ਬਿਨਾਂ ਪਾਲਕੀ ਤੇ ਵੀ ਗਏ। ਖੂਹ ਤੇ ਚਾਦਰ ਵਿਛਾ ਦਿੱਤੀ ਕਿ ਵੇ ਖਾਂਗੇ। ਉਹਦੇ ਉਤੇ ਜਾਕੇ ਬਹਿ ਗਏ, ਉਵੇਂ ਜਿਵੇਂ ਰਿਹਾ। ਅਖੀਰੀ ਉਸਨੇ ਇਹ ਇਕ ਗੱਲ ਕਹਿ ਦਿੱਤੀ ਬਈ ਹੋਰ ਤਾਂ ਗੱਲ ਠੀਕ ਹੈ, ਆਹ ਜਿਹੜਾ ਕਿਹੈ ਕਿ ਨਾ–

ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮਿ~ਆਰ॥ (ਪੰਨਾ ੪੬੬)

ਇਹ ਦੇਖੋ ਜੀ ਮੁਸਲਮਾਨਾਂ ਨਾਲ ਫਰਕ ਕੀਤਾ ਹੈ। ਇਥੋਂ ਰਾਮਰਾਇ ਥਿੜਕ ਗਿਆ। ਉਹ ਕਹਿੰਦਾ ਨਾ ਜੀ ਮੁਸਲਮਾਨ ਨਹੀਂ, ਮਿੱਟੀ ਬੇਈਮਾਨ ਦੀ। ਬੱਸ ਏਸ ਪੰਗਤੀ ਤੋਂ ਰਾਮਰਾਇ ਗੱਦੀ ਤੋਂ ਰਹਿ ਗਿਆ। ਏਸ ਕਰਕੇ ਦੋਏ ਭਾਈ ਉਹ, ਰਾਮਰਾਏ ਦੇ ਨਾਲ ਹੀ ਰਹੇ ਨੇ। ਰਾਮਰਾਇ ਨੂੰ ਦੇਹਰਾਦੂਨ ਦਿੱਤਾ ਔਰੰਗੇਬ ਨੇ। ਉਹ ਕਹਿੰਦਾ ਮੈਂ ਗੱਦੀ ਤੋਂ ਰਹਿ ਗਿਆ ਹਾਂ, ਬੇਮੁੱਖ ਹੋ ਗਿਆ, ਆਹ ਮੈਂ ਪੰਗਤੀ ਪੜ੍ਹ ਦਿੱਤੀ ਹੈ। ਏਸ ਕਰਕੇ ਬਾਤ ਇਹ ਹੈ, ਹੁਣ ਮੈਨੂੰ ਤਾਂ ਗੱਦੀ ਮਿਲਣੀ ਨਹੀਂ, ਮੈਂ ਬੇਮੁੱਖ ਹੋ ਗਿਆ। ਉਹਨੇ ਆਖਿਆ, ਤੈਨੂੰ ਦੇਹਰਾਦੂਨ ਦਿੰਦਾ ਹਾਂ ਮੈਂ। ਮੇਰਾ ਤਾਂ ਇੰਨਾ ਹੀ ਅਖਤਿਆਰ ਹੈ। ਉਹ ਦੇਹਰਾਦੂਨ ਫਿਰ ਰਾਮਰਾਇ ਨੂੰ ਦਿੱਤਾ। ਉਹ ਭਾਈ ਗੁਰਦਾਸ ਤੇ ਭੌਰਾ ਵੀ ਰਾਮਰਾਇ

ਦੇ ਨਾਲ ਹੀ ਰਹੇ। ਉਹ ਕਦੇ ਕਦੇ ਰਾਮਰਾਇ ਆਖੇ ਬਈ ਮੈਂ ਰਹਿ ਗਿਆ, ਦਸਮ ਪਾਤਾਹ ਪੂਰਣ ਗੁਰੂ ਹੈ ਤੇ ਉਹ ਗੁਰਦਾਸ ਤੇ ਭੌਰਾ ਵੀ ਸੂਰਮਾ ਸੇ, ਭਗਤੂ ਦੇ ਪੁੱਤ। ਉਹ ਕਹਿੰਦੇ, ਤੁਸੀਂ ਕਿਉਂ ਫਿਕਰ ਕਰਦੇ ਹੋਂ ? ਜੇ ਉਹ ਤੀਰ ਚਲਾਉਣ ਜਾਣਦੇ ਨੇ ਦਸਮੇਂ ਪਾਤਾਹ, ਅਸੀਂ ਵੀ ਤਾਂ ਜਾਣਦੇ ਹਾਂ। ਇੰਨੇ ਨੂੰ ਜਦ ਦਸਵੇਂ ਪਾਤਾਹ ਪਾਉਂਟੇ ਗਏ, ਉਥੇ ਰਾਜੇ ਮੇਦਨੀ ਪ੍ਕਾ ਨੇ ਇਹ ਬਾਤ ਕਹੀ ਕਿ ਮਹਾਰਾਜ ਮੇਰੀ ਰਿਆਸਤ ਦੇ ਵਿਚ, ਇਕ ਆਪਣਾ ਮਕਾਨ ਬਣਾਉ। ਉਹ ਦਸਮ ਪਾਤਾਹ ਜਦ ੇਰ ਨੂੰ ਮਾਰਕੇ ਆਏ, ਫਿਰਦੇ-੨ ਜਦ ਉਥੇ ਆਏ, ਉਥੇ ਜਮੁਨਾ ਖੜਕਾ ਨਹੀਂ ਕਰਦੀ। ਉਥੇ ਪੈਰ ਧਰਕੇ ਕਹਿੰਦੇ, ਲੈ ਬਣਾ ਦਿਉ। ਉਹ ਤਾਂ ਹੀ ਉਹਦਾ ਨਾਉਂ ਪਾਉਂਟਾ ਸਾਹਿਬ ਪਿਆ। ਏਸ ਕਰਕੇ, ਉਹ ਫਿਰ ਐਸੇ ਹੋਏ ਸੇ । ਰਾਮਰਾਇ ਨੇ ਫਿਰ ਚਿੱਠੀਆਂ ਭੇਜੀਆਂ ਆਪਣੇ ਸਿੱਖਾਂ ਕੋਲ ਬਈ ਗੁਰੂ ਸਾਹਿਬ ਨੂੰ ਕਹਿ ਦਿਉ, ਮੈਨੂੰ ਇਕ ਵਾਰ ਦਰਨ ਦਿਉ । ਉਹ ਸੱਤਵੇਂ ਗੁਰੂ ਨੇ ਤਾਂ ਉਹਨੂੰ ਆਖਿਆ ਸੀ, ਬਾਰਾਂ ਕੋਹ ਸਾਥੋਂ ਪਰ੍ਹੇ ਰਹਿਣਾ ਹੈ। ਤੂੰ ਬੇਮੁੱਖ ਹੈਂ। ਉਹ ਜਿਹੜੀ ਗੁਰੂ ਪਦਵੀ ਹੈ, ਉਥੇ ਹੁਣ ਗੁਰੂ ਗੋਬਿੰਦ ਸਿੰਘ ਨੇ, ਉਹਨੂੰ ਪਤਾ ਸੀ ਰਾਮਰਾਇ ਨੂੰ ਕਿ ਮੈਂ ਗੁਰੂ ਤਾਂ ਨਹੀਂ ਹਾਂ। ਇਕ ਵਾਰੀ ਉਸ ਸੀਂਹੇ ਨੇ ਕਿਹਾ ਗੁਰੂ ਤੇਗ ਬਹਾਦਰ ਦੀ ਖਾਤਰ। ਉਹ ਕਹਿੰਦਾ ਸੀਹਾਂ ਕਿ ਜੀ ਐਂ ਹੈ, ਐਂ ਕਰਾਂਗੇ ਉਹ ਸੀਹਾਂ ਕਹਿੰਦਾ। ਧੀਰ ਮੱਲ ਕਹਿੰਦਾ- ਆਪਾਂ ਗੁਰੂ ਤਾਂ ਨਹੀਂ ਹਾਂ, ਗੁਰੂ ਤਾਂ ਨੌਂਵੇਂ ਪਾਤਾਹ ਹੀ ਨੇ, ਆਪਣਾ ਤਾਂ ਜਿੰਨਾ ਚਿਰ ਚਲਦੈ ਚਲਾਉ। ਤੇ ਏਸ ਕਰਕੇ ਜਦ ਉਹਨੂੰ ਆਗਿਆ ਦੇ ਦਿੱਤੀ ਬਈ ਰਾਮਰਾਇ ਨੂੰ ਕਹਿ ਦਿਉ, ਅਸੀਂ ਇਥੇ ਜਾਂਦੇ ਹੁੰਦੇ ਹਾਂ ਸੈਰ ਕਰਨ, ਜਮੁਨਾ ਵਿਚ ਕਿਤੀ ਤੇ, ਉਥੇ ਆਵੇ। ਉਹ ਰਾਮਰਾਇ ਦੂਜੀ ਕਿਤੀ ਤੇ ਚੜਕੇ ਉਹਦੇ ਚੋਂ ਉੱਤਰ ਕੇ ਜਦ ਦਸਮ ਪਾਤਾਹ ਦੀ ਕਿਤੀ ਚ ਆਇਆ, ਉਹ ਆਕੇ ਦਸਮ ਪਾਤਾਹ ਦੇ, ਰਾਮਰਾਇ, ਪੈਰਾਂ ਤੇ ਪੈ ਗਿਆ, ਮਹਾਰਾਜ ਭੁੱਲ ਗਿਆ, ਬਹੁਤ ਚਿਰ ਦਾ ਭੁੱਲਿਆ ਹੋਇਆਂ, ਬਖ ਦਿਉ। ਤਾਂ ਉਹ ਜਿਹੜੀ ਉਹਦੀ ਸੰਗਤ ਸੀ ਰਾਮਰਾਇ ਦੀ, ਉਹਨਾਂ ਨੇ ਪਿੱਠ ਕਰ ਲਈ, ਬਈ ਅਸੀਂ

ਆਪਣੇ ਗੁਰੂ ਤੋਂ ਬਿਨਾਂ, ਦੂਜਾ ਗੁਰੂ ਦੇਖਣਾ ਹੀ ਨਹੀਂ ਹੈ। ਤਾਂ ਉਹ ਦਸਵੇਂ ਪਾਤਾਹ ਕਹਿੰਦੇ, **ਰਾਮਰਾਇ ਗੁਰੂ ਹੈ ਤੇ ਸੰਗਤ ਭੂਤਨੀ** । ਉਹ ਹੁਣ ਵੀ ਰਾਮਰਾਈਆਂ ਦੇ ਘਰੀਂ ਭੂਤਨੇ ਆਏ ਹੀ ਰਹਿੰਦੇ ਨੇ, ਉਹ ਖੜਕਾ ਜਿਹਾ ਹੁੰਦਾ ਹੀ ਰਹਿੰਦਾ ਹੈ। ਮੈਂ ਆਖਿਆ ਓਏ ! ਤੁਹਾਨੂੰ ਤਾਂ ਆਹ ਗੱਲ ਹੈ। ਕਹਿੰਦੇ- ਜੀ ਗੱਲ ਤਾਂ ਠੀਕ ਹੈ। ਤਖਾਣ ਸੀ, ਤਖਾਣਾਂ ਦੇ ਭੂਤ ਜਿਆਦਾ ਹੋਣਗੇ। ਕਈ ਇਥੇ ਸਾਡੇ ਕੋਲ ਤਖਾਣ ਆਉਂਦੇ ਨੇ, ਉਹ ਭੂਤਾਂ ਵਾਲੇ ਹੀ ਹੁੰਦੇ ਨੇ। ਉਹ ਮੈਨੂੰ ਇਕ ਕਹਿੰਦਾ, ਮਹਾਰਾਜ ਇਹਨੂੰ ਕੱਢ ਦਿਉ ਕਿਵੇਂ। ਮੈਂ ਕਿਹਾ, ਉਏ ਕੈਸੇ ਕੱਢ ਦੇਈਏ ? ਇਹਤਾਂ ਗੁਰੂ ਸਾਹਿਬ ਦਾ ਭੇਜਿਆ ਹੋਇਆ ਹੈ ਤੇਰੇ ਵਿਚ। ਏਸ ਕਰਕੇ ਜਦ ਉਹ ਪੈ ਗਿਆ ਪੈਰਾਂ ਤੇ, ਉਹਨਾਂ ਦੀ ਰੀਸ ਤੇ ਉਹ ਗੁਰਦਾਸ ਤੇ ਭੌਰਾ ਦੋਵੇਂ ਭਾਈ ਵੀ ਪੈ ਗਏ। ਦਸਵੇਂ ਪਾਤਾਹ ਕਹਿੰਦੇ - ਤੀਰ ਲਿਆਉ ਓਏ ! ਤੁਸੀਂ ਜੋ ਕਹਿੰਦੇ ਸੀ, ਅਸੀਂ ਤੀਰ ਚਲਾਉਣ ਜਾਣਦੇ ਹਾਂ। ਉਹ ਕਹਿੰਦੇ- ਜੀ ਸਾਨੂੰ ਮਾਫੀ ਦੇ ਦਿਉ, ਅਸੀਂ ਬੜੀ ਗਲਤੀ ਕੀਤੀ। ਉਹ ਦਸਵੇਂ ਪਾਤਾਹ ਕਹਿੰਦੇ, ਤੁਹਾਨੂੰ ਮਾਫੀ ਦਿੰਦੇ ਹਾਂ ਭਾਈ ਬਹਿਲੋ ਕਰਕੇ। ਕਿਉਂ ? ਬਹਿਲੋ ਨੇ ਸੇਵਾ ਕੀਤੀ ਸੀ । ਨਹੀਂ, ਤੁਹਾਨੂੰ ਮਾਫੀ ਕੀ ਦੇਣੀ ਸੀ। ਉਹ ਪੋਤੇ ਸੀ ਨਾ ਬਹਿਲੋ ਦੇ। ਕਹਿੰਦੇ-ਜਾਉ ! ਭਾਈ ਬਹਿਲੋ ਕਰਕੇ ਤੁਹਾਨੂੰ ਵੀ ਬਖ ਦਿੱਤਾ ! ਦੇਖੋ ! ਹੁਣ ਇਹ ਉਹ ਹੈ ਨਾ ਪੰਗਤੀ **ਕੀਆ ਜਾਨੈ** । ਹੁਣ ਪੜ੍ਹ-

ਸੋ ਕਿਉ ਬਿਸਰੈ ਜਿ ਕੀਆ ਜਾਨੈ॥

ਉਹ ਗੁਰੂ ਦੇ ਯਾਦ ਸੀ, ਉਹਨਾਂ ਦਾ ਕੀਤਾ ਹੋਇਆ ਭਾਈ ਬਹਿਲੋ ਦਾ, ਉਹਦੇ ਪੋਤੇ ਬਖੇ। ਉਹ ਭੁਲਦਾ ਕਦੇ ਥੋੜਾ ਹੈ। ਉਹ ਭੁਲਦਾ ਨਹੀਂ। ਭੁੱਲਣਹਾਰ ਜੀਵ ਹੀ ਹੁੰਦੈ, ਅਭੁੱਲ ਗੁਰੂ ਕਰਤਾਰ ਹੀ ਹੁੰਦੈ। ਕਰਤਾਰ ਤੇ ਗੁਰੂ ਬ੍ਰਹਮ ਗਿਆਨੀ ਨਹੀਂ ਭੁੱਲਦਾ ਹੁੰਦਾ, ਜੀਵ ਭੁੱਲਣਹਾਰ ਹੈ। ਇਹਨੇ ਤਾਂ ਮਾਇਆ ਦੇ ਵਿਚ ਠੇਡੇ ਖਾਣੇ ਨੇ, ਕਦੇ ਐਂ ਨੂੰ ਚਲਿਆ ਗਿਆ, ਕਦੇ ਐਂ ਨੂੰ ਚਲਿਆ ਗਿਆ। ਉਹ ਭੁਲਦਾ ਨਹੀਂ ਹੁੰਦਾ, ਗੁਰੂ ਨੇ ਆਖਿਆ, ਅਸੀਂ ਤੁਹਾਨੂੰ ਬਖਦੇ ਹਾਂ। ਬਖਣਾ

ਨਹੀਂ ਸੀ, ਭਾਈ ਬਹਿਲੋ ਕਰਕੇ ਬਖਦੇ ਹਾਂ। ਉਹਨਾਂ ਨੇ ਸੇਵਾ ਕੀਤੀ ਸੀ ਤੇ ਤਾਂ ਉਹ ਬਖੇ ਸੀ। ਉਹ ਕੀਏ ਨੂੰ ਜਾਣਦਾ ਹੈ। ਚੌਥੀ ਪੁਤ ਵਿਚ ਆ ਗਏ ਤਾਂ ਵੀ ਉਹ ਜਾਣਦਾ ਹੈ ਕਿ ਭਾਈ ਬਹਿਲੋ ਦੇ ਨੇ, ਬਈ ਇਹਨਾਂ ਨੂੰ ਬਖਣਾ ਹੈ। ਚੱਲੀਏ-

ਸੋ ਕਿਉ ਬਿਸਰੈ ਜਿਨਿ ਸਭੁ ਕਿਛੁ ਦੀਆ॥

ਕਹਿੰਦੇ, ਜੀਹਨੇ ਮਨ, ਤਨ ਸਭ ਅਰਪਣ ਕਰ ਦਿੱਤਾ, ਉਹ ਕੈਸੇ ਪਰਮੇਰ ਨੂੰ ਭੁਲ ਜਾਊ ਜਾਂ ਪਰਮੇਰ ਉਹਨੂੰ ਕੈਸੇ ਭੁੱਲ ਜਾਊ, ਉਹ ਤਾਂ ਇੱਕ ਹੋ ਗਿਆ।

ਸੋ ਕਿਉ ਬਿਸਰੈ ਜਿ ਜੀਵਨ ਜੀਆ॥

ਜੀਹਨੇ ਤੈਨੂੰ ਜੀਵਨ ਦਾਨ ਦਿੱਤਾ, ਜਿਉਂਦੀ ਚੀਜ ਦਾਨ ਕੀਤੀ ਹੈ, ਤੇਰੇ ਹਿਰਦੇ ਵਿਚ ਇਕ ਜਿਉਂਦੀ ਚੀਜ ਹੈ, ਸਾਰਿਆਂ ਦੇ ਵਿੱਚ।

ਘਟ ਘਟ ਮੈ ਹਰਿ ਜੂ ਬਸੈ (ਪੰਨਾ ੧੪੨੭)

ਉਹ ਜਿਉਂਦੀ ਚੀਜ ਹੈ ਤੇ ਜੜ੍ਹ ਦੇ ਜਿਹੜੇ ਉਪਾਕ ਹੁੰਦੇ ਨੇ, ਉਹ ਗਲਤ ਹੁੰਦੇ ਨੇ। **ਕਬੀਰ ਬੀਜਕ** ਵਿਚ ਆਇਆ ਹੈ। ਇਕ ਕਬੀਰ ਪੰਥੀਆ, ਮੇਰੇ ਨਾਲ ਰਹਿੰਦਾ ਸੀ, ਇਥੇ ਮੇਰੇ ਕੋਲ। ਉਹ (ਕਬੀਰ) ਰਾਮਾਨੰਦ ਨੂੰ ਕਹਿੰਦਾ- ਤੂੰ ਜੜ੍ਹ ਦੀ ਉਪਾਨਾ ਕਰਦੈਂ। ਕਬੀਰ ਆਂਹਦਾ- ਨਹੀਂ ਤਾਂ ਜੜ੍ਹ ਦੀ ਉਪਾਨਾ ਛੱਡ ਦੇ, ਨਹੀਂ ਮੈਂ ਤੈਨੂੰ ਛੱਡ ਦੇਊਂ। ਇਹ ਮੂਰਤੀ ਦਾ ਉਪਾਕ ਸੀ ਰਾਮਾਨੰਦ, ਉਹਨੇ ਛੱਡ ਦਿੱਤੀ। ਕਬੀਰ ਕਹਿੰਦਾ, ਆਹ ਲਉ ਮੈਂ ਤੇਰੇ ਸੰਗ ਵਿਚ ਰਿਹਾ, ਤੇ ਰੇ ਸਤਸੰਗ ਵਿਚ ਰਿਹਾ ਪਰ ਤੂੰ ਤਾਂ ਜੜ੍ਹ ਦਾ ਪੁਜਾਰੀ ਸੀ, ਪਰ ਹਾਂ ! ਹੁਣ ਤੇਰਾ ਮੇਰਾ ਕੋਈ ਫਰਕ ਨਹੀਂ। ਫਿਰ ਕਬੀਰ ਚੇਤਨ ਦਾ ਉਪਦੇ ਕਰਦਾ ਰਿਹਾ, ਉਪਾਨਾ ਤੋਂ ਅਲਹਿਦਾ ਹੋਕੇ। ਉਹਨੇ ਆਖਿਆ ਸੁਤੇ ਅਨੁਭਵ ਸੀ ਮੈਨੂੰ। ਏਸ ਕਰਕੇ, ਰਾਮਾਨੰਦ ਨੇ ਫਿਰ ਇਹ ਗੱਲ ਛੱਡੀ ਤੇ ਕਿਹਾ-

ਕਤ ਜਾਈਐ ਰੇ ਘਰ ਲਾਗੋ ਰੰਗੁ॥

ਮੇਰਾ ਚਿਤੁ ਨ ਚਲੈ ਮਨੁ ਭਇਓ ਪੰਗੁ ॥ ਰਹਾਉ॥
ਏਕ ਦਿਵਸ ਮਨ ਭਈ ਉਮੰਗ॥
ਘਸਿ ਚੰਦਨ ਚੋਆ ਬਹੁ ਸੁਗੰਧ॥
ਪੂਜਨ ਚਾਲੀ ਬ੍ਰਹਮ ਠਾਇ॥
ਸੋ ਬ੍ਰਹਮੁ ਬਤਾਇਓ ਗੁਰ ਮਨ ਹੀ ਮਾਹਿ॥ (ਪੰਨਾ ੧੧੯5)

ਕਹਿੰਦਾ- ਮੈਂ ਪਰਮੇਰ ਦੀ ਪੂਜਾ ਕਰਦਾ ਹੁੰਦਾ ਸੀ ਮੰਦਰ ਵਿਚ ਤੇ ਕਹਿੰਦਾ ਗੁਰੂ ਨੇ ਆਖਿਆ, ਓਏ। ਕਿਥੇ ਤੂੰ ਭੱਜਾ ਜਾਂਦਾ ਹੈ ਰੋਜ। ਅਖੇ- ਜੀ ਪੂਜਾ ਕਰਨ। ਕਹਿੰਦੇ- ਤੇਰੇ ਮਨ ਵਿਚ ਬੈਠੈ, ਕਹਿੰਦੇ- ਪੂਜਾ ਕੀਹਦੀ ਕਰਨੀ ਹੈ ? ਉਹ ਤਾਂ ਤੈਨੂੰ ਦੇਖਦੈ, ਤੇਰੀ ਬਿਰਤੀ ਨੂੰ ਦੇਖਦੈ, ਸਭ ਦੇਖਣੇ ਵਾਲਾ, ਜਾਨਣੇ ਵਾਲਾ, ਉਹ ਤਾਂ ਦਾਨਾ ਬੀਨਾ ਹੈ।

ਪੂਜਨ ਚਾਲੀ ਬ੍ਰਹਮ ਠਾਇ॥
ਸੋ ਬ੍ਰਹਮੁ ਬਤਾਇਓ ਗੁਰ ਮਨ ਹੀ ਮਾਹਿ॥
ਜਹਾ ਜਾਈਐ ਤਹ ਜਲ ਪਖਾਨ॥
ਤੂ ਪੂਰਿ ਰਹਿਓ ਹੈ ਸਭ ਸਮਾਨ॥ (ਪੰਨਾ ੧੧੯5)

ਕਹਿੰਦਾ- ਹੁਣ ਜਿੱਥੇ ਜਾਂਦੇ ਹਾਂ, ਪੱਥਰ ਹੁੰਦੇ ਨੇ ਤੇ ਜਲ ਹੁੰਦਾ ਹੈ।

ਜਹਾ ਜਾਈਐ ਤਹ ਜਲ ਪਖਾਨ॥

ਤੂ ਪੂਰਿ ਰਹਿਓ ਹੈ ਸਭ ਸਮਾਨ॥

ਬੇਦ ਪੁਰਾਨ ਸਭ ਦੇਖੇ ਜੋਇ॥

ਊਹਾਂ ਤਉ ਜਾਈਐ ਜਉ ਈਹਾਂ ਨਾ ਹੋਇ॥(ਪੰਨਾ ੧੧੯5)

ਉਹ ਤਾਂ ਕਹਿੰਦੇ- ਹਿਰਦੇ ਵਿਚ ਬੈਠਾ ਹੈ।

ਸਤਿਗੁਰ ਮੈ ਬਲਿਹਾਰੀ ਤੋਰ॥
ਜਿਨਿ ਸਕਲ ਬਿਕਲ ਭ੍ਰਮ ਕਾਟੇ ਮੋਰ॥
ਰਾਮਾਨੰਦ ਸੁਆਮੀ ਰਮਤ ਬ੍ਰਹਮ॥
ਗੁਰ ਕਾ ਸਬਦੁ ਕਾਟੈ ਕੋਟਿ ਕਰਮ॥ (ਪੰਨਾ ੧੧੯5)

ਰਾਮਾਨੰਦ ਨੇ ਇੱਥੇ ਆਕੇ ਛੱਡਿਆ, ਇਥੋਂ ਚੇਤਨ ਦਾ ਉਪਾਕ ਹੋਇਆ। ਉਹ ਕਬੀਰ ਨੇ **ਬੀਜਕ ਗ੍ਰੰਥ** ਵਿਚ ਠੀਕ ਲਿਖਿਆ ਹੈ, ਪਰ ਇਹ ਬਦ ਗੁਰੂ ਗ੍ਰੰਥ ਸਾਹਿਬ ਮੇਂ ਲਿਖਿਆ ਹੈ। ਭਾਈ ਰਾਮਾਨੰਦ ਇੱਥੇ ਆਕੇ ਚੇਤਨ ਦਾ ਉਪਾਕ ਹੋਇਆ। ਨਹੀਂ ਤਾਂ ਜੜ੍ਹ ਦਾ ਉਪਾਕ ਹੀ ਸੀ ਤੇ ਕਬੀਰ ਤਾਂ ਜੜ੍ਹ ਨੂੰ ਮੰਨਦਾ ਹੀ ਨਹੀਂ ਸੀ। ਚੱਲੀਏ-

ਸੋ ਕਿਉ ਬਿਸਰੈ ਜਿ ਅਗਨਿ ਮਹਿ ਰਾਖੈ॥

ਮਾਤਾ ਦੇ ਗਰਭ ਦੇ ਵਿਚ, ਜਠਰ ਅਗਨੀ ਵਿਚ ਜਿਹੜਾ ਰਖਦੈ, ਉਹ ਰੱਬ ਕਿਉਂ ਭੁੱਲ ਜਾਏ ਬਈ, ਇਹੋ ਜਿਹਾ ?

ਗੁਰ ਪ੍ਰਸਾਦਿ ਕੋ ਬਿਰਲਾ ਲਾਖੈ॥

ਬਈ ਗੁਰੂ ਦੀ ਕ੍ਰਿਪਾ ਤੇ ਏਸ ਬਾਤ ਨੂੰ ਕੋਈ ਵਿਰਲਾ ਹੀ ਜਾਣੇ ਗਾ, ਲਖੇਗਾ। ਕੋਈ ਕਰੋੜਾਂ ਵਿੱਚੋਂ, ਇਕ ਆਦਮੀ ਹੀ ਲਖੇਗਾ।

ਸੋ ਕਿਉ ਬਿਸਰੈ ਜਿ ਬਿਖੁ ਤੇ ਕਾਢੈ॥

ਜੀਹਨੇ ਵਿਹੁ ਵਿਚੋਂ ਕੱਢ ਲਿਆ, ਗਰਭ ਦੇ ਵਿਚੋਂ, ਵਿਹੁ ਚੋਂ ਕੱਢ ਲਿਆ ਵਿਹੁ ਚੋ ਰੱਖਿਆ ਤੇ ਉਹ ਕਿਉਂ ਬਿਸਰੇ। ਉਹ ਮੀਰਾਂ ਬਾਈ ਨੂੰ ਵਿਹੁ ਦਿੱਤੀ ਸੀ, ਉਹ ਇਕ ਰਾਣਾ ਉਹਦਾ ਬਾਪ ਸੀ ਤੇ ਇਕ ਰਾਣਾ ਉਹਦਾ ਸੌਹਰਾ ਸੀ। ਉਹ ਨਚਦੀ ਸੀ, ਕ੍ਰਿਨ ਦੇ ਮੰਦਰ ਜਾਕੇ। ਕ੍ਰਿਨ ਦੀ ਉਪਾਕ ਸੀ, ਜਪਦੀ ਸਤਿਨਾਮ ਸੀ, ਰਵਿਦਾਸ ਦੀ ਚੇਲੀ ਸੀ ਤੇ ਏਸ ਕਰਕੇ ਜਦ ਉਹ ਐਸਾ ਹੋਇਆ, ਕਹਿੰਦੇ ਨੇ, ਉਹਨਾਂ ਨੇ ਰਾਇ ਕੀਤੀ ਬਈ ਇਹ ਸਾਡੀ ਇੱਜਤ ਰੋਜ ਪੱਟਦੀ ਹੈ, ਕੀਰਤਨ ਰੋਜ ਕਰਦੀ ਹੈ ਤੇ ਨੱਚਦੀ ਹੈ ਤੇ ਇਹ ਕਿਵੇਂ ਮਰ ਜਾਏ। ਉਹਦੀ ਨਣਦ ਨੂੰ ਭੇਜਿਆ ਬਈ ਉਹ ਚਰਣਾਮ੍ਰਿਤ ਪੀਂਦੀ ਹੁੰਦੀ ਸੀ ਠਾਕੁਰਾਂ ਦਾ, ਬਈ ਉਹਨਾਂ ਦਾ ਚਰਣਾਮ੍ਰਿਤ ਕਹਿਕੇ ਉਹਨੂੰ ਵਿਹੁ ਦੇ ਦਿਉ। ਉਹਨੇ ਜਾਕੇ ਆਖਿਆ, ਮੈਂ ਠਾਕੁਰਾਂ ਦਾ ਚਰਣਾਮ੍ਰਿਤ ਲਿਆਈ ਹਾਂ, ਤੂੰ ਪੀ ਲੈ। ਉਹ ਮਸਤ ਸੀ, ਉਹ ਕਹਿੰਦੀ, ਠਾਕੁਰਾਂ ਦਾ ਹੈ ? ਉਹ ਕਹਿੰਦੀ, ਹਾਂ ਠਾਕੁਰਾਂ ਦਾ ਹੈ, ਤਿੰਨ ਵਾਰੀ ਕਿਹਾ। ਉਹ ਕਹਿੰਦੀ-

ਲਿਆ, ਉਹ ਮੀਰਾਂ ਬਾਈ ਪੀ ਗਈ। ਉਹ ਮਸਤ ਸੀ, ਉਹ ਜਿਹੜੀ ਉਹਨਾਂ ਨੇ ਵਿਹੁ ਭੇਜੀ ਸੀ, ਉਹ ਅੰਮ੍ਰਿਤ ਬਣ ਗਈ। ਏਸ ਕਰਕੇ, ਇਹੋ ਜਿਹਾ ਰੱਬ ਕਿਉਂ ਭੁੱਲੇ, ਜਿਹੜਾ ਇਹੋ ਜਿਹੀ ਵਿਹੁ ਤੇ ਵੀ ਰੱਖ ਲਵੇ। ਹਾਂ ਜੀ–

ਜਨਮ ਜਨਮ ਕਾ ਟੂਟਾ ਗਾਢੈ॥

ਇਹ ਜੀਵ ਕਰੋੜਾਂ ਜਨਮਾਂ ਦਾ ਭੁੱਲਿਆ ਹੋਇਆ, ਟੁੱਟਿਆ ਹੋਇਆ, ਗੰਢਣਾ ਪਰਮੇਰ ਨੇ ਹੈ।

ਹੈ ਕੋਊ ਐਸਾ ਮੀਤੁ ਜਿ ਤੋਰੈ ਬਿਖਮ ਗਾਂਠਿ॥
ਨਾਨਕ ਇਕੁ ਸ੍ਰੀਧਰ ਨਾਥੁ ਜਿ ਟੂਟੇ ਲੇਇ ਸਾਂਠਿ॥

(ਪੰਨਾ ੧੩੬੩)

ਇਹ ਤਾਂ ਬਈ ਪਰਮੇਰ ਹੀ ਇਹ ਕੰਮ ਕਰੇਗਾ। ਇਹ ਤਾਂ ਕਿਰਪਾ ਦੁਆਰਾ ਆਪਣੇ ਨਾਲ ਜੋੜੇਗਾ। ਪਰ ਇਹ ਟੁੱਟਿਆ ਹੋਇਆ ਹੈ। ਇਹ ਤਾਂ ਅਪਣੇ ਆਪ ਨੂੰ ਜੀਵ ਪ੍ਰਛਿੰਨ ਜਾਣਦੈ ਤੇ ਵਿਆਪਕ ਪਰਮੇਰ ਨੂੰ ਅਲਹਿਦਾ ਜਾਣਦੈ। ਏਸ ਕਰਕੇ, ਇਹਨੂੰ ਚੇਤਨ ਦਾ ਗਿਆਨ ਨਹੀਂ, ਇਹਨੂੰ ਸਤਿ ਦਾ ਗਿਆਨ ਨਹੀਂ। ਸਚਿਦਾਨੰਦ ਨੂੰ ਜਾਣਿਆ ਹੀ ਨਹੀਂ ਇਹਨੇ।

ਗੁਰਿ ਪੂਰੈ ਤਤੁ ਇਹੈ ਬੁਝਾਇਆ॥

ਮੈਨੂੰ ਇਹ ਪੂਰਣ ਗੁਰੂ ਰਾਮਦਾਸ ਨੇ ਤੱਤ ਦੀ ਬਾਤ ਬੁਝਾ ਦਿੱਤੀ, ਸਮਝਾ ਦਿੱਤੀ।

ਪ੍ਰਭੁ ਅਪਨਾ ਨਾਨਕ ਜਨ ਧਿਆਇਆ॥

ਬਈ ਜਨਾਂ ਦਾ ਧਰਮ ਹੈ, ਆਪਣੇ ਪ੍ਰਭੂ ਨੂੰ ਧਿਆਓ। ਤੁਹਾਡਾ ਆਤਮਾ ਜੋ ਹੈ ਉਹੀ ਪ੍ਰਮਾਤਮਾ ਹੈ, ਉਸ ਨੂੰ ਧਿਆਇਆ ਕਰੋ। ਜਿਹੜਾ ਸਚਿਦਾਨੰਦ ਪਰੀਪੂਰਣ ਹੈ।

ਸਾਜਨ ਸੰਤ ਕਰਹੁ ਇਹੁ ਕਾਮੁ॥

ਹੇ ਸੱਜਣੋ ! ਹੇ ਸੰਤੋ ! ਇਹ ਕੰਮ ਕਰੋ।

ਆਨ ਤਿਆਗਿ ਜਪਹੁ ਹਰਿ ਨਾਮੁ॥

ਦੁਨੀਆਂ ਦੀਆਂ ਸਾਰੀਆਂ ਕਾਮਨਾਂ ਵਾਨਾਂ ਨੂੰ ਤਿਆਗ ਕਰਕੇ, ਹਰੀ ਦਾ ਨਾਮ ਜਪੋ। ਨਾਮ ਦੇ ਨਾਲ ਮਨ ਨੂੰ ਜੋੜ ਕੇ, ਨਾਮ ਦਾ ਸਿਮਰਨ ਕਰੋ।

ਸਿਮਰਿ ਸਿਮਰਿ ਨਾਮੁ ਬਾਰੰ ਬਾਰੁ॥
ਨਾਨਕ ਜੀਅ ਕਾ ਇਹੈ ਅਧਾਰ॥ (ਪੰਨਾ ੨੯5)
ਸਿਮਰਿ ਸਿਮਰਿ ਸਿਮਰਿ ਸੁਖ ਪਾਵਹੁ॥

ਜੇ ਸਿਮਰੋਗੇ, ਸਿਮਰੋਗੇ, ਸਿਮਰੋਗੇ, ਆਤਮ ਸੁੱਖ ਨੂੰ ਪਾਵੋਗੇ।

ਆਪਿ ਜਪਹੁ ਅਵਰਹ ਨਾਮੁ ਜਪਾਵਹੁ॥

ਆਪ ਵੀ ਪਰਮੇਰ ਦਾ ਨਾਮ, ਮਨ ਨੂੰ ਜੋੜ ਕੇ ਜਪੋ ਤੇ ਹੋਰਾਂ ਤੋਂ ਵੀ ਜਪਾਉ।

ਭਗਤਿ ਭਾਇ ਤਰੀਐ ਸੰਸਾਰੁ॥

ਭਾਈ ! ਪ੍ਰੇਮਾ ਭਗਤੀ ਦੁਆਰੇ ਹੀ ਸੰਸਾਰ ਤੋਂ ਤਰੋਂਗੇ।

ਬਿਨੁ ਭਗਤੀ ਤਨੁ ਹੋਸੀ ਛਾਰੁ॥

ਜੇ ਤੁਸੀਂ ਭਗਤੀ ਨਾ ਕੀਤੀ, ਥੋੜਾ ਆਹ ਜਿਹੜਾ **ਤਨੁ** ਰੀਰ ਹੈ, ਨਿਫਲ ਜਾਏਗਾ। ਕਿਸੇ ਕੰਮ ਨਹੀਂ। ਇਹ ਕਿਸੇ ਕੰਮ ਨਹੀਂ ਹੈ, ਇਹ ਵਿਿਆਂ ਨਾਲ ਤਾਂ ਨਹੀਂ ਕੰਮ ਆਉਣਾ, ਇਹ ਤਾਂ ਭਗਤੀ ਤੇ ਹੀ ਕੰਮ ਆਉਣਾ ਹੈ।

ਸਰਬ ਕਲਿਆਣ ਸੂਖ ਨਿਧਿ ਨਾਮੁ॥

ਕਹਿੰਦੇ- ਸਾਰੇ ਕਲਿਆਣ, ਸਾਰੀਆਂ ਨਿਧੀਆਂ, ਖਜਾਨੇ, ਸੁੱਖ, ਇਕ ਨਾਮ ਤੋਂ ਪ੍ਰਾਪਤ ਹੋਣੇ ਨੇ। ਇਕ ਵਾਰੀ ਥੋੜਾ ਮਨ, ਨਾਮ ਨਾਲ ਜੁੜ ਜਾਏ।

ਏਕ ਚਿਤ ਜਿਹਿ ਇਕ ਛਿਨ ਧਿਆਇਓ॥

ਕਾਲ ਫਾਸ ਕੇ ਬੀਚ ਨ ਆਇਓ॥ (ਅਕਾਲ ਉਸਤਤਿ)

ਦਸਵੇਂ ਪਾਤਾਹ ਕਹਿੰਦੇ, ਇਕ ਛਿਨ ਮਾਤਰ ਤੁਹਾਡਾ ਮਨ,

ਨਾਮ ਨਾਲ ਜੁੜ ਜਾਏ, ਬੱਸ! ਤੁਹਾਡਾ ਜਨਮ ਮਰਨ ਕੱਟਿਆ ਗਿਆ, ਮੋਕ ਹੋ ਗਈ।

ਬੂਡਤ ਜਾਤ ਪਾਏ ਬਿਸ੍ਰਾਮੁ॥

ਕਹਿੰਦੇ- ਜਿਹੜੇ ਡੁਬਦੇ ਸੀ ਅਜਾ ਮੱਲ, ਵੇਸਵਾ ਆਦਿ, ਉਹ ਵੀ ਨਾਮ ਦੁਆਰੇ ਬਿਰਾਮ ਪਾ ਗਏ, ਉਹਨਾਂ ਨੂੰ ਵੀ ਪਰਮੇਰ ਪ੍ਰਾਪਤ ਹੋ ਗਿਆ।

ਸਗਲ ਦੂਖ ਕਾ ਹੋਵਤ ਨਾਸੁ॥

ਸਾਰੇ ਦੁੱਖਾਂ ਦਾ ਨਾਸ ਹੋ ਜਾਊ, ਨਾਮ ਕਰਕੇ। ਜਦ ਤੇਰਾ ਮਨ, ਨਾਮ ਨਾਲ ਇਕ ਵਾਰੀ ਜੁੜ ਗਿਆ, ਸਾਰੇ ਦੁੱਖ ਨਾਸ ਹੋ ਜਾਣਗੇ।

ਨਾਨਕ ਨਾਮੁ ਜਪਹੁ ਗੁਨਤਾਸੁ॥

ਕਹਿੰਦੇ- ਉਹਦਾ ਨਾਮ ਜਪਿਆ ਕਰੋ, ਗੁਣਾਂ ਦਾ ਜਾਪ ਕਰਿਆ ਕਰੋ।

ਗੁਨ ਗਾਵਤ ਤੇਰੀ ਉਤਰਸਿ ਮੈਲੁ॥
ਬਿਨਸਿ ਜਾਇ ਹਉਮੈ ਬਿਖੁ ਫੈਲੁ॥ (ਪੰਨਾ ੨੮੯)

ਤੇ ਏਸ ਕਰਕੇ, ਉਹਦੇ ਗੁਣ ਗਾਇਆ ਕਰੋ ਉੱਚੀ ਉੱਚੀ। ਜਦ ਥੋਡਾ ਨਾਮ ਦੇ ਨਾਲ ਚਿੱਤ ਨਾ ਜੁੜੇ ਤਾਂ ਗੁਣ ਗਾਇਆ ਕਰੋ, ਫਿਰ ਉਹਦੇ ਗੁਣ ਗਾਉਣ ਲੱਗ ਜਾਇਆ ਕਰੋ।

ਉਪਜੀ ਪ੍ਰੀਤਿ ਪ੍ਰੇਮ ਰਸੁ ਚਾਉ॥

ਕਹਿੰਦੇ- ਤੁਹਾਨੂੰ ਪ੍ਰੀਤੀ ਪੈਦਾ ਹੋ ਜਾਊ। ਪ੍ਰੇਮ ਦਾ ਜਦ ਰਸ ਆ ਗਿਆ, ਫਿਰ ਤੁਹਾਨੂੰ ਪਰਮੇਰ ਦੇ ਨਾਮ ਦਾ ਬੜਾ ਉਤਾਹ ਪੈਦਾ ਹੋਏਗਾ।

ਮਨ ਤਨ ਅੰਤਰਿ ਇਹੀ ਸੁਆਉ॥

ਕਹਿੰਦਾ- ਮਨ ਤਨ ਦੇ ਅੰਦਰ, ਉਹ ਪ੍ਰਯੋਜਨ ਤੇ ਰਹਿਤ ਪਰਮੇ ਰ ਬੈਠਾ ਹੈ ਜਿਹੜਾ ਪਰੀਪੂਰਣ ਹੈ। ਇਹੀ **ਸੁਆਉ** ਕਹੀਏ ਤੁਹਾਡਾ

ਪ੍ਰਯੋਜਨ (ਮਤਲਬ ਹੈ), ਬਈ ਨਾਮ ਜਪਿਆ ਕਰੋ।

ਨੇਤ੍ਰਹੁ ਪੇਖਿ ਦਰਸੁ ਸੁਖੁ ਹੋਇ॥

ਜੇ ਤੁਸੀਂ ਪਰਮੇਰ ਨੂੰ, ਮਨ ਬੁੱਧੀ ੍ਧ ਹੋਣੇ ਸੇ, ਇਹਨਾਂ ਨੇਤਰਾਂ ਦੁਆਰੇ ਦੇਖ ਲਉਂ, ਤੁਹਾਨੂੰ ਸੁੱਖ ਪ੍ਰਾਪਤ ਹੋ ਜਾਊ **ਆਤਮ ਸੁੱਖ** ।

ਮਨੁ ਬਿਗਸੈ ਸਾਧ ਚਰਨ ਧੋਇ॥

ਉਹ ਜਿਹੜਾ ਪੂਰਣ ਬ੍ਰਹਮ ਗਿਆਨੀ, ਸਾਧ ਹੈ, ਉਹਦੇ ਜੇ ਚਰਨ ਧੋਵੋਗੇ ਤਾਂ ਮਨ ਤੁਹਾਡਾ ਅਨੰਦ ਹੋ ਜਾਏਗਾ। ਖ਼ੁ ਹੋ ਜਾਏਗਾ।

ਭਗਤ ਜਨਾ ਕੈ ਮਨਿ ਤਨਿ ਰੰਗੁ॥

ਭਗਤ ਜਨਾ ਦੇ ਮਨ ਤਨ ਦੇ ਵਿਚ **ਰੰਗੁ** ਕਹੀਏ ਇਕ **ਪ੍ਰੇਮ** ਹੀ ਹੁੰਦੈ, **ਅਨੰਦ** ਹੀ ਹੁੰਦਾ ਹੈ।

ਬਿਰਲਾ ਕੋਊ ਪਾਵੈ ਸੰਗੁ॥

ਉਹਨਾਂ ਦਾ ਸੰਗ ਕੋਈ ਵਿਰਲਾ ਪੁਰ ਹੀ ਪਾਵੇਗਾ। ਇਹੋ ਜਿਹੇ ਮਹਾਂਪੁਰ, ਪੂਰਣ ਪੁਰਾਂ ਦਾ, ਜਿਹੜੇ ਪਰਮੇਰ ਦੇ ਬਖੇ ਹੋਏ ਨੇ, ਕੋਈ ਹੀ ਉਹਨਾਂ ਦਾ ਸੰਗ ਪਾਵੇਗਾ।

ਏਕ ਬਸਤੁ ਦੀਜੈ ਕਰਿ ਮਇਆ॥

ਮਿਹਰ ਕਰਕੇ, ਮਿਹਰ ਤੋਂ **ਮਇਆ** ਬਣਿਆ ਹੋਇਆ ਹੈ। ਮਿਹਰ ਕਰਕੇ, ਹੇ ਪਰਮੇਰ ! ਕ੍ਰਿਪਾ ਕਰਕੇ ਮੈਨੂੰ ਇਕ ਵਸਤੂ ਦੇ ਦੇ।

ਗੁਰ ਪ੍ਰਸਾਦਿ ਨਾਮੁ ਜਪਿ ਲਇਆ॥

ਗੁਰੂ ਦੀ ਕ੍ਰਿਪਾ ਤੇ ਮੇਰਾ ਨਾਮ ਦੇ ਵਿਚ, ਜਪ ਦੇ ਵਿਚ, ਮਨ ਇਸਥਿਤ ਹੋ ਜਾਏ।

ਤਾ ਕੀ ਉਪਮਾ ਕਹੀ ਨਾ ਜਾਇ॥

ਉਹਨਾਂ ਦੀ ਉਪਮਾ, ਮੈਂ ਅੱਗੇ ਕੁੱਛ ਕਹਿ ਨਹੀਂ ਸਕਦਾ।

ਨਾਨਕ ਰਹਿਆ ਸਰਬ ਸਮਾਇ॥

ਕਹਿੰਦੇ– ਉਹ ਸਾਰੇ ਵਿਆਪਕ ਹੈ। ਚਾਰ ਖਾਣੀਆਂ ਦੇ ਹਿਰਦਿਆਂ

ਦੇ ਵਿਚ **ਘਟਿ ਘਟਿ ਮੈ ਹਰਿ ਜੂ** ਵੱਸਦਾ ਹੈ।

ਪ੍ਰਭ ਬਖਸੰਦ ਦੀਨ ਦਇਆਲ॥

ਉਹ ਦੀਨਾਂ ਦੇ ਉਤੇ ਬੜਾ ਦਇਆਲ ਹੈ ਤੇ ਬਖ਼ੰਦਿ ਵੀ ਹੈ ਉਹ, ਜਿਨ੍ਹਾਂ ਦੇ ਕੋਲ ਨਿੰਮਰਤਾ ਭਗਤੀ ਹੈ, ਉਹਨਾਂ ਨੂੰ ਬਖ ਵੀ ਦਿੰਦਾ ਹੈ।

ਭਗਤਿ ਵਛਲ ਸਦਾ ਕਿਰਪਾਲ॥

ਭਗਤਾਂ ਦਾ ਇੰਨਾਂ ਪਿਆਰਾ ਹੈ, ਜਿੰਨਾਂ ਪਹਿਲੇ ਦਿਨ ਗਊ ਨੂੰ ਵੱਛਾ ਪਿਆਰਾ ਹੁੰਦੈ। ਉਹ ਵੱਛੇ ਨੂੰ ਚੱਟ ਚੱਟ ਕੇ ਚਿੱਟਾ ਕਰ ਦਿੰਦੀ ਹੈ। ਉਹਨੂੰ ਨਹੀਂ ਪਤਾ, ਗੋਹਾ ਕਿੱਧਰ ਗਿਆ ਹੈ ? ਇੰਨਾਂ ਪਿਆਰ ਭਗਤਾਂ ਦੇ ਨਾਲ ਪਰਮੇਰ ਦਾ ਹੈ।

ਸਦਾ ਕਿਰਪਾਲ॥

ਉਹ ਸਦਾ ਹੀ ਕਿਰਪਾ ਕਰਦਾ ਹੈ।

ੴ ਸਤਿਗੁਰ ਪ੍ਰਸਾਦਿ॥

੪੨

ਸੋਰਠਿ ਮਹਲਾ 5॥
ਹਰਿ ਨਾਮੁ ਰਿਦੈ ਪਰੋਇਆ॥
ਸਭੁ ਕਾਜੁ ਹਮਾਰਾ ਹੋਇਆ॥
ਪ੍ਰਭ ਚਰਣੀ ਮਨੁ ਲਾਗਾ॥
ਪੂਰਨ ਜਾ ਕੇ ਭਾਗਾ॥ ੧॥
ਮਿਲਿ ਸਾਧਸੰਗਿ ਹਰਿ ਧਿਆਇਆ॥
ਆਠ ਪਹਰ ਅਰਾਧਿਓ ਹਰਿ ਹਰਿ ਮਨ ਚਿੰਦਿਆ ਫਲੁ ਪਾਇਆ॥
ਰਹਾਉ॥ ਪਰਾ ਪੂਰਬਲਾ ਅੰਕੁਰੁ ਜਾਗਿਆ॥
ਰਾਮ ਨਾਮਿ ਮਨੁ ਲਾਗਿਆ॥
ਮਨਿ ਤਨਿ ਹਰਿ ਦਰਸਿ ਸਮਾਵੈ॥
ਨਾਨਕ ਦਾਸ ਸਚੇ ਗੁਣ ਗਾਵੈ॥ ੨॥ (ਪੰਨਾ ੬੨੭)

ਸਾਰੀ ਸੰਗਤ ਕਿਰਪਾ, ਦਇਆ, ਮਿਹਰ ਕਰਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ! ਸਤਿਨਾਮ ਸ੍ਰੀ ਵਾਹਿਗੁਰੂ!!

ਹਰਿ ਨਾਮੁ ਰਿਦੈ ਪਰੋਇਆ॥

ਕਹਿੰਦੇ, ਅਸੀਂ ਹਿਰਦੇ ਦੇ ਵਿਚ ਨਾਮ ਪਰੋ ਲਿਆ, ਜੈਸੇ ਸੂਈ ਦੇ ਵਿਚ ਧਾਗਾ ਪਰੋ ਲਈਏ, ਜਿਧਰ ਸੂਈ ਜਾਏਗੀ, ਧਾਗਾ ਸਾਥ ਹੀ ਜਾਏਗਾ। ਅਸੀਂ ਵੀ ਆਪਣੇ ਹਿਰਦੇ ਦੇ ਵਿਚ ਨਾਮ ਪਰੋ ਲਿਆ। ਨਾਮ, ਨਾਮੀ ਦੇ ਪਾਸ ਲੈ ਜਾਏਗਾ।

ਸਭ ਕਾਜੁ ਹਮਾਰਾ ਹੋਇਆ॥

ਸਾਰਾ ਕੰਮ ਸਾਡਾ ਪੂਰਨ ਹੋ ਗਿਆ। ਅੰਮ੍ਰਿਤਸਰ ਤੀਰਥ ਬਣ

ਗਿਆ, ਤਰਨ ਤਾਰਨ ਬਣ ਗਿਆ, ਬੀੜ ਬੱਝ ਗਈ ਤੇ ਕਰਤਾਰਪੁਰ ਵੱਸ ਗਿਆ। ਜੋ ਸਾਡੇ ਗੁਰੂ ਨੇ ਸਾਨੂੰ ਕਾਰਜ ਦੱਸਿਆ ਸੀ, ਸਾਡੇ ਸਾਰੇ ਕਾਰਜ ਪੂਰੇ ਹੋ ਗਏ।

ਪ੍ਰਭ ਚਰਣੀ ਮਨੁ ਲਾਗਾ॥

ਕਹਿੰਦੇ–ਜਦ ਜੀਵ ਦਾ ਮਨ, ਪਰਮੇਰ ਦੇ ਚਰਨਾਂ ਵਿਚ ਲੱਗ ਜਾਏ, ਸਾਰੇ ਕੰਮ ਪਰਮੇਰ ਕਰ ਦਿੰਦੈ। ਇਹਨੂੰ ਕੋਈ ਚਿੰਤਾ ਨਹੀਂ ਰਹਿੰਦੀ।

ਪੂਰਨ ਜਾ ਕੇ ਭਾਗਾ॥

ਪਰ ਜੀਹਦੇ ਬੜੇ ਪੂਰਨ ਭਾਗ ਹੋਣ, ਉਹਦਾ ਮਨ ਪਰਮੇਰ ਦੇ ਚਰਨਾਂ ਨਾਲ ਲੱਗੇ, ਉਹਦਾ ਮਨ ਨਾਮ ਨਾਲ ਜੁੜੇ।

ਮਿਲਿ ਸਾਧਸੰਗਿ ਹਰਿ ਧਿਆਇਆ॥

ਕਹਿੰਦੇ–ਅਸੀਂ ਸੰਤਾਂ ਦੇ ਸੰਗ ਮਿਲ ਕੇ ਨਾਮ ਧਿਆਇਆ, ਨਾਮ ਦਾ ਜਾਪ ਕੀਤਾ, ਪਰਮੇਰ ਦਾ ਧਿਆਨ ਕੀਤਾ।

ਆਠ ਪਹਰ ਅਰਾਧਿਓ ਹਰਿ ਹਰਿ

ਅਸੀਂ ਅੱਠੇ ਪਹਿਰ ਹਰੀ ਨਾਮ ਦਾ ਅਰਾਧਨ ਕੀਤਾ। ਅੱਠੇ ਪਹਿਰ ਅਸੀਂ ਨਾਮ ਦਾ ਸਿਮਰਨ ਕੀਤਾ।

ਮਨ ਚਿੰਦਿਆ ਫਲੁ ਪਾਇਆ॥ ਰਹਾਉ॥

ਤੇ ਜਿਹੜੀ ਸਾਡੇ ਮਨ ਦੇ ਵਿਚ ਇੱਛਾ ਸੀ, ਸਾਰੀਆਂ ਪੂਰਣ ਹੋ ਗਈਆਂ।

ਪਰਾ ਪੂਰਬਲਾ ਅੰਕੁਰੁ ਜਾਗਿਆ॥

ਕੋਈ ਇਹ ਅੱਜ ਦੀ ਬਾਤ ਨਹੀਂ, ਕੋਈ ਪਿਛਲਾ ਸਾਡਾ ਪੂਰਬਲਾ ਪੁੰਨ ਕੀਤਾ ਹੋਇਆ ਨਿਕਾਮ, ਜਾਗ ਪਿਆ। ਉਸ ਪੂਰਬਲੇ ਕਰਮ ਨੇ ਸਾਨੂੰ ਮਿਲਾ ਦਿੱਤਾ।

ਰਾਮ ਨਾਮਿ ਮਨੁ ਲਾਗਿਆ॥

ਤਾਂ ਤੇ ਜੀਵ ਦਾ ਮਨ, ਰਾਮ ਦੇ ਨਾਮ ਨਾਲ ਜੁੜ ਗਿਆ। ਜਦ ਇਹਦੇ ਸਾਰੇ ਪੁੰਨ ਆ ਜਾਂਦੇ ਨੇ, ਤਾਂ ਇਹਦਾ ਮਨ, ਨਾਮ ਨਾਲ ਜੁੜਦਾ ਹੈ।

ਪੁੰਨ ਪੁੰਜ ਬਿਨੁ ਮਿਲੇ ਨਾ ਸੰਤਾ।
ਸੰਤ ਸੰਗਤ ਸੰਸਕ੍ਰਿਤੀ ਕਾ ਹੰਤਾ।। (ਰਾਮਾਇਣ)

ਤੁਲਸੀ ਦਾਸ ਜੀ ਲਿਖਦੇ ਨੇ-

ਪੁਨੰਯ ਪੁੰਜ ਬਿਨੁ ਮਿਲਹਿੰ ਨ ਸੰਤਾ।

ਜਦ ਪੁੰਨਾਂ ਦਾ ਸਮੂਹ ਇਕੱਠਾ ਹੁੰਦਾ ਹੈ ਤਾਂ ਸੰਤ ਮਿਲਦਾ ਹੈ। ਸੰਤ ਦੇ ਮਿਲਣੇ ਤੇ, ਇਹਨੂੰ ਨਾਮ ਪ੍ਰਾਪਤ ਹੁੰਦੈ। ਨਾਮ ਦੀ ਪ੍ਰਾਪਤੀ ਤੇ, ਇਹਨੂੰ ਨਾਮੀ ਪਰਮੇਰ ਪ੍ਰਾਪਤ ਹੁੰਦਾ ਹੈ। ਕੋਈ ਸਾਡਾ ਪੁਰਾਣਾ ਪੁੰਨ ਸੀ, ਸਾਨੂੰ ਸੰਤ ਮਿਲਿਆ ਸ੍ਰੀ ਗੁਰੂ ਰਾਮਦਾਸ, ਫੇਰ ਉਹਦੇ ਮਿਲਣੇ ਤੇ ਸਾਨੂੰ ਨਾਮ ਪ੍ਰਾਪਤ ਹੋਇਐ ਤੇ ਨਾਮ ਨੇ ਸਾਨੂੰ ਨਾਮੀ ਨਾਲ ਮਿਲਾ ਦਿੱਤਾ।

ਮਨਿ ਤਨਿ ਹਰਿ ਦਰਸਿ ਸਮਾਵੈ।।

ਸਾਡਾ ਮਨ ਵੀ ਤੇ ਤਨ ਵੀ ਹਰੀ ਦੇ ਦਰਨ ਦੇ ਵਿਚ ਸਮਾ ਗਿਆ। ਸਾਡਾ ਮਨ ਪਰਮੇਰ ਦੇ ਨਾਲ ਤਦਾਕਾਰ ਹੋ ਗਿਆ ਤੇ ਤਨ ਸੇਵਾ ਦੇ ਵਿਚ ਜੁੜ ਗਿਆ।

ਨਾਨਕ ਦਾਸ ਸਚੇ ਗੁਣ ਗਾਵੈ।।

ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਕਹਿੰਦੇ-ਅਸੀਂ ਤਾਂ ਭਾਈ ! ਸੱਚੇ ਦੇ ਗੁਣ ਗਾਉਂਦੇ ਹਾਂ। ਹੁਣ ਤਾਂ ਪਰਮੇਰ ਦੇ ਗੁਣ ਗਾਉਂਦੇ ਹਾਂ।

ਬੋਲੋ ਸਤਿਨਾਮ ਸ੍ਰੀ ਵਾਹਿਗੁਰੂ।।

ੴ ਸਤਿਗੁਰ ਪ੍ਰਸਾਦਿ।।

੪੩

ਟੋਡੀ ਮਹਲਾ 5।।

ਰਸਨਾ ਗੁਣ ਗੋਪਾਲ ਨਿਧਿ ਗਾਇਣ।।
ਸਾਂਤਿ ਸਹਜੁ ਰਹਸੁ ਮਨਿ ਉਪਜਿਓ ਸਗਲੇ ਦੂਖ ਪਲਾਇਣ ।। 1।। ਰਹਾਉ।।
ਜੋ ਮਾਗਹਿ ਸੋਈ ਸੋਈ ਪਾਵਹਿ ਸੇਵਿ ਹਰਿ ਕੇ ਚਰਣ ਰਸਾਇਣ।।
ਜਨਮ ਮਰਣ ਦੁਹਹੂ ਤੇ ਛੂਟਹਿ ਭਵਜਲੁ ਜਗਤੁ ਤਰਾਇਣ।। 1।।
ਖੋਜਤ ਖੋਜਤ ਤਤੁ ਬੀਚਾਰਿਓ ਦਾਸ ਗੋਵਿੰਦ ਪਰਾਇਣ।।
ਅਬਿਨਾਸੀ ਖੇਮ ਚਾਹਹਿ ਜੇ ਨਾਨਕ ਸਦਾ ਸਿਮਰਿ ਨਾਰਾਇਣ।। 2।। (ਪੰਨਾ ੭੧੩)

ਸਾਰੀ ਸੰਗਤ ਕਿਰਪਾ, ਦਇਆ, ਮਿਹਰ ਕਰਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ ! ਸਤਿਨਾਮ ਸ੍ਰੀ ਵਾਹਿਗੁਰੂ !! ਸਤਿਨਾਮ ਸ੍ਰੀ ਵਾਹਿਗੁਰੂ !!!

ਵਾਕ, ਗੁਰੂ ਅਰਜਨ ਦੇਵ ਜੀ ਦਾ ਹੈ। ਗੁਰੂ ਅਵਤਾਰ ਕਦੇ ਕਦੇ ਆਉਂਦੇ ਨੇ, ਹਮੇਸ਼ਾ ਗੁਰੂ ਅਵਤਾਰ ਨਹੀਂ ਆਉਂਦੇ। ਗੁਰੂ ਅਵਤਾਰ ਉਦੋਂ ਆਉਂਦੈ ਜਦ ਬਹੁਤ ਸਾਧਨਾ ਵਾਲੇ ਭਗਤ, ਉਹਦੇ ਦਰਵਾਜੇ ਅੱਗੇ ਖੜੇ ਹੋ ਜਾਂਦੇ ਨੇ। ਦੁਨੀਆਂ ਦੇ ਹੰਕਾਰ ਨੂੰ ਤਿਆਗ ਕੇ ਨਾਮ ਦੇ ਅਧਿਕਾਰੀ ਹੋ ਜਾਂਦੇ ਨੇ, ਗੁਰੂ ਅਵਤਾਰ ਉਸ ਸਮੇਂ ਆਉਂਦਾ ਹੈ। ਮੈਂ ਬਹੁਤ ਛੇਤੀ ਕਹੂੰਗਾ, ਝੰਡਾ ਵਾਢੀ ਕਿਥੇ ਹੈ। ਵਿਨਾਭ ਕਿਸ ਜਗ੍ਹਾ ਹੈ, ਸਾਰੇ ਜਿਤਨੇ ਵੀ ਸੀ, ਉਹ ਸਾਰੇ ਇਸੇ ਇਕ ਵਸਤੂ ਮੇਂ ਰੁਝੇ ਹੋਏ ਸੀ, ਉਨ੍ਹਾਂ ਨੂੰ ਇੱਕ ਹੀ ਆਸ ਸੀ। ਗੁਰੂ ਅਰਜਨ ਦੇਵ ਨੇ ਲਿਖਿਆ ਹੈ।

ਨਾਮ ਤੁਲਿ ਕਛੁ ਅਵਰੁ ਨ ਹੋਇ॥ (ਪੰਨਾ ੨੬5)

ਨਾਮ ਜੈਸੀ ਦੁਨੀਆਂ ਵਿਚ ਕੋਈ ਵਸਤੂ ਨਹੀਂ ਹੈ। ਤੁਲਸੀ ਦਾਸ ਜੀ ਨੇ ਤਾਂ ਨਾਮ ਨੂੰ ਨਾਮੀ ਤੋਂ ਬੜਾ ਦੱਸਿਆ। ਨਾਮ-ਨਾਮੀ ਦੀ ਪ੍ਰਾਪਤੀ ਕਰਤੀ। ਨਾਮ ਇਕ ਐਸੀ ਚੀਜ ਹੈ ਦੁਨੀਆਂ ਵਿਚ, ਜਿਹੜਾ ਜੀਵ ਦੀ ਮੋਕ ਕਰ ਦਿੰਦਾ ਹੈ, ਪਰ ਹੁੰਦਾ ਗੁਰੂ ਦੇ ਪਾਸ ਹੈ। ਅਸਲੀ ਦੇਵ, ਗੁਰੂ ਹੁੰਦਾ ਹੈ ਦੁਨੀਆਂ ਦੇ ਵਿਚ। ਦਸਵੇਂ ਪਾਤਾਹ ਦੇ ਉਤੇ ਚੌਰ ਕਰਦਾ ਸੀ। ਗੁਰੂ ਸਾਹਿਬ ਪੁੱਛਦੇ ਨੇ ਉਸ ਤਖਾਣ ਨੂੰ, ਤੇਰਾ ਮੁਰਦ ਦੇਵ ਕੌਣ ਹੈ ? ਜਿਹੜਾ ਭਾਈ ਨੰਦ ਲਾਲ ਦੇ ਪਾਸ ਆਇਆ ਸੀ। ਉਹਨੇ ਆਖਿਆ ਜੀ ਇਹ ਹੈ। ਉਹਨੇ ਆਖਿਆ, ਨਾ ਗੁਰੂ ਹੋਰ ਨਹੀਂ ਹੈ ? ਉਹਨੇ ਆਖਿਆ ਬੱਸ। ਗੁਰੂ ਹਾਰ ਗੁਰੂ ਬਣਾ ਸਕਦਾ ਹੈ। ਗੁਰੂ ਤਾਂ ਇਕ ਗੈਸ ਹੁੰਦੈ।

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥
ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ॥

(ਪੰਨਾ ੧੪ 8)

ਗੁਰੂ ਜਗਦਾ ਗੈਸ ਹੈ ਦੁਨੀਆਂ ਦੇ ਵਿਚ। ਹਮਾਰੇ ਦੇ ਮੇਂ **ਮਹਾਤਮਾ ਬੁੱਧ** ਹੋਇਆ। ਉਹ ਵੀ ਬੜਾ ਮਹਾਂਪੁਰ ਹੋਇਆ। ਉਹਨੂੰ, ਉਸ ਕਿਤਾਬ ਵਾਲੇ ਨੇ **ਏਸ਼ੀਆ ਦਾ ਚਾਨਣ** ਲਿਖਿਆ। ਪਰ **ਗੁਰੂ ਨਾਨਕ** ਨੂੰ ਅਸੀਂ ਇਹ ਨਹੀਂ ਕਹਿ ਸਕਦੇ। ਕਿਉਂ ?

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕ ਕਹਾਯਉ॥

ਉਹ ਜੋਤੀ ਸਰੂਪ ਨੇ ਆਪ, ਦੁਨੀਆਂ ਦੇ ਵਿਚ ਆਕੇ **ਗੁਰੂ ਨਾਨਕ** ਕਹਾਇਆ। ਉਹਦਾ ਨਾਉਂ **ਗੁਰੂ ਨਾਨਕ** ਪ੍ਰਸਿੱਧ ਹੋਇਆ, **ਨਾਨਕ ਤਪਾ** ਤੇ ਤੁਸੀਂ ਪੂਰਬ ਮੇਂ ਜਾਕੇ ਇਹ ਪੁੱਛ ਲਉ। ਅਨਪੜ ਆਦਮੀ ਵੀ ਇਹ ਬਾਤ ਕਹੇਂਗੇ, ਜੀ ਪੰਜਾਬ ਮੇਂ ਇਕ **ਗੁਰੂ** ਨਾਨਕ ਹੋਏ ਨੇ। ਉਹ ਕਿਸੇ ਤੋਂ ਸਿੱਖ ਕੇ ਨਹੀਂ ਕਹਿੰਦੇ, ਉਹ **ਗੁਰੂ** ਪਦ ਰੂੜ੍ਹੀ ਹੋ ਗਿਆ, **ਗੁਰੂ ਨਾਨਕ** । ਏਸ ਕਰਕੇ ਗੁਰੂ ਜੋ ਹੁੰਦੈ, ਉਹ ਦੁਨੀਆਂ

ਦਾ ਚਾਨਣ ਹੁੰਦੈ, ਗੁਰੂ ਦੇ ਪਾਸ ਇਕ ਪਰਮੇਰ ਵੱਲੋਂ ਚਾਬੀ ਮਿਲੀ ਹੁੰਦੀ ਹੈ।

ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ॥
ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ॥ **(ਪੰਨਾ ੧੨੩੭)**

ਇਹ ਕੁੰਜੀ, ਗੁਰੂ ਦੇ ਬਿਨਾਂ ਕਿਸੇ ਪਾਸ ਨਹੀਂ ਹੈ। **ਨਾਰਦ ਮਹਾਰਾਜ** , ਦੇਵ ਗਿ੍, ਚੌਦਾਂ ਵਿੱਦਿਆ ਪੜ੍ਹਿਆ ਹੋਇਆ ਸੀ। ਜਦ ਇਹ ਬਾਤ ਆਈ ਕਿ ਆਤਮ ਵੇਤਾ ੋਕ ਨੂੰ ਤਰ ਜਾਂਦੈ, ਮੋਹ ਨੂੰ ਤਰ ਜਾਂਦੈ। ਉਸ ਨੂੰ ਪੜ੍ਹ ਕਰਕੇ, ਉਸਦੇ ਹਿਰਦੇ ਦੇ ਵਿਚ ਇਕ ਬਾਤ ਆਈ ਕਿ ਬਈ ਆਤਮ ਵੇਤਾ ਨੂੰ ੋਕ ਨਹੀਂ ਹੁੰਦਾ। ਮੈਂ ਬੜਾ ਭਾਰੀ ਵਿਦਵਾਨ ਹਾਂ, ਮੈਨੂੰ ੋਕ ਹੈ। ਉਹਨੇ ਜਾਕੇ ਪੁੱਛਿਆ, ਉਹਨੇ ਆਖਿਆ ਸਨਕ, ਸਨੰਦਨ ਤੇ ਸਨਤ ਕੁਮਾਰ **ਉਤਰਾਖੰਡ** ਮੇਂ ਬੜੇ ਮਹਾਂਪੁਰ ਨੇ , ਬੜੇ ਬ੍ਰਹਮਗਿਆਨੀ ਨੇ, ਤੂੰ ਉਹਨਾਂ ਦੇ ਪਾਸ ਜਾ। ਚਲਿਆ ਗਿਆ, ਉਹਨਾਂ ਦੇ ਪਾਸ ਉਹਨੇ ਬੇਨਤੀ ਕੀਤੀ। ਉਹਨਾਂ ਨੇ ਆਖਿਆ ਨਾਰਦ ! ਪਹਿਲੇ ਤੂੰ ਸੁਣਾ, ਕਿੱਥੇ ਤੱਕ ਤੇਰੀ ਬੁੱਧੀ ਪਹੁੰਚੀ ਹੋਈ ਹੈ ? ਉਹਨੇ ਚੌਦਾਂ ਵਿਦਿਆ ਸੁਣਾ ਦਿੱਤੀਆਂ। ਉਹ ਕਹਿੰਦਾ- ਇਹ ਅਪਰਾ ਵਿਦਿਆ ਹੈ, ਇਹ ਪਰਾ ਵਿਦਿਆ ਨਹੀਂ, ਪਰਾ ਵਿਦਿਆ ਤਾਂ ਬ੍ਰਹਮਾਕਾਰ ਬਿਰਤੀ ਹੈ। ਤੇਰੀ ਅਖੰਡਾਕਾਰ ਬਿਰਤੀ ਨਹੀਂ ਹੋਈ, ਬ੍ਰਹਮਾਕਾਰ ਬਿਰਤੀ ਨਹੀਂ ਹੋਈ, ਤੈਂ ਬਦ ਦਾ ਮੰਨਣ ਤੇ ਨਿਧਿਆਸਨ ਨਹੀਂ ਕੀਤਾ।

ਸੁਣਿਆ ਮੰਨਿਆ ਮਨਿ ਕੀਤਾ ਭਾਉ॥
ਅੰਤਰਗਤਿ ਤੀਰਥਿ ਮਲਿ ਨਾਉ॥ (ਪੰਨਾ ੪)

ਤੇਰੀ ਨਿਧਿਆਸਨ ਦੀ ਪਰਪੱਕ ਅਵਸਥਾ ਨਹੀਂ ਹੋਈ। ਨਿਧਿਆਸਨ ਦੀ ਪਰਪੱਕ ਅਵਸਥਾ ਨੂੰ ਸਮਾਧੀ ਕਹਿੰਦੇ ਨੇ। ਫੇਰ ਉਪਦੇ ਕੀਤਾ, ਪੂਰਾ ਅਧਿਕਾਰੀ ਉਹਨਾਂ ਦਾ ਬਣਿਆ। ਇਹ ਪ੍ਰਸੰਗ ਹੁਣ ਵੀ **ਭੂਮਾ ਵਿੱਦਿਆ** ਵਿਚ ਆਉਂਦੈ। ਹੁਣ ਵੀ, ਮੈਂ ਉਥੇ ਟੀਕਾ

ਪੜ੍ਹਕੇ ਆਇਆ ਹਾਂ, ਉਹਨਾਂ ਨੇ ਬੜਾ **ਭੂਮਾ ਵਿੱਦਿਆ** ਦਾ ਉਪਦੇ ਕੀਤੈ। **ਭੂਮਾ** ਵਿਆਪਕ ਨੂੰ ਕਹਿੰਦੇ ਨੇ । ਉਹ ਸਾਧਨ ਸੰਪੰਨ ਸੀ, ਉਸਨੂੰ **ਭੂਮਾ** ਦਾ ਗਿਆਨ ਹੋ ਗਿਆ, ਉਹਦੀ ਵਿਆਪਕਾਕਾਰ ਬਿਰਤੀ ਹੋ ਗਈ।

ਨਾਨਕ ਕਾ ਪ੍ਰਭੁ ਰਹਿਓ ਸਮਾਇ॥ (ਪੰਨਾ ੧੧੩੬)

ਨਾਨਕ ਦਾ ਪ੍ਰਭੂ ਤਾਂ ਵਿਆਪਕ ਹੈ। ਨਾਨਕ ਦਾ ਹੋਰ ਕੋਈ ਪ੍ਰਭੂ ਤਾਂ ਨਹੀਂ।

ਮਹਿਮਾ ਨ ਜਾਨਹਿ ਬੇਦ॥
ਬ੍ਰਹਮੇ ਨਹੀ ਜਾਨਹਿ ਭੇਦ॥
ਅਵਤਾਰ ਨ ਜਾਨਹਿ ਅੰਤੁ॥
ਪਰਮੇਸਰੁ ਪਾਰਬ੍ਰਹਮ ਬੇਅੰਤੁ॥ (ਪੰਨਾ ੪੯੪)

ਇਹਦਾ ਇਹ ਮਤਲਬ ਨਹੀਂ ਕਿ ਅਵਤਾਰ ਨਹੀਂ ਹੁੰਦੇ, ਨਹੀਂ, ਪਰ ਉਹ ਉਪਾਨਾ ਤਾਂ ਗੁਰੂ ਮਤਿ ਮੇਂ ਵਿਆਪਕ ਦੀ ਹੈ। ਤੋਂ ਲੈ ਕੇ ਸੈਭੰ ਤੱਕ ਵਿਣ ਆਏ ਨੇ, ਪਰ ਜਿਹੜਾ ਹੈ, ਉਹੀ ਸੈਭੰ ਹੈ।

ਏਕਮ ਏਕੰਕਾਰੁ ਨਿਰਾਲਾ॥
ਅਮਰੁ ਅਜੋਨੀ ਜਾਤਿ ਨ ਜਾਲਾ॥
ਅਗਮ ਅਗੋਚਰੁ ਰੂਪੁ ਨ ਰੇਖਿਆ॥
ਖੋਜਤ ਖੋਜਤ ਘਟਿ ਘਟਿ ਦੇਖਿਆ॥ (ਪੰਨਾ ੪੩੪)

ਉਹ ਸਾਰਿਆ ਮੇਂ **ਘਟ ਘਟ ਮੈ ਹਰਿ ਜੂ** ਵੱਸਦੈ। ਉਹ ਪਰੀਪੂਰਣ ਪਰਮੇਰ ਹੈ। ਚੱਲ ਭਾਈ ਬੋਲ –

ਰਸਨਾ ਗੁਣ ਗੋਪਾਲ ਨਿਧਿ ਗਾਇਣ॥

ਇਥੋਂ ਭਾਈ ਰੂ ਹੋਣਾ ਹੈ। ਜਦ ਤੁਹਾਨੂੰ ਕਿਸੇ ਪੂਰਣ, ਪਰਮੇਰ ਦੇ ਪਿਆਰੇ ਨੇ ਜਾਂ ਗੁਰੂ ਪੂਰਣ ਨੇ ਤੁਹਾਨੂੰ ਉਪਦੇ ਦੇਣੈ, ਪਹਿਲਾਂ ਤੁਹਾਨੂੰ ਨਾਮ ਦੇਣੈ। ਉਹ ਕੰਨਾਂ ਥਾਈਂ ਤੁਹਾਡੇ ਅੰਤਹਕਰਣ ਚ

ਨਾਮ ਨੇ ਪਹੁੰਚਣਾ ਹੈ। ਫਿਰ ਉਹ ਮਹਾਂਪੁਰ ਨੇ ਜਿੰਨਾਂ ਸਾਨੂੰ ਪਤੈ, ਜਿਹੜਾ ਅਸੀਂ ਦੇਖਿਆ, ਜਿੱਕਣ ਸਾਨੂੰ ਮਿਲਿਆ, ਅਸੀਂ ਤਾਂ ਉਹੀ ਕਹਿਣੈਗਾ। ਹੋਰ ਤਾਂ ਕੁੱਛ ਕਹਿ ਨਹੀਂ ਸਕਦੇ, ਹੋਰ ਤਾਂ ਫੈਲਾਅ ਨੇ। ਫਿਰ ਉਹਨੇ, ਤਿੰਨਾਂ ਨੂੰ ਇਕੱਠੇ ਕਰਨੈ। ਸਵਾਸ, ਨਾਮ, ਤੇ ਨਾਮੀ ਨੂੰ। ਉਹਨਾਂ ਨੇ ਨਾਮ ਨੂੰ ਚਲਾਉਣੈ। ਬਈ, ਤੂੰ ਇਹ ਨਾਮ ਨੂੰ ਸਵਾਸ ਦੇ ਨਾਲ ਜਪੀਂ। ਸਵਾਸ ਤਾਂ ਪਹਿਲੇ ਹੀ ਰੱਬ ਨੇ ਚਲਾਏ ਹੋਏ ਨੇ ਤੇ ਨਾਮ ਨੂੰ ਤਾਂ ਤੁਸੀਂ ਨਾਲ ਲੈਕੇ ਜਾਣਾ ਹੈ ਤੇ ਨਾਲ ਲੈਕੇ ਆਉਣਾ ਹੈ। ਉਹ ਕੌਣ ਹੈ ? ਮਨ। ਮਨ ਨੇ ਨਾਮ ਨੂੰ ਲੈਕੇ ਜਾਣਾ ਹੈ ਸਵਾਸ ਦੇ ਨਾਲ, ਜਦ ਸਵਾਸ ਨੇ ਉਤੇ ਨੂੰ ਆਉਣੈ ਤਾਂ ਮਨ ਨੇ ਸਾਥ ਆਉਣੈ। ਤਿੰਨ ਚੀਜਾਂ ਇਕੱਠੀਆਂ ਹੋਣੀਆਂ ਨੇ ਸਵਾਸ, ਮਨ ਤੇ ਨਾਮ। ਜਦ ਉਹਦਾ ਚਿੱਤ, ਇਕਾਗਰ ਹੋ ਜਾਏਗਾ, ਉਹ ਆਖੇਗਾ ਠੀਕ ਹੈ, ਹਾਂ ਜੀ, ਚੱਲ ਗਿਆ। ਪਰ ਤੁਸੀਂ ਸੋਚ ਲਉ, ਉਸ ਵਕਤ ਥੋਡਾ ਮਨ, ਕਿਤੇ ਨਹੀਂ ਗਿਆ ਹੋਊ, ਜਦ ਮਨ, ਨਾਮ ਨੂੰ ਲੈਕੇ ਜਾਏਗਾ ਤੇ ਨਾਮ ਨੂੰ ਲੈਕੇ ਆਏਗਾ। ਜੇ ਬਾਹਰ ਜਾਏਗਾ ਤਾਂ ਨਾਮ ਨਹੀਂ ਚੱਲੇਗਾ, ਖਾਲੀ ਸਵਾਸ ਚੱਲੇਗਾ। ਪਰ ਤੁਸੀਂ ਇਹ ਵੀ ਸੋਚ ਲਉ, ਉਹ ਤਿੰਨਾਂ ਨੂੰ ਇੱਕਠਿਆਂ ਨੂੰ ਦੇਖਣਵਾਲਾ ਵੀ ਥੋਡੇ ਹਿਰਦੇ ਦੇ ਵਿੱਚ ਹੈ।

ਦਾਨਾ ਬੀਨਾ ਸਾਈ ਮੈਡਾ ਨਾਨਕ ਸਾਰ ਨ ਜਾਣਾ ਤੇਰੀ॥

(ਪੰਨਾ 5੨)

ਉਹ ਦਾਨਾ ਬੀਨਾ ਥੋਡੇ ਹਿਰਦੇ ਦੇ ਵਿਚ ਬੈਠੇਗਾ, ਉਹ ਕਿਤੇ ਅਲਹਿਦਾ ਨਹੀਂ ਹੈ।

ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥

(ਪੰਨਾ ੨)

ਉਹ ਮੈਨੂੰ ਕਦੇ ਭੁੱਲੇ ਨਾ। ਹੁਣ ਤੁਸੀਂ ਜਦ ਉਸਨੂੰ ਦੇਖੋਂਗੇ ਮਨ ਨੂੰ ਤੇ ਨਾਮ ਨੂੰ ਤੇ ਸਵਾਸ ਨੂੰ ਇਕੱਠੇ ਚਲਦੇ, ਉਹਦੇ ਦੇਖਣੇ ਵਾਲੇ ਤਾਂ ਤੁਸੀਂ ਹੋਂ। ਉਹ ਤਾਂ ਤੁਹਾਨੂੰ ਨਹੀਂ ਨਾ ਮਿਲਿਆ। ਬਿਲਕੁਲ ਸਪਟ ਤੁਸੀਂ ਮਨ ਨੂੰ ਦੇਖੋ ਪਰ ਉਹ ਤਾਂ ਮਨ ਤੇ ਪਹਿਲੇ ਸੀ, ਉਹ ਪਰਮੇਰ

ਥੋੜਾ **ਆਤਮਾ** ਤਾਂ ਮਨ ਤੇ ਪਹਿਲੇ ਸੀ। ਉਹ ਤਾਂ ਦ੍ਰਿ ਦੇ ਬਣਨੇ ਤੇ ਦ੍ਰਟਾ ਬਣਿਆ ਹੈ। ਉਹ ਦੇਖਣੇ ਵਾਲਾ ਜਿਹੜਾ ਹੈ, ਉਹ ਜਦ ਮਨ ਜੁੜਿਐ ਹੋਇਐ ਤਾਂ ਵੀ ਤੁਸੀਂ ਦੇਖਦੇ ਹੋਂ, ਜਦ ਮਨ ਨਹੀਂ ਜੁੜਿਆ, ਉਦੋਂ ਵੀ ਦੇਖਦੇ ਹੋਂ। ਜੀ, ਮੇਰਾ ਮਨ ਨਹੀਂ ਲੱਗਿਆ, ਮੇਰਾ ਮਨ ਟਿਕਿਆ ਨਹੀਂ। ਟਿਕੇ ਤਾਂ, ਤਾਂ, ਜੇ ਟਿਕੇ ਹੋਏ ਦੇ ਨਾਲ ਮੇਲਿਆ ਜਾਏ। ਜਦ ਨਾਮ ਦੇ ਨਾਲ ਮਨ ਲੱਗ ਜਾਏਗਾ, ਉਹ ਜਾਏਗਾ ਕਿੱਥੇ ? ਉਹ ਜਿਹੜਾ ਥੋੜਾ **ਦਾਨਾ-ਬੀਨਾ, ਚੇਤਨ** ਹੈ, ਉਹ ਜਿਹੜਾ ਦ੍ਰਟਾ ਹੈ, ਉਹ ਜਨਮ ਮਰਨ ਵਿਚ ਆਉਣ ਵਾਲਾ ਕਦੇ ਨਹੀਂ।

ਮੂਈ ਸੁਰਤਿ ਬਾਦੁ ਅਹੰਕਾਰੁ॥
ਓਹੁ ਨ ਮੂਆ ਜੋ ਦੇਖਣਹਾਰੁ॥
ਜੈ ਕਾਰਣਿ ਤਟਿ ਤੀਰਥ ਜਾਹੀ॥
ਰਤਨ ਪਦਾਰਥ ਘਟ ਹੀ ਮਾਹੀ॥
ਪੜਿ ਪੜਿ ਪੰਡਿਤੁ ਬਾਦੁ ਵਖਾਣੈ॥
ਭੀਤਰਿ ਹੋਦੀ ਵਸਤੁ ਨ ਜਾਣੈ॥ (ਪੰਨਾ ੧੫੨)

ਉਹ ਪੰਡਿਤ **ਖਟ ਾਤਰੀ** ੋਕ ਮੇਂ ਜਦ ਗਿਆ, ਉਹ ਬੜਾ ਸੁਹਣਾ ਟੀਕੇ ਵਾਲਿਆਂ ਨੇ ਲਿਖੀ ਹੈ ਉਹਦੀ ਉਥਾਨਕਾ। ਜਦ ਉਹਨੇ ਇਹ ਬਾਤ ਕਹੀ, ਜੀ ਤੁਸੀਂ ਨਹੀਂ ਮਰੋਂਗੇ ਸੋਗ ਚ? ਉਹਦਾ ਪੁੱਤਰ ਗੁਜਰ ਗਿਆ ਸੀ ਪੰਡਿਤ ਦਾ। ਗੁਰੂ ਸਾਹਿਬ ਨੇ ਕਿਹਾ, ਓਏ ! ਮਰੀ ਤਾਂ ਕੋਈ ਵੀ ਵਸਤੂ ਨਹੀਂ।

ਦੇਹੀ ਮਾਟੀ ਬੋਲੈ ਪਉਣੁ॥
ਬੁਝੁ ਰੇ ਗਿਆਨੀ ਮੂਆ ਹੈ ਕਉਣੁ॥ (ਪੰਨਾ ੧੫੨)

ਮਰਨ ਵਾਲੀ ਤਾਂ ਕੋਈ ਵਸਤੂ ਨਹੀਂ ਹੈ। ਤਾਂ ਉਹਨੇ ਆਖਿਆ, ਜੀ ਤੁਸੀਂ ਨਹੀਂ ਮਰੋਂਗੇ ? ਤਾਂ ਇਥੇ ਕਿਹਾ ਗੁਰੂ ਸਾਹਿਬ ਨੇ -

ਹਉ ਨ ਮੂਆ ਮੇਰੀ ਮੁਈ ਬਲਾਇ॥
ਓਹੁ ਨ ਮੂਆ ਜੋ ਰਹਿਆ ਸਮਾਇ॥
ਕਹੁ ਨਾਨਕ ਗੁਰਿ ਬ੍ਰਹਮੁ ਦਿਖਾਇਆ॥

ਮਰਤਾ ਜਾਤਾ ਨਦਰਿ ਨ ਆਇਆ॥ (ਪੰਨਾ ੧੦੨)

ਇਥੇ ਮਰਨਾ ਜੰਮਣਾ ਨਹੀਂ। ਤੁਹਾਡੇ ਪੰਜ ਗਿਆਨ ਇੰਦਰੀਏ ਨੇ , ਪੰਜ ਉਹਨਾਂ ਦੇ ਵਿੇ ਨੇ, ਪੰਜੇ ਉਹ ਬਿਰਤੀਆਂ ਨੇ। ਪਰ ਉਹਨੇ ਤਾਂ ਹਰੇਕ ਬਿਰਤੀ ਨਾਲ ਜੁੜਿਆ ਹੀ ਰਹਿਣੈ, ਉਹ ਤਾਂ ਤ੍ਰਿਕੁਟੀ ਦਾ ਸਾਖੀ ਹੈ, ਉਹ ਤ੍ਰਿਕੁਟੀ ਤੇ ਅਲਹਿਦਾ ਹੈ। ਉਹ ਗਿਆਤਾ, ਗਿਆਨ, ਗੇਅ ਹੈ ਤੇ ਅਲਹਿਦਾ ਹੈ। ਇਕ ਮੋਟਾ ਦ੍ਰਿਟਾਂਤ ਜੱਟਾਂ ਨੂੰ ਅਸੀਂ ਦਿੰਦੇ ਹਾਂ। ਉਹ ਕਹਿੰਦੇ ਜੀ, ਰੱਬ ? ਮੈਂ ਕਿਹਾ ਚੌਥਾ ਹੈ। ਅਖੇ ਜੀ ਕੈਸੇ ? ਮੈਂ ਆਖਿਆ, ਇਹ ਥੋੜਾ ਕਿਆਰਾ ਹੈ ? ਅਖੇ ਹਾਂ ਜੀ। ਇਹ ਖਾਲ ਹੈ ? ਹਾਂ ਜੀ। ਮੈਂ ਆਖਿਆ, ਇਹ ਚੁਬੱਚਾ ਹੈ ਜਿਥੋਂ ਪਾਣੀ ਨਿਕਲਦੈ ? ਅਖੇ ਹਾਂ ਜੀ। ਮੈਂ ਆਖਿਆ, ਪਾਣੀ ਸਾਰਿਆਂ ਵਿਚ ਇੱਕੋ ਹੈ। ਉਹ ਕਹਿੰਦੇ, ਹਾਂ ਜੀ। ਮੈਂ ਆਖਿਆ, ਉਹ ਚੇਤਨ ਸਾਰੇ ਵਿਆਪਕ ਹੈ ਪਰ ਉਹ ਚੌਥਾ ਹੈ। ਉਹ ਦ੍ਰਟਾ ਹੈ, ਉਪਾਧੀ ਕਾਲ ਮੇਂ ਉਹਨੂੰ **ਦਾਨਾ ਬੀਨਾ** ਕਹਿੰਦੇ ਨੇ। **ਦਾਨਾ ਬੀਨਾ ਸਾਈ ਮੈਡਾ** । ਜਿਹੜਾ **ਦਾਨਾ ਬੀਨਾ** ਹੈ, ਉਹੀ ਪਰਮੇਰ ਹੈ। ਉਹ ਬਦ ਨਹੀਂ ? ਨਿਯੰਤਾ ਪਰਮੇ ਰ ਹੈ, ਫਲ ਪ੍ਰਦਾਤਾ ਪਰਮੇਰ ਹੈ। ਪਰਮੇਰ ਦੇ ਦੋਵੇਂ ਰੂਪ ਬਾਣੀ ਚ ਆਉਂਦੇ ਨੇ।

ਜਾ ਕਉ ਅਪੁਨੀ ਕਰੈ ਬਖਸੀਸ॥
ਤਾ ਕਾ ਲੇਖਾ ਨ ਗਨੈ ਜਗਦੀਸ॥ (ਪੰਨਾ ੨੭੭)

ਅਸੰਖ ਖਤੇ ਖਿਨ ਬਖਸਨਹਾਰਾ॥
ਨਾਨਕ ਸਾਹਿਬ ਸਦਾ ਦਇਆਰਾ॥ (ਪੰਨਾ ੨੬)

ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥ (ਪੰਨਾ ੧੩੪)

ਜੇ ਤੁਸੀਂ ਆਪਣੇ ਕਰਮ ਨੂੰ ਫੜੋਂਗੇ ਤਾਂ ਤੁਹਾਨੂੰ ਉਹ ਕਰਮ ਭੋਗਣੇ ਪੈਣਗੇ। ਜੇ ਤੁਸੀਂ ਰਣਾਗਤੀ ਮੇਂ ਜਾਉਂਗੇ ਤਾਂ ਕਰਮ ਸਮਾਪਤ। ਤੇ ਸਧਨੇ ਨੇ ਸਾਰੇ ਕਰਮ ਭੋਗੇ ? ਵੇਸਵਾ ਨੇ ਸਾਰੇ ਕਰਮ ਭੋਗੇ ? ਬਿਧੀ ਚੰਦ ਨੇ ਸਾਰੇ ਭੋਗੇ? ਜਿਤਨੇ ਉਦਾਹਰਣ ਨੇ, ਉਹ ਕਿੱਧਰ ਗਏ ਇਹਨਾਂ ਦੇ ਕਰਮ ? ਪਰ ਜਦ ਇਹ ਰਣਾਗਤੀ ਗਿਆ ਤਾਂ ਕਰਮਾਂ

ਦੀ ਸਮਾਪਤੀ ਹੋਈ। ਪਰ ਇਹ ਜੀਵ ਦਾ ਮਨ ਰਣਾਗਤੀ ਨਹੀਂ ਜਾਂਦਾ। ਇਹਨੂੰ ਇਕ ਗ੍ਰਹਿ ਚਿੰਬੜਿਆ ਹੋਇਐ। ਇਕ ਦਿਨ ਸਾਡੇ ਨਾਲ ਇਕ ਸੰਤ ਗੱਲਾਂ ਕਰਦਾ ਸੀ, ਉਹਦੇ ਉਹ ਬੜੀਆਂ ਯਾਦ ਸੀ ਸਾਖੀਆਂ। ਉਹ ਸਾਖੀ ਇਕ ਬੜੀ ਸੁਹਣੀ ਬੋਲਦਾ ਸੀ। ਉਹਦੇ ਵਿਚ ਇਉਂ ਆਇਆ–ਉਹਨੇ ਆਖਿਆ, ਓਏ! ਨੌਂ ਗ੍ਰਹਿ ਨੇ ਪਰ ਦਸਵਾਂ ਗ੍ਰਹਿ ਹੰਕਾਰ ਹੈ, ਜਿੰਨਾ ਚਿਰ ਇਹ ਨਹੀਂ ਉਤਰਦਾ, ਨੌਂਵੇਂ ਕੰਮ ਕਰਨਗੇ ਤੇ ਜਿੱਦਣ ਇਹ ਗ੍ਰਹਿ ਮਿਟ ਗਿਆ, ਨੌਂਵਾਂ ਨੇ ਤੁਹਾਡੇ ਕੋਲ ਕਦੇ ਆਉਣਾ ਹੀ ਨਹੀਂ। ਕਿਉਂ ?

ਜੋ ਸਰਣਿ ਆਵੈ ਤਿਸੁ ਕੰਠਿ ਲਾਵੈ
ਇਹੁ ਬਿਰਦੁ ਸੁਆਮੀ ਸੰਦਾ॥ (ਪੰਨਾ 544)

ਇਹ ਤਾਂ ਇਕ ਪ੍ਰਣ ਹੈ ਮਹਾਰਾਜ ਦਾ, ਬਈ ਜੋ ਰਣ ਆਇਆ, ਉਹਨੂੰ ਕੰਠ ਲਾਉਣਾ ਹੈ। ਤੁਹਾਨੂੰ ਪਤਾ ਨਹੀਂ ? ਬਾਲੀ ਨੂੰ ਜਦ ਮਾਰਨ ਲੱਗੇ, ਉਹਨੇ ਇੱਕੋ ਹੀ ਸੁਆਲ ਕੀਤਾ ਹੈ।

ਮੈ ਬੈਰੀ ਸੁਗ੍ਰੀਵ ਪਿਆਰਾ।
ਅਵਗੁਨ ਕਵਨ ਨਾਥ ਮੋਹਿ ਮਾਰਾ॥ (ਰਾਮਾਇਣ)

ਪਰਮੇਰ ਨੂੰ, ਅਵਤਾਰ ਨੂੰ, ਬ੍ਰਹਮ ਗਿਆਨੀ ਨੂੰ ਕੋਈ ਚੀਜਾਂ ਘੜਨੀਆਂ ਨਹੀਂ ਪੈਦੀਆਂ, ਉਹਨਾਂ ਦੇ ਸਨਮੁਖ ਹੁੰਦੀਆਂ ਨੇ, ਇਹ ਬਾਤ ਅਸੀਂ ਆਪ ਤੁਹਾਨੂੰ ਦੱਸਦੇ ਹਾਂ, ਜਿਹੜੀ ਅਸੀਂ ਦੇਖੀ ਹੈ। ਬੀਰਮ ਦਾਸ ਦੇ ਪਾਸ ਜਿਹੜਾ ਜਾਂਦਾ ਸੀ, ਪਹਿਲਾਂ ਉਹੀ ਬਾਤਾਂ ਸੁਣਾਉਂਦਾ ਸੀ, ਜਿੰਨੀਆਂ ਉਹ ਰਾਹ ਵਿਚ ਘੜਦਾ ਆਉਂਦਾ ਸੀ। ਉਹੀ ਸੁਣਾਉਂਦਾ ਸੀ, ਉਹ ਅਜੇ ਹੈ ਸੇ ਜਿਉਂਦੇ। ਉਹ ਜਦ ਉਥੇ ਆਉਂਦਾ ਸੀ, ਫਿਰ ਕਹਿੰਦਾ ਸੀ–ਆਉਂਦਾ ਹੈ ਸਹੁਰਾ, ਇਥੇ ਲੜਕਾ ਲੈਣ, ਬੀਰਮ ਦਾਸ ਘੜਦੈ ਲੜਕੇ ? ਆਇਐ ਸਹੁਰਾ ਫਲਾਣੀ ਚੀਜ ਨੂੰ। ਉਹਨੂੰ ਇਥੋਂ ਤੱਕ ਸਰਬੱਗਤਾ ਸੀ, ਬੜਾ ਤਪੱਸਵੀ ਸੀ, ਬੜਾ ਨਾਮ ਜਪਣ ਵਾਲਾ ਮਹਾਂਪੁਰ ਸੀ। ਏਸ ਕਰਕੇ, ਹੁਣ ਦੱਸੋ ? ਅਵਤਾਰ ਦੇ ਤਾਂ ਸਨਮੁਖ ਹੈ ਸਭ, ਅਵਤਾਰ ਤੇ ਪਰਮੇਰ ਤਾਂ ਇੱਕੋ ਹੀ ਹੁੰਦੈ।

ਹਰਿ ਹਰਿਜਨ ਦੁਈ ਏਕ ਹੈ ਬਿਬ ਬਿਚਾਰ ਕਛੁ ਨਾਹਿ॥
ਜਲ ਤੇ ਉਪਜ ਤਰੰਗ ਜਿਉ ਜਲ ਹੀ ਬਿਖੈ ਸਮਾਹਿ॥
(ਬਚਿਤ੍ਰ ਨਾਟਕ)

ਉਹ ਤਾਂ ਸਾਰੀ ਬਿਰਤੀ, ਜਿੰਨੇ ਥੋਡੇ ਖਿਆਲ ਨੇ, ਉਹਨਾਂ ਨੂੰ ਟੈਪ ਕਰਨ ਵਾਲਾ ਤਾਂ ਬਿਰਤੀ ਦੇ ਵਿੱਚੇ ਹੀ ਬੈਠੈ, ਕਿਤੇ ਬਾਹਰੋਂ ਤਾਂ ਉਹਨੇ ਆਉਣਾ ਨਹੀਂ। ਜਿਹੜਾ ਥੋਡਾ ਖਿਆਲ ਉਠਿਆ ਤੇ ਟੈਪ ਹੋ ਜਾਊ, ਉਹ ਤਾਂ ਉਥੇ ਹੀ ਬੈਠੈਗਾ। ਉਹਨੂੰ ਸਾਖੀ ਕਹਿੰਦੇ ਨੇ, ਦ੍ਰਟਾ ਕਹਿੰਦੇ ਨੇ, ਨਿਯੰਤਾ ਕਹਿੰਦੇ ਨੇ, ਅੰਤਰਜਾਮੀ ਕਹਿੰਦੇ ਨੇ।

ਰਾਖਾ ਏਕੁ ਹਮਾਰਾ ਸੁਆਮੀ॥
ਸਗਲ ਘਟਾ ਕਾ ਅੰਤਰਜਾਮੀ॥ (ਪੰਨਾ ੧੧੩੬)

ਤੇ ਰਾਖਾ ਵੀ ਇਹੀ ਹੈ, ਹੋਰ ਕੋਈ ਇਹਦਾ ਰਾਖਾ ਵੀ ਨਹੀਂ। ਉਹ ਤਾਂ ਇਹਨੂੰ ਐਵੇਂ ਭੁਲੇਖਾ ਹੈ। ਉਹ ਪੱਟੀ ਵਾਲੀ ਲੜਕੀ (ਰਜਨੀ) ਦੀ ਕਥਾ ਪੜ੍ਹਕੇ ਦੇਖ ਲਉ। ਉਹਦੇ (ਪਿਤਾ ਰਾਜੇ ਨੇ) ਪੁੱਛਿਆ ਸਾਰੀਆਂ ਲੜਕੀਆਂ ਨੂੰ, ਬਈ ਕੀਹਦੇ ਆਸਰੇ ਹੋਂ ? ਕਹਿੰਦੀਆਂ, ਆਪ ਦੇ ਆਸਰੇ। ਉਹ (ਰਜਨੀ) ਕਹਿੰਦੀ ਨਾ, ਮੇਰੀ ਪ੍ਰਾਰਬਧ ਮੇਰੇ ਸੰਗ ਹੈ ਪਰ ਤੁਸੀਂ ਮੇਰੇ ਨਮਿੱਤ ਹੋ। ਏਸ ਕਰਕੇ, ਤੁਹਾਨੂੰ ਹੋ ਗਿਆ ਾਇਦ ਮੇਰੇ ਆਸਰੇ ਹੈ। ਨਹੀਂ, ਨਿਯੰਤਾ ਪਰਮੇਰ ਦੇ ਹੱਥ ਵਿਚ ਸਭ ਦੀ ਪ੍ਰਾਰਬਧ ਹੈ। ਉਹਨੇ, ਉਹ ਕੋਹੜੀ ਨਾਲ ਵਿਆਹੀ, ਉਹ ਸਾਰਾ ਹਾਲ ਤੁਸੀਂ ਦੇਖਿਆ ਹੈ। ਨਹੀਂ, ਇਹਦੇ ਦਿਲ ਦੇ ਵਿਚ ਭਰੋਸਾ ਨਹੀਂ।

ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ॥
ਦੇਵਨ ਕਉ ਏਕੈ ਭਗਵਾਨੁ॥
ਜਿਸ ਕੈ ਦੀਐ ਰਹੈ ਅਘਾਇ॥
ਬਹੁਰਿ ਨ ਤ੍ਰਿਸਨਾ ਲਾਗੈ ਆਇ॥
ਮਾਰੈ ਰਾਖੈ ਏਕੋ ਆਪਿ॥
ਮਾਨੁਖ ਕੈ ਕਿਛੁ ਨਾਹੀ ਹਾਥਿ॥
ਤਿਸ ਕਾ ਹੁਕਮੁ ਬੂਝਿ ਸੁਖੁ ਹੋਇ॥

ਤਿਸ ਕਾ ਨਾਮੁ ਰਖੁ ਕੰਠਿ ਪਰੋਇ॥
ਸਿਮਰਿ ਸਿਮਰਿ ਸਿਮਰਿ ਪ੍ਰਭੁ ਸੋਇ॥
ਨਾਨਕ ਬਿਘਨੁ ਨ ਲਾਗੈ ਕੋਇ॥ (ਪੰਨਾ ੨੮੧)

ਇਹਨੇ ਇਕ ਚੀਜ ਨਹੀਂ ਛੱਡਣੀ, ਹੋਰ ਸਾਰੀਆਂ ਛੱਡ ਦੇਣੀਆਂ ਨੇ।

ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥
(ਪੰਨਾ ੨)

ਉਹ ਕਦੇ ਭੁੱਲੇ ਨਾ। ਪੜ੍ਹਦੇ ਛੇਤੀ ਭਾਈ! ਕਿਤੇ ਉਹੀ ਗੱਲ ਨਾ ਹੋਵੇ –

ਰਸਨਾ ਗੁਣ ਗੋਪਾਲ ਨਿਧਿ ਗਾਇਣ॥

ਉਹ ਜਿਹੜਾ **ਨਾਮ** ਤੈਨੂੰ ਗੁਰੂ ਨੇ ਦਿੱਤਾ ਹੈ, ਉਹਨੂੰ ਰਸਨਾ ਦੇ ਨਾਲ ਰੋਜ ਗਾਉਦਾ ਰਹੀਂ, ਉਹਨੂੰ ਭੁੱਲ ਨਾ ਜਾਈਂ ਕਦੇ। ਉਹਨੂੰ ਕਦੇ ਲਿਆਕੇ ਛਿੱਕੇ ਤੇ ਨਾ ਰੱਖ ਦੇਈਂ, ਬਈ ਮਰਨ ਲੱਗੇ ਲੈ ਜਾਵਾਂਗੇ। ਜੇ ਬਿੱਲੀ ਖਾ ਗਈ, ਫਿਰ ਕੀ ਕਰੋਂਗੇ ? ਏਸ ਕਰਕੇ, ਉਹਨੂੰ ਇਕ ਛਿਨ ਨਹੀਂ ਭੁੱਲਣਾ। ਥੋੜੀ ਜਿਹੀ ਬਾਤ ਮੈਂ ਇਕ ਕਹਿੰਨਾਂ, ਬਿਰਧ **ਆਤਮਾ ਰਾਮ ਵਿਰੱਕਤ** ਬੜੇ ਮਹਾਂਪੁਰ ਸੇ। ਮੈਂ ਰਿਹਾ ਉਥੇ ਉਹਨਾਂ ਕੋਲ। ਮੈਂ ਉਹਨਾਂ ਦੀ ਚਾਦਰ ਧੋਣ ਲੱਗ ਗਿਆ, ਉਹ ਕਹਿੰਦੇ ਨਾ ਧੋਈਂ, ਮੈਂ ਆਖਿਆ ਕੋਈ ਨਹੀਂ। ਅਸੀਂ ਬਹਿ ਗਏ। ਮੈਂ ਆਖਿਆ ਜੀ, ਉਹ ਬਾਤ ਦੱਸੋ ਜਿਥੇ ਇਹ ਪਰਮੇਰ ਨੂੰ ਹਰ ਵਕਤ ਜਪੇ। ਉਹ ਕਹਿੰਦਾ ਭਾਈ! ਜੀਭ ਨੇ ਥੱਕ ਜਾਣੈ, ਤ੍ਰਿਕੁਟੀ ਨੇ ਖੜ ਜਾਣੈ। ਇਹਦਾ ਇੱਕੋ ਹੀ ਇਲਾਜ ਹੈ, ਉਹ ਜਿਹੜਾ ਥੋਡਾ ਸਰੂਪ ਹੈ ਸਾਖੀ, ਦ੍ਰਟਾ, ਵਿਆਪਕ, ਉਹਨੂੰ ਕਦੇ ਭੁੱਲਣਾ ਨਹੀਂ। ਉਥੇ ਬਿਰਤੀ ਨੂੰ ਜੋੜ ਕੇ ਸੌਣਾ ਤੇ ਬਿਰਤੀ ਨੂੰ ਜੋੜਕੇ ਤੁਰਨਾ, ਤੇ ਜੇ ਥੋੜੀ ਘਣੀ ਬਿਰਤੀ ਬਾਹਰ ਵੀ ਆਏਗੀ, ਉਹਦਾ ਇੱਕੋ ਹੀ ਅਰਥ ਹੋਏਗਾ, ਜਿਹੜਾ ਉਹ ਫਕੀਰ ਨੇ ਸੁਆਲ ਕੀਤਾ ਸੀ, ਸ੍ਰੀ ਗੁਰੂ ਅਰਜਨ ਦੇਵ ਜੀ ਨੂੰ। ਉਹ ਲੰਬੀ ਚੌੜੀ ਬਾਤ ਹੈ ਇਤਿਹਾਸ ਦੀ। ਉਹਨੇ ਆਖਿਆ–

ਜੀ ਆਹ ਕੀ ? ਤੁਸੀਂ ਤਾਂ ਸੇਵਾ ਕਰਾਉਂਦੇ ਹੋ, ਵਾਹ! ਬਈ ਵਾਹ! ਬੜਾ ਟੋਕਰਾ ਚੁੱਕਿਆ, ਸਾਬੇ! ਉਹ ਛੜੀ ਲੈਕੇ ਖੜੇ ਸੀ ਨਾ ਇਲੈਚੀ ਬੇਰੀ ਨੀਚੇ। ਉਹਨੇ ਆਖਿਆ– ਮੈਂ ਦੋ ਸੌ ਕੋਹ ਤੋਂ ਚੱਲਕੇ ਆਇਆ, ਬਈ ਉਹ ਮੋਕ ਦੇ ਦਾਤੇ ਨੇ। ਤੇ ਉਹ ਫਕੀਰ ਮੁੜ ਪਿਆ, ਵਿਹਾਰ ਸਮਝਕੇ। ਮਹਾਰਾਜ ਪੰਚਮ ਪਾਤਾਹ **ਬਾਬੇ ਬੁੱਢੇ** ਨੂੰ ਕਹਿੰਦੇ , ਮਾਰ ਟੋਕਰਾ ਸਤਿਨਾਮ ਕਹਿਕੇ। ਉਹਨੇ ਮਾਰਿਆ, ਜਲੋਧਰ ਰੋਗ ਸੀ ਠੀਕ ਹੋ ਗਿਆ। ਉਹ ਪੈਰੀਂ ਪੈਣ ਲੱਗਿਆ। ਬਾਬਾ ਜੀ ਕਹਿੰਦੇ ਨਾ, ਉਥੇ ਜੀਹਦੇ ਤੇਂ ਕਾ ਹੋਈ ਹੈ, ਉਥੇ ਜਾਕੇ ਕਰ। **ਬਾਬਾ ਬੁੱਢਾ** ਵੀ ਇਕ ਮਹਾਂਪੁਰ ਸੀਗਾ। ਉਹ ਆਇਆ, ਉਹਨੇ ਆਖਿਆ ਜੀ ਇਹ ਬਾਤ ਕੈਸੀ ? ਗੁਰੂ ਸਾਹਿਬ ਕਹਿੰਦੇ –

ਸਾਚਿ ਨਾਮਿ ਮੇਰਾ ਮਨੁ ਲਾਗਾ॥
ਲੋਗਨ ਸਿਉ ਮੇਰਾ ਠਾਠਾ ਬਾਗਾ॥ (ਪੰਨਾ ੩੪੪)

ਸਾਡਾ ਮਨ ਜੁੜਿਆ ਹੋਇਐ, ਉਸਦੇ **ਨਾਮ** ਨਾਲ ਤੇ ਇਹ **ਠਾਠਾ ਬਾਗਾ** ਹੈ। ਇਹ ਦੁਨੀਆਂ ਦੀ ਸੇਵਾ, **ਠਾਠਾ ਬਾਗਾ** ਹੈ। ਪਰ ਉਸਨੂੰ ਭੁੱਲਣਾ ਨਹੀਂ ਕਦੇ। ਏਸ ਕਰਕੇ, ਉਹ ਪਰਮੇਰ ਵਿਆਪਕ ਹੈ। ਨਾਮਦੇਵ ਨੇ ਉਥੇ ਜਿਥੇ ਉਹਦਾ ਸੰਬਾਦ ਹੋਇਆ, ਉਹਨੇ ਵੀ ਇਹੀ ਗੱਲ ਕਹੀ ਹੈ, ਉਹਨੇ ਆਖਿਆ ਤੂੰ ਕੀ ਕਰਦੈਂ ਲੋਭ ਵਿਚ ? ਉਹਨੇ ਆਖਿਆ ਨਾ –

ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥
(ਪੰਨਾ ੧੩੭੬)

ਇਕ ਸੰਤ ਨੇ ਇਕ ਦਿਨ ਬਹੁਤ ਸੁਹਣਾ ਪੜ੍ਹਿਆ। ਮੈਂ ਨਾਲ ਸੀ, ਅਖੰਡ ਪਾਠ ਦੇ ਭੋਗ ਤੇ ਗਏ। ਉਹਨੇ ਕੋਈ ਗੱਲ ਨਹੀਂ ਕੀਤੀ, ਪਹਿਲਾਂ ਇਹੀ ਗੱਲ ਕਹੀ। ਮੰਗਲ ਵੀ ਨਹੀਂ ਕੀਤਾ, ਕਹਿੰਦਾ ਧਾਰਨਾ ਲਾਕੇ –

ਚੀਤੁ ਨਿਰੰਜਨ ਨਾਲ, ਚੀਤੁ ਨਿਰੰਜਨ ਨਾਲਿ।

ਐਸਾ ਸੁਹਣਾ ਉਹਨੇ ਪੜ੍ਹਿਆ, ਸਾਰੀ ਸੰਗਤ ਨੂੰ ਪੜ੍ਹਾਇਆ,

ਬਹੁਤ ਹੀ ਅੱਛਾ। ਉਹ ਸੰਤ ਮੈਂ ਦੇਖਿਐ, ਮੇਰੇ ਨਾਲ ਰਿਹੈ। ਅਸੀਂ ਇਕ ਦਿਨ ਪੰਚਮ ਪਾਤਾਹ ਦੇ ਦਿਨ ਤੇ ਗਏ ਬੜੇ ਪਿੰਡ। ਮੈਂ ਕਥਾ ਕੀਤੀ। ਮੈਂ ਆਖਿਆ ਤੁਸੀਂ ਵੀ ਕੁੱਛ ਕਹੋ। ਉਹਨੇ ਕੁੱਛ ਨਹੀਂ ਕਿਹਾ। ਕੋਈ ਗੱਲ ਨਹੀਂ ਕਹੀ। ਉਹਨੇ ਉੱਠਕੇ ਐਸੀ ਲੈਅ ਨਾਲ ਪੜ੍ਹਿਆ –

ਦੁਖ ਮੇਂ ਸੁਖ ਮਨਾਈ, ਦੁਖ ਮੇਂ ਸੁਖ ਮਨਾਈ।

ਪੜ੍ਹੋ ਸਾਰੇ –

ਦੁਖ ਮੇਂ ਸੁਖ ਮਨਾਈ, ਦੁਖ ਮੇਂ ਸੁਖ ਮਨਾਈ।

ਉਹ ਪੜ੍ਹਕੇ, ਸੰਗਤ ਚੋਂ ਕਈਆਂ ਦੇ ਪਾਣੀ ਆ ਗਿਆ ਅੱਖਾਂ ਚ ਮੇਰੇ ਸਾਹਮਣੇ। ਉਹ ਕਹਿੰਦਾ, ਇਹ ਉਹਦਾ ਦਿਨ ਹੈ, ਜਿਸਨੇ ਦੁੱਖ ਦੇ ਵਿਚ ਸੁੱਖ ਮਨਾਇਆ ਸੀ। ਇਹ ਉਹਦਾ ਦਿਨ ਹੈ, ਜਿਸਨੇ ਤਵੀ ਤੇ ਬਹਿਕੇ ਦੁੱਖ ਦੇ ਵਿਚ ਸੁੱਖ ਮਨਾਇਆ ਸੀ। ਇਹ ਉਸਦਾ ਗੁਰਪੁਰਬ ਹੈ। ਜਿਆਦਾ ਨਹੀਂ ਉਹਨੇ ਕਿਹਾ, ਇਹ ਉਹਦਾ ਗੁਰਪੁਰਬ ਹੈ।

ਦੁਖ ਮੇਂ ਸੁਖ ਮਨਾਈ, ਦੁਖ ਮੇਂ ਸੁਖ ਮਨਾਈ।

ਬੱਸ ਥੋਨੂੰ ਕੋਈ ਗੁਰੂ ਅਰਜਨ ਦੇਵ ਦਾ ਚੇਲਾ ਹੀ ਮਿਲੇਗਾ, ਜਿਹੜਾ ਦੁੱਖ ਮੇਂ ਸੁੱਖ ਮਨਾਉਣ ਵਾਲਾ ਹੋਏਗਾ। ਉਹਨੇ, ਇਹੀ ਬਦ ਪੜ੍ਹਿਆ ਸਾਰਾ। ਬੱਸ, ਏਸ ਕਰਕੇ ਭਾਈ ! ਇਸ ਮਨ ਨੂੰ, ਉਹਦੇ ਵਿਚ ਜੋੜ ਦੇਣਾ, ਨਾਮ ਦੇ ਵਿਚ। ਪੜ੍ਹੋ ਭਾਈ ! ਛੇਤੀ ਕਰ ਦਿਆਂਗੇ –

ਰਸਨਾ ਗੁਣ ਗੋਪਾਲ ਨਿਧਿ ਗਾਇਣ॥

ਉਹ **ਗੋਪਾਲ** ਜਿਹੜਾ ਸਾਰੀ ਪ੍ਰਿਥਵੀ ਦਾ ਮਾਲਕ ਹੈ, ਰਸਨਾ ਕਰਕੇ ਉਹਦੇ ਗੁਣ ਗਾਇਆ ਕਰੋ। ਕਦੇ ਉਹਨੂੰ ਭੁੱਲਿਓ ਨਾ। ਆਪਣੇ ਗੁਰੂ ਮੰਤਰ ਨੂੰ ਨਾ ਕਦੇ ਭੁੱਲਿਓ। ਦੁਨੀਆਂ ਦੀਆਂ ਸਾਰੀਆਂ ਚੀਜਾਂ ਭੁੱਲ ਜਾਇਓ, ਪਰ ਗੁਰਮੰਤ੍ਰ ਨੂੰ ਨਾ ਕਦੇ ਭੁੱਲਿਓ। ਉਹ ਤੁਰੇ ਜਾਂਦੇ ਵੀ, ਉਹਦਾ ਅਭਿਆਸ ਨਾਂ ਛੱਡਿਓ –

ਊਠਤ ਬੈਠਤ ਸੋਵਤ ਨਾਮ॥
ਕਹੁ ਨਾਨਕ ਜਨ ਕੈ ਸਦ ਕਾਮ॥ (ਪੰਨਾ ੨੮੬)

ਇਹ ਹੈ ਸਦਾ ਦਾ ਕੰਮ। ਗੁਰੂ ਸਾਹਿਬ ਕਹਿੰਦੇ, ਇਹ ਸਦਾ ਦਾ ਕੰਮ ਹੈ। ਉਹ ਜਿਹੜੇ ਸਾਡੇ ਸਦਾ ਕੰਮ ਨਹੀਂ, ਉਹ ਤਾਂ ਅਸੀਂ ਕਰਦੇ ਹਾਂ ਸਦਾ, ਜਿਹੜਾ ਸਦਾ ਕਰਨ ਵਾਲੈ, ਉਹਨੂੰ ਕਹਿੰਦੇ, ਜੀ ਫੇਰ ਕਦੇ ਕਰ ਲਵਾਂਗੇ। ਜੇ ਇਹਨੂੰ ਆਖੇ, ਨਾਮ ਜਪਿਆ ਕਰ। ਕਹਿੰਦਾ, ਜੀ ਬੁੜ੍ਹੇ ਹੋਕੇ ਜਪਾਂਗੇ। ਇਹ ਇਹਦਾ ਕੰਮ ਹੈ।

ਦੁਨੀਆ ਸਾਗਰੁ ਦੁਤਰੁ ਕਹੀਐ ਕਿਉ ਕਰਿ ਪਾਈਐ ਪਾਰੋ॥
ਚਰਪਟੁ ਬੋਲੈ ਅਉਧੂ ਨਾਨਕ ਦੇਹੁ ਸਚਾ ਬੀਚਾਰੋ॥

(ਪੰਨਾ ੯੩੮)

ਇਹ ਤਾਂ ਪ੍ਰਸ਼ਨ ਹੈ ਚਰਪਟ ਦਾ। ਉਹਨੇ ਕੀ ਉੱਤਰ ਦਿੱਤਾ, ਇੱਕੋ ਸੀ।

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ॥
ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥

(ਪੰਨਾ 938)

ਨਾਮ ਜਿਹੜਾ ਤੁਹਾਨੂੰ ਦਿੱਤਾ, ਉਸੇ ਨੇ ਰਹਿ ਜਾਣੈ, ਉਹ ਥੋਡੀ ਬਿਰਤੀ ਦੇ ਵਿਚ ਬੈਠੈ, ਤੁਸੀਂ ਬਾਹਰ ਤਾਂ ਨਹੀਂ ਜਾਣਾ। ਉਹ ਜਿਹੜਾ ਬਿਰਤੀ ਦਾ **ਸਾਖੀ** , ਹੈ **ਦ੍ਰਟਾ** , ਉਸੇ ਦਾ ਨਾਮ ਹੈ, ਉਹੀ ਵਿਆਪਕ ਹੈ, ਕੋਈ ਇਹਦੇ ਵਿਚ ਜੋਰ ਨਹੀਂ ਲਗਦਾ, ਮੰਗਕੇ ਕੋਈ ਚੀਜ ਵੀ ਨਹੀਂ ਲਿਆਉਣੀ ਪੈਂਦੀ। ਬਿਰਤੀ ਵੀ ਥੋਡੀ ਹੈ ਤੇ ਚੇਤਨ ਵੀ ਥੋਡਾ ਆਪਣਾ ਆਪ ਹੈ। ਏਸ ਕਰਕੇ ਇਥੇ ਜੁੜਕੇ, ਇਹ ਰਸਨਾ ਨਾਲ ਨਾਮ ਗਾਇਆ ਕਰੋ। ਗੁਰੂ ਅਰਜਨ ਦੇਵ ਮਹਾਰਾਜ ਕਹਿੰਦੇ – ਇਹਨੂੰ ਭੁੱਲਿਓ ਨਾ। ਇਹ ਥੋਡੇ ਆਧਾਰ ਦਾ ਉਪਾਅ ਹੈ। ਚੱਲੀਏ –

ਸਾਂਤਿ ਸਹਜੁ ਰਹਸੁ ਮਨਿ ਉਪਜਿਓ

ਇਹ ਫਲ ਹੋ ਜਾਣਗੇ ਤੁਹਾਨੂੰ ਐਨੇ। ਇਹ ਤਾਂ ਸਿੱਧੀਆਂ ਬਾਤਾਂ ਨੇ। ਟੀਕਾ ਤਾਂ ਗੁਰੂ ਅਰਜਨ ਦੇਵ ਜੀ ਕਰ ਗਏ ਨੇ, ਅਸੀਂ ਤਾਂ ਕਹਿਣਾ ਹੀ ਹੈ, ਉਹਨਾਂ ਦੀ ਕਿਰਪਾ ਤੇ। ਨਹੀਂ ਸਾਨੂੰ ਕੀ ਪਤੈ ? ਇਹ

ਬਾਣੀ ਦਾ ਕੋਈ ਥਾਹ ਲੈ ਸਕਦੈ ? ਕੋਈ ਜੰਮਿਆ ਹੈ ਦੁਨੀਆਂ ਵਿਚ ? ਇਹ ਤਾਂ ਅਨੁਭਵੀ ਬਾਣੀ ਹੈ, ਅਥਾਹ ਬਾਣੀ ਹੈ। ਏਸ ਕਰਕੇ, ਹੁਣ ਇਕ ਇਕ ਪੜ੍ਹ ਭਾਈ –

ਸਾਂਤਿ ਸਹਜੁ ਰਹਸੁ ਮਨਿ ਉਪਜਿਓ

ਥੋਡੇ ਮਨ ਵਿਚ ਾਂਤੀ ਆ ਜੂਗੀ।

ਸਗਲੇ ਦੂਖ ਪਲਾਇਣੁ॥ ਰਹਾਉ॥

ਸਾਰੇ ਦੁੱਖ ਤੁਹਾਡੇ ਭੱਜ ਜਾਣਗੇ, ਥੋਡੇ ਅੰਦਰ ਕੋਈ ਵੀ ਦੁੱਖ ਨਹੀਂ ਰਹੇਗਾ। ਇਹ ਜਨਮ ਮਰਨ ਦਾ ਦੁੱਖ ਵੀ ਨਹੀਂ ਰਹੇਗਾ। ਬੜਾ ਦੁੱਖ ਤਾਂ ਇਹੀ ਹੈ।

ਜੋ ਮਾਗਹਿ ਸੋਈ ਸੋਈ ਪਾਵਹਿ

ਜੇ ਤੇਰਾ ਉਸ ਪਰਮੇਰ ਦੇ ਨਾਮ ਜਪਦੇ, ਜੋ ਸੰਕਲਪ ਹੋ ਜਾਊ, ਉਹ ਆਪੇ ਹੀ ਪੂਰਾ ਹੋ ਜਾਊ। ਇਹ ਤਾਂ ਐਵੇਂ ਪਾਗਲ ਲੋਕ ਨੇ, ਜਿਹੜੇ ਲੋਕਾਂ ਦੇ ਪਾਸ ਭੱਜੇ ਫਿਰਦੇ ਨੇ, ਜੇ ਅਸਲੀ ਗੱਲ ਕਰੀਏ। ਜੇ ਇਥੇ ਦ੍ਰਿੜ ਹੋ ਜਾਏ ਤਾਂ ਸਾਰੇ ਹੀ ਕੰਮ ਬਣ ਜਾਣ ਪਰ ਇਹਨੂੰ ਪਤਾ ਹੀ ਨਹੀਂ। ਇਹ ਚਾਹੁੰਦੇ ਨੇ, ਖਬਰੈ ਅਸੀਂ ਆਪਣੀ ਚਤੁਰਾਈ ਨਾਲ ਵੱਸ ਕੀਤੀ ਹੈ ਮਾਇਆ। ਮਾਇਆ ਤਾਂ ਪਰਮੇਰ ਦੇ ਅਧੀਨ ਹੈ, ਉਹਦੀ ਖ਼ੁੀ ਹੈ ਜਿਥੇ ਭੇਜੇ।

ਸੇਵਿ ਹਰਿ ਕੇ ਚਰਣ ਰਸਾਇਣ॥

ਕਹਿੰਦੇ– ਇੱਕੋ ਹੀ ਤੇਰੇ ਵਾਸਤੇ ਸੇਵਾ ਹੈ, ਹਰੀ ਦੇ ਚਰਨਾਂ ਦਾ ਕਦੇ ਧਿਆਨ ਨਹੀਂ ਛੱਡਣਾ, ਕਦੇ ਨਾਮ ਨਹੀਂ ਛੱਡਣਾ। ਦੋਵੇਂ ਦਵਾਈਆਂ ਨੇ, ਸਾਰੇ ਗੁਰੂ ਗ੍ਰੰਥ ਸਾਹਿਬ ਵਿੱਚ।

ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ॥
ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ॥ (ਪੰਨਾ ੪੬੪)

ਸਰਬ ਰੋਗ ਕਾ ਅਉਖਦੁ ਨਾਮੁ॥
ਕਲਿਆਣ ਰੂਪ ਮੰਗਲ ਗੁਣ ਗਾਮ॥ (ਪੰਨਾ ੨੭੪)

ਦੋਵੇਂ ਇਹ ਬੀਮਾਰੀਆਂ ਨੇ –

ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥
ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ॥

(ਪੰਨਾ ੪੬੬)

ਹਉਮੈ ਐਸੀ ਵੱਡੀ ਬੀਮਾਰੀ ਹੈ, ਇਹ ਰੋਜ ਵੱਧਦੀ ਜਾਂਦੀ ਹੈ। ਇਹ ਬੀਮਾਰੀ ਰੋਜ ਵੱਧਦੀ ਹੈ, ਇਹਨੂੰ ਲੋਕ ਵਧਾਈ ਜਾਂਦੇ ਨੇ। ਦੂਸਰੀ ਬੀਮਾਰੀ **ਤ੍ਰਿਨਾ** ਹੈ।

ਏਹ ਤਿਸਨਾ ਵਡਾ ਰੋਗੁ ਲਗਾ ਮਰਣੁ ਮਨਹੁ ਵਿਸਾਰਿਆ॥

(ਪੰਨਾ ੬੧੯)

ਇਹ ਰੋਗ, ਇਹਨਾਂ ਦੋਨਾਂ ਚੀਜਾਂ ਨਾਲ ਟੁੱਟ ਜਾਣੇ ਨੇ, ਸੱਚ ਨਾਲ ਤੇ ਨਾਮ ਦੇ ਸਿਮਰਨ ਨਾਲ। ਜਦ ਤੱਕ ਨਾਮ ਦੇ ਨਾਲ ਮਨ ਨਹੀਂ ਜੁੜੇ ਗਾ, ਇਹਦੇ ਅੰਤਹਕਰਣ ਚ ਪੂਰਨ ਸੱਚ ਨਹੀਂ ਆਏਗਾ।

ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ (ਪੰਨਾ ੧)

ਉਹਦੇ ਉੱਤੇ ਭਰੋਸਾ ਨਹੀਂ ਹੋਏਗਾ ਤਾਂ ਕੱਖ ਕਾਰਜ ਨਹੀਂ। ਫੇਰ ਤਾਂ ਐਵੇਂ ਭੌਂਕਦਾ ਫਿਰੇ ਚਾਹੇ ਨਾ ਭੌਂਕਦਾ ਫਿਰੇ, ਇਹਦਾ ਫਾਇਦਾ ਤਾਂ ਨਹੀਂ ਹੈਗਾ। ਅਸੀਂ ਦੇਖਦੇ ਹਾਂ, ਬਈ ਥੋੜਾ ਜੀਵਨ ਇਹੋ ਜਿਹਾ ਹੋਣਾ ਚਾਹੀਦੈ। ਇਹਨਾਂ ਗੱਲਾਂ ਦਾ ਮਤਲਬ ਹੀ ਕੀ ? ਇਹ ਤਾਂ ਅਣਜਾਣਪੁਣੇ ਦੀਆਂ ਬਾਤਾਂ ਨੇ। ਜਦ ਤੱਕ ਅਣਜਾਣ ਹੈ –

ਪਰਮੇਰ ਯਾ ਅਸਤੀ ਸਾ ਪਯਤੀ॥

ਜੀਹਨੇ ਉਸ ਪਰਮੇਰ ਨੂੰ ਨਿਰਲੇਪ ਦੇਖ ਲਿਆ, ਆਪਣੇ ਆਪ ਨੂੰ, ਉਹ ਸੁਜਾਖਾ ਹੈ, ਨਹੀਂ ਤਾਂ ਸਭ ਅੰਨ੍ਹੇ ਹਨ। ਇਹ ਬਾਤ ਹੀ ਹੋਰ ਹੈਗੀ ਪਰ ਇਹ ਮਹਾਂਪੁਰ ਦੀ ਲਾਗ ਬਿਨ੍ਹਾਂ ਕੰਮ ਬਣਨ ਵਾਲਾ ਨਹੀਂ, ਚਾਹੇ ਤੁਸੀਂ ਕੁੱਛ ਕਹੋ। ਇਹ ਕੋਈ ਮਹਾਂਪੁਰ ਹੀ ਹੋਏਗਾ, ਤੁਸੀਂ ਦੇਖ ਲਉ, ਗੁਰੂ ਘਰ ਦਾ ਇਤਿਹਾਸ ਪੜ੍ਹਕੇ–

ਜਨਮ ਮਰਣ ਦੁਹਹੂ ਤੇ ਛੂਟਹਿ

ਉਹ ਦੋਵੇਂ, **ਜਨਮ ਮਰਣ** ਤੇ ਛੁੱਟ ਜਾਊ, ਜਦ ਨਾਮ ਦੇ ਨਾਲ ਮਨ ਜੁੜ ਗਿਆ। ਇਹਨੂੰ ਆਪਣੇ ਆਪ ਦੀ ਪਛਾਣ ਆ ਗਈ, ਤ੍ਰਿਕੁਟੀ ਤੇ ਸਾਖੀ ਵਿਆਪਕ ਦੀ। ਫਿਰ ਇਹਦਾ ਜਨਮ ਮਰਣ ਕਦੇ ਆਤਮਾ ਦਾ ਹੋਇਆ ਹੀ ਨਹੀਂ। ਇਹ ਤਾਂ ਨਾ ਕਦੇ ਜੰਮਿਐ ਨਾ ਕਦੇ ਮਰਦੈ। ਜਨਮ ਮਰਨ ਵਾਲੇ ਸਰੀਰ ਨੇ।

ਜਨਮ ਮਰਣ ਦੁਹਹੂ ਮਹਿ ਨਾਹੀ ਜਨੁ ਪਰਉਪਕਾਰੀ ਆਏ॥
ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥

(ਪੰਨਾ ੭੪੯)

ਉਹ ਤਾਂ ਹਰੀ ਦੇ ਨਾਲ ਮਿਲਾ ਦਿੰਦੇ ਨੇ। ਘੀਸੇ ਦੇ ਉਤੇ ਹੋਈ ਕਬੀਰ ਦੀ ਕਿਰਪਾ। ਮੈ ਥੋੜੇ ਜਿਹੇ ਚ ਹੀ ਸੁਣਾਉਂਦਾ ਹਾਂ। ਜੁਲਾਹਾ ਸੀ, ਸਾਰਾ ਪਿੰਡ ਵਿਗਾੜਿਆ। ਜੀਤਾ ਨੰਬਰਦਾਰ ਸੀ। ਉਹਨੇ ਆਖਿਆ, ਜੀ ਉਹ ਸਾਰਾ ਦਿਨ ਗਾਈ ਜਾਂਦੈ, ਉਹ ਘੀਸੇ ਦੇ ਬਦ। ਉਹ ਕਹਿੰਦਾ ਘੀਸਾ ਨਹੀਂ **ਘੀ ਸਾ** । ਕਹਿੰਦਾ ਘੀਸਾ ਨਾ ਕਹਿ ਦਿਉ ਇਹਨੂੰ, ਅਖੇ ਇਹ ਤਾਂ ਘੀ ਹੈ ਨਿਰਾ। ਉਹਦੇ ਬਦਾਂ ਚ ਲਿਖਿਆ ਹੋਇਐ। ਉਹ ਜੀਤੇ ਕੋਲ ਗਏ, ਉਹ ਡਾਂਗ ਲੈਕੇ ਤੁਰ ਪਿਆ, ਸਾਰੇ ਤੁਰ ਪਏ। ਕਹਿੰਦੇ, ਪਿੰਡੋਂ ਕੱਢ ਕੇ ਆਉਣੈ ਜੁਲਾਹੇ ਨੂੰ। ਘੀਸਾ ਕਹਿੰਦਾ, ਉਹਨੇ ਜੀਤੇ ਨੇ ਮੈਨੂੰ ਕੀ ਕੱਢਣੈ ਮੈਂ ਉਹਨੂੰ ਉਹਦੇ ਆਪਣੇ ਘਰ ਵਾੜ ਦੇਊਂ ਅੱਜ ਤੇ ਘਰ ਵਾੜ ਕੇ ਛੱਡੂੰ ਤੇ ਜਦ ਉਹ ਜੀਤਾ ਸਾਹਮਣੇ ਆਇਆ, ਉਹਨੇ ਮਾਰੀ ਦ੍ਰਿਟੀ ਘੀਸੇ ਨੇ, ਜੀਤੇ ਤੇ, ਉਹ ਸਭ ਕੁੱਛ ਸੁੱਟ ਕੇ ਪੈਰਾਂ ਤੇ ਡਿੱਗ ਪਿਆ ਤੇ ਨਾਮ ਜਪਣ ਲਗ ਪਿਆ, ਜਿਹੜਾ ਉਹ ਘੀਸਾ ਜਪਦਾ ਸੀ। ਲੋਹਾ ਖੇੜਾ ਯਮੁਨਾ ਦੇ ਕਿਨਾਰੇ ਤੇ ਹੈ, ਨੌਂ ਕੋਹ ਤੇ ਜਾਕੇ ਠਹਿਰਿਆ ਜੀਤਾ। ਬੱਸ ਇਉਂ ਘੀਸਾ **ਘੀ ਸਾ** ਹੈ, ਮੈਂ ਉਹ ਪਿੰਡ ਦੇਖੇ ਨੇ। ਇਹ ਹੈ ਮਹਾਂਪੁਰਾਂ ਦਾ ਜਸ। ਪਰ ਇਹ ਤਾਂ ਉੱਚੀ ਬਾਤ ਹੈ ਗੁਰੂ ਘਰ ਦੀ। ਗਰੀਬ ਦਾਸ ਨੇ ਲਿਖਿਐ ਇਕ ਜਗ੍ਹਾ ਆਪਣੇ ਗ੍ਰੰਥ ਸਾਹਿਬ ਮੇਂ–

ਨਾਨਕ ਦਾਦੂ ਅਗਮ ਅਗਾਧੂ ਤੇਰੀ ਜਹਾਜ ਦੇ ਖੇਵਟ ਸਹੀ॥
ਸੁਖ ਸਾਗਰ ਤੇ ਹੰਸਾ ਆਏ ਭਗਤਿ ਹੜੰਬਾ ਉਗਧਿ ਗਏ॥

ਕਹਿੰਦਾ – ਦੇਖੋ ਇਹ ਇਕ ਚੀਜ ਲੈਕੇ ਆਏ, ਪ੍ਰੇਮਾ ਭਗਤੀ ਲੈਕੇ ਆਏ ਨੇ ਜੀਹਨੂੰ ਬਖ ਦੇਣਗੇ, ਉਹ ਦੁਨੀਆਂ ਦਾ ਸਾਂਝਾ ਆਦਮੀ ਹੋ ਜਾਊ। ਉਹ ਜਿਥੇ ਉਹ ਜਾਊ, ਉਥੇ ਹੀ ਉਹਦਾ ਕੁਨਬਾ ਹੋਏਗਾ ਜੇ ਇਥੇ ਜਾਊ, ਇਥੇ ਕੁਨਬਾ ਜੇ ਦੂਜੇ ਪਾਸੇ ਜਾਊ, ਉਥੇ ਕੁਨਬਾ। ਉਹਦਾ ਆਪਣਾ ਆਪ ਜੋ ਸਾਰਾ ਹੈ। ਪਰ ਇਹ ਬੜੀ ਉੱਚੀ ਬਾਤ ਹੈ। ਇਹ ਸੰਤ ਦੀ ਕਿਰਪਾ ਬਿਨਾਂ ਨਹੀਂ ਬਣਦੀ। ਥੋਨੂੰ ਪਤੈ ਬਹੱਤਰਾਂ ਦੇ ਤਾਲੇ ਖੋਲ੍ਹੇ ਦਾਦੂ ਨੇ ਤੇ ਉਹਦੇ ਤੁਸੀਂ ਕਬਿੱਤ ਸਵੱਯੇ ਪੜ੍ਹੇ ਹੋਣੇ ਨੇ ਸੁੰਦਰ ਦਾਸ ਦੇ। ਉਹ ਸੀ ਸਰਦਾਰ, ਉਹ ਨਾਮ ਲੈਣ ਆਇਆ, ਖੱਚਰ ਤੇ ਸਭ ਕੁਛ ਲੱਦਿਆ। ਦਾਦੂ ਜੀ ਦਾ ਭਰਵਾਂ ਸਰੀਰ ਸੀ, ਰੰਗ ਦੇ ਕਾਲੇ ਸੀ। ਉਹ ਆਉਂਦਾ ਸੀ ਤੇ ਦਾਦੂ ਜੀ ਦੇ ਇਕ ਕਪੀਨ ਹੈ ਤੇ ਇਕ ਭੂਰੀ। ਉਹ ਸਗਨ ਲਈ ਨਾਲ ਇਕ ਪੰਡਤ ਲਿਆ ਰਿਹਾ ਸੀ, ਪੰਡਤ ਆਂਹਦਾ, ਜੀ ਅਪਸਗਨ ਹੋ ਗਿਆ। ਉਹ ਕਹਿੰਦਾ ਕੀ ? ਅਖੇ ਆਹ ਜਿਹੜਾ ਨੰਗਾ ਆਦਮੀ ਮਿਲ ਗਿਆ, ਉਹ ਰਸਤੇ ਵਿਚ ਦਾਦੂ ਜੀ ਨੰਗੇ, ਕਪੀਨ ਪਾਈ ਮਿਲ ਗਏ ਸੀ ਨਾ। ਉਹ ਪੰਡਿਤ ਕਹਿੰਦਾ, ਜੀ ਜਿਹੜਾ ਇਹ ਨੰਗਾ ਆਦਮੀ ਮਿਲ ਗਿਆ, ਆਪਣੇ ਕੰਮ ਚ ਬਿਘਨ ਪੈ ਜਾਊ। ਉਹ ਕਹਿੰਦੇ, ਇਹਦਾ ਕੋਈ ਇਲਾਜ ? ਅਖੇ, ਜੀ ਇਹਦੇ ਸਿਰ ਵਿਚ ਜੁੱਤੀਆਂ ਮਾਰ ਕੇ ਲੰਘਾਈ ਜਾਉ। ਉਹਨੇ ਮਾਰ ਦਿੱਤੀਆਂ। ਉਹ ਜਦ ਆਏ ਉਥੇ ਬੈਠੇ ਦਾਦੂ ਦੇ ਡੇਰੇ ਚ, ਉਹਨੇ ਪੁੱਛਿਆ, ਮਹਾਰਾਜ ਕਿੱਥੇ ਗਏ ਨੇ ? ਉਹਨੇ ਆਖਿਆ ਜੰਗਲ ਪਾਣੀ ਗਏ ਨੇ। ਕਿੱਧਰ ਗਏ ਨੇ ? ਅਖੇ ਤੁਸੀਂ ਜਿਧਰੋਂ ਆਏ ਹੋਂ, ਇੱਧਰ ਹੀ ਗਏ ਨੇ। ਕਹਿੰਦੇ, ਕਿਹੋ ਜਿਹੇ ਨੇ ? ਅਖੇ ਇਕ ਭੂਰੀ ਹੈ, ਇਕ ਕਪੀਨ ਹੈ, ਨੰਗੇ ਹੀ ਗਏ ਨੇ। ਅਖੇ ਰੰਗ ਕਿਹੋ ਜਿਹਾ ਹੈ। ਅਖੇ ਕਾਲਾ। ਉਹਨਾਂ ਆਖਿਆ, ਲੈ ਬਈ। ਮਾਰੇ ਗਏ, ਆਏ ਤਾਂ ਗੁਰੂ ਧਾਰਨ ਸੀ, ਉਲਟਾ ਕੰਮ ਹੋ ਗਿਆ। ਇਹ ਦਾਦੂ ਦੇ ਜੀਵਨ ਵਿਚ ਲਿਖਿਆ ਹੋਇਐ। ਜਦ

ਦਾਦੂ ਜੀ ਮੁੜ ਕੇ ਆਏ, ਹੱਥ ਪੈਰ ਧੋਕੇ ਬਹਿ ਗਏ। ਉਹ ਬੈਠੇ ਸਨ, ਨਾ ਉੱਠਣ ਜੋਗੇ ਨਾ ਬੈਠਣ ਜੋਗੇ। ਉਹ ਕਹਿੰਦੇ, ਦੱਸੋ ਭਾਈ ! ਕੀ ਬਾਤ ਹੈ ? ਅਖੇ, ਮਹਾਰਾਜ ਬੜਾ ਅਪਰਾਧ ਹੋ ਗਿਆ, ਬੜਾ ਕੁੱਛ ਹੋਇਆ। ਉਹ ਕਹਿੰਦੇ, ਬਾਤ ਤਾਂ ਦੱਸੋ। ਅਖੇ, ਜੀ ਅਸੀਂ ਗੁਰੂ ਧਾਰਨ ਆਏ ਸੀ, ਹੁਣ ਇਸ ਲਾਇਕ ਤਾਂ ਅਸੀਂ ਰਹੇ ਨਹੀਂ। ਉਹਨੇ ਆਖਿਆ ਓਏ ਦੋ ਪੈਸੇ ਦੀ ਲਈਦੀ ਹੈ ਹਾਂਡੀ, ਕਿੰਨੀ ਵਾਰ ਵਜਾਈਦੀ ਹੈ, ਤੈਂ ਸਾਰੀ ਉਮਰ ਵਾਸਤੇ ਗੁਰੂ ਧਾਰਨਾ ਹੈ, ਚੰਗਾ ਕੀਤਾ ਵਜਾਕੇ ਦੇਖ ਲਿਆ। ਸਮਝ ਗਏ ? ਕਿਉਂ ? ਇਹ ਮਹਾਂਪੁਰਾਂ ਦੀ ਪਛਾਣ ਹੈ। ਗੁਰੂ ਨਾਨਕ ਜਿਥੇ ਗਏ, ਸਾਰਾ ਜੀਵਨ ਪੜ੍ਹ ਲਉ, ਉਹਨਾਂ ਦਾ ਕੋਈ ਆਦਰ ਤਾਂ ਨਹੀਂ ਕੀਤਾ ਤੇ ਫਿਟਕਾਰਾਂ ਝੱਲੀਆਂ। ਕਿਉਂ ? ਉਹ ਪੂਰਣ ਗੁਰੂ ਸੀ। ਇਹ ਬੜੀ ਔਖੀ ਬਾਤ ਹੈ, ਮਨ ਜੁੜੇ ਬਿਨ੍ਹਾਂ ਕੰਮ ਹੀ ਨਹੀਂ ਚੱਲਣਾ। ਜਦ ਇਹਦਾ ਮਨ ਸਿਮਰਨ ਚ ਜੁੜ ਗਿਆ, ਪਰਮੇਰ ਨਾਲ ਇਕ ਹੋ ਗਿਆ, ਪਰਮੇਰ ਦੇ ਚਰ ਨਾਂ ਨਾਲ ਮਿਲ ਗਿਆ। ਤਾਂ ਉਹ ਕਹਿੰਦਾ, ਇਹਦਾ ਜਨਮ ਮਰਨ ਕੱਟਿਆ ਜਾਊ।

ਭਵਜਲੁ ਜਗਤੁ ਤਰਾਇਣ॥

ਇਹ ਸੰਸਾਰ ਸਮੁੰਦਰ ਚੋਂ ਤਰ ਜਾਏਗਾ ਤੇ ਲੋਕਾਂ ਨੂੰ ਤਾਰਨੇ ਵਾਲਾ ਹੋ ਜਾਏਗਾ।

ਖੋਜਤ ਖੋਜਤ ਤਤੁ ਬੀਚਾਰਿਓ ਦਾਸ ਗੋਵਿੰਦ ਪਰਾਇਣ॥
ਅਬਿਨਾਸੀ ਖੇਮ ਚਾਹਹਿ ਜੇ ਨਾਨਕ ਸਦਾ ਸਿਮਰਿ ਨਾਰਾਇਣ॥

ਇਕੋ ਹੀ ਗੱਲ ਹੈ। ਅਸੀਂ ਇਹ ਖੋਜਕੇ ਸਾਰਾ ਸਿਧਾਂਤ ਕੱਢ ਲਿਆ, ਜੇ ਤੂੰ ਅਬਿਨਾਸੀ ਪਦ ਦੀ, ਆਪਣੇ ਸਰੂਪ ਦੀ ਪ੍ਰਾਪਤੀ ਕਰਨੀ ਚਾਹੁੰਨੈ ਤਾਂ ਸਦਾ **ਸਿਮਰਨ** ਕਰ। **ਸਿਮਰਨ** ਨਾ ਕਦੇ ਤੇਰਾ ਬੰਦ ਹੋ ਜਾਏ, ਇਕ ਛਿਨ ਵੀ। ਪਰ ਮਾਇਆ ਦੀ ਪ੍ਰਬਲਤਾ, ਮਨ ਨੂੰ ਖਿੱਚ ਲੈਂਦੀ ਹੈ, **ਸਿਮਰਨ** ਦਾ ਪਤਾ ਹੀ ਨਹੀਂ ਰਹਿੰਦਾ, ਕਿਤੇ ਹੈ ਕਿ ਨਹੀਂ ਹੈ। ਇਹਦਾ, ਇਕੋ ਹੀ ਮੁੱਖ ਕੰਮ ਹੈ **ਸਿਮਰਨ** । **ਸਿਮਰਨ,** ਨਾ ਭਾਈ ਛੱਡਿਓ ! ਜਿਹੜਾ ਥੋਡੇ ਗੁਰੂ ਨੇ ਮੰਤਰ ਦਿੱਤਾ ਹੈ, ਉਹਦਾ

ਸਿਮਰਨ ਨਾ ਛੱਡਿਓ। ਉਹਦੇ ਵੱਲ ਵੀ ਨਾ ਦੇਖਿਓ ਗੁਰੂ ਵੱਲ, ਬਈ ਗੁਰੂ ਕਿਹੜਾ ? ਨਾਮ ਤਾਂ ਠੀਕ ਹੈ, ਉਹ ਜਿਹੜਾ ਤੁਹਾਨੂੰ ਨਾਮ ਦਿੱਤਾ, ਉਹ ਤਾਂ ਪਰਮੇਰ ਦਾ ਹੈ, ਉਹ ਤਾਂ ਪਰਮੇਰ ਦੇ ਪਾਸ ਲੈਕੇ ਜਾਏਗਾ, ਉਹ ਨਹੀਂ ਛੱਡੇਗਾ ਕਦੇ। ਦਸਵੇਂ ਪਾਤਾਹ ਦਾ ਆਉਂਦੈ ਨਾ।

ਕਿਉਂ ? ਬੰਦ ਕਰ ਦੇਈਏ। ਅੱਛਾ ਬੰਦ ਕਰ ਦਿੰਦੇ ਹਾਂ।

ਬੋਲੋ ਸਤਿਨਾਮ ਸ੍ਰੀ ਵਾਹਿਗੁਰੂ।।

੧ੴ ਸਤਿਗੁਰ ਪ੍ਰਸਾਦਿ॥

੪੪

ਸੋਰਠਿ ਮਹਲਾ ੯॥

ਪ੍ਰੀਤਮ ਜਾਨਿ ਲੇਹੁ ਮਨ ਮਾਹੀ॥
ਅਪਨੇ ਸੁਖ ਸਿਉ ਹੀ ਜਗੁ ਫਾਂਧਿਓ
ਕੋ ਕਾਹੂ ਕੋ ਨਾਹੀ॥੧॥ ਰਹਾਉ॥
ਸੁਖ ਮੈ ਆਨਿ ਬਹੁਤੁ ਮਿਲਿ ਬੈਠਤ
ਰਹਤ ਚਹੂ ਦਿਸਿ ਘੇਰੈ॥
ਬਿਪਤਿ ਪਰੀ ਸਭ ਹੀ ਸੰਗੁ ਛਾਡਿਤ
ਕੋਊ ਨ ਆਵਤ ਨੇਰੈ॥੧॥
ਘਰ ਕੀ ਨਾਰਿ ਬਹੁਤੁ ਹਿਤੁ ਜਾ ਸਿਉ
ਸਦਾ ਰਹਤ ਸੰਗ ਲਾਗੀ॥
ਜਬ ਹੀ ਹੰਸ ਤਜੀ ਇਹ ਕਾਂਇਆ
ਪ੍ਰੇਤ ਪ੍ਰੇਤ ਕਰਿ ਭਾਗੀ॥੨॥
ਇਹ ਬਿਧਿ ਕੋ ਬਿਉਹਾਰੁ ਬਨਿਓ ਹੈ
ਜਾ ਸਿਉ ਨੇਹੁ ਲਗਾਇਓ॥
ਅੰਤ ਬਾਰ ਨਾਨਕ ਬਿਨੁ ਹਰਿ ਜੀ
ਕੋਊ ਕਾਮਿ ਨ ਆਇਓ॥੩॥ (ਪੰਨਾ ੬੩੪)

ਸਾਰੀ ਸੰਗਤ ਕਿਰਪਾ, ਦਇਆ, ਮਿਹਰ ਕਰਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ! ਸਤਿਨਾਮ ਸ੍ਰੀ ਵਾਹਿਗੁਰੂ!!

ਬਦ, ਅਖੰਡ ਪਾਠ ਦੇ ਬਾਅਦ, ਗੁਰੂ ਨੌਂਵੇਂ ਪਾਤਾਹ ਦੁਆਰੇ ਰੱਬੀ ਬਾਣੀ ਦਾ ਜੋ ਆਇਆ ਹੈ, ਇਹ, ਉਸ ਮਹਾਂਪੁਰ ਦੁਆਰੇ ਆਇਆ,

ਜੀਹਨੇ ਦੁਨੀਆਂ ਦੇ ਵਿਚ ਧਰਮ ਦੀ ਰਖਾ ਕੀਤੀ। ਧਰਮ ਦੀ ਰੱਖਿਆ, ਬੜਾ ਮਹਾਂਪੁਰ ਹੀ ਕਰ ਸਕਦੈ, ਨਹੀਂ ਧਰਮ ਦੀ ਰੱਖਿਆ, ਕੋਈ ਕਰ ਨਹੀਂ ਸਕਦਾ। ਧਰਮ ਦੀ ਰੱਖਿਆ ਅਖੀਰੀ **ਸਿਰ** ਤੱਕ ਹੁੰਦੀ ਹੈ, ਜਦ ਇਹ ਸਿਰ ਤੱਕ ਪੂਰਣ ਰੱਖਿਆ ਕਰ ਜਾਏ, ਉਹਨੂੰ ਧਰਮ ਰਖਕ ਕਹਿੰਦੇ ਨੇ। ਉਹ ਧਰਮ ਦੀ ਚਿੱਟੀ ਚਾਦਰ ਹੁੰਦੀ ਹੈ, ਉਹਦੇ ਤੇ ਕੋਈ ਦਾਗ ਨਹੀਂ ਲੱਗਿਆ ਹੁੰਦਾ, ਧਰਮ ਦੀ ਰੱਖਿਆ ਸਾਂਝੀ ਹੁੰਦੀ ਹੈ। ਆਪਣੀ ਕੁਲ ਦੀ, ਆਪਣੀ ਕੌਮ ਦੀ, ਆਪਣੇ ਪੰਥ ਮਜ਼ਬ ਦੀ ਨਹੀਂ ਰੱਖਿਆ। ਇਥੇ ਜਾਕੇ ਬਹੁਤ ਮਹਾਂਪੁਰ ਜਦ ਪੰਥ ਮੇਂ ਔਰ ਮਜ਼ਬ ਮੇਂ ਜਾਂਦੇ ਨੇ, ਠੋਕਰ ਖਾ ਜਾਂਦੇ ਨੇ। ਪਰ ਦੁਨੀਆਂ ਵਿਚ ਬਖਸ਼ਿਆ ਹੋਇਆ ਪਰਮੇਰ ਦਾ, ਪੂਰਣ ਮਹਾਂਪੁਰ ਕੋਈ ਹੀ ਹੋਏਗਾ, ਜਿਹੜਾ ਸਾਂਝੇ ਧਰਮ ਦੀ ਰੱਖਿਆ ਕਰੇ। ਸਾਂਝਾ ਧਰਮ ਕੀ ਹੈ ?

ਸਰਬ ਧਰਮ ਮਹਿ ਸ੍ਰੇਸਟ ਧਰਮੁ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥ (ਪੰਨਾ ੨੬੬)

ਸਾਂਝਾ ਧਰਮ ਦੁਨੀਆਂ ਦਾ ਇਹੀ ਹੈ, ਸਾਰਿਆਂ ਨਾਲੋਂ ਬੜਾ ਧਰਮ, ਸ੍ਰੇਟ ਧਰਮ, ਉੱਤਮ ਧਰਮ ਇਹ ਹੈ। ਕੀਹ ? ***ਹਰਿ ਕੋ ਨਾਮੁ ਜਪਿ।*** ਹਰੀ ਦੇ ਨਾਮ ਦਾ ਜਾਪ ਨਹੀਂ ਛੱਡਣਾ। ***ਨਿਰਮਲ ਕਰਮੁ*** , ਕਰਮ ਨਿਰਮਲ ਕਰਨੇ ਨੇ, ੍ਧ ਕਰਮ ਤੁਹਾਨੂੰ ਪਤੈ ਕਿਹੜੇ ਹੁੰਦੇ ਨੇ ? ਜੀਹਦੇ ਵਿਚ ਆਪਣਾ ਸੁਆਰਥ ਕੋਈ ਨਾ ਹੋਵੇ। ਕੋਈ ਆਪਣਾ ਗੁਪਤ ਤਾਤਪਰਜ ਨਾ ਹੋਵੇ, ਉਹ ਹੁੰਦੈ ੍ਧ ਕਰਮ, ਜਿਸਦੇ ਵਿਚ ਮਾਸਾ ਜਿੰਨਾ ਵੀ ਸੁਆਰਥ ਨਾ ਹੋਵੇ, ਮਤਲਬ ਨਾ ਹੋਵੇ। ਦੱਸੋ ! ਸ੍ਰੀ ਗੁਰੂ ਤੇਗ ਬਹਾਦਰ, ਨੌਵੇਂ ਪਾਤਾਹ ਨੂੰ ਇਹਦੇ ਵਿਚ ਕੀ ਲਾਭ ਸੀਗਾ? ਔਰੰਗਜੇਬ ਦੇ ਵਿਚ ਇਹ ਪੂਰਾ ਹੱਠ ਆ ਚੁੱਕਿਆ ਸੀ, ਬਈ ਦੋ ਤੋਂ ਇਕ ਕਰ ਦੇਣੈ ਤੇ ਰੋਜ ਦਾ ਮੈਂ ਝਗੜਾ ਮੁਕਾ ਕੇ ਜਾਊਂਗਾ। ਸਾਰਿਆਂ ਨੂੰ ਉਹ ਆਪਣੀ ਬੁੱਧੀ ਦੇ ਅਨੁਸਾਰ ਕਹਿੰਦਾ ਸੀ ਇਹ ਬਾਤ, ਮੈਂ ਮੋਮਨ ਬਣਾਣੇ ਨੇ, ਕਾਫਰ ਨਹੀਂ ਕੋਈ ਛੱਡਣਾ। ਉਹ ਮੁਸਲਮਾਨਾਂ ਨੂੰ ਮੋਮਨ ਕਹਿੰਦਾ ਸੀ, ਬਈ ਇਹ ਠੀਕ (ਮੋਮਨ) ਨੇ, ਬਾਕੀ ਸਭ ਲੁਟੇਰੇ ਨੇ, ਬੁਤ ਪ੍ਰਸਤੀ ਨੇ ਤੇ ਕਾਫਰ

ਨੇ। ਇਸ ਕਰਕੇ, ਮੈਂ ਮੋਮਨ ਬਣਾ ਕੇ ਜਾਊਂ। ਜਦ ਇਹ ਬਾਤ ਆਈ, ਸਾਰਿਆਂ ਤੋਂ ਜਿਆਦਾ ਕਸ਼ਮੀਰ ਤੇ ਤਕਲੀਫ ਆਈ। ਕਸ਼ਮੀਰ ਪਹਾੜ ਜੋ ਹੈ, ਉਹ ਕਸ਼ਪ ਰਿਸ਼ੀ ਦਾ ਹੈ। ਉਸ ਪਹਾੜ ਮੇਂ ਕਸ਼ਪ ਰਿਸ਼ੀ ਬੈਠਾ ਸੀ। ਉਹ ਸਾਰੇ ਕਸ਼ਪ ਦੀ ਔਲਾਦ ਹੈ। ਏਸ ਕਰਕੇ, ਉਸ ਰਿਸ਼ੀ ਦੀ ਔਲਾਦ ਹੋਣ ਕਰਕੇ ਬ੍ਰਾਹਮਣ ਕਹਿੰਦੇ ਸੀ ਸਾਰਿਆਂ ਨੂੰ। ਏਸ ਕਰਕੇ, ਜਦ ਉਹਨਾਂ ਨੂੰ, ਉਹਨੇ ਫੜਿਆ ਬਈ ਜਨੇਊ ਤੋੜ ਦਿਉ ਤੇ ਇਹਨਾਂ ਨੂੰ ਮੁਸਲਮਾਨ ਬਣਾ ਦਿਉ। ਉਹਨਾਂ ਬ੍ਰਾਹਮਣਾਂ ਨੂੰ ਬਹੁਤ ਤਕਲੀਫ ਹੋਈ ਇਸ ਬਾਤ ਦੀ। ਉਹ ਅਮਰਨਾਥ ਜਾਕੇ, ਅਮਰਨਾਥ ਇਕ ਤੀਰਥ ਹੈ ਕਸ਼ਮੀਰ ਦੇ ਵਿਚ, ਮੈਂ ਵੀ ਉਥੇ ਗਿਆ ਹਾਂ, ਦੇਖਿਆ ਹੈ, ਗੁਫਾ ਹੈ। ਉਥੇ ਪਹੁੰਚੇ ਬ੍ਰਾਹਮਣ, ਅਰਦਾਸਾਂ ਕੀਤੀਆਂ, ਬੇਨਤੀਆਂ ਕੀਤੀਆਂ, ਜਿਹੜੇ ਦੁਨੀਆਂ ਵਿਚ ਮੰਨੇ ਜਾਂਦੇ ਸੀ, ਉਹਨਾਂ ਕੋਲ ਗਏ ਬਈ ਸਾਨੂੰ ਬਚਾਉ, ਸਾਡਾ ਹਿੰਦੂ ਧਰਮ ਬਚਾਉ, ਸਾਡਾ ਹਿੰਦੂ ਧਰਮ ਰੱਖੋ, ਕਿਸੇ ਢੰਗ ਨਾਲ ਰੱਖੋ। ਕਿਸੇ ਦੀ ਵੀ ਤਾਕਤ ਨਾ ਪਈ, ਉਸ ਔਰੰਗਜੇਬ ਦਾ ਟਾਕਰਾ ਕਰਨ ਦੀ। ਉਹ ਦੁਨੀਆਂ ਦਾ ਬਾਦਸ਼ਾਹ ਸੀ। ਬਾਦਸ਼ਾਹੀ ਕਰਮਾਂ ਅਨੁਸਾਰ ਮਿਲਦੀ ਹੁੰਦੀ ਹੈ, ਇਹ ਕੋਈ ਈਸ਼ੀ ਚੀਜ ਨਹੀਂ ਹੁੰਦੀ। ਕਰਮ ਜੋ ਹੁੰਦਾ ਹੈ।

ਕਰਮਾ ਉਪਰਿ ਨਿਬੜੈ ਜੇ ਲੋਚੈ ਸਭੁ ਕੋਇ॥ (ਪੰਨਾ ੧੫੭)

ਇਹਦਾ, ਜੋ ਕਰਮ ਹੋਵੇਗਾ ਉਹਦੇ ਅਨੁਸਾਰ ਨਿਬੜੇਗੀ। ਕਿਉਂ ਨਿਬੜੇਗੀ ? ਤੁਹਾਨੂੰ ਪਤੈ ? ਤੁਹਾਡੇ ਅੰਦਰ ਉਹ ਬੈਠਾ ਹੈ। ਕੌਣ ਬੈਠਾ ਹੈ ? ਜਿਹੜਾ ਤੁਹਾਡੇ ਮਨ ਦੇ ਅੰਦਰ ਹੈ।

ਪ੍ਰੀਤਮ ਜਾਨਿ ਲੇਹੁ ਮਨ ਮਾਹੀ॥

ਉਹ ਜਿਹੜਾ ਤੁਹਾਡਾ ਅਤਿਅੰਤ ਪਿਆਰੈ, ਉਹ ਤੁਹਾਡੇ ਮਨ ਦੇ ਵਿਚ ਹੈ। **ਆਪਣਾ ਆਪ** ਸਭ ਨਾਲੋਂ ਪਿਆਰਾ ਹੁੰਦਾ ਹੈ। ਏਸ ਬਾਤ ਦਾ ਇਕ ਦ੍ਰਿਟਾਂਤ ਲਿਖਿਆ ਹੋਇਐ। ਉਹ ਕਹਿੰਦਾ– ਜੀ **ਆਪਣਾ ਆਪ** ਕਿਉਂ ਪਿਆਰਾ ਹੁੰਦੈ ? ਇਹਦਾ ਕੋਈ ਦ੍ਰਿਟਾਂਤ, ਬੱਚੇ ਪਿਆਰੇ ਨੇ, ਬੱਚੀਆਂ ਪਿਆਰੀਆਂ ਨੇ, ਇਸਤਰੀ ਪਿਆਰੀ ਹੈ, ਜਮੀਨ ਪਿਆਰੀ ਹੈ, ਘਰ ਪਿਆਰਾ ਹੈ। ਉਹਨੇ ਇਕ ਦ੍ਰਿਟਾਂਤ ਦਿਖਾਇਆ–ਬਈ ਇਕ

ਜਗ੍ਹਾ ਬਾਂਦਰਾਂ ਨੂੰ ਇਕੱਠਾ ਕਰ ਦਿਉ ਬੱਚਿਆਂ ਸਮੇਤ, ਫੇਰ ਉਥੇ ਪਾਣੀ ਛੱਡ ਦਿਉ। ਉਹ ਬਾਂਦਰ ਜਦ ਡੁੱਬਣ ਲੱਗੇ, ਉਹ ਆਪਣੇ ਬੱਚਿਆਂ ਨੂੰ ਪੈਰਾਂ ਹੇਠ ਲੈਕੇ ਖੜੇ ਹੋ ਗਏ। ਏਸ ਲਈ, ਉਹ **ਆਪਣਾ ਆਪ** ਸਭ ਨੂੰ ਪਿਆਰਾ ਸੀ, ਬਈ ਅਸੀਂ ਬਚ ਜਾਈਏ, ਹੋਰ ਸਾਰੇ ਕੰਮ ਹੋ ਜਾਣਗੇ। ਏਸ ਕਰਕੇ, ਉਹ **ਆਪਣਾ ਆਪ** ਜੋ ਹੈ ਉਹ ਪ੍ਰੀਤਮ ਹੈ, ਪਰਮੇਰ ਹੈ।

ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ॥
ਕਹੁ ਨਾਨਕ ਤਿਹ ਭਜੁ ਮਨਾ ਭਉ ਨਿਧਿ ਉਤਰਹਿ ਪਾਰਿ॥

(ਪੰਨਾ ੧੪੨੭)

ਤੇਰੇ ਹਿਰਦੇ ਦੇ ਵਿਚ ਰੱਬ ਵਸਦੈ, ਸਿਮਰਨ ਦੇ ਨਾਲ ਇਹਨੇ ਪ੍ਰਗਟ ਹੋਣੈ।

ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥
ਕਲਿ ਕਲੇਸ ਤਨ ਮਾਹਿ ਮਿਟਾਵਉ॥
ਸਿਮਰਉ ਜਾਸੁ ਬਿਸੁੰਭਰ ਏਕੈ॥
ਨਾਮੁ ਜਪਤ ਅਗਨਤ ਅਨੇਕੈ॥
ਬੇਦ ਪੁਰਾਨ ਸਿੰਮ੍ਰਿਤਿ ਸੁਧਾਖ੍ਹਰ॥
ਕੀਨੇ ਰਾਮ ਨਾਮ ਇਕ ਆਖ੍ਹਰ॥
ਕਿਨਕਾ ਏਕ ਜਿਸੁ ਜੀਅ ਬਸਾਵੈ॥
ਤਾ ਕੀ ਮਹਿਮਾ ਗਨੀ ਨ ਆਵੈ॥ (ਪੰਨਾ ੨੬੨)

ਉਹ ਤੁਹਾਡੇ ਹਿਰਦੇ ਦੇ ਵਿਚ ਵਸਦਾ ਹੈ।

ਪ੍ਰੀਤਮ ਜਾਨਿ ਲੇਹੁ ਮਨ ਮਾਹੀ॥

ਉਹ **ਆਪਣਾ ਆਪ** ਇੰਨਾ ਪਿਆਰਾ ਹੈ। ਉਹਨਾਂ ਕਮੀਰੀ ਪੰਡਤਾਂ ਨੂੰ ਕਿਸੇ ਨੇ ਕਿਹਾ, ਬਈ ਸ੍ਰੀ ਗੁਰੂ ਨਾਨਕ ਦੇਵ ਦੀ ਗੱਦੀ ਤੇ ਨੌਵੇਂ ਪਾਤਾਹ, ਧਰਮ ਦਾ ਸਰੂਪ ਨੇ, ਉਹਨਾਂ ਪਾਸ ਜਾਉ, ਉਹ ਇਕ ਪੂਰਣ ਗੱਦੀ ਹੈ। ਹੁਣ ਪੁੱਛੋ, ਗੱਦੀਆਂ ਤਾਂ ਸਾਰੀਆਂ ਹੀ ਸੀ, ਇਹ ਪੂਰਣ ਕਿਉਂ ਸੀ ?

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥
ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ॥(ਪੰਨਾ ੧੪ ੪)

ਉਹ **ਜੋਤੀ ਸਰੂਪ** ਆਪ ਆਇਆ ਸੀ ਦੁਨੀਆਂ ਦੇ ਵਿੱਚ। ਗੁਰੂ ਨਾਨਕ ਨੂੰ ਕਿਸੇ ਨੇ ਗੱਦੀ ਨਹੀਂ ਦਿੱਤੀ, ਕਿਸੇ ਨੇ ਗੁਰਿਆਈ ਨਹੀਂ ਦਿੱਤੀ। ਉਹ ਲਹਿਣੇ ਨੂੰ ਅੰਗਦ ਬਣਾ ਕੇ ਗੁਰਿਆਈ ਦਿੱਤੀ ਹੈ। ਗੁਰੂ ਨਾਨਕ ਨੂੰ ਕਿਸਨੇ ਗੁਰਿਆਈ ਦਿੱਤੀ ਹੈ ? ਉਹ ਤਾਂ ਧੁਰੋਂ ਹੀ **ਜਗਤ-ਗੁਰੂ** ਸੀਗਾ। ਉਹ ਧੁਰੋਂ ਆਇਆ ਹੋਇਆ ਸੀ। ਏਸ ਕਰਕੇ, ਜਿਹੜਾ ਧੁਰੋਂ ਆਇਆ ਹੋਇਆ ਹੁੰਦੈ, ਉਹਦੇ ਵਿਚ ਤਾਕਤ ਵੀ ਪੂਰਣ ਹੀ ਹੁੰਦੀ ਹੈ, ਉਹਤਾਂ ਜੋਤੀ ਸਰੂਪ ਸੀ। ਏਸ ਕਰਕੇ, ਉਹ ਸਾਰੇ ਤੁਰ ਕੇ ਕਮੀਰ ਤੋਂ ਗੁਰੂ ਸਾਹਿਬ ਦੇ ਚਰਨਾਂ ਚ ਆਏ, ਬਈ ਸਾਡੇ ਧਰਮ ਦੀ ਤੁਸੀਂ ਰੱਖਿਆ ਕਰੋ, ਅਸੀਂ ਸਾਰੇ ਫਿਰ ਚੁੱਕੇ ਹਾਂ, ਪਰ ਸਾਡਾ ਬਣਿਆ ਕੁੱਛ ਨਹੀਂ। ਜਦ ਉਹ ਆਏ, ਉਹਨਾਂ ਨੇ ਇਹੀ, ਬਾਤ ਕਹੀ, ਬਈ ਔਰੰਗਜੇਬ ਨੂੰ ਕਹਿ ਦਿਉ ਜਾਕੇ, ਬਈ ਸਾਡਾ ਗੁਰੂ ਹੈ ਨੌਂਵੇਂ ਪਾਤਾਹ ਗੁਰੂ ਤੇਗ ਬਹਾਦਰ, ਉਹਨਾਂ ਨੂੰ ਤੁਸੀਂ ਮੁਸਲਮਾਨ ਕਰ ਲਉ, ਅਸੀਂ ਸਾਰੇ ਬਣ ਜਾਵਾਂਗੇ। ਜਦ ਇਹ ਬਾਤ ਔਰੰਗਜੇਬ ਦੇ ਪਾਸ ਗਈ, ਉਹ ਬੜਾ ਹੀ ਖੁ ਹੋਇਆ। ਉਹਨੇ ਆਖਿਆ, ਅਖੀਰੀ ਤਾਂ ਰਾਜ ਗੱਦੀ ਹੈ, ਮੈਂ ਵਜੀਰ ਤੱਕ ਕਹੂੰਗਾ ਜੇ ਉਹ ਨਾ ਮੰਨੇ, ਮੈਂ ਕਹੂੰਗਾ ਆਹ ਗੱਦੀ ਤੇ ਬਹਿ ਜਾਉ। ਮੈਂ ਵਜੀਰ ਬਣਦਾਂ, ਤੁਸੀਂ ਬਾਦਾਹ ਬਣ ਜਾਉ। ਫਿਰ ਤਾਂ ਮੰਨ ਜਾਣਗੇ, ਐਸਾ ਹੋਇਆ ਵੀ। ਗੁਰੂ ਸਾਹਿਬ ਗਏ, ਉਹਨੇ ਉਹੀ ਕਿਹਾ ਔਰੰਗਜੇਬ ਨੇ, ਜੀ ਆਪ ਇਸਲਾਮ ਮੇਂ ਆ ਜਾਉ, ਇਸਲਾਮ ਸੱਚਾ ਹੈ, ਹੋਰ ਸਭ ਝੂਠੇ ਹਨ। ਗੁਰੂ ਸਾਹਿਬ ਕਹਿੰਦੇ, ਇਹ ਪਰਮੇਰ ਨੂੰ ਮਨਜੂਰ ਨਹੀਂ ਹੈ। ਤੂੰ ਜਿਹੜਾ ਕੰਮ ਕਰਦੈਂ, ਇਹ ਜੀਵ ਕ੍ਰਿਤ ਹੈ, ਈਰ ਕ੍ਰਿਤ ਨਹੀਂ ਹੈ। ਉਹ ਕਹਿੰਦਾ, ਜੀ ਸਾਨੂੰ ਕੈਸੇ ਪਤਾ ਲੱਗੇ ? ਗੁਰੂ ਸਾਹਿਬ ਕਹਿੰਦੇ, ਇਕ ਮਣ ਤੁਸੀਂ ਮਿਰਚਾਂ ਮੰਗਾਉ, ਉਹਨਾਂ ਨੂੰ ਅੱਗ ਲਗਾਉ, ਸਾਹਮਣੇ ਫੂਕੋ। ਉਹੀ ਕੰਮ ਔਰੰਗਜੇਬ ਨੇ ਕਰਾਇਆ। ਛਾਣੋ, ਉਹ ਛਾਣਨ ਤੇ ਤਿੰਨ ਨਿਕਲੀਆਂ ਮਿਰਚਾਂ। ਗੁਰੂ ਸਾਹਿਬ ਕਹਿੰਦੇ-ਇਹਨਾਂ ਨੂੰ ਜੋ ਅੱਗ ਵਿਚ ਬਚਾਇਆ, ਕੀਹਨੇ ਬਚਾਇਆ ? ਔਰੰਗਜੇਬ ਕਹਿੰਦਾ,

ਖੁਦਾ ਨੇ। ਫਿਰ ਇਹ ਤਿੰਨ ਕਿਉਂ ਨੇ ? ਔਰੰਗਜੇਬ ਕਹਿੰਦਾ, ਮੈਨੂੰ ਇਹ ਪਤਾ ਨਹੀਂ। ਗੁਰੂ ਸਾਹਿਬ ਕਹਿੰਦੇ, ਖੁਦਾ ਨੂੰ ਤਿੰਨ ਮਨਜੂਰ ਨੇ, ਤੂੰ ਤਾਂ ਦੋ ਤੋਂ ਇਕ ਕਰਨਾ ਚਾਹੁੰਨੈ, ਪਰ ਖੁਦਾ ਨੇ ਤਾਂ ਤਿੰਨ ਕਰਨੇ ਨੇ। ਉਹ ਕਹਿੰਦਾ, ਇਹਦਾ ਕੀ ਮਤਲਬ ? ਅਖੇ ਮੁਸਲਮਾਨ ਹੈ ? ਅਖੇ ਹੈ। ਹਿੰਦੂ ਹੈ ? ਅਖੇ ਹੈ ? ਇਕ ਅਖੇ, ਸਿੱਖ ਵੀ ਹੋਵੇਗਾ। ਉਹ ਕਹਿੰਦਾ, ਕੌਣ ਬਣਾਏਗਾ ? ਗੁਰੂ ਸਾਹਿਬ ਕਹਿੰਦੇ, ਉਹ ਸਾਡੇ ਸੰਬੰਧ ਤੇ ਆਏਗਾ। ਉਹਦੇ ਨਾਲ ਸਾਡਾ ਪੁਰਾਣਾ ਸੰਬੰਧ ਹੈ, ਉਹਨੇ ਇਥੇ ਪਾਤਾਹੀ ਕਰਨੀ ਹੈ, ਦੁਨੀਆਂ ਦੀ ਰੱਖਿਆ ਕਰਨੀ ਹੈ ਤੇ ਉਹ ਇਥੇ ਇਕ ਤੀਸਰਾ ਪੰਥ ਵੀ ਬਣਾਏਗਾ। ਇਹ ਤੂੰ ਦੇਖ ਲੈ, ਹੁਣ ਤੈਨੂੰ ਸਾਹਮਣੇ ਦਿੱਸਦੇ ਨੇ ਤਿੰਨੇ। ਇਹ ਦਸਮੇਂ ਪਾਤਾਹ ਨੇ ਭਾਈ ਘੱਨਈਏ ਨੂੰ ਕਹਿਕੇ, ਤਿੰਨਾ ਨੂੰ ਹੀ ਪਾਣੀ ਪਿਲਾਇਆ। ਕਿਉਂ ? ਉਹਨੂੰ ਪਤਾ ਸੀ, ਇਹ ਤਿੰਨੇ ਰੱਬ ਦੀਆਂ ਚੀਜਾਂ ਨੇ। ਕੋਈ ਇਉਂ ਨਹੀਂ, ਇਹ ਮੁਸਲਮਾਨ ਰੱਬ ਦੇ ਨਹੀਂ, ਹਿੰਦੂ ਰੱਬ ਦੇ ਨੇ, ਸਿੱਖ ਰੱਬ ਦੇ ਨਹੀਂ। ਇਹ ਤਿੰਨੇ ਹੀ ਪਰਮੇਰ ਦੇ ਬਣਾਏ ਹੋਏ ਨੇ। ਉਸ ਪਰਮੇਰ ਦੀ ਵਸਤੂ ਤਾਂ ਸਭ ਦੀ ਸਾਂਝੀ ਹੁੰਦੀ ਹੈ। ਆਹ ਤੁਸੀਂ ਦੇਖਦੇ ਹੋ ਨਾ –

ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ॥

(ਪੰਨਾ ੭੪੭)

ਇਹ ਤਾਂ ਸਭ ਦੀ ਸਾਂਝੀ ਚੀਜ ਇਕ ਹੁੰਦੀ ਹੈ, ਇਹ ਸਾਰਿਆਂ ਦੀ ਸਾਂਝੀ ਹੁੰਦੀ ਹੈ। ਏਸ ਕਰਕੇ, ਜਦ ਔਰੰਗਜੇਬ ਨੇ ਕਿਹਾ, ਕਿੱਥੋਂ ਤੱਕ ਪਹੁੰਚਿਆ, ਤੁਹਾਨੂੰ ਪਤਾ ਹੈ ? ਆਪਣਾ ਸੀਸ ਦਿੱਤਾ, ਧਰਮ ਦੀ ਰੱਖਿਆ ਕਰ ਗਏ। ਹਿੰਦੂ ਵੀ ਹਨ, ਮੁਸਲਮਾਨ ਵੀ ਹਨ ਤੇ ਸਿੱਖ ਵੀ ਹਨ। ਜੋ ਗੁਰੂ ਸਾਹਿਬ ਨੇ ਆਖਿਆ, ਉਹ ਤਿੰਨੇ ਨੇ। ਇਹ ਮਹਾਂਪੁਰਾਂ ਨੂੰ ਪਤਾ ਹੁੰਦੈ, ਜਿਹੜੇ ਆਉਂਦੇ ਹੁੰਦੇ ਨੇ ਬਈ ਇਹ ਕੀ ਬਣਨਾ ਹੈ, ਕੀ ਨਹੀਂ ਬਣਨਾ ? ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਗਏ। ਜਦੋਂ ਉਹ ਸਾਬੋ ਦੀ ਤਲਵੰਡੀ ਪਹੁੰਚੇ, ਤਾਂ ਡੱਲੇ ਦੇ ਪਿਤਾ ਨੇ ਉਹਨਾਂ ਦੀ ਬੜੀ ਸੇਵਾ ਕੀਤੀ। ਉਹਨਾਂ ਦਾ ਿ ਬਣ ਗਿਆ। ਉਹਨਾਂ ਨੇ ਆਖਿਆ, ਅਸੀਂ ਤਾਂ ਭਾਈ ! ਬਾਹਰ

ਰਹਾਂਗੇ। ਉਹਨੇ ਆਖਿਆ, ਚਲੋ ਜੀ! ਮੈਂ ਜਗ੍ਹਾ ਦਸਦਾ ਹਾਂ, ਬੜੀ ਸੋਹਣੀ ਹੈ। ਉਹ, ਜਿਥੇ ਹੁਣ ਤਖਤ ਦਮਦਮਾ ਸਾਹਿਬ ਹੈ। ਉਹਨਾਂ ਆਖਿਆ ਨਾ ! ਸਾਡਾ ਮੰਜਾ ਉਥੇ ਡਾਹ ਦਿਉ, ਨੌਂਵੇਂ ਪਾਤਾਹ ਕਹਿੰਦੇ। ਉਹ ਹੁਣ ਨੌਂਵੇਂ ਪਾਤਾਹ ਦਾ ਗੁਰਦੁਆਰਾ ਵੀ ਨਾਲ ਹੈ, ਪਰ ਨੀਵਾਂ ਹੈ। ਹੁਣ ਤਾਂ ਕੁੱਛ ਉੱਚਾ ਜਿਹਾ ਹੋ ਗਿਆ ਪਰ ਉਹ ਜਗ੍ਹਾ ਨੀਵੀਂ ਸੀ। ਗੁਰੂ ਨੌਂਵੇਂ ਪਾਤਾਹ ਕਹਿੰਦੇ, ਉਥੇ ਡਾਹ ਦਿਉ। ਉਹਨੇ ਆਖਿਆ ਨਹੀਂ ਜੀ, ਇਥੇ ਡਾਹੁਣੈ ਉੱਚੀ ਥਾਂ ਤੇ। ਅਖੇ ਨਾ! ਇਹ ਸਾਡੀ ਜਗ੍ਹਾ ਨਹੀਂ। ਤੈਨੂੰ ਨਹੀਂ ਪਤਾ, ਇਹ ਸਾਡੀ ਜਗ੍ਹਾ ਨਹੀਂ। ਉਹਨੇ ਮੰਜਾ ਡਾਹ ਦਿੱਤਾ ਨੀਵੀ ਥਾਂ ਤੇ, ਉਹ ਬੈਠ ਗਏ। ਅਖੇ, ਜੀ ਇਹ ਕੀਹਦੀ ਜਗ੍ਹਾ ਹੈ ? ਡੱਲੇ ਦੇ ਪਿਤਾ ਨੇ ਕਿਹਾ। ਨੌਂਵੇਂ ਪਾਤਾਹ ਕਹਿੰਦੇ, ਉਹਨਾਂ ਨੇ ਆਉਣੈ ਇਥੇ। ਜਦ ਫਿਰ ਦਸਮ ਪਾਤਾਹ ਗਏ, ਡੱਲਾ ਪਹਿਲੇ ਹੀ ਮਿਲ ਗਿਆ ਸੀ ਆਕੇ, ਉਹ ਲੈਕੇ ਗਿਆ। ਉਹ ਡੱਲੇ ਦੇ ਪਿਤਾ ਨੇ ਡੱਲੇ ਨੂੰ ਬਾਤ ਦੱਸੀ ਹੋਈ ਸੀ, ਬਈ ਇਕ ਮਹਾਂਪੁਰ ਨੇ ਇਥੇ ਆਉਣਾ ਹੈ, ਮੈਨੂੰ ਐਨਾ ਪਤੈ, ਮੇਰੇ ਗੁਰੂ ਕਹਿ ਗਏ, ਹੋਰ ਨਹੀਂ ਪਤਾ ਕੁੱਛ। ਦਸਮ ਪਾਤਾਹ ਨੇ ਆਕੇ ਉਸ ਜਗ੍ਹਾ ਤੇ ਮੱਥਾ ਟੇਕਿਆ, ਜਿਥੇ ਨੌਂਵੇਂ ਪਾਤਾਹ ਬੈਠੇ ਸੀ ਪਰ ਆਪ ਉਥੇ ਬੈਠੇ ਉੱਚੇ ਥਾਂ, ਉਹ ਜਿੱਥੇ ਹੁਣ ਤਖਤ ਦਮਦਮਾ ਸਾਹਿਬ ਹੈ, ਆਪ ਉਥੇ ਬੈਠੇ। ਡੱਲਾ ਸਮਝ ਗਿਆ, ਬਈ ਇਹ ਉਹੀ ਮਹਾਂਪੁਰ ਹੈ, ਜੀਹਨੂੰ ਮੇਰੇ ਪਿਤਾ ਜੀ ਕਹਿੰਦੇ ਸਨ, ਉਹਨੂੰ ਬੜੀ ਰਧਾ ਸੀ। ਏਸ ਕਰਕੇ, ਜਿਹੜੇ ਮਹਾਂਪੁਰ, ਪੂਰਣ ਮਹਾਂਪੁਰ, ਅਵਤਾਰ ਆਉਂਦੇ ਨੇ, ਇਹਨਾਂ ਵਿਚ ਪੂਰਣ ਤਾਕਤ ਹੁੰਦੀ ਹੈ। ਧਰਮ ਦੇ ਲਈ ਸੀਸ ਦਿੱਤਾ।

ਤਿਲਕ ਜੰਞੂ ਰਾਖਾ ਪ੍ਰਭਿ ਤਾਕਾ।।
ਕੀਨੋ ਬਡੋ ਕਲੂ ਮਹਿ ਸਾਕਾ।।
ਸਾਧਨਿ ਹੇਤਿ ਇਤੀ ਜਿਨਿ ਕਰੀ।।
ਸੀਸ ਦੀਯਾ ਪਰ ਸੀ ਨ ਉਚਰੀ।। ੧੩।। (ਬਚਿਤ੍ਰ ਨਾਟਕ)

ਉਹਨੇ ਧਰਮ ਦੀ ਰੱਖਿਆ ਕੀਤੀ। ਉਹ ਇਕ ਮਹਾਂਪੁਰ ਧਰਮ ਦੀ ਰੱਖਿਆ ਵਾਸਤੇ ਆਇਆ ਸੀ। ਉਹ ਇਕ ਮਹਾਤਮਾ ਸੀ। ਤੁਸੀਂ ਕਦੇ

ਪੜ੍ਹੋਗੇ ਨਾ ਗੌਰ ਨਾਲ, ਸਾਰੇ ਗੁਰੂਆਂ ਨੇ ਇਕ ਇਕ ਕੰਮ ਕੀਤਾ। ਗੁਰੂ ਅੰਗਦ ਦੇਵ ਨੇ ਅੱਖਰ ਬਣਾ ਦਿੱਤੇ, ਗੁਰਮੁਖੀ ਬਣਾ ਦਿੱਤੀ। ਤੀਸਰੇ ਪਾਤਾਹ ਨੇ ਪੰਗਤ ਇਕ ਬਣਾ ਦਿੱਤੀ। ਉਹ ਸਾਰੇ ਈ ਇਵੇਂ ਜਿਵੇਂ ਕੰਮ ਕਰਕੇ ਗਏ ਪਰ ਕਿਉਂ ? ਕਿਉਂ ਕਿ ਉਹ ਜੋਤ ਇਕ ਸੀ, ਲਕ ਇਕ ਸੀ।

ਜੋਤਿ ਓਹਾ ਜੁਗਤਿ ਸਾਇ
ਸਹਿ ਕਾਇਆ ਫੇਰਿ ਪਲਟੀਐ॥ (ਪੰਨਾ ੯੬੬)

ਜੋਤ ਉਹੀ ਸੀ, ਜੁਗਤ ਇਕ ਸੀ, ਪਰ ਕਾਇਆਂ ਬਦਲੀ ਸੀ।

ਨਾਨਕ ਅੰਗਦ ਕੋ ਬਪੁ ਧਰਾ॥
ਧਰਮ ਪ੍ਰਚੁਰਿ ਇਹ ਜਗ ਮੋ ਕਰਾ॥ (ਬਚਿਤ੍ਰ ਨਾਟਕ)

ਉਹ ਗੁਰੂ ਨਾਨਕ ਨੇ, ਉਸ ਜੋਤ ਨੇ ਅੰਗਦ ਦੇ ਵਿਚ ਬਹਿਕੇ, ਧਰਮ ਦਾ ਪ੍ਰਚਾਰ, ਦੁਨੀਆਂ ਦੇ ਵਿਚ ਕੀਤਾ। ਧਰਮ ਦੀ ਵਿਦਿਆ ਬਣਾਈ, ਜੀਹਨੂੰ ਗੁਰਮੁਖੀ ਕਹਿੰਦੇ ਨੇ, ਕਿਉਂਕਿ ਉਹ ਗੁਰੂ ਦੇ ਮੁੱਖ ਚੋਂ ਨਿਕਲੀ ਤਾਂ ਗੁਰਮੁਖੀ ਕਹਿੰਦੇ ਨੇ। ਪਹਿਲੇ ਅਸੀਂ ਡੇਰਿਆਂ ਵਿਚ ਇਹ ਬਾਤ ਦੇਖਦੇ ਸੀ, ਜਦ ਲਿਖਦੇ ਸੀ ਨਾ ਮੁਹਾਰਨੀ, ਫਿਰ ਉਸ ਨੂੰ ਐਂ ਕਰਕੇ, ਫਿਰ ਮੱਥਾ ਟੇਕ ਕੇ ਉੱਠਦੇ ਸੀ। ਅੱਜ ਕਲ੍ਹ ਤਾਂ ਕੋਈ ਪਰਵਾਹ ਹੀ ਨਹੀਂ, ਅੱਜ ਕਲ੍ਹ ਤਾਂ ਪੱਥਰਾਂ ਤੇ ਲਿਖ ਦਿੰਦੇ ਨੇ, ਲੋਕ ਕੋਲੋਂ ਤੁਰੀ ਜਾਂਦੇ ਨੇ। ਉਹ ਗੱਲਾਂ ਤਾਂ ਰਹੀਆਂ ਨਹੀਂ ਨਾ ਹੁਣ। ਉਹ ਸਮਝ ਨਹੀਂ ਆਈ ਨਾ। ਏਸ ਕਰਕੇ, ਉਸ ਮਹਾਂਪੁਰ ਦੁਆਰਾ ਜੋ ਬਾਣੀ ਆਈ, ਹੁਣ ਤੁਸੀਂ ਸੁਣੋ –

ਸੋਰਠਿ ਮਹਲਾ ੯॥

ਸੋਰਠਿ ਰਾਗ ਦੇ ਵਿਚ ਨੌਂਵੇਂ ਪਾਤਾਹ ਮਹਾਰਾਜ ਕਥਨ ਕਰਦੇ ਨੇ–

ਪ੍ਰੀਤਮ ਜਾਨਿ ਲੇਹੁ ਮਨ ਮਾਹੀ॥

ਜਿਹੜੀ ਸਭ ਸੇ ਪਿਆਰੀ ਵਸਤੂ ਹੈ।

ਕਿਨਕਾ ਏਕ ਜਿਸੁ ਜੀਅ ਬਸਾਵੈ॥

ਤਾ ਕੀ ਮਹਿਮਾ ਗਨੀ ਨ ਆਵੈ॥ (ਪੰਨਾ ੨੬੨)

ਉਹ ਤੁਹਾਡੇ ਹਿਰਦੇ ਦੇ ਵਿਚ ਕੋਈ ਹੈ **ਜੋਤਿ** ।

ਸਭ ਮਹਿ ਜੋਤਿ ਜੋਤਿ ਹੈ ਸੋਇ॥
ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥
ਗੁਰ ਸਾਖੀ ਜੋਤਿ ਪਰਗਟੁ ਹੋਇ॥ (ਪੰਨਾ ੧੩)

ਜੇ ਤੁਹਾਡੇ ਹਿਰਦੇ ਦੇ ਵਿਚ **ਜੋਤਿ** ਨਾ ਹੋਵੇ ਤਾਂ ਪਾਪ ਪੁੰਨ ਦਾ ਤੁਹਾਨੂੰ ਪਤਾ ਹੀ ਨਾ ਲੱਗੇ। ਉਥੇ ਤਾਂ ਚਾਨਣ ਹੀ ਨਹੀਂ ਹੈ, ਤੁਹਾਨੂੰ ਦੇ ਖਦਾ ਤਾਂ ਨਹੀਂ ਕੋਈ। ਜਦ ਤੁਸੀਂ ਚੋਰੀ ਕਰਦੇ ਹੋਂ, ਠੱਗੀ ਕਰਦੇ ਹੋਂ, ਬੇ ਈਮਾਨੀ ਕਰਦੇ ਹੋਂ ਜਾਂ ਮਨੋਰਾਜ ਕਰਦੇ ਹੋਂ, ਮਨ ਦੇ ਵਿਚ ਬੈਠੇ ਚਿੰਤਨ ਕਰਦੇ ਹੋਂ ਬਈ ਉਹ ਬੁਰਾ, ਉਹ ਭਲਾ।

ਨਾਨਕ ਪਾਰਖੁ ਆਪਿ ਜਿਨਿ ਖੋਟਾ ਖਰਾ ਪਛਾਣਿਆ॥
(ਪੰਨਾ ੧੪੪)

ਉਹ ਜਿਹੜਾ ਤੁਹਾਡੇ ਖੋਟੇ ਖਰੇ ਸੰਕਲਪਾਂ ਨੂੰ ਟਾਈਪ ਕਰਦੈ, ਉਹ ਆਪ ਨਹੀਂ ਹੈ ਪਰਮੇਰ ? ਉਹ ਤੁਹਾਡੇ ਹਿਰਦੇ ਵਿਚ ਬੈਠਕੇ ਕਰਦੈ ਕਿ ਕਿਤੇ ਹੋਰ ਕਰਦੈ ? ਹੋਰ ਤਾਂ ਕੋਈ ਜਗ੍ਹਾ ਨਹੀਂ, ਹੋਰ ਥਾਂ ਚ ਬਹਿਕੇ ਕਿਉਂ ਨਹੀਂ ਕਰਦਾ? ਹੋਰ ਕਿਤੇ ਬਹਿ ਕੇ ਨਹੀਂ, ਉਹ ***ਘਟ ਘਟ ਮੈ ਹਰਿ ਜੂ ਬਸੈ*** ਉਹ ਹਿਰਦੇ ਵਿਚ ਬਹਿਕੇ ਨਹੀਂ ਟਾਈਪ ਕਰਦਾ ਤੁਹਾਡੇ ਪਾਪ ਪੁੰਨਾਂ ਨੂੰ ? ਤੁਸੀਂ ਐਂ ਦੱਸੋ ? ਜਿਹੜੇ ਤੁਹਾਡੇ ਕਰਮ ਕਰੇ ਹੋਏ ਨੇ, ਉਹ ਚੰਗੇ ਕਰਮਾਂ ਨੂੰ ਤੁਸੀਂ ਚਾਹੁੰਦੇ ਹੋ, ਮਾੜਿਆਂ ਨੂੰ ਤਾਂ ਨਹੀਂ ਚਾਹੁੰਦੇ। ਇਕ ਆਦਮੀ ਇੱਥੋਂ ਦੀ ਵੀਹ ਵਾਰੀ ਲੰਘਦੈ, ਇਕ ਦਿਨ ਇਹੋ ਜਿਹਾ ਹੁੰਦੈ, ਉਹ ਤਿਲਕ ਕੇ ਡਿੱਗ ਪੈਂਦੈ ਤੇ ਉਹਦੀ ਲੱਤ ਟੁੱਟ ਜਾਂਦੀ ਹੈ। ਉਹ ਤਾਂ ਰੋਜ ਲੰਘਦਾ ਸੀ, ਅੱਜ ਕੀ ਹੋ ਗਿਆ ? ਕੋਈ ਅੰਦਰ ਬੈਠਾ ਹੈ ਜੋ ਕਰਮਾਂ ਦੀ ਗਤੀ ਨੂੰ ਚਲਾਉਂਦਾ ਹੈ, ਸਰਬੱਗ ਹੈ। ਜੇ ਤੁਹਾਡੇ ਕਰਮ, ਤੁਹਾਡੇ ਹੱਥ ਵਿਚ ਹੋਣ ਤਾਂ ਮਾੜਿਆਂ ਨੂੰ ਬਾਹਰ ਸੁੱਟ ਆਵੋਂ ਜਾਂ ਦੱਬ ਆਵੋਂ, ਚੰਗਿਆਂ ਚੰਗਿਆਂ ਨੂੰ ਰੱਖ ਲਵੋਂ, ਚਲਾਕ ਤਾਂ

ਤੁਸੀਂ ਬਹੁਤ ਹੋਂ। ਪਰ ਈਰ ਅਗੇ ਚਲਾਕੀ ਚਲਦੀ ਨਹੀਂ, ਉਹ ਅੰਤਰਜਾਮੀ ਹੈ।

ਰਾਖਾ ਏਕੁ ਹਮਾਰਾ ਸੁਆਮੀ॥ ਸਗਲ ਘਟਾ ਕਾ ਅੰਤਰਜਾਮੀ॥
(ਪੰਨਾ ੧੧੩੬)

ਹੁਣ ਤੁਸੀਂ ਉਸਨੂੰ ਭਾਲੋਂਗੇ ਕੈਸੇ ? ਇਉਂ ਦੱਸੋ, ਕੋਈ ਤੁਹਾਡੇ ਕੋਲ ਰਸਤਾ ਹੈ ਉਥੇ ਪਹੁੰਚਣ ਦਾ ? ਜਿਹੜਾ ਤੁਹਾਡੇ ਹਿਰਦੇ ਚ ਬੈਠੈ, ਉਹ ਤਹਾਨੂੰ ਥਿਆ (ਲੱਭ) ਗਿਆ, ਉਹ ਜੋਤੀ ਸਰੂਪ ? ਉਹ ਇਕ ਮਸਤੂਆਣੇ ਵਾਲੇ ਸੰਤ ਹੋਏ ਨੇ, ਮੈਂ ਉਹਨਾਂ ਦਾ ਕੀਰਤਨ ਸੁਣਿਐ ਛੋਟੀ ਉਮਰ ਵਿਚ। ਉਹਨਾਂ ਦਾ ਕੀਰਤਨ ਬੜਾ ਅੱਛਾ ਸੀ ਤੇ ਬੜਾ ਸਾਦਾ ਸੀ ਤੇ ਬੜਾ ਸੱਚਾ ਸੀ। ਉਹਨਾਂ ਨੇ ਉਹ ਸਵੱਈਆ ਪੜ੍ਹਿਆ ਤੇ ਸਵੱਈਆ ਪੜ੍ਹਕੇ, ਸਵੱਦੀ ਵਾਲਿਆਂ ਦੀ ਹਵੇਲੀ ਚ ਲੁਧਿਆਣੇ, ਉਹਨਾਂ ਨੇ ਇਹ ਧਾਰਨਾ ਲਾਈ –

ਜਪੋ ਖਾਲਸਾ ਜੀ ਸਾਰੇ ਜਾਗਦੀ ਜੋਤ ਨੂੰ।

ਪਹਿਲੇ ਆਪ ਬੋਲਦੇ ਸੀ, ਫੇਰ ਮਨੁੱਖ ਬੋਲਦੇ ਸੀ, ਫਿਰ ਮਾਈਆਂ ਬੋਲਦੀਆਂ ਸੀ। ਉਦੋਂ ਇਉਂ ਪੁਰਾਣਾ ਰਿਵਾਜ ਸੀ, ਖੇਸ ਵਿਚਾਲੇ ਬੰਨ੍ਹਦੇ ਹੁੰਦੇ ਸੀ। ਮਾਈਆਂ ਇੱਧਰ ਤੇ ਪੁਰ ਉੱਧਰ। ਮੈਂ ਉਥੇ ਬੈਠਾ, ਹੋਰ ਵੀ ਮੇਰੇ ਨਾਲ ਸਨ। ਉਹਨਾਂ ਆਖਿਆ, ਖਾਲਸਾ ਜੀ! ਤੁਸੀਂ ਜਾਗਦੀ ਜੋਤ ਦੇ ਉਪਾਕ ਹੋਂ, ਕਿਤੇ ਭੁੱਲ ਕੇ ਹੋਰ ਪਾਸੇ ਨਾ ਚਲੇ ਜਾਇਓ। ਬੜੀ ਸਾਦੀ ਤੇ ਸੱਚੀ ਗੱਲ ਸੀ। ਹੁਣ ਉਹ ਜੋਤ ਤਾਂ ਤੁਹਾਡੇ ਅੰਦਰ ਹੈ।

ਸਭ ਮਹਿ ਜੋਤਿ ਜੋਤਿ ਹੈ ਸੋਇ॥ (ਪੰਨਾ ੧੩)

ਉਹ ਜੋ **ਜੋਤਿ** ਹੈ ਉਹ ਸਾਰਿਆਂ ਦੇ ਵਿਚ ਨਹੀਂ ਹੈ ? ਉਹ ਤਾਂ ***ਘਟ ਘਟ ਮੈ ਹਰਿ ਜੂ*** ਹੈ। ਉਹ ਜੋਤ ਤਾਂ ਚਾਨਣ ਹੈ, ਪ੍ਰਕਾ ਹੈ, ਗਿਆਨ ਹੈ। ਉਹ ਗਿਆਨ, ਤੁਹਾਡੇ ਹਿਰਦੇ ਦੇ ਵਿਚ ਗਿਆਨ ਸਰੂਪ ਪਰਮੇਰ ਨਹੀਂ ਬੈਠਾ ? ਉਹ ਤੁਹਾਡਾ ਆਪਾ ਹੈ। ਪਰ ਤੁਸੀਂ ਐਂ ਦੱਸੋ, ਤੁਹਾਨੂੰ ਮਿਲ ਗਿਆ ? ਸੱਚ ਦੱਸੋ ? ਕਿਉਂ ? ਤੁਸੀਂ ਰਸਤੇ ਹੀ ਨਹੀਂ ਪਏ।

ਤੁਹਾਡਾ ਮਨ, ਨਾਮ ਨਾਲ ਮੰਨ ਗਿਆ ? ਤੁਸੀਂ ਸੱਚ ਬੋਲਿਓ, ਤੁਹਾਡਾ ਮਨ, ਨਾਮ ਦੇ ਨਾਲ ਜੁੜ ਗਿਆ ?

ਨਾਮ ਸੰਗਿ ਜਿਸ ਕਾ ਮਨੁ ਮਾਨਿਆ॥
ਨਾਨਕ ਤਿਨਹਿ ਨਿਰੰਜਨੁ ਜਾਨਿਆ॥ (ਪੰਨਾ ੨੮੧)

ਪਰ ਤੁਸੀਂ ਤਾਂ –

ਨਾਮੁ ਸੰਗੀ ਸੋ ਮਨਿ ਨ ਬਸਾਇਓ॥

ਛੋਡਿ ਜਾਹਿ ਵਾਹੂ ਚਿਤੁ ਲਾਇਓ॥ (ਪੰਨਾ ੭੧5)

ਨਾਮੁ ਸੰਗੀ ਨਾਲ ਤੈਂ ਮਨ ਨਹੀਂ ਜੋੜਿਆ ਤੇ ਨਾਮੀ ਕੋਲ ਕਿਵੇ ਂ ਪਹੁੰਚ ਜਾਏਂਗਾ? ਕੋਈ ਹੈ ਤੇਰੇ ਕੋਲ ਉਪਾਅ ? ਜਦ ਤੱਕ ਤੂੰ ਨਾਮ ਦੇ ਨਾਲ ਮਨ ਨਹੀਂ ਜੋੜੇਂਗਾ, ਨਾਮੀ ਤੱਕ ਨਹੀਂ ਪਹੁੰਚੇਂਗਾ। ਨਾਮੀ ਤਾਂ ਤੇਰੇ ਅੰਦਰ ਬੈਠਾ ਹੈ ਤੇ ਨਾਮੀ ਤਾਂ ਤੂੰ ਹੀ ਹੈਂ। ਉਹ ਚੇਤਨ ਇਕ ਹੈ, ਦੋ ਤਾਂ ਹਨ ਨਹੀਂ। ਉਹ ਤਾਂ ***ਘਟ ਘਟ ਮੈ ਹਰਿ ਜੂ*** ਹੈ।

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥
ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ॥(ਪੰਨਾ ੧੪ 8)

ਉਹ ਜਿਹੜੇ ਗੁਰੂ ਸਾਹਿਬ ਆਏ ਦੁਨੀਆਂ ਦੇ ਵਿਚ ਜੋਤੀ ਸਰੂਪ, ਉਹਨਾਂ ਨੇ ਜਗਤ-ਗੁਰੂ ਕਹਾਇਆ ਤੇ ਜਗਤ-ਗੁਰੂ ਨੇ ਸੱਚੀ ਸਿੱਖਿਆ ਦਿੱਤੀ। ਜਿੰਨੇ ਭੁੱਲੇ ਹੋਏ ਸੀ **ਕੌਡਾ**, **ਬਲੀ ਕੰਧਾਰੀ** ਤੁਸੀਂ ਕਿੰਨੇ ਗਿਣੋਂਗੇ ? ਸਾਰਿਆਂ ਨੂੰ ਮੱਤ ਦਿੱਤੀ ਤੇ ਸਾਰੇ ਉਹਦੇ ਸਿ ਬਣੇ, ਹਿੰਦੂ, ਮੁਸਲਮਾਨ ਸਾਰੇ ਬਣੇ। ਕਿਉਂ ਬਣੇ ? ਕਿਉਂਕਿ ਉਹ ਜੋਤੀ ਨੂੰ ਪਛਾਣਦਾ ਸੀ। ਏਸ ਕਰਕੇ, ਉਹ ***ਜੋਤਿ ਰੂਪਿ ਹਰਿ ਆਪਿ*** ਹੈ।

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥(ਪੰਨਾ ੧੪ 8)

ਉਹਨਾਂ ਨੇ ਇਕ ਨਾਲ ਮੇਲਿਆ। ਆਇਆ ਸੀ ਨਾ –

ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥
ਕਲਿ ਕਲੇਸ ਤਨ ਮਾਹਿ ਮਿਟਾਵਉ॥ (ਪੰਨਾ ੨੬੨)

ਉਹ ਕਹਿੰਦੇ ਜੀ ਫਿਰ ਕੈਸੇ ਮਿਟੇ ? ਉਹ ਕਹਿੰਦਾ –

ਸਿਮਰਉ ਜਾਸੁ ਬਿਸੁੰਭਰ ਏਕੈ॥ ਨਾਮੁ ਜਪਤ ਅਗਨਤ ਅਨੇਕੈ॥
(ਪੰਨਾ ੨੬੨)

ਉਹ ਜਿਹੜਾ ਵਿਵ ਨੂੰ ਭਰਨੇ ਵਾਲਾ, ਸੰਸਾਰ ਦੀ ਉਤਪਤੀ, ਪਾਲਣਾ, ਲੈਅ ਕਰਨੇ ਵਾਲਾ ਹੈ, ਉਹਦਾ ਸਿਮਰਨ ਕਰੋ। ਅਨੇਕਾਂ, ਉਸਦਾ ਸਿਮਰਨ ਕਰਕੇ ਤਰ ਗਏ।

ਸਿਮਰਿ ਸਿਮਰਿ ਨਾਮੁ ਬਾਰੰ ਬਾਰ॥
ਨਾਨਕ ਜੀਅ ਕਾ ਇਹੈ ਅਧਾਰ॥ (ਪੰਨਾ ੨੯5)

ਬੱਸ! ਸਿਮਰਨ ਨਾ ਛੱਡੀਂ। ਉਹ ਸਿਮਰਨ ਤੁਹਾਨੂੰ ਉਥੇ ਪਹੁੰਚਾ ਦੇਊ। ਨਿਕਾਮ ਕਰਮ ਤੇ ਨਿਕਾਮ ਸੇਵਾ ਨੇ ਤੁਹਾਡਾ ਮਨ੍ਹ ਧ ਕਰਨਾ ਹੈ ਤੇ ਸਿਮਰਨ ਤੁਹਾਨੂੰ ਉਥੇ ਪਹੁੰਚਾ ਦੇਵੇਗਾ, ਉਸਨੂੰ ਤੁਸੀਂ ਜਾਨਣਾ ਹੈ। ਉਹੀ, ਨੌਂਵੇਂ ਪਾਤਾਹ ਕਹਿੰਦੇ ਨੇ –

ਪ੍ਰੀਤਮ ਜਾਨਿ ਲੇਹੁ ਮਨ ਮਾਹੀ॥

ਅਸੀਂ ਉਸ ਪ੍ਰੀਤਮ ਨੂੰ ਆਪਣੇ ਮਨ ਦੇ ਵਿਚ ਅਟਮ ਪਾਤਾਹ ਦੀ ਕਿਰਪਾ ਤੇ ਜਾਣ ਲਿਆ। ਉਹ ਜੋਤੀ ਸਰੂਪ ਨੇ, ਦਿੱਲੀ ਉਹ ਬੈਠੇ ਨੇ। ਏਸ ਕਰਕੇ **ਰਾਮਰਾਇ** ਫੇਲ ਹੋ ਗਿਆ ਤੇ ਗੁਰਿਆਈ ਉਥੇ ਚਲੀ ਗਈ, ਆਕੇ ਉਪਦੇ ਵੀ ਨਹੀਂ ਉਸ ਵਕਤ ਦਿੱਤਾ। ਉਹ ਤਾਂ ਵਿਆਪਕ ਸੀ, ਉਹ ਸਾਰੇ ਮਨਾਂ ਦੇ ਵਿਚ ਬੈਠਾ ਸੀ।

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥ (ਪੰਨਾ ੪੪੧)

ਹੇ ਮਨ ! ਤੂੰ ਜੋਤੀ ਸਰੂਪ ਤਾਂ ਹੈਂ ਪਰ ਜੋਤ ਤੇਰੇ ਅੰਦਰ ਪ੍ਰਗਟ ਹੋਵੇ ਤਾਂ। ਆਹ ਤੁਸੀਂ ਆਪਣੀ ਜੋਤ ਨੂੰ ਢੱਕ ਲਵੋ ਦੀਵੇ ਨੂੰ, ਥੋਡੇ ਸਾਰੇ ਘਰ ਵਿਚ ਹਨ੍ਹੇਰਾ ਹੋ ਜਾਊ। ਉਹ ਚੁੱਕ ਦਿਉ ਕੂੰਡਾ (ਭਾਂਡਾ) ਤੇ ਸਾਰੇ ਚਾਨਣ ਹੋ ਜਾਊ। ਉਹ ਜੋਤ ਤਾਂ ਤੁਹਾਡੀ ਆਵਰਨ ਨਾਲ ਢੱਕੀ ਹੋਈ ਹੈ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਇਹ ਸਾਰੇ ਢਕਣ ਵਾਲੇ ਨੇ। ਬਦ, ਸਪਰ, ਰੂਪ, ਰਸ, ਗੰਧ, ਇਹ ਢਕਣ ਵਾਲੇ ਨੇ। ਮਨੋਰਾਜ ਤੁਸੀਂ ਰੋਜ ਕਰਦੇ ਹੋਂ, ਇਹ ਤੁਸੀਂ ਆਪਣੇ ਅੰਦਰ ਦੇਖੋ, ਜਦ ਤੁਸੀਂ ਇੱਕਲੇ ਬਹਿੰਦੇ

ਹੋ ਕੀ ਸੋਚਦੇ ਹੋ ? ਬਈ ਕੋਈ ਇੰਨੀ ਬਣ ਗਈ। ਇੰਨੀ ਬਣਾ ਲਵਾਂਗੇ ਤੇ ਐ ਕਰਾਂਗੇ ਤੇ ਆਹ ਕਰਾਂਗੇ। ਇੰਨੇ ਤੁਹਾਡਾ ਵਕਤ ਲੰਘ ਜਾਂਦੈ, ਫਿਰ ਕੋਈ ਹੋਰ ਕੰਮ ਆ ਜਾਂਦੈ। ਕਦੇ ਨਾਮ ਨਾਲ ਵੀ ਮਨ ਜੋੜਿਐ ਤੁਸੀਂ ? ਕਿ ਮੱਝਾਂ, ਗਾਈਆਂ ਹੀ ਗਿਣਦੇ ਰਹਿੰਦੇ ਹੋ ? ਏਸ ਕਰਕੇ ਭਾਈ !

ਪ੍ਰੀਤਮ ਜਾਨਿ ਲੇਹੁ ਮਨ ਮਾਹੀ।।

ਉਹ ਜਿਹੜਾ ਸਾਰਿਆ ਤੋਂ ਪਿਆਰਾ ਪਰਮੇਰ ਹੈ, ਉਹਨੂੰ ਆਪਣੇ ਮਨ ਦੇ ਅੰਦਰ, ਨੌਂਵੇਂ ਪਾਤਾਹ ਕਹਿੰਦੇ, ਜਾਣ ਲਉ। ਅਸੀਂ ਜਾਣ ਲਿਆ। ਹਾਂ –

ਅਪਨੇ ਸੁਖ ਸਿਉ ਹੀ ਜਗੁ ਫਾਂਧਿਓ

ਉਹ ਕਹਿੰਦਾ, ਜੀ ਦੁਨੀਆਂ ਦਾ ਝਗੜਾ ਨਹੀਂ ਮੁਕਦਾ। ਉਹ ਕਹਿੰਦੇ , ਇਹ ਤਾਂ ਸੁਆਰਥ ਹੈ ਥੋਡਾ, ਜਿੱਥੋਂ ਤੁਹਾਡਾ ਸੁੱਖ ਨਿਕਲਦਾ ਹੈ, ਉਹਦੇ ਨਾਲ ਗੱਲਾਂ ਕਰਦੇ ਹੋ, ਤੂੰ ਐ ਕਰੀਂ, ਮੈਂ ਐਂ ਕਰੂੰ, ਤੂੰ ਝੂਠ ਬੋਲ ਜਾਈਂ, ਮੈਂ ਸੱਚ ਬੋਲ ਜਾਊਂਗਾ, ਤੇਰਾ ਕੰਮ ਹੋ ਜਾਊ। ਉਹ ਕਹਿੰਦੇ, ਇਹ ਤਾਂ ਵਾਧੂ ਗੱਲ ਹੈ, ਇਹ ਤਾਂ ਲੋਕਾਂ ਨਾਲ ਤੂੰ। ਫੇਰ ਪੜ੍ਹ ਸਾਰੀ ਪੰਕਤੀ–

ਅਪਨੇ ਸੁਖ ਸਿਉ ਹੀ ਜਗੁ ਫਾਂਧਿਓ

ਆਪਣੇ ਸੁਖ ਨਾਲ ਇਹ ਜੱਗ ਫਸਿਆ ਹੋਇਆ ਹੈ ਕਿ ਹੋਰ ਕਿਸੇ ਨਾਲ ਫਸਿਐ ਹੋਇਆ ? ਤੁਸੀਂ ਅੱਠੇ ਪਹਿਰ ਆਪਣੇ ਸੁਖ ਦੀ ਪੂਜਾ ਕਰਦੇ ਹੋ ਕਿ ਰੱਬ ਦੀ ਪੂਜਾ ਕਰਦੇ ਹੋ। ਸੁਖ ਬਣਾਉਂਦੇ ਹੋ, ਬਈ ਐਨਾ ਸੁਖ ਬਣ ਗਿਆ ਤੇ ਐਂਨਾ। ਉਹ ਪਰਸੋਂ ਚੌਥੇ ਇਕ ਮੈਨੂੰ ਕਹਿੰਦਾ, ਲਉ ਜੀ ਦੋ ਪੁਤਾਂ ਤਾਂ ਸਾਡੀਆਂ ਹੋ ਗਈਆਂ ਅੱਗੇ ਵਾਸਤੇ ਠੀਕ, ਇਹ ਨਹੀਂ ਮੁੱਕਦੀਆਂ ਹੁਣ। ਮੈਂ ਆਖਿਆ, ਇਹਨੂੰ ਇਹ ਨਹੀਂ ਪਤਾ ਕਿ ਕਲ੍ਹ ਨੂੰ ਕੀ ਬਣਨਾ ਹੈ। ਉਹ ਕਹਿੰਦਾ, ਹੁਣ ਦੋ ਪੁਤਾਂ ਦਾ ਤਾਂ ਕੋਈ ਫਿਕਰ ਨਹੀਂ, ਅੱਗੇ ਭਾਵੇਂ ਹੋ ਜਾਵੇ। ਉਹਨੇ ਆਪਣਾ ਕੰਮ ਕਰ ਲਿਆ, ਬਈ ਇੰਨੀ ਮੈਂ ਮਾਇਆ ਕਮਾ ਲਈ ਹੈ, ਇਹਨਾਂ ਤੋਂ ਮੁੱਕਣੀ ਨਹੀਂ। ਇਹਨੂੰ, ਇਹ ਨਹੀਂ ਪਤਾ ਕਿ ਜੇ ਇਕੋ ਹੀ ਰਾਬ ਪੀਣ ਲੱਗ ਗਿਆ ਤਾਂ ਸਾਰੀ ਹੀ ਮੁਕਾ ਦੇਊ। ਏਸ ਲੋਟ, ਇਹ ਜੀਵ ਭੁੱਲਿਆ ਹੋਇਐ –

ਅਪਨੇ ਸੁਖ ਸਿਉ ਹੀ ਜਗੁ ਫਾਂਧਿਓ

ਜੀਵ ਭੁੱਲਿਆ ਹੋਇਆ ਹੈ, ਇਹ ਸੁਖ ਦੇ ਵਿਚ ਬੱਝ ਗਿਆ, ਸੁਆਰਥ ਦੇ ਵਿੱਚ ਬੱਝ ਗਿਆ। ਉਹ ਸੁਆਰਥ ਦੀਆਂ ਹੀ ਗੱਲਾਂ ਕਰਦਾ ਰਹਿੰਦਾ ਹੈ।

ਕੋ ਕਾਹੂ ਕੋ ਨਾਹੀ॥

ਤੇ ਕੋਈ ਕਿਸੇ ਦਾ ਨਹੀਂ। ਇਸੇ ਸਲੋਕ ਦੇ ਵਿਚ ਹੀ ਅੰਤ ਨੂੰ ਦੱਸਣੈ।

ਅੰਤ ਬਾਰ ਨਾਨਕ ਬਿਨੁ ਹਰਿ ਜੀ ਕੋਊ ਕਾਮਿ ਨ ਆਇਓ॥

(ਪੰਨਾ ੬੩੪)

ਉਹ ਕਹਿੰਦੇ, ਅੰਤ ਨੂੰ ਇਹਦੇ ਕੋਈ ਕੰਮ ਨਾ ਆਇਆ। ਹੁਣ ਇਹਦੇ ਕੋਲ ਧਰਮ ਨਹੀਂ ਸੀ, ਦਇਆ ਨਹੀਂ ਸੀ, ਸੱਚ ਨਹੀਂ ਸੀ ਤੇ ਗੁਰੂ ਸਾਹਿਬ, ਪੰਚਮ ਪਾਤਾਹ ਨੇ ਇਹ ਲਿਖਿਆ –

ਸਤੁ ਸੰਤੋਖੁ ਦਇਆ ਧਰਮੁ ਸੁਚਿ ਸੰਤਨ ਤੇ ਇਹੁ ਮੰਤੁ ਲਈ॥

(ਪੰਨਾ ⌀੨੨)

ਇਹ ਮੱਤ ਅਸੀਂ ਗੁਰੂ ਰਾਮਦਾਸ ਤੇ ਲਈ ਹੈ। ਸੱਚ ਬੋਲਣਾ, ਸੰਤੋਖ ਰੱਖਣਾ, ਦਇਆ ਕਰਨੀ, ਧਰਮ ਕਰਨਾ ਤੇ ਅੰਤਹਕਰਣ ਨੂੰ ਰਾਗ ਦਵੈ ਤੋਂ ਪਵਿੱਤਰ ਰੱਖਣਾ। ਕਿਸੇ ਦੀ ਗੱਲ ਸੁਣਨੀ ਨਹੀਂ, ਉਹਨੂੰ ਉਥੇ ਹੀ ਰੱਖਣਾ। ਜੇਕਰ ਤੁਸੀਂ ਲੋਕਾਂ ਦੀਆਂ ਗੱਲਾਂ ਸੁਣਕੇ ਅੰਦਰ ਰੱਖ ਲਓਂਗੇ ਤਾਂ ਭਜਨ ਕਿਸ ਵਕਤ ਕਰੋਂਗੇ ? ਉਹ ਇਕ ਸਾਡੇ ਨਾਲ **ਜੀਵਨ ਮੁਕਤ ਜੀ ਸੰਤ** ਹੁੰਦੇ ਸੀ, ਬਹੁਤ ਮਹਾਂਪੁਰ। ਉਹਨੂੰ ਇਕ ਸੰਤ ਆਕੇ ਗੱਲਾਂ ਕਰਨ ਲੱਗ ਪਿਆ ਜੀ ਫਲਾਣਾ ਐਂ ਹੈ, ਧਿਮਕਾ ਐਂ। ਉਹ ਕਹਿੰਦੇ, ਤੂੰ ਮੈਨੂੰ ਕੀ ਸਮਝਦਾ ਹੈਂ ? ਉਹ ਕਹਿੰਦਾ, ਜੀ ਮੈਂ ਤੁਹਾਨੂੰ ਈਰ ਸਮਝਦਾ ਹਾਂ। ਅਖੇ, ਫਿਰ ਸਾਡੇ ਅੰਦਰ ਕੂੜਾ ਕਿਉਂ ਸੁੱਟਦਾ ਹੈਂ, ਈਰ ਦੇ ਅੰਦਰ ਕੂੜਾ ਸੁੱਟੀਦੈ? ਅਖੇ, ਕੂੜਾ ਕਿਉਂ ਸੁੱਟਦੈਂ ਸਾਡੇ ਅੰਦਰ ? ਉਹ ਗੱਲਾਂ ਇਹੋ ਜਿਹੀਆਂ ਹੀ ਕਰਦਾ ਸੀ, ਫਲਾਣਾ ਮਾੜਾ, ਫਲਾਣਾ ਚੰਗਾ। ਉਹ ਸਮਝ ਗਿਆ। ਉਹ ਕਹਿੰਦਾ, ਜੀ ਮੈਂ ਅੱਜ ਤੇ ਨਹੀਂ

ਕਰਾਂਗਾ, ਮੈਂ ਭੁੱਲ ਗਿਆ, ਮੇਰੀ ਬੜੀ ਗਲਤੀ ਹੈ। ਫੇਰ ਉਹ ਮੇਰੇ ਕੋਲ ਆ ਗਿਆ। ਮੈਂ ਕਿਹਾ, ਤੂੰ ਤਾਂ ਬੜੀਆਂ ਗੱਲਾਂ ਕਰਦਾ ਸੀ, ਅੱਜ ਨਹੀਂ ਬੋਲਦਾ? ਉਹ ਕਹਿੰਦਾ, ਹੁਣ ਨਹੀਂ ਬੋਲਣ ਜੋਗਾ ਰਿਹਾ। ਮੈਂ ਕਿਹਾ ਬਾਤ ਕੀ ਹੈ ? ਅਖੇ ਬਾਤ ਇਹ ਹੈ, ਮੈਂ **ਜੀਵਨ ਮੁਕਤ** ਜੀ ਕੋਲ ਗਿਆ ਸੀ। ਮੈਂ ਉਹਨੂੰ ਸੁਣਾਇਆ-ਫਲਾਣਾ ਸੰਤ ਐਂ ਹੈ, ਫਲਾਣਾ ਚੰਗਾ, ਫਲਾਣਾ ਮਾੜਾ ਐਂ ਹੈ। ਉਹ ਕਹਿੰਦੇ, ਤੂੰ ਮੈਨੂੰ ਕੀ ਸਮਝਦਾ ਹੈਂ? ਮੈਂ ਕਿਹਾ, ਜੀ ਮੈਂ ਤੁਹਾਨੂੰ ਬ੍ਰਹਮ ਗਿਆਨੀ, ਈਰ ਸਮਝਦਾ ਹਾਂ। ਫੇਰ ਕਹਿੰਦਾ, ਆਹ ਕੂੜਾ ਸਾਡੇ ਅੰਦਰ ਕਿਉਂ ਸੁੱਟਦਾ ਹੈਂ, ਇਹਨੂੰ ਕੌਣ ਸਾਫ ਕਰੇਗਾ। ਇਹ ਮੈਨੂੰ ਉਹਨੇ ਸਮਝਾਇਆ, ਨਾਲੇ ਤਾਂ ਤੂੰ ਸਾਡਾ ਅੰਤਹਕਰਣ ਢਕਦਾ ਹੈਂ, ਅੰਤਹਕਰਣ ਦੇ ਵਿਚ ਚੇਤਨ ਹੈ, ਆਤਮਾ ਹੈ, ਪ੍ਰਮਾਤਮਾ ਹੈ, ਹਰੀ ਹੈ। ਨਾਲੇ ਤਾਂ ਉਹਦੇ ਸਿਰ ਵਿਚ ਕੂੜਾ ਸੁੱਟਦੈਂ, ਨਾਲੇ ਸਾਡੀ ਮੱਤ ਮਾਰਦੈਂ। ਉਹ ਕਹਿੰਦਾ, ਹੁਣ ਨਹੀਂ ਮੈਂ ਬੋਲਦਾ, ਮੈਨੂੰ ਤਾਂ ਅੱਜ ਹੀ ਪਤਾ ਲੱਗਿਆ, ਇਹ ਤਾਂ ਗਲਤ ਹੀ ਗੱਲ ਸੀ। ਏਸ ਕਰਕੇ, ਭਾਈ ! ਸਾਰੇ ਆਪਣੇ ਸੁੱਖ ਦੇ ਵਾਸਤੇ ਦੁਨੀਆਂ ਦੇ ਵਿਚ ਫਸੇ ਬੈਠੇ ਨੇ, ਉਂਞ ਕੋਈ ਨਹੀਂ ਕਿਸੇ ਨਾਲ ਫਸਿਆ ਹੋਇਆ। ਪਰਉਪਕਾਰ ਵਾਸਤੇ ਕੋਈ ਨਹੀਂ ਫਸੇ ਹੋਏ। ਹਾਂ ! ਉਹ ਜਿਹੜੇ ਤੁਸੀਂ ਪੈਸੇ ਇੱਕਠੇ ਕਰਕੇ ਜਾਉਂਗੇ ਆਪਣੇ ਮੁੰਡਿਆਂ ਵਾਸਤੇ, ਉਹ ਕੋਈ ਦੁਨੀਆਂ ਦਾ ਪਰਉਪਕਾਰ ਨਹੀਂ ਹੈ। ਖਬਰੈ ਤੁਸੀਂ ਕਿੱਕੁਣ ਕਮਾਇਆ ਹੈ। ਏਸ ਕਰਕੇ **ਆਪਣੇ ਸੁਖ ਸਿਉ ਹੀ ਜਗੁ ਫਾਧਿਓ।** ਚੱਲੀਏ -

ਸੁਖ ਮੈ ਆਨਿ ਬਹੁਤੁ ਮਿਲਿ ਬੈਠਤ

ਜਿਥੇ ਦੁਨੀਆਂ ਦਾ ਸੁਖ ਹੋਵੇ, ਉਥੇ ਆਕੇ ਸਾਰੇ ਬਹਿ ਜਾਣਗੇ। ਇਥੇ ਖਾਣ ਪੀਣ ਨੂੰ ਵੀ ਮਿਲੇਗਾ, ਬੜਾ ਚੰਗਾ ਹੈ, ਇਹ ਕੰਮ ਵੀ ਕਰ ਦਿੰਦਾ ਹੈ। ਕਹਿੰਦੇ, ਸਾਰੇ ਮਿਲ ਕਰਕੇ ਇਕੱਠੇ ਬਹਿ ਜਾਣਗੇ।

ਰਹਤ ਚਹੂ ਦਿਸਿ ਘੇਰੈ।।

ਰਾਤ ਦਿਨ ਕਦੇ ਉਹਨੂੰ ਵਿਹਲ ਨਹੀਂ ਆਉਣ ਦਿੰਦੇ। ਇਕ ਨਾਮਧਾਰੀਆ ਹੋਇਐ, **ਰਾਮ ਸਿੰਹੁ** ਬੜਾ ਮਹਾਂਪੁਰ। ਉਹਦੀ ਬੜੀ

ਮਾਨਤਾ ਹੋਈ। ਉਹਨੂੰ ਕਿਸੇ ਨੇ ਪੁੱਛਿਆ ਤੂੰ ਕਿੰਨਾ ਕੁ ਸੁਖੀ ਹੈਂ ? ਉਹ ਕਹਿੰਦਾ, ਮੇਰੇ ਜਿੰਨਾ ਦੁਖੀ ਵੀ ਕੋਈ ਨਹੀਂ। ਉਹ ਕਹਿੰਦੇ, ਕਿਉਂ ਜੀ ? ਉਹ ਕਹਿੰਦਾ ਪਿਾਬ ਕਰਨਾ ਵੀ ਬੰਦ ਕਰ ਦਿੱਤਾ ਲੋਕਾਂ ਨੇ, ਐਨੀ ਭੀੜ ਰਹਿੰਦੀ ਹੈ, ਰੋਟੀ ਖਾਣ ਦਾ ਵਕਤ ਨਹੀਂ ਮਿਲਦਾ ਹੈਗਾ। ਮੈਂ ਚਾਹੁੰਦਾ ਹਾਂ ਬਈ ਰਾਮ ਨਾਮ ਜਪਾਂ, ਪਰਮੇਰ, ਵਾਹਿਗੁਰੂ ਜਪਾਂ, ਕਹਿੰਦਾ, ਦੁਨੀਆਂ ਨਹੀਂ ਛੱਡਦੀ ਹੈਗੀ। ਗੱਲ ਤਾਂ ਉਹਦੀ ਸੱਚੀ ਸੀ। ਏਸ ਕਰਕੇ , ਭਾਈ ! ਚਾਰੋ ਦਿਾਂ ਤੇ ਇਹ ਆਪਣੇ ਸੁਖ ਵਾਸਤੇ ਦੁਨੀਆਂ ਘੇਰ ਕੇ ਰੱਖਦੀ ਹੈ। ਉਹ ਤੁਹਾਡੇ ਕੋਲ ਕੋਈ ਪਰਮਾਰਥ ਲੈਣ ਤਾਂ ਨਹੀਂ ਆਉਂਦੇ ਹੁੰਦੇ। ਪਰ ਦੁਨੀਆਂ ਦੇ ਸੁਖ ਵਾਸਤੇ, ਸਾਡਾ ਆਹ ਕੰਮ ਕਰ ਦਿਉ, ਦੂਜਾ ਕਹਿੰਦਾ, ਜੀ ਆਹ ਕਰ ਦਿਉ। ਕਹਿੰਦਾ ਚਾਰ ਚੁਫੇਰੇ ਉਹਨੂੰ ਘੇਰ ਕੇ ਰੱਖਦੇ ਨੇ।

ਬਿਪਤਿ ਪਰੀ ਸਭ ਹੀ ਸੰਗੁ ਛਾਡਿਤ

ਜੇ ਪਰਮੇਰ ਵੱਲੋਂ ਕੋਈ ਇਹੋ ਜਿਹਾ ਕਰਮ ਆ ਜਾਏ। ਕਰਮ ਤਾਂ ਪਰਮੇਰ ਨੇ ਭੁਗਤਾਉਣੈ, ਤੁਸੀਂ ਆਪਣਾ ਕਰਮ ਆਪ ਤਾਂ ਭੁਗਤਾਉਣਾ ਨਹੀਂ। ਉਹ ਜੋ ਤੁਹਾਡੇ ਅੰਦਰ ***ਘਟ ਘਟ ਮੈਂ ਹਰਿ ਜੂ*** ਹੈ, ਉਹਨੇ ਡੋਰ ਹਿਲਾਉਣੀ ਹੈ, ਫਿਰ ਉਹ ਕਰਮ ਨੇ ਤੁਹਾਡੇ ਅਗੇ ਆ ਜਾਣੈ, ਕਿਸੇ ਦੀ ਤਾਕਤ ਨਹੀਂ, ਉਹਨੂੰ ਹਟਾ ਦੇਵੇ, ਬਿਨਾਂ ਈਰ ਤੋਂ। ਏਸ ਕਰਕੇ, ਫੇਰ ਉਹ ਕਿਉਂ ? ਪੜ੍ਹ ਫਿਰ –

ਬਿਪਤਿ ਪਰੀ ਸਭ ਹੀ ਸੰਗੁ ਛਾਡਿਤ

ਜਦ ਉਹਦਾ ਕਰਮ ਐਸਾ ਨਿਕਲ ਆਇਆ, ਉਹ ਕਹਿੰਦੇ ਇਧਰ ਦੀ ਨਾ ਚਲੀਂ। ਅਖੇ ਕਿਉਂ ? ਅਖੇ ਪੁਰਾਣਾ ਮਿੱਤਰ ਸੀ, ਇਹ ਕੁੱਛ ਮੰਗ ਲਏਗਾ। ਮੈਂ ਤੁਹਾਨੂੰ ਇਕ **ਮਾਲੋ ਦੌਂਦ** ਦੀ ਗੱਲ ਦਸਦਾਂ। ਉਥੇ ਇਕ ਆਦਮੀ ਸੀ, ਉਹ ਆਪਣੇ ਆਪ ਨੂੰ ਪਰਉਪਕਾਰੀ ਜਿਹਾ ਕਹਾਉਂਦਾ ਸੀ, ਕੁੱਛ ਉਹਦੇ ਕੋਲ ਰੁਪੱਈਏ ਸੀ। ਉਹਨਾਂ ਦਿਨਾਂ ਵਿਚ ਰੁਪਏ ਥੋੜੇ ਹੀ ਹੁੰਦੇ ਸਨ। ਉਹ ਹੋਰਾਂ ਦਾ ਕੰਮ ਸਾਰ ਦਿੰਦਾ ਸੀ। ਉਹ ਇਹੋ ਜਿਹਾ ਵਕਤ ਆ ਗਿਆ, ਅਫੀਮ ਖਾਂਦੇ ਖਾਂਦੇ, ਉਹਦੇ ਸਾਰੇ ਰੁਪੱਈਏ ਮੁੱਕ

ਗਏ। ਕਿੱਕਰ ਉੱਤੇ ਉਹਨੇ ਡੱਬੀ ਵਿਚ ਦੇਖਿਆ ਮਾਵਾ (ਅਫੀਮ) ਨਹੀਂ ਹੈ। ਉਹ ਆਪਣੇ ਪੁੱਤਰ ਨੂੰ ਕਹਿੰਦਾ, ਮਾਲੋ ਦੌਂਦ ਨੂੰ ਭੱਜ ਛੇਤੀ। ਪੁੱਤਰ ਕਹਿੰਦਾ ਜੀ, ਘਰ ਪੈਸਾ ਤਾਂ ਕੋਈ ਹੈ ਨਹੀਂ। ਅਖੇ ਫਲਾਣੇ ਤੋਂ ਲੈ ਲਈਂ। ਉਹ ਗਿਆ, ਉਹਨੇ, ਉਹਤੋਂ ਪੈਸੇ ਮੰਗੇ। ਉਹ ਕਹਿੰਦਾ, ਸਾਡੇ ਕੋਲ ਤਾਂ ਭਾਈ ! ਐਸ ਵਕਤ ਹੈ ਨਹੀਂ। ਕਿਉਂਕਿ ਉਹਨੂੰ ਪਤਾ ਸੀ ਬਈ ਅਮਲੀ ਦਿੰਦਾ ਤਾਂ ਹੁੰਦਾ ਨਹੀਂ ਮੁੜਕੇ। ਉਹ ਜਦ ਮੁੜਕੇ ਗਿਆ ਖੇਤ, ਬਾਪ ਕਹਿੰਦਾ, ਕੀ ਗੱਲ ਹੈ ? ਉਹ ਕਹਿੰਦਾ, ਜੀ ਆਹ ਗੱਲ ਹੈ। ਉਹ ਕਹਿੰਦਾ (ਅਮਲੀ) ਓਏ ਸੁੰਦਰਾ! ਤੈਨੂੰ ਵੀ ਜੁਆਬ ਦੇਣ ਵਾਲੇ ਹੋ ਗਏ, ਹੰਕਾਰੀ ਸੀ ਨਾ। ਉਹ ਖੇਤ ਵਾਹਿਆ ਹੋਇਆ ਸੀ, ਉਥੇ ਹੀ ਬਹਿ ਗਿਆ। ਆਪਣੇ ਪੁੱਤਰ ਨੂੰ ਕਹਿੰਦਾ, ਔਹ ਨੇ ਸਿਵੇ (ਸਮਾਨ ਘਾਟ) ਦੇ ਖੀਂ ! ਕਿਸੇ ਨੂੰ ਬੁਲਾਕੇ ਹੱਥ ਲੁਆ ਲਵੇਂ, ਜੋੜੀ (ਬੈਲਾਂ ਦੀ) ਦੇ ਮਗਰ ਲਾਕੇ ਉਥੇ ਲੈ ਜਾਈਂ। ਉਥੇ ਹੀ ਉਹ ਪੈ ਗਿਆ। ਪਰ ਦੁੱਧ ਘਿਉ ਖਾਂਦਾ ਰਿਹਾ, ਠੀਕ ਹੋ ਗਿਆ। ਸਮਝ ਗਏ ? ਉਹ ਸਾਰੇ ਛੱਡ ਕੇ ਚਲੇ ਗਏ, ਜੁਆਬ ਦੇ ਦਿੱਤਾ। ਗੁਰੂ ਸਾਹਿਬ ਕਹਿੰਦੇ, ਜਦ ਇਹ ਕਿਸੇ ਕੰਮ ਦਾ ਨਾ ਰਹੇ ਤਾਂ ਇਹਦੇ ਨੇੜੇ ਵੀ ਕੋਈ ਨਹੀਂ ਆਉਂਦਾ। ਅਗਲਾ ਕਹਿੰਦਾ, ਓਏ ! ਇਧਰ ਦੀ ਲੰਘ ਜਾ, ਉਹਨੇ ਰੁਪਏ ਮੰਗਣੇ ਨੇ, ਪਿਛਲੀ ਲਿਹਾਜ ਹੈ, ਮੁੜਕੇ ਦੇਣੇ ਨਹੀਂ, ਐਂ ਦੀ ਲੰਘ ਜਾ। ਕੋਈ ਨੇੜੇ ਨਹੀਂ ਇਹਦੇ ਆਉਂਦਾ। ਉਦੋਂ ਇਹਨੂੰ ਪਤਾ ਲਗਦੈ, ਬਈ ਆਹ ਵਕਤ ਵੀ, ਕਰਮ ਮੇਰਾ ਸੀਗਾ।

ਕਰਮਾ ਉਪਰਿ ਨਿਬੜੈ ਜੇ ਲੋਚੈ ਸਭੁ ਕੋਇ॥ (ਪੰਨਾ 157)
ਕਰਮ ਪ੍ਰਧਾਨ ਵਿਵ ਕਾ ਰਾਖਾ॥
ਜੋ ਜਸ ਕਰੈ ਸੋ ਤਸ ਫਲ ਚਾਖਾ॥ (ਰਾਮਾਇਣ)

ਤੁਲਸੀ ਦਾਸ ਕਹਿੰਦੇ, ਇਹ ਸੰਸਾਰ ਕਰਮ ਦਾ ਬਣਾਇਆ ਹੋਇਆ, ਕਰਮ ਪ੍ਰਧਾਨ ਹੈ।

ਕਰਮ ਪ੍ਰਧਾਨ ਵਿਵ ਕਾ ਰਾਖਾ॥

ਵਿਵ ਨਾਉਂ ਹੈ ਸੰਸਾਰ ਦਾ। ਇਹ ਕਰਮਾਂ ਤੇ ਬਣਿਆ ਹੋਇਐ ਸਾਰਾ ਸੰਸਾਰ। ਗਿਆਨ ਨੇ ਤਾਂ ਸੰਸਾਰ ਨਹੀਂ ਬਣਾਉਣਾ, ਗਿਆਨ ਤਾਂ ਸੰਸਾਰ ਨੂੰ ਢਾਹ ਦੇਵੇਗਾ।

ਜੋ ਜਸ ਕਰੈ ਸੋ ਤਸ ਫਲ ਚਾਖਾ॥

ਜਿਹੋ ਜਿਹਾ ਇਹਨੇ ਕਰਮ ਕਰਿਆ, ਉਹਦਾ ਫਲ ਇਹਨੂੰ ਜਰੂਰ ਚੱਖਣਾ ਪਏਗਾ, ਕਦੇ ਚੱਖਣਾ ਪਏ। ਉਹ ਕਰਮ ਇਹਦੇ ਕੋਲ ਹੀ ਫਲ ਦੇਕੇ ਜਾਏਗਾ। ਏਸ ਕਰਕੇ, ਇਹਨੂੰ ਪਤਾ ਨਹੀਂ ਲਗਦਾ। ਕਹਿੰਦਾ, ਫਿਰ ਕੋਈ ਨੇੜੇ ਨਹੀਂ ਆਉਂਦਾ ਜਦ ਇਹੋ ਜਿਹਾ ਕਰਮ ਆਉਂਦਾ ਹੈ। ਹੁਣ ਤੈਨੂੰ ਪਤਾ ਲੱਗ ਗਿਆ ਜੇ ਤੇਰੇ ਕੋਲ ਪੈਸੇ ਹੁੰਦੇ ਅੱਜ, ਤੇਰੇ ਕੋਲ ਸਾਰੇ ਆਉਂਦੇ ਤੇ ਹੁਣ ਕੋਈ ਨੇੜੇ ਨਹੀਂ ਆਉਂਦਾ। ਤੈਨੂੰ ਪਤਾ ਨਹੀਂ ਲੱਗਿਆ, ਬਈ ਦੁਨੀਆਂ ਸੁਆਰਥ ਦੀ ਹੈ, ਮਤਲਬ ਦੀ ਹੈ। ਚੱਲੀਏ -

ਕੋਊ ਨਾ ਆਵਤ ਨੇਰੈ॥

ਕੋਈ ਇਹਦੇ ਨੇੜੇ ਨਹੀਂ ਆਉਂਦਾ।

ਘਰ ਕੀ ਨਾਰਿ ਬਹੁਤੁ ਹਿਤੁ ਜਾ ਸਿਉ

ਕਹਿੰਦਾ, ਸਾਰਿਆਂ ਨਾਲੋਂ ਹਿਤ ਜਿਆਦਾ ਤਾਂ ਆਪਣੀ ਇਸਤਰੀ ਨਾਲ ਹੀ ਹੁੰਦੈ, ਬੜਾ ਹਿਤ ਸੀ।

ਸਦਾ ਰਹਤ ਸੰਗ ਲਾਗੀ॥

ਹਮੇਾਂ ਸਾਥ ਰਹਿੰਦੀ ਸੀ, ਵਜੀਰ ਸੀ, ਇਹ ਬਾਦਾਹ ਸੀ। ਇਸਤਰੀ ਵਜੀਰ ਸੀ, ਉਹ ਸਾਥ ਰਹਿੰਦੀ ਸੀ, ਮੱਤ ਦਿੰਦੀ ਸੀ।

ਜਬ ਹੀ ਹੰਸ ਤਜੀ ਇਹ ਕਾਂਇਆ

ਜਬ ਇਸ ਜੀਵ ਨੇ, ਹੰਸ ਨੇ ਕਾਇਆ ਤਿਆਗੀ-

ਪ੍ਰੇਤ ਪ੍ਰੇਤ ਕਰਿ ਭਾਗੀ॥

ਸਮਝ ਗਏ ? ਇਥੋਂ ਤੱਕ ਸੰਸਾਰ ਦੀ ਸਾਂਝ ਹੈ। ਬੱਸ ! ਸੰਸਾਰ ਦੀ ਸਾਂਝ ਇੱਥੋਂ ਤੱਕ ਹੈ, ਅਗਾਂਹ ਨਹੀਂ ਹੈਗੀ, ਇਥੋਂ ਤੱਕ ਸੀ। ਤੇ ਉਹ ਨੌਂਵੇਂ ਪਾਤਾਹ ਨੇ ਸਾਰੇ ਸੰਸਾਰ ਦਾ ਸਾਂਝਾ ਧਰਮ ਰੱਖਿਆ। ਫਿਰ ਉਹ ਮਹਾਂਪੁਰ ਹੋਏ ਪੂਰਣ ਕਿ ਨਾ ਹੋਏ ? ਤੇ ਅਸੀਂ ਇਧਰ ਗਏ ਨਹੀਂ। ਹੁਣ ਤੁਸੀਂ ਦੇਖੋ, ਅਸੀਂ ਕਿਹੋ ਜਿਹੇ ਹਾਂ ? ਆਪਣੇ ਅੰਦਰ ਆਪ ਹੀ ਦੇਖੋ, ਤੁਸੀਂ

ਕਿਹੋ ਜਿਹੇ ਹੋ ? ਤੁਹਾਡੇ ਨਕਾ ਤਾਂ ਸਾਹਮਣੇ ਹੈ ਮਨ ਦੇ ਵਿਚ, ਤੁਸੀਂ ਆਪ ਹੀ ਦੇਖ ਲਉ।

ਪ੍ਰੇਤ ਪ੍ਰੇਤ ਕਰਿ ਭਾਗੀ॥

ਬੱਸ! ਉਹ ਵੀ ਸਾਥ ਛੱਡ ਗਈ–

ਇਹ ਬਿਧਿ ਕੋ ਬਿਉਹਾਰੁ ਬਨਿਓ ਹੈ

ਇਸ ਪ੍ਰਕਾਰ ਦੁਨੀਆਂ ਦਾ ਵਿਹਾਰ ਹੈ ਭਾਈ! ਇਹਦੇ ਵਿਚ ਨਾ ਫਸ ਜਾਈਂ ਸੰਸਾਰ ਦੇ ਵਿਚ। ਇਹੋ ਜਿਹਾ ਹੈ ਤੇ ਇੰਨਾ ਹੀ ਹੈ ਸੰਸਾਰ ਦਾ ਵਿਹਾਰ। ਇਸ ਤੋਂ ਵੱਧ ਘੱਟ ਨਹੀਂ ਹੈ।

ਜਾ ਸਿਉ ਨੇਹੁ ਲਗਾਇਓ॥

ਜੀਹਦੇ ਨਾਲ ਤੈਂ ਪ੍ਰੇਮ ਲਾਇਆ ਹੋਇਆ ਸੀ। ਪ੍ਰੇਮ ਤਾਂ ਤੂੰ ਰੱਬ ਦੇ ਨਾਲ ਲਾਉਣਾ ਸੀ।

ਸਾਚੁ ਕਹੌਂ ਸੁਨ ਲੇਹੁ ਸਭੈ

ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭੁ ਪਾਯੋ॥ (ਅਕਾਲ ਉਸਤਤਿ)

ਦਸਮ ਪਾਤਾਹ ਕਹਿੰਦੇ, ਓਏ! ਜੇ ਤੈਂ ਮੋਕ ਲੈਣੀ ਹੈ ਤਾਂ ਰੱਬ ਨਾਲ ਪ੍ਰੇਮ ਪਾ। ਤੇ ਤੁਸੀਂ ਹੁਣ ਆਪ ਦੇਖੋ, ਤੁਹਾਡਾ ਪ੍ਰੇਮ ਕਿੱਥੇ ਹੈ ? ਤੁਸੀਂ ਆਪਣੇ ਆਪ ਦੇਖੋ, ਆਪਣੇ ਅੰਤਹਕਰਣ ਨੂੰ। ਥੋੜਾ ਪ੍ਰੇਮ ਤੁਹਾਨੂੰ ਪਤੈ ਕਿਥੇ ਹੈ, ਰੱਬ ਨਾਲ ਹੈ ਕਿ ਦੁਨੀਆਂ ਨਾਲ ਹੈ ? ਬੱਸ! ਜੇ ਦੁਨੀਆਂ ਨਾਲ ਹੈ ਤਾਂ ਜਹਾਜ ਤਾਂ ਰਾਹ ਵਿਚ ਡੁੱਬੇਗਾ। ਚੱਲੀਏ –

ਅੰਤ ਬਾਰ ਨਾਨਕ ਬਿਨੁ ਹਰਿ ਜੀ

ਇਹਦੇ, ਇਹ ਗੁਰੂ ਨੌਂਵੇਂ ਪਾਤਾਹ ਕਹਿੰਦੇ, ਅੰਤ ਨੂੰ ਹਰੀ ਤੋਂ ਬਿਨਾਂ ਕੋਈ ਕੰਮ ਨਹੀਂ ਆਉਂਦਾ। ਇਕ ਪਰਮੇਰ, ਇਹਦਾ ਅੰਤ ਨੂੰ ਨਿਬੇੜਾ ਕਰਨ ਵਾਲਾ ਸੀ, ਕਿਰਪਾ ਕਰਨ ਵਾਲਾ ਸੀ, ਦਇਆ ਕਰਨ ਵਾਲਾ ਸੀ।

ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ॥

(ਪੰਨਾ ੬੩੨)

ਪਰ ਜੇ ਤੁਹਾਡੇ ਕੋਲ ਨਾਮ ਹੋਵੇਗਾ ਤਾਂ ਨਾਮੀ ਤੁਹਾਡੀ ਰੱਖਿਆ ਕਰੇਗਾ। ਜੇ ਨਾਮ ਨਾ ਹੋਇਆ ਤਾਂ ਦੁਨੀਆਂ ਦੇ ਪਦਾਰਥਾਂ ਨੂੰ ਰੱਬ ਕੁੱਛ ਨਹੀਂ ਜਾਣਦਾ। ਇਹਨਾਂ ਨਾਲ ਤੁਸੀਂ ਰੱਬ ਨੂੰ ਕਦੇ ਖ਼ੁ ਨਹੀਂ ਕਰ ਸਕਦੇ। ਹਾਂ! ਜੇ **ਪ੍ਰੇਮ ਤੇ ਨਾਮ** ਥੋਡੇ ਕੋਲ ਦੋ ਚੀਜਾਂ ਹੋਣਗੀਆਂ ਤਾਂ ਤੁਸੀਂ ਰੱਬ ਕੋਲ ਜਾਉਂਗੇ। ਆਹ ਪੰਛੀ ਦੋ ਖੰਭਾਂ ਨਾਲ ਉੱਡਦੈ, ਇਕ ਉਹਦਾ ਖੰਭ ਕੱਟ ਦਿਉ, ਉਥੇ ਹੀ ਫਿਰੀ ਜਾਊਗਾ। ਪ੍ਰੇਮ ਵੀ ਪਰਮੇਰ ਨਾਲ ਪੂਰਾ ਹੋਵੇ ਤੇ ਨਾਮ ਵੀ ਹਰ ਵਕਤ ਚਲਦਾ ਹੋਵੇ ਤਾਂ ਤੁਸੀਂ ਪਰਮੇਰ ਕੋਲ ਜਾਉਂਗੇ।

ਸਰਬ ਰੋਗ ਕਾ ਅਉਖਦੁ ਨਾਮੁ॥
ਕਲਿਆਣ ਰੂਪ ਮੰਗਲ ਗੁਣ ਗਾਮ॥ (ਪੰਨਾ ੨੭੪)

ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ॥
ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ॥ (ਪੰਨਾ ੪੬8)

ਤੁਹਾਡੇ ਪੱਲੇ ਸੱਚ ਹੋਣਾ ਚਾਹੀਦਾ ਹੈ। ਤੁਹਾਡਾ ਮਨ, ਨਾਮ ਨਾਲ ਜੁੜਿਆ ਹੋਇਆ ਹੋਣਾ ਚਾਹੀਦਾ ਹੈ, ਫਿਰ ਤੁਹਾਡੀ ਖ਼ੀ ਹੈ –

ਨਾਮ ਸੰਗਿ ਜਿਸ ਕਾ ਮਨੁ ਮਾਨਿਆ॥
ਨਾਨਕ ਤਿਨਹਿ ਨਿਰੰਜਨੁ ਜਾਨਿਆ॥ (ਪੰਨਾ ੨5੧)

ਪਰ ਤੁਸੀਂ ਤਾਂ ਉਲਟਾ ਕਰ ਦਿੱਤਾ।

ਨਾਮੁ ਸੰਗੀ ਸੋ ਮਨਿ ਨ ਬਸਾਇਓ॥
ਛੋਡਿ ਜਾਹਿ ਵਾਹੂ ਚਿਤੁ ਲਾਇਓ॥ (ਪੰਨਾ ੭੧5)

ਉਹ, ਜਿਹੜਾ ਤੂੰ ਛੱਡ ਕੇ ਜਾਣਾ ਸੀ, ਚਿੱਤ ਨੂੰ ਤਾਂ ਤੂੰ ਉਥੇ ਹੀ ਜੋੜਿਆ ਹੋਇਐ। ਉਥੇ ਹੀ ਆਵੇਂਗਾ ਕਿਸੇ ਢੰਗ ਤੇ। ਜੇ ਤੇਰਾ ਮਨ ਮੰਦਰ (ਮਕਾਨ) ਵਿਚ ਹੋਵੇਗਾ ਤਾਂ ਪ੍ਰੇਤ ਬਣੇਂਗਾ, ਜੇ ਮਾਇਆ ਨਾਲ ਹੋਵੇਗਾ ਤਾਂ ਫਿਰ ਸੱਪ ਬਣਨਾ ਪਏਗਾ। ਉਹ ਤਾਂ ਕਹਿ ਗਏ ਨੇ ਗੁਰੂ ਸਾਹਿਬ। ਹੁਣ ਤੁਸੀਂ ਸੋਚ ਲਉ ਇਹ ਗੱਲ। ਜੇ ਤਾਂ ਮੁਕਤੀ ਚਾਹੁੰਦੇ ਹੋ

ਤਾਂ ਨੌਵੇਂ ਪਾਤਾਹ ਦੇ ਬਦ ਨੂੰ ਮੰਨ ਲਉ ਜੇ ਨਹੀਂ ਚਾਹੁੰਦੇ ਤਾਂ ਤੁਹਾਡੀ ਖੁੀ ਹੈ। ਬੋਲਦੇ ਭਾਈ –

ਅੰਤ ਬਾਰ ਨਾਨਕ ਬਿਨੁ ਹਰਿ ਜੀ
ਕੋਊ ਕਾਮਿ ਨ ਆਇਓ॥
ਬੋਲੋ ਸਤਿਨਾਮ ਸੀ੍ ਵਾਹਿਗੁਰੂ॥

੧

ੴ ਸਤਿਗੁਰ ਪ੍ਰਸਾਦਿ॥

੪੫

ਸੂਹੀ ਮਹਲਾ 5॥

ਜਿਸ ਕੇ ਸਿਰ ਊਪਰਿ ਤੂੰ ਸੁਆਮੀ ਸੋ ਦੁਖੁ ਕੈਸਾ ਪਾਵੈ॥
ਬੋਲਿ ਨ ਜਾਣੈ ਮਾਇਆ ਮਦਿ ਮਾਤਾ ਮਰਣਾ ਚੀਤਿ ਨ ਆਵੈ॥੧॥
ਮੇਰੇ ਰਾਮ ਰਾਇ ਤੂੰ ਸੰਤਾ ਕਾ ਸੰਤ ਤੇਰੇ॥
ਤੇਰੇ ਸੇਵਕ ਕਉ ਭਉ ਕਿਛੁ ਨਾਹੀ
ਜਮੁ ਨਹੀ ਆਵੈ ਨੇਰੇ॥੧॥ ਰਹਾਉ॥
ਜੋ ਤੇਰੈ ਰੰਗਿ ਰਾਤੇ ਸੁਆਮੀ ਤਿਨ~ ਕਾ ਜਨਮ ਮਰਣ ਦੁਖੁ ਨਾਸਾ॥
ਤੇਰੀ ਬਖਸ ਨ ਮੇਟੈ ਕੋਈ ਸਤਿਗੁਰ ਕਾ ਦਿਲਾਸਾ॥੨॥
ਨਾਮੁ ਧਿਆਇਨਿ ਸੁਖ ਫਲ ਪਾਇਨਿ ਆਠ ਪਹਰ ਆਰਾਧਹਿ॥
ਤੇਰੀ ਸਰਣਿ ਤੇਰੈ ਭਰਵਾਸੈ ਪੰਚ ਦੁਸਟ ਲੈ ਸਾਧਹਿ॥ ੩ ॥
ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ ਸਾਰ ਨ ਜਾਣਾ ਤੇਰੀ॥
ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ॥ ੪॥

(ਪੰਨਾ ੭੪੯)

ਸਾਰੀ ਸੰਗਤ ਕਿਰਪਾ, ਦਇਆ, ਮਿਹਰ ਕਰਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ! ਸਤਿਨਾਮ ਸ੍ਰੀ ਵਾਹਿਗੁਰੂ!! ਸਤਿਨਾਮ ਸ੍ਰੀ ਵਾਹਿਗੁਰੂ!!!

ਧਰਨਿ ਗਗਨ ਨਵ ਖੰਡ ਮਹਿ ਜੋਤਿ ਸ੍ਵਰੂਪੀ ਰਹਿਓ ਭਰਿ॥
ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖ ਹਰਿ॥

(ਪੰਨਾ ੧੪ ੯)

ਸ੍ਰੀ ਗੁਰੂ ਅਰਜਨ ਦੇਵ ਪੰਚਮ ਪਾਤਾਹ, ਮਥੁਰਾ ਭੱਟ ਕਹਿੰਦਾ, ਇਹ ਸਾਖਾਤ ਪਰਮੇਰ ਨੇ, ਇਹਨਾਂ ਦੇ ਉੱਤੇ ੱਕ ਨਾ ਕਰਨਾ, ਇਹ ਈਰ ਰੂਪ ਨੇ।

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥
ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ॥

(ਪੰਨਾ ੧੪ ੪)

ਇਹ ਜੋਤੀ ਸਰੂਪ ਨੇ, ਗੁਰੂ ਅਵਤਾਰ ਧਾਰਣ ਕਰਕੇ **ਨਾਨਕ** ਨਾਮ ਕਹਾਇਆ। ਵਾਸਤਵ ਮੇਂ ਇਹ ਜੋਤੀ ਸਰੂਪ ਸੇ। ਇਹਨਾਂ ਨੂੰ ਗੁਰਿਆਈ ਕਿਸੇ ਪੰਚਾਇਤ ਨੇ ਨਹੀਂ ਦਿੱਤੀ, ਕਿਸੇ ਨੇ ਇਕੱਠੇ ਹੋਕੇ ਨਹੀਂ ਦਿੱਤੀ, ਇਹ ਧੁਰੋਂ ਗੁਰੂ ਆਏ ਨੇ, ਇਹ ਜੋਤੀ ਸਰੂਪ ਨੇ। ਜਦ ਸੰਸਾਰ ਦੇ ਵਿਚ ਹਨੇਰ ਮੱਚ ਜਾਂਦਾ ਹੈ, ਉਦੋਂ ਪਰਮੇਰ ਆਪ, ਰੂਪ ਧਾਰਕੇ ਸੁਧਾਰ ਕਰਦਾ ਹੈ। ਏਸ ਕਰਕੇ, ਸ੍ਰੀ ਗੁਰੂ ਅਰਜਨ ਦੇਵ ਜੀ, ਪਰਤੱਖ ਹਰੀ ਨੇ। ਉਹਨਾਂ ਦੁਆਰੇ, ਜੋ ਰੱਬੀ ਬਾਣੀ ਦਾ ਬਦ ਆਇਆ ਹੈ। ਬੋਲ ਭਾਈ–

ਸੂਹੀ ਮਹਲਾ ੫॥

ਸੂਹੀ ਰਾਗ ਦੇ ਵਿੱਚ, ਪੰਚਮ ਪਾਤਾਹ ਸ੍ਰੀ ਗੁਰੂ ਅਰਜਨ ਦੇਵ ਜੀ, ਕਥਨ ਕਰਦੇ ਨੇ –

ਜਿਸ ਕੇ ਸਿਰ ਊਪਰਿ ਤੂੰ ਸੁਆਮੀ

ਹੇ ਸੁਆਮੀ ! ਜਿਸ ਦੇ ਸਿਰ ਦੇ ਉਤੇ ਤੂੰ ਰਾਖਾ ਹੈਂ–

ਰਾਖਾ ਏਕੁ ਹਮਾਰਾ ਸੁਆਮੀ॥ ਸਗਲ ਘਟਾ ਕਾ ਅੰਤਰਜਾਮੀ॥

(ਪੰਨਾ ੧੧੩੬)

ਜੀਹਦਾ ਰਾਖਾ, ਹੇ ਪਰਮੇਰ ! ਤੂੰ ਹੈਂ, ਉਹਦਾ ਕਦੇ ਵੀ ਦੁੱਖ ਦੇ ਵਿਚ ਪ੍ਵੇ ਨਹੀਂ ਹੁੰਦਾ। ਉਹ ਤਾਂ ਪਰਮੇਰ ਦੇ ਪਰਾਇਣ ਹੁੰਦਾ ਹੈ। ਉਸਦੀ ਬਾਬਤ ਤਾਂ ਲਿਖਿਆ ਹੈ–

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥(ਪੰਨਾ ੧੪ ੪)

ਉਹ ਤਾਂ ਜੋਤੀ ਸਰੂਪ ਆਪ ਹੀ ਗੁਰੂ ਨਾਨਕ ਦੇਵ ਨੇ। ਜੋਤੀ ਸਰੂਪ ਜੀਹਦਾ ਰਾਖਾ ਹੈ, ਉਹਨੂੰ ਕੋਈ ਦੁੱਖ ਨਹੀਂ ਹੁੰਦਾ, ਉਹਨੂੰ ਕੋਈ ਤਕਲੀਫ ਨਹੀਂ ਹੁੰਦੀ ਹੈ।

ਸੋ ਦੁਖੁ ਕੈਸਾ ਪਾਵੈ॥

ਉਹ ਦੁਖ ਕੈਸੇ ਪਾਵੇਗਾ ?

ਸੁਖੁ ਦੂਖੁ ਰਹਤ ਸਦਾ ਨਿਰਲੇਪੀ ਜਾ ਕਉ ਕਹਤ ਗੁਸਾਈ॥
ਸੋ ਤੁਮ ਹੀ ਮਹਿ ਬਸੈ ਨਿਰੰਤਰਿ ਨਾਨਕ ਦਰਪਨਿ ਨਿਆਈ॥

(ਪੰਨਾ ੬੩੨)

ਉਹ ਸੁਖ ਦੁਖ ਤੇ ਰਹਿਤ ਜੋ ਸਾਰਿਆਂ ਦਾ ਮੂਲ ਕਾਰਨ, ਕਰਤਾ ਪੁਰ ਹੈ, ਉਹ ਸਾਰੀ ਸ੍ਰਿਟੀ ਬਣਾ ਕੇ, ਉਹਦੇ ਵਿੱਚ ਵਿਆਪਕ ਹੈ। ਜੈਸੇ ਤੁਸੀਂ ਸੋਨੇ ਦਾ ਗਹਿਣਾ ਬਣਾਉਂਗੇ, ਉਸ ਗਹਿਣੇ ਦੇ ਵਿੱਚ ਸਾਰੇ ਚ ਸੋਨਾ ਹੁੰਦੈ। ਏਸ ਕਰਕੇ, ਉਹ ਤੁਹਾਡੀ ਬਿਰਤੀ ਦੇ ਵਿੱਚ, ਤੁਹਾਡਾ ਆਪਾ ਵੀ ਬੈਠੈ, ਉਹ ਕੋਈ ਹੋਰ ਨਹੀਂ ਹੈਗਾ। ਤੁਹਾਨੂੰ ਆਪਣੇ ਆਪ ਦੀ ਪਛਾਣ ਨਹੀਂ ਆਈ ਅੱਜ ਤੱਕ।

ਕਾਹੇ ਰੇ ਬਨ ਖੋਜਨ ਜਾਈ॥
ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥ ੧॥ ਰਹਾਉ॥
ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥
ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ॥੧॥
ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ॥
ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ॥ ੨॥

(ਪੰਨਾ ੬੮੪)

ਜਦ ਤੱਕ ਇਹ ਆਪਣੇ ਆਪ ਨੂੰ ਨਹੀਂ ਚੀਨਦਾ, ਤਦ ਤੱਕ ਭਰਮ ਨਹੀਂ ਮਿਟਦਾ। ਜਦ ਤਕ ਇਹ ਚਾਨਣ ਲੈਕੇ, ਦੀਵਾ ਜਾਂ ਲਾਲਟੈਣ ਲੈਕੇ, ਰੱਸੀ ਨੂੰ ਨਹੀਂ ਦੇਖਦਾ, ਤਦ ਤੱਕ ਇਹਦਾ ਸਰਪ ਦਾ ਭੈ ਨਵਿਰਤ ਨਹੀਂ ਹੁੰਦਾ। ਇਹਦੇ ਅੰਦਰੋਂ ਡਰ ਨਹੀਂ ਜਾਂਦਾ। ਏਸ

ਕਰਕੇ, ਜਦ ਤੱਕ ਇਹ ਆਪਣੇ ਆਪ ਨੂੰ ਨਹੀਂ ਪਛਾਣਦਾ ਤਦ ਤੱਕ ਇਹਦੇ ਅੰਦਰੋਂ ਭੈਅ ਨਹੀਂ ਜਾਂਦਾ। ਉਹ ਰਾਖਾ ਸਾਰਿਆਂ ਦਾ ਏਕੋ ਹੈ। ਸਾਧਨ ਹੁਣ ਇਹਦਾ ਇੱਕੋ ਹੀ ਹੈ।

ਸਿਮਰਿ ਸਿਮਰਿ ਨਾਮੁ ਬਾਰੰ ਬਾਰ॥
ਨਾਨਕ ਜੀਅ ਕਾ ਇਹੈ ਅਧਾਰ॥ (ਪੰਨਾ ੨੯5)

ਇਹ ਜੀਵ ਦਾ ਅਧਾਰ ਹੀ ਸਿਮਰਣ ਹੈ। ਇਹਦਾ ਸਿਮਰਨ ਇਕ ਰਸ ਹੋਵੇ। ਜਦ ਇਹਦਾ ਸਿਮਰਨ ਇਕ ਰਸ ਹੋ ਜਾਏਗਾ, ਗੁਰੂ ਇਹਦੇ ਸੱਜੇ ਪਾਸੇ ਹੋਏਗਾ ਤੇ ਈਰ ਇਹਦੇ ਖੱਬੇ ਪਾਸੇ ਹੋਏਗਾ। ਇਹ ਬਾਤ ਸੰਤ ਲੋਕ ਮੈਨੂੰ ਕਹਿੰਦੇ ਹੁੰਦੇ ਸੀ, ਪਰ ਇਹਦਾ ਜਿਹੜਾ ਸਿਮਰਨ ਹੈ, ਉਹ ਇਕ ਰਸ ਹੋ ਜਾਏ। ਫੇਰ ਪਰਮੇਰ-

ਗੁਰੁ ਮੇਰੈ ਸੰਗਿ ਸਦਾ ਹੈ ਨਾਲੇ॥ ਸਿਮਰਿ ਸਿਮਰਿ ਤਿਸੁ ਸਦਾ ਸਮ~ਾਲੇ॥ (ਪੰਨਾ ੩੯੪)

ਉਹ ਤੇਰੀ ਸੰਭਾਲ ਕਰੇਗਾ ਪਰ ਸਿਮਰਨ ਨਾ ਛੱਡੀਂ।

ਖੋਜਤ ਖੋਜਤ ਤਤੁ ਬੀਚਾਰਿਓ ਦਾਸ ਗੋਵਿੰਦ ਪਰਾਇਣ॥
ਅਬਿਨਾਸੀ ਖੇਮ ਚਾਹਹਿ ਜੇ ਨਾਨਕ ਸਦਾ ਸਿਮਰਿ ਨਾਰਾਇਣ॥
(ਪੰਨਾ ੭੧੪)

ਜੇ ਤੂੰ ਅਬਿਨਾਸੀ ਪਦ ਦੀ ਚਾਹਨਾਂ ਰੱਖਦਾ ਹੈਂ, ਜੇ ਤੂੰ ਮੋਕ ਪਦ ਦੀ ਇੱਛਾ ਰੱਖਦਾ ਹੈਂ, ਤੂੰ ਸਦਾ ਉਸ ਪਰਮੇਰ ਦਾ ਸਿਮਰਨ ਨਾ ਛੱਡੀਂ, ਨਮਿੱਤ ਆਪ ਬਣੇਗਾ। ਉਹ ਘਾਹੀ ਜਿਹੜਾ ਸੀ, ਉਹ ਸਿਮਰਨ ਕਰਦਾ ਸੀ ਤੇ ਆਪਣੀ ਰੋਟੀ ਜੋਗਾ ਉਹ ਘਾਹ ਖੋਤਦਾ ਸੀ। ਵੇਚਕੇ, ਉਹ ਆਪਣੀ ਰੋਟੀ ਖਾ ਲੈਂਦਾ ਸੀ। ਸਿਮਰਨ ਉਹਦਾ ਕਿਸੇ ਸੰਤ ਦੇ ਨਾਲ ਮਿਲਕੇ ਚਲਦਾ ਸੀ। ਉਹਨੂੰ ਗੁਰੂ ਦੀ ਜਰੂਰਤ ਸੀ। ਜਦ ਗੁਰੂ ਛੇਵੇਂ ਪਾਤਾਹ ਆਏ, ਸਬੱਬ ਬਣ ਗਿਆ। ਉਹ ਕਾਜੀਆਂ, ਮੁੱਲਾਂ ਸਾਰਿਆਂ ਨੇ ਸਲਾਹ ਕੀਤੀ ਕਿ ਜਦ ਕੋਈ ਬਾਹਰੋਂ ਆਉਂਦੈ, ਉਹ ਪੁੱਛਦੈ ਸੱਚੇ ਪਾਤਾਹ ਦਾ ਤੰਬੂ ਕਿਹੜਾ ਹੈ ? ਇਹ ਗੁਰੂ ਦਾ ਤੰਬੂ ਦੱਸਦੇ ਨੇ ਤੇ ਤੁਹਾਨੂੰ ਝੂਠੇ ਪਾਤਾਹ ਕਹਿੰਦੇ ਨੇ। ਇਹਦੇ ਵਿਚ

ਤੁਹਾਡੀ ਹੱਤਕ ਹੈ। ਅਸੀਂ ਸਾਮਾਨ ਦਿੰਦੇ ਹਾਂ, ਤੰਬੂ ਸਾਡਾ ਹੈ, ਸਾਮਾਨ ਸਾਡਾ ਹੈ, ਪਰ ਤੁਹਾਨੂੰ ਉਹ ਝੂਠੇ ਪਾਤਾਹ ਕਹਿੰਦੇ ਨੇ ਸਿੱਖ। ਸੱਚਾ ਪਾਤਾਹ, ਇਹ ਗੁਰੂ ਛੇਵੇਂ ਪਾਤਾਹ ਗੁਰੂ ਹਰਿ ਗੋਬਿੰਦ ਸਾਹਿਬ ਨੂੰ ਕਹਿੰਦੇ ਨੇ। ਇਹ ਬਾਤ ਜਦ ਹੋਈ, ਉਹਨਾਂ ਨੇ ਸਲਾਹ ਕੀਤੀ, ਬਈ ਸੰਤਰੀ ਨੂੰ ਕਹਿ ਦਿਉ, ਬਈ ਜਿਹੜਾ ਸਵੇਰੇ ਆਵੇ, ਉਹ ਜਦ ਪੁੱਛੇ , ਬਈ ਸੱਚੇ ਪਾਤਾਹ ਦਾ ਤੰਬੂ ਕਿਹੜਾ ਹੈ ? ਤਾਂ ਜਹਾਂਗੀਰ ਦਾ ਤੰਬੂ ਦੱਸੇ। ਐਸਾ ਹੀ ਹੋਇਆ, ਉਹਨੇ ਜਹਾਂਗੀਰ ਦਾ ਤੰਬੂ ਦੱਸ ਦਿੱਤਾ। ਜਹਾਂਗੀਰ ਬੈਠਾ ਸੀ, ਉਹ ਗਿਆ ਸਿੱਖ ਘਾਹੀ, ਉਹਨੇ ਜਾਕੇ ਜੋ ਉਹਦੇ ਪਹਿਲੇ ਦਿਨ ਦੇ ਪੈਸੇ ਸੀ, ਉਹ ਅੱਗੇ ਰੱਖ ਦਿੱਤੇ, ਰੋਟੀ ਨਹੀਂ ਉਸ ਦਿਨ ਉਸਨੇ ਖਾਧੀ, ਬਈ ਇਹ ਗੁਰੂ ਨੂੰ ਭੇਟਾ ਕਰਾਂਗਾ। ਤੇ ਫਿਰ ਉਹਨੇ ਡੰਡਉਤ ਕੀਤੀ, ਪ੍ਰਕਰਮਾ ਕੀਤੀ, ਹੱਥ ਜੋੜ ਕੇ ਖੜ੍ਹਾ ਹੋ ਗਿਆ। ਉਸਨੇ ਪੁੱਛਿਆ ਕੀ ਚਾਹੁੰਨੈ ? ਅਖੇ, ਜੀ ਮੋਕ। ਉਹ ਨਾਲ ਖੜੇ ਅਹਿਲਕਾਰ ਨੇ ਆਖਿਆ, ਇੱਕ ਖੂਹ ਲੈ ਲਉ, ਇੱਕ ਪਿੰਡ ਲੈ ਲਉ, ਤੈਨੂੰ ਨਾਮ ਬਣਾ ਦਿੰਦੇ ਹਾਂ ਏਸ ਇਲਾਕੇ ਦਾ, ਤੂੰ ਐਵੇਂ ਕਿਉਂ ਦੁੱਖ ਪਾਉਂਦਾ ਹੈ ? ਜੋ ਕੁੱਝ ਵੀ ਉਹਨਾਂ ਨੇ ਕਿਹਾ। ਉਹ ਕਹਿੰਦਾ, ਮੈਨੂੰ ਤਾਂ ਤਿੰਨਾਂ ਲੋਕਾਂ ਦੀ ਲੋੜ ਨਹੀਂ, ਮੈਂ ਤਾਂ ਮੁਕਤੀ ਲੈਣੀ ਹੈ। ਗੁਰੂ ਦੇ ਪਾਸੋਂ ਮੁਕਤੀ ਮੰਗੀਦੀ ਹੈ, ਹੋਰ ਕੋਈ ਚੀਜ ਨਹੀਂ ਮੰਗੀਦੀ। ਤੇ ਜਦ ਉਸਨੇ ਇਹ ਆਖਿਆ, ਉਹ ਜਹਾਂਗੀਰ ਕਹਿੰਦਾ, ਭਾਈ ! ਸੱਚੇ ਪਾਤਾਹ ਦਾ ਤੰਬੂ ਹੈ ਉਹ, ਮੁਕਤੀ ਵਾਲੇ ਦਾ, ਤੇ ਮੈ ਹਾਂ ਝੂਠਾ ਪਾਤਾਹ। ਇਹਨਾਂ ਨੇ ਇਹ ਗਲਤੀ ਕੀਤੀ ਹੈ। ਉਹ ਘਾਹੀ ਚਲਾ ਗਿਆ, ਉਸਨੇ ਆਪਣੇ ਪੈਸੇ ਚੁੱਕੇ ਤੇ ਜਾਕੇ ਉਹਨੇ ਗੁਰੂ ਸਾਹਿਬ ਦੇ ਅੱਗੇ ਰੱਖ ਦਿੱਤੇ। ਜੋ ਕਿਰਿਆ ਉੱਥੇ ਕੀਤੀ ਸੀ, ਉਹੀ ਕੀਤੀ। ਜਦ ਉਹ ਸਾਹਮਣੇ ਹੱਥ ਜੋੜ ਕੇ ਖੜ੍ਹਾ ਹੋ ਗਿਆ। ਗੁਰੂ ਸਾਹਿਬ ਕਹਿੰਦੇ, ਕੀ ਮੰਗਦਾ ਹੈਂ ? ਕੀ ਇੱਛਾ ਹੈ ? ਉਹਨੇ ਆਖਿਆ, ਜੀ ਮੁਕਤੀ। ਉਹ ਕਹਿੰਦੇ, ਸਾਡੀ ਅੱਖ ਨਾਲ ਅੱਖ ਮਿਲਾ। ਉਹਨੇ ਮਿਲਾਈ, **ਨਦਰੀ ਨਦਰਿ ਨਿਹਾਲ** ਹੋ ਗਿਆ। ਕਿਉਂ ਹੋ ਗਿਆ ? ਕਿਉਂਕਿ ਉਹਦੀ ਹੋਰ ਕੋਈ ਇੱਛਾ ਹੀ ਨਹੀਂ ਸੀ ਮੁਕਤੀ ਤੋਂ ਬਿਨਾਂ। ਤੇ ਸਾਡੇ ਅੰਦਰ ਨੇ

ਨਾਨਾ ਕਾਮਨਾ, ਨਾਨਾ ਵਾਨਾਂ। ਕਹਿਣਾ ਕੁੱਛ ਹੋਰ, ਤੇ ਕਰਨਾ ਕੁੱਛ ਹੋਰ, ਦਿਖਾਉਣਾ ਕੁੱਛ ਹੋਰ ਤੇ ਕਰਨਾ ਕੁੱਛ ਹੋਰ ਤੇ ਉਹਦੇ ਅੰਦਰ ਤਾਂ ਇਹ ਬਾਤ ਨਹੀਂ ਸੀ। ਉਹਦੀ ਤਾਂ ਬਿਰਤੀ ਸਿਮਰਨ ਨਾਲ ਜੁੜੀ ਹੋਈ ਸੀ, ਹੁਣ ਇੱਕ ਗੁਰੂ ਦੀ ਜਰੂਰਤ ਸੀ।

ਨਾ ਹਰਿ ਭਜਿਓ ਨ ਗੁਰ ਜਨੁ ਸੇਵਿਓ ਨਹ ਉਪਜਿਓ ਕਛੁ ਗਿਆਨਾ॥
ਘਟ ਹੀ ਮਾਹਿ ਨਿਰੰਜਨੁ ਤੇਰੈ ਤੈ ਖੋਜਤ ਉਦਿਆਨਾ॥

(ਪੰਨਾ ੬੩੨)

ਤੂੰ ਤਾਂ ਸੰਸਾਰ ਜੰਗਲ ਨੂੰ ਖੋਜਦਾ ਫਿਰਦਾ ਹੈਂ। ਤੂੰ ਤਾਂ ਬਦ, ਸਪਰ, ਰੂਪ, ਰਸ, ਗੰਧ ਵਿਿਆਂ ਦੇ ਵਿਚ ਭੱਜਿਆ ਫਿਰਦਾ ਹੈਂ। ਕਾਮ, ਕਰੋਧ, ਲੋਭ, ਮੋਹ, ਹੰਕਾਰ ਆਦਿ ਵਿਕਾਰਾਂ ਦੇ ਵਿਚ ਭੱਜਿਆ ਫਿਰਦਾ ਹੈਂ। ਤੈਨੂੰ ਮੁਕਤੀ ਕਿੱਥੇ ? ਏਸ ਕਰਕੇ, ਉਹ ਸਿਮਰਨ ਨਾਲ ਜੁੜਿਆ ਹੋਇਆ ਸੀ, ਗੁਰੂ ਨੇ ਕਿਰਪਾ ਕਰ ਦਿੱਤੀ, ਉਹਨੇ ਆਖਿਆ ਨਿਹਾਲ ! ਨਿਹਾਲ ! ਨਿਹਾਲ ! ਜਹਾਂਗੀਰ ਕਹਿੰਦਾ, ਜੀ ਮੈਂ ਕੋਈ ਬੇਨਤੀ ਕਰ ਸਕਦਾਂ ? ਕਹਿੰਦੇ ਹਾਂ ਕਰ ਸਕਦੈਂ। ਕਹਿੰਦਾ, ਹਿੰਦੂਆਂ ਦੀ ਮੁਕਤੀ ਕਿੰਨੀ ਸਸਤੀ ਹੈ, ਐਨੇ ਕੁ ਪੈਸਿਆਂ ਨੂੰ ਆ ਜਾਂਦੀ ਹੈ। ਅਖੇ, ਤੂੰ ਕੀ ਦਿੰਦਾ ਸੀ ? ਅਖੇ, ਜੀ ਇਹਨੂੰ ਸਾਰਿਆਂ ਅਹਿਲਕਾਰਾਂ ਨੇ ਆਖਿਆ, ਬਈ ਤੂੰ ਇਲਾਕੇ ਦਾ ਮਾਲਕ ਬਣ ਜਾ। ਫਿਰ ਇਹਨੇ ਕੀ ਕਿਹਾ ? ਇਹਨੇ ਆਖਿਆ, ਮੈਨੂੰ ਤਿੰਨਾਂ ਲੋਕਾਂ ਦੀ ਲੋੜ ਨਹੀਂ, ਮੈਂ ਤਾਂ ਮੁਕਤੀ ਲੈਣੀ ਹੈ ਗੁਰੂ ਤੋਂ। ਫਿਰ ਗੁਰੂ ਸਾਹਿਬ ਕਹਿੰਦੇ, ਇਹਨੂੰ ਕਿਉਂ ਨਾ ਦਿੱਤੀ ਜਾਵੇ, ਇਹ ਤਾਂ ਅਧਿਕਾਰੀ ਸੀ, ਇਹਦਾ ਅੰਤਹਕਰਣ ੁੱਧ, ਸਿਮਰਨ ਨੇ ਕਰ ਦਿੱਤਾ, ਤੇ ਸਿਮਰਨ ਵਾਲੇ ਨੂੰ ਮੁਕਤੀ ਮਿਲਦੀ ਹੁੰਦੀ ਹੈ, ਇਹ ਤਾਂ ਫਿਰ ਠੀਕ ਹੈ। ਤੇ ਏਸ ਕਰਕੇ ਜਦ ਤੱਕ ਇਹ ਪਰਮੇਰ ਦੇ ਨਾਮ ਨਾਲ ਨਹੀਂ ਜੁੜਦਾ ਤਦ ਤੱਕ ਇਹਦਾ ਕੋਈ ਕਾਜ ਨਹੀਂ ਚੱਲੇਗਾ। ਉਹ ਮਨ ਜਿਹੜਾ ਹੈ, ਉਹ ਦੁਨੀਆਂ ਦੇ ਵਿਚ ਰੁਝ ਗਿਆ, ਕੁੱਛ ਤਾਂ ਰਸਾਂ ਵਿਚ ਰੁਝ ਗਿਆ,

ਕੁਛ ਫਲਾਣਾ, ਧਿਮਕਾ। ਇਹ ਗਲਤ ਰਸਤੇ ਪੈ ਗਿਆ, ਇਹਨੇ ਸਿਮਰਨ ਨਹੀਂ ਸੀ ਛੱਡਣਾ।

ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥

(ਪੰਨਾ ੧੩੭੬)

ਇਹਨੇ ਚਿੱਤ ਨਿਰੰਜਨ ਲਾਲ ਜੋੜਨਾ ਸੀ, ਹੱਥਾਂ ਪੈਰਾਂ ਨਾਲ ਦੁਨੀਆਂ ਦਾ ਕੰਮ ਕਰਨਾ ਸੀ। ਵਿਹਾਰ ਔਰ ਪਰਮਾਰਥ ਕਦੇ ਇੱਕਠੇ ਨਹੀਂ ਹੋਏ, ਇਹਨੇ ਇੱਕਠੇ ਕਰ ਦਿੱਤੇ। ਵਿਵਹਾਰ ਹੁੰਦਾ ਹੈ ਮਾਇਆ ਦਾ ਵਿਹਾਰ। ਪਰਮਾਰਥ ਹੁੰਦਾ ਹੈ ਨਾਮ ਦਾ ਸਿਮਰਨ। ਨਾਮ ਵਾਪਾਰ ਤੇ ਮਾਇਆ ਵਿਹਾਰ ਕਦੇ ਇਕੱਠੇ ਨਹੀਂ ਹੋਏ। ਇਹ ਮਾਇਆ ਵਿਹਾਰ ਨੂੰ ਉਸ ਜਗ੍ਹਾ ਵਰਤਦੈ, ਜਿੱਥੇ ਇਹਨੇ ਸਿਮਰਨ ਵਰਤਣਾ ਸੀ। ਨਾਮ ਵਾਪਾਰ ਇਹਨੂੰ ਥਿਆਇਆ ਨਹੀਂ, ਮਾਇਆ ਦੇ ਵਿਹਾਰ ਦੇ ਵਿਚ ਵਰਤਦੈ, ਏਸੇ ਕਰਕੇ ਗਲਤੀ ਵਿਚ ਚਲਿਆ ਜਾਂਦੈ। ਉਹ, ਜਿਸਦੇ ਉਤੇ ਪਰਮੇਰ ਦੀ ਕਿਰਪਾ ਹੈ, ਉਹ ਦੁੱਖ ਕੈਸੇ ਪਾਵੇਗਾ ? ਉਹ ਦੁੱਖ ਨਹੀਂ ਕਦੇ ਪਾਏਗਾ।

ਬੋਲਿ ਨ ਜਾਣੈ ਮਾਇਆ ਮਦਿ ਮਾਤਾ

ਮਾਇਆ ਦੇ ਮਦ ਵਿਚ ਐਸਾ ਮਸਤ ਹੋਇਆ, ਬੋਲਿਆ ਨਹੀਂ ਜਾਏਗਾ। ਜਦ ਹਮਾਯੂੰ ਨੇ ਪੁੱਛਿਆ ਨਾਲ-ਦਿਆਂ ਨੂੰ ਬਈ ਦੁਨੀਆਂ ਦੇ ਵਿਚ ਕੋਈ ਐਸਾ ਮਹਾਂਪੁਰ ਹੈ, ਜੋ ਸਾਨੂੰ ਮੁੜ ਕੇ ਰਾਜ ਮਿਲ ਜਾਏ। ਰਾਜ ਤਾਂ ਰ ਹਾ ਸੂਰੀ ਨੇ ਲੈ ਲਿਆ ਸੀਗਾ? ਉਹਨੂੰ ਭਜਾ ਦਿੱਤਾ ਸੀ। ਉਹਨੇ ਆਖਿਆ, ਦੂਸਰੇ ਪਾਤਾਹ ਸ੍ਰੀ ਗੁਰੂ ਅੰਗਦ ਦੇਵ ਜੀ ਖਡੂਰ ਸਾਹਿਬ ਮੇਂ ਜੋਤ ਜਗਾਉਂਦੇ ਨੇ, ਉਹ ਗੁਰੂ ਨਾਨਕ ਦਾ ਰੂਪ ਨੇ।

ਨਾਨਕ ਅੰਗਦ ਕੋ ਬਪੁ ਧਰਾ॥
ਧਰਮ ਪ੍ਰਚੁਰਿ ਇਹ ਜਗ ਮੋ ਕਰਾ॥ (ਬਚਿਤ੍ਰ ਨਾਟਕ)

ਨਾਨਕ ਨੇ, ਉਹ ਦੂਸਰੇ ਸਰੀਰ ਦੇ ਵਿਚ ਆਕੇ, ਉਹੀ ਧਰਮ ਪ੍ਰਚਾਰੁ ਰੂ ਕੀਤਾ।

ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥

(ਪੰਨਾ ੯੬੬)

ਇਕ ਸਰੀਰ ਦੀ ਬਦਲੀ ਹੋਈ ਹੈ, ਜੋਤ ਉਹੀ ਹੈ ਤੇ ਜੁਗਤੀ ਵੀ ਪ੍ਰੇਮਾ ਭਗਤੀ ਦੀ, ਉਹੀ ਹੈ। ਉਹਦੇ ਪਾਸ ਚੱਲੀਏ। ਜਦ ਉਹ ਗਏ, ਗੁਰੂ ਸਾਹਿਬ ਬੱਚਿਆਂ ਦੇ ਘੋਲ (ਕੁਤੀ) ਦੇਖਦੇ ਸੀ, ਮੱਲ ਅਖਾੜੇ ਦੇ ਵਿਚ ਬੈਠੇ ਹੋਏ। ਉਹਨਾਂ ਦੀ ਨਿਗਾਹ ਉੱਧਰ ਸੀ। ਉਹ ਆਕੇ ਹਮਾਯੂੰ ਖੜ੍ਹ ਗਿਆ, ਨਾਲ ਅਹਿਲਕਾਰ ਵੀ। ਜਦ ਗੁਰੂ ਸਾਹਿਬ ਨੇ ਉਹਨੂੰ ਕੋਈ ਆਦਰ ਨਾ ਦਿੱਤਾ, ਉਹਨੂੰ ਬੜਾ ਗੁੱਸਾ ਆਇਆ, ਬਈ ਮੈਂ ਉਥੋ ਤਾਂ ਹਾਰ ਖਾਕੇ ਆਇਆ ਸੀ, ਪਰ ਇਹਨਾਂ ਸੰਤਾਂ ਨੇ ਮੈਨੂੰ ਬਾਦਾਹ ਸਮਝ ਕੇ ਆਉ ਜੀ। ਬੈਠੋ ਜੀ। ਵੀ ਨਹੀਂ ਕਿਹਾ, ਆਦਰ ਨਹੀਂ ਦਿੱਤਾ। ਉਹ ਆਪਣੀ, ਜਿਹੜੀ ਉਹਦੇ ਪਾਸ ਤਲਵਾਰ ਸੀ, ਮੁੱਠ ਫੜਕੇ ਕੱਢਣ ਲੱਗਿਆ, ਨਿਕਲੀ ਨਾ। ਉਹ ਨਿਕਲੇ ਨਾ, ਉਥੇ ਹੀ ਸੁੰਨ ਹੋ ਗਿਆ ਖੜਾ, ਤੇ ਹੁਣ ਉਹ ਬੋਲ ਨਾ ਸਕਿਆ ਕੁੱਛ, ਬੋਲਣਾ ਬੰਦ ਹੋ ਗਿਆ। ਉਹ ਨਾਲ-ਦਿਆਂ ਨੇ ਦੇਖਿਆ, ਬਈ ਇਹ ਤਾਂ ਬੜਾ ਭਾਰੀ ਗਲਤ ਕੰਮ ਹੋ ਗਿਆ। ਉਹਨਾਂ ਨੇ ਆਖਿਆ, ਜੀ ਇਹ ਭੁੱਲ ਗਿਆ, ਗਲਤ ਹੋ ਗਿਆ। ਏਸ ਕਰਕੇ, ਉਹ ਨਾ ਕੁੱਛ ਬੋਲ ਸਕਿਆ, ਨਾ ਕਰ ਸਕਿਆ। ਉਹ ਤਾਂ ਪੂਰਣ ਕਤੀ ਸੀ। ਪੂਰਣ ਕਤੀ ਦੇ ਸਾਹਮਣੇ ਛੋਟੀ ਕਤੀ ਕੁੱਛ ਨਹੀਂ ਕਰ ਸਕਦੀ। ਉਹ ਪੂਰਣ ਕਤੀ ਦੇ ਸਾਹਮਣੇ, ਹਾਰ ਕੇ ਉਹਨਾਂ ਨੇ ਉਹਨੂੰ ਪਾਇਆ ਪੈਰਾਂ ਤੇ, ਮਾਫੀ ਮੰਗੀ। ਗੁਰੂ ਸਾਹਿਬ ਕਹਿੰਦੇ, ਜਿੱਥੇ ਤੂੰ ਤਲਵਾਰ ਚੁੱਕਣੀ ਸੀ, ਉਥੋਂ ਤਾਂ ਤੂੰ ਭੱਜ ਕੇ ਆਇਆ ਹੈਂ, ਤੇ ਫਕੀਰਾਂ ਤੇ ਤੂੰ ਤਲਵਾਰ ਚੁੱਕਦਾ ਹੈਂ। ਕਿੰਨੀ ਗਲਤੀ ਕਰਦਾ ਹੈਂ ? ਉਹਨੇ ਆਖਿਆ, ਜੀ ਮੈਂ ਭੁੱਲ ਗਿਆ। ਜਦ ਬਹੁਤ ਕਿਹਾ, ਇਤਿਹਾਸ ਇਹ ਦੱਸਦਾ ਹੈ, ਉਹਨੇ ਆਖਿਆ, ਜੀ ਮੈਨੂੰ ਫਿਰ ਰਾਜ ਮਿਲ ਜਾਏ। ਗੁਰੂ ਸਾਹਿਬ ਕਹਿੰਦੇ ਬਾਰ੍ਹਾਂ ਸਾਲ ਮਗਰੋਂ ਆਈਂ, ਜਾਹ ਚਲਿਆ ਜਾਹ। ਏਸ ਕਰਕੇ ਬਾਰ੍ਹਾਂ ਸਾਲ ਸੂਰੀ ਨੇ ਰਾਜ ਕੀਤਾ ਤੇ ਆਹ ਸਾਰੀ ਸੜਕ ਕਲਕੱਤੇ ਤੋਂ ਲੈਕੇ ਪਿੰਰ ਤੱਕ, ਉਹਨੇ ਹੀ ਬਣਾਈ ਤੇ ਬੜਾ ਕੰਮ ਕੀਤਾ ਹੈ, ਬਾਰ੍ਹਾਂ

ਸਾਲ ਵਿੱਚ ਦੁਨੀਆਂ ਦਾ। ਏਸ ਕਰਕੇ, ਭਾਈ ! ਉਹ, ਮਾਇਆ ਵਿਚ ਜੋ ਮਸਤ ਹੋਇਆ, ਉਹ ਬੋਲ ਨਹੀਂ ਸਕੇਗਾ, ਕੁੱਛ ਕਹਿ ਨਹੀਂ ਸਕੇਗਾ।

ਮਰਣਾ ਚੀਤਿ ਨ ਆਵੈ॥

ਉਹਨੂੰ ਤਾਂ ਇਹੀ ਨਹੀਂ ਪਤਾ ਕਿ ਮੈਂ ਕੈਸੇ ਮਰਨਾ ਹੈ, ਕੈਸੇ ਜੰਮਣਾ ਹੈ। ਉਹਨੂੰ ਤਾਂ ਜਨਮ ਮਰਨ ਦੀ ਵੀ ਸੁਰਤ ਨਹੀਂ ਹੈ। ਹੋਰ ਕਾਸੇ ਦੀ ਤਾਂ ਕਿਆ ਹੋਣੀ ਹੈ ? ਉਹਨੂੰ ਤਾਂ ਇਉਂ ਵੀ ਨਹੀਂ ਪਤਾ ਕਿ ਮੈਂ ਜਨਮ ਮਰਨ ਵਾਲਾ ਜੀਵ ਹਾਂ। ਜਦ ਤੱਕ ਇਹਦੇ ਅੰਦਰ ਪ੍ਰਛਿੰਨ ਹੰਕਾਰ ਹੈ, ਇਹਦੇ ਮਨ ਦੇ ਵਿਚ ਪ੍ਰਛਿੰਨ ਹੰਕਾਰ ਹੈ, ਅਨਾਤਮਾ ਮੇਂ ਆਤਮ ਬੁੱਧੀ ਹੈ, ਤਬ ਤੱਕ ਇਹ ਜੀਵ-ਆਤਮਾ ਹੈ। ਜਦ ਇਹਦਾ ਹੰਕਾਰ, ਜਦ ਇਹਦੀ ਬਿਰਤੀ, ਸਹੀ ਆਪਣੇ ਸਰੂਪ ਵਿਚ ਠਹਿਰ ਜਾਊ, ਉਸ ਸਮੇਂ ਇਹਦਾ ਪ੍ਰਛਿੰਨ ਹੰਕਾਰ ਨਵਿਰਤ ਹੋਏਗਾ। ਉਸੇ ਸਮੇਂ ਇਹ ਆਤਮ ੁੱਧ ਹੋ ਜਾਏਗਾ, ਉਹੀ ਆਤਮਾ ਪ੍ਰਮਾਤਮਾ ਹੈ।

ਜਿਨੀ ਆਤਮੁ ਚੀਨਿਆ ਪਰਮਾਤਮੁ ਸੋਈ॥
ਏਕੋ ਅੰਮ੍ਰਿਤ ਬਿਰਖੁ ਹੈ ਫਲੁ ਅੰਮ੍ਰਿਤੁ ਹੋਈ॥ (ਪੰਨਾ ੪੨੧)

ਏਸ ਕਰਕੇ, ਜਦ ਉਸ ਪਰਮੇਰ ਦੀ ਕਿਰਪਾ ਹੋ ਜਾਏ, ਸਾਰੇ ਕਾਰਜ ਸਿੱਧ ਹੋ ਜਾਂਦੇ ਨੇ।

ਮੇਰੇ ਰਾਮ ਰਾਇ ਤੂੰ ਸੰਤਾ ਕਾ ਸੰਤ ਤੇਰੇ॥

ਹੇ ਮੇਰੇ **ਰਾਮ** ! ਵਿਆਪਕ, **ਰਾਇ** ਮਹਿਨੇ ਪ੍ਰਕਾ ਰੂਪ ਚੇਤਨ, ਤੂੰ ਸੰਤਾਂ ਦਾ ਤੇ ਸੰਤ ਤੇਰੇ ਨੇ। ਸੰਤਾਂ ਦਾ ਔਰ ਪਰਮੇਰ ਦਾ ਫਰਕ ਨਹੀਂ।

ਪ੍ਰੇਮ ਭਗਤਿ ਉਧਰਹਿ ਸੇ ਨਾਨਕ
ਕਰਿ ਕਿਰਪਾ ਸੰਤੁ ਆਪਿ ਕਰਿਓ ਹੈ॥ (ਪੰਨਾ ੧੩੪੪)

ਸੰਤੁ ਕੀਹਦਾ ਨਾਮ ਹੈ ? ਜੀਹਨੇ ਆਪਣੇ ਸਰੂਪ ਨੂੰ ਸਾਖਿਆਤ ਕਰ ਲਿਆ ਸਰੀਰ ਦੇ ਵਿਚ, ਉਹਨੂੰ ਜੀਵਨ ਮੁਕਤ ਵੀ ਕਹਿੰਦੇ ਨੇ

, ਬ੍ਰਹਮ ਗਿਆਨੀ ਵੀ ਕਹਿੰਦੇ ਨੇ। ਏਸ ਕਰਕੇ, ਉਹ ਸੰਤ ਹੈਗਾ, ਉਹ ਜੋਤ ਹੈ। ਜਦ ਉਹਨੇ ਆਪਣੀ ਉਸ ਜੋਤ ਨੂੰ, ਜੋਤੀ ਵਿਆਪਕ ਜਾਣ ਲਿਆ, ਉਹਦੀ ਬਿਰਤੀ ਬ੍ਰਹਮਾਕਾਰ ਹੋ ਗਈ, ਲਿਵ ਲੱਗ ਗਈ।

ਤੇਰੇ ਸੇਵਕ ਕਉ ਭਉ ਕਿਛੁ ਨਾਹੀ

ਤੇਰੇ ਸੇਵਕ ਨੂੰ ਕਦੇ ਕੋਈ ਭਉ ਨਹੀਂ ਹੁੰਦਾ। ਤੇਰੇ ਸੇਵਕ ਨੂੰ ਡਰ ਨਹੀਂ ਹੁੰਦਾ। ਬ੍ਰਹਮ ਗਿਆਨੀ ਨੂੰ ਕਦੇ ਭੈਅ ਹੁੰਦਾ ਹੀ ਨਹੀਂ। ਨਾ ਉਹ ਭੈਅ ਦਿੰਦਾ ਹੈ। ਏਸ ਕਰਕੇ ਬ੍ਰਹਮ ਗਿਆਨੀ ਦਾ ਲੱਛਣ ਹੀ ਇਹ ਲਿਖਿਆ ਹੈ–

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥

(ਪੰਨਾ ੧੪੨੭)

ਉਹ ਬ੍ਰਹਮ ਗਿਆਨੀ ਹੈ।

ਜਮੁ ਨਹੀ ਆਵੈ ਨੇਰੇ॥ ਰਹਾਉ॥

ਜਮਾਂ ਦੇ ਨਾਲ ਉਹਦਾ ਕੋਈ ਸੰਬੰਧ ਹੀ ਨਹੀਂ ਰਿਹਾ। ਜੇ ਉਹ ਉਪਾਕ ਵੀ ਹੋਏਗਾ, ਸਿੱਧਾ ਸਚਖੰਡ ਨੂੰ ਜਾਏਗਾ। ਜੇ ਮੁਕਤ ਹੋ ਗਿਆ ਤਾਂ ਕੋਈ ਝਗੜਾ ਨਹੀਂ। ਕਿਉਂ ? ਇਹ ਤਾਂ ਜਿਉਂਦਾ ਹੀ ਮੁਕਤ ਹੈ ਤੇ ਏਸ ਕਰਕੇ ਜਮ ਦੇ ਨਾਲ ਉਹਦਾ ਕੋਈ ਕੰਮ ਨਹੀਂ ਰਿਹਾ।

ਜੋ ਤੇਰੈ ਰੰਗਿ ਰਾਤੇ ਸੁਆਮੀ

ਹੇ ਮਾਲਕ ! ਹੇ ਪਰੀਪੂਰਣ ਪਰਮੇਰ ! ਤੇਰੇ ਰੰਗ ਦੇ ਵਿਚ ਜਿਨ੍ਹਾਂ ਦਾ ਮਨ ਰੱਤ ਗਿਆ, ਇਕ ਹੋ ਗਿਆ, ਜਿਨ੍ਹਾਂ ਦਾ ਮਨ, ਨਾਮ ਨਾਲ ਮਿਲਕੇ ਨਾਮੀ ਨਾਲ ਇਕ ਹੋ ਗਿਆ।

ਤਿਨ ਕਾ ਜਨਮ ਮਰਣ ਦੁਖੁ ਨਾਸਾ॥

ਇੱਥੇ ਜਾਕੇ ਜੀਵ ਦਾ ਜਨਮ ਤੇ ਮਰਣ ਦੋਵੇਂ ਦੁੱਖ ਨਾਸ ਹੋ ਜਾਏ ਂਗੇ, ਸਾਰੇ ਦੁੱਖ ਨਾਸ ਹੋ ਜਾਏਂਗੇ, ਇਹ ਤਾਂ ਵਿਆਪਕ ਨਾਲ ਇੱਕ ਹੋ ਗਿਆ। ਪਹਿਲਾਂ ਵੀ ਤਾਂ ਇਹ ਚੇਤਨ ਸੀ, ਪਹਿਲਾਂ ਕਿਹੜਾ ਜੜ੍ਹ

ਸੀਗਾ ? ਦੋਵੇਂ ਪਦਾਰਥ ਨੇ, ਇਕ ਜੜ੍ਹ ਤੇ ਇਕ ਚੇਤਨ, ਇਕ ਅਨਿੱਤ ਤੇ ਇਕ ਨਿੱਤ, ਇਕ ਸਤਿ ਤੇ ਇਕ ਅਸਤਿ, ਇਕ ਵਿਆਪਕ ਤੇ ਇਕ ਪ੍ਰਿਛਿੰਨ। ਇਹ ਤਾਂ ਅਲਹਿਦਾ ਅਲਹਿਦਾ ਨੇ ਪਰ ਇਹ ਤਾਂ ਸਤਿ ਹੈ। ਤੁਸੀਂ ਆਪਣੇ ਅੰਦਰ ਦੇਖੋ ਜੇ ਇਹ ਸਤਿ ਨਾ ਹੁੰਦਾ ਤਾਂ ਮਨ ਦੀ ਕਲਪਣਾ ਨੂੰ ਕੌਣ ਦੇਖਦਾ ? ਉਹ–

ਦਾਨਾ ਬੀਨਾ ਸਾਈ ਮੈਡਾ ਨਾਨਕ ਸਾਰ ਨਾ ਜਾਣਾ ਤੇਰੀ॥

(ਪੰਨਾ 5੨)

ਉਹਦੀ, ਅਸੀਂ ਸਾਰ ਨਹੀਂ ਜਾਣਦੇ, ਜਿਹੜਾ ਦੇਖਣੇ ਜਾਨਣੇ ਵਾਲਾ ਪਰਮੇਰ, ਚੇਤਨ, ਆਤਮਾ ਹੈ, ਉਹੀ ਸਾਈਂ ਮਾਲਕ ਹੈ। ਉਹਦੀ ਅਸੀਂ ਸਾਰ ਨਹੀਂ ਜਾਣੀ, ਸਾਡੀ ਬੁੱਧੀ ਸਮਝੀ ਨਹੀਂ।

ਕਥਨੀ ਬਦਨੀ ਕਹਨੁ ਕਹਾਵਨੁ॥

ਸਮਝਿ ਪਰੀ ਤਉ ਬਿਸਰਿਓ ਗਾਵਨੁ॥ (ਪੰਨਾ ੪੭੪)

ਉਥੇ ਤਾਂ **ਗਾਵਨੁ** ਵਿਸਰ ਜਾਏਗਾ, ਇਹ **ਗਾਵਨੁ** ਹਉਮੈ ਵਿਚ ਹੁੰਦੈ।

ਹਉਮੈ ਵਿਚਿ ਗਾਵਹਿ ਬਿਰਥਾ ਜਾਇ॥ (ਪੰਨਾ 158)

ਕਬੀਰ ਸਾਹਿਬ ਕਹਿੰਦੇ, ਓਏ ! ਹੰਕਾਰ ਵਿਚ ਜਿੰਨਾ ਤੂੰ ਗਾਏਂਗਾ, ਸਭ ਬੇਅਰਥ ਜਾਏਗਾ। ਜਦ ਤੂੰ ਹੰਕਾਰ ਨੂੰ ਤਿਆਗ ਕੇ, ਇਕ ਵਾਰੀ ਵੀ ਪਰਮੇਰ ਦਾ ਨਾਮ ਲਿਆ। ਪਰਮੇਰ ਤਾਂ ਤੇਰਾ ਆਪਣਾ ਆਪ ਹੈ, ਸਾਖਾਤ ਹੈ, ਪਰੀਪੂਰਣ ਹੈ, ਪਰ ਉਥੇ ਤੇਰੀ ਬਿਰਤੀ ਨਹੀਂ। ਤੇਰੀ ਬਿਰਤੀ ਬ੍ਰਹਮਾਕਾਰ ਹੋਣੀ ਚਾਹੀਦੀ ਹੈ, ਤੇਰੀ ਲਿਵ ਹੋਣੀ ਚਾਹੀਦੀ ਹੈ, ਲਿਵ ਤੋਂ ਅਬਿਨਾਸੀ ਪਦ ਦੀ ਪ੍ਰਾਪਤੀ ਹੈ।

ਤੇਰੀ ਬਖਸ ਨ ਮੇਟੈ ਕੋਈ

ਜਾ ਕਉ ਅਪੁਨੀ ਕਰੈ ਬਖਸੀਸ॥

ਤਾ ਕਾ ਲੇਖਾ ਨ ਗਨੈ ਜਗਦੀਸ॥ (ਪੰਨਾ ੨੭੭)

ਤੇਰੀ ਬਖਸ਼ ਨੂੰ ਮੇਟਣੇ ਵਾਲਾ ਦੁਨੀਆਂ ਚ ਕੋਈ ਪੈਦਾ ਨਹੀਂ

ਹੋਇਆ। ਜਦ ਇਹ ਬਖਿਆ ਗਿਆ ਤਾਂ ਇਹ ਅਬਿਨਾਸੀ ਪਦ ਨੂੰ ਪ੍ਰਾਪਤ ਹੋ ਗਿਆ, ਇਕ ਹੋ ਗਿਆ।

ਸਤਿਗੁਰ ਕਾ ਦਿਲਾਸਾ॥

ਇਹ ਸਤਿਗੁਰ ਦਾ ਦਿਲਾਸਾ ਹੈ, ਸਤਿਗੁਰੂ ਦੀ ਕਿਰਪਾ ਹੈ, ਸਤਿਗੁਰੂ ਦੀ ਦਇਆ ਹੈ।

ਨਾਮੁ ਧਿਆਇਨਿ ਸੁਖ ਫਲ ਪਾਇਨਿ

ਨਾਮ ਧਿਆਏਗਾ ਜਿਹੜਾ, ਉਹੀ ਸੁਖ ਫਲ ਪਾਏਗਾ। ਸੁਖ ਹੈਗਾ ਪਰਮੇਰ। ਉਹ ਸੁਖ ਸਰੂਪ ਹੈ, ਆਤਮਾ ਸੁਖ ਸਰੂਪ ਹੈ, ਪਰਮਾਤਮਾ। ਜੋ ਨਾਮ ਧਿਆਏਂਗੇ, ਉਹ **ਸੁਖ ਫਲ** ਪਰਮੇਰ ਨੂੰ ਪਾ ਲਏਂਗੇ, ਫਿਰ ਉਹਨਾਂ ਨੂੰ ਕੋਈ ੱਕ ਨਹੀਂ ਰਹੇਗਾ।

ਆਠ ਪਹਰ ਆਰਾਧਹਿ॥

ਫਿਰ ਉਹ ਅੱਠ ਪਹਿਰ ਅਰਾਧਨ ਕਰੇਗਾ। ਬ੍ਰਹਮ ਗਿਆਨੀ ਦਾ ਭਜਨ ਅੱਠੇ ਪਹਿਰ ਹੀ ਹੁੰਦੈ, ਨਿੱਤ ਸਮਾਧੀ ਹੁੰਦੀ ਹੈ। ਉਹ ਅੱਠੇ ਪਹਿਰ ਫਿਰ ਭਜਨ ਕਰੇਂਗੇ, ਉਹ ਕਦੇ ਪਰਮੇਰ ਨੂੰ ਭੁੱਲਦੇ ਨਹੀਂ ਹਨ।

ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥

(ਪੰਨਾ ੨)

ਗੁਰੂ ਸਾਹਿਬ ਕਹਿੰਦੇ, ਜਿਹੜਾ ਸਾਰੇ ਜੀਆਂ ਦਾ ਦਾਤਾ ਹੈ, ਉਹ ਮੈਨੂੰ ਕਦੇ ਭੁੱਲਦਾ ਨਹੀਂ। ਹੇ ਪਰਮੇਰ ! ਮੇਰੇ ਤੇ ਦਇਆ ਕਰ, ਜਿਹੜਾ ਸਭਨਾਂ ਜੀਆਂ ਦਾ ਦਾਤਾ ਹੈ, ਉਹ ਪਰਮੇਰ ਮੈਨੂੰ ਕਦੇ ਭੁੱਲੇ ਨਾ।

ਤੇਰੀ ਸਰਣਿ ਤੇਰੈ ਭਰਵਾਸੈ

ਮੈਂ ਤੇਰੇ ਆਸਰੇ ਨਾਲ, ਤੇਰੀ ਰਣ ਪਿਆ ਹਾਂ, ਤੇਰੀ ਦਇਆ ਨਾਲ, ਮੈਂ ਤੇਰੀ ਰਣ ਪਿਆ ਹਾਂ।

ਪੰਚ ਦੁਸਟ ਲੈ ਸਾਧਹਿ॥

ਕਾਮ, ਕਰੋਧ, ਲੋਭ, ਮੋਹ, ਹੰਕਾਰ ਇਹ ਪੰਜ ਦੁਟ ਨੇ, ਇਹ ਸਾਧ ਲਏ ਨੇ, ਵੱਸ ਮੇਂ ਹੋ ਗਏ ਨੇ। ਹੁਣ ਮੇਰਾ ਮਨ, ਇਹਨਾਂ ਦੇ ਵੱਸ ਨਹੀਂ,

ਇਹ ਮੇਰੇ ਵੱਸ ਹੋ ਗਏ। ਕਿਉਂ ?

ਮਨੁ ਬਸਿ ਆਵੈ ਨਾਨਕਾ ਜੇ ਪੂਰਨ ਕਿਰਪਾ ਹੋਇ॥

(ਪੰਨਾ ੨੯੪)

ਹੁਣ ਪੂਰਣ ਕਿਰਪਾ ਹੋ ਗਈ, ਮਨ ਮੇਰੇ ਵੱਸ ਮੇਂ ਹੈ। ਉਹ ਜਦ ਮਨ ਵੱਸ ਮੇਂ ਹੈ ਤਾਂ ਉਹਦੇ ਚੇਲੇ ਨੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ। ਉਹ ਮੈਂ ਸਾਧ ਲਏ, ਨੱਸ ਗਏ, ਵੱਸ ਕਰ ਲਏ।

ਗਿਆਨੁ ਧਿਆਨੁ ਕਿਛੁ ਕਰਮੁ ਨਾ ਜਾਣਾ

ਗੁਰੂ ਸਾਹਿਬ ਕਹਿੰਦੇ, ਮੈਂ–

ਗਿਆਨੁ ਧਿਆਨੁ ਕਿਛੁ ਕਰਮੁ ਨਾ ਜਾਣਾ

ਨਾ ਮੈਂ ਕੋਈ ਕਰਮ ਕੀਤਾ, ਨਾ ਗਿਆਨ ਕੀਤਾ, ਨਾ ਧਿਆਨ ਕੀਤਾ, ਕਿਉਂ?

ਸਾਰ ਨਾ ਜਾਣਾ ਤੇਰੀ॥

ਹੇ ਪਰਮੇਰ! ਮੈਂ ਤੇਰੀ ਸਾਰ ਵੀ ਨਹੀਂ ਜਾਣਦਾ ਹਾਂ।

ਸਭ ਤੇ ਵਡਾ ਸਤਿਗੁਰੁ ਨਾਨਕੁ

ਸਭ ਤੇ ਵੱਡਾ ਸਤਿਗੁਰੂ ਹੈ, ਨਾਨਕ ਤਾਂ ਇਥੇ ਪੰਚਮ ਪਾਤਾਹ ਦਾ ਵਾਚਕ ਹੈ। ਗੁਰੂ ਅਰਜਨ ਦੇਵ ਜੀ ਕਹਿੰਦੇ, ਸਭ ਸੇ ਬੜਾ ਗਿਆਨੀ, ਬ੍ਰਹਮ ਗਿਆਨੀ ਹੈ, ਜਿਹੜਾ ਗੁਰੂ, ਬ੍ਰਹਮ ਗਿਆਨੀ ਹੈ, ਉਹ ਸਭ ਸੇ ਬੜਾ ਹੈ।

ਜਿਨਿ ਕਲ ਰਾਖੀ ਮੇਰੀ॥

ਜਿਸ ਨੇ ਮੇਰੀ ਕਿਰਪਾ ਕਰਕੇ ਇੱਜਤ ਰੱਖੀ, ਉਹ ਸਾਰਿਆਂ ਨਾਲੋਂ ਬੜਾ, **ਸ੍ਰੀ ਗੁਰੂ ਰਾਮਦਾਸ** ਮੇਰਾ ਗੁਰੂ ਹੈ। ਸਭ ਤੇ ਬੜਾ ਗੁਰੂ ਹੈ, ਗੁਰੂ ਅਰਜਨ ਦੇਵ ਜੀ ਕਹਿੰਦੇ।

ਬੋਲੋ ਸਤਿਨਾਮ ਸ੍ਰੀ ਵਾਹਿਗੁਰੂ॥

ੴ ਸਤਿਗੁਰ ਪ੍ਰਸਾਦਿ॥

੪੯

ਸਲੋਕੁ॥

ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥
ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥ ੧॥

(ਪੰਨਾ ੨੯੩)

ਸਾਰੀ ਸੰਗਤ ਕਿਰਪਾ, ਦਇਆ, ਮਿਹਰ ਕਰਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ! ਸਤਿਨਾਮ ਸ੍ਰੀ ਵਾਹਿਗੁਰੂ!!

ਇਹ ਸੁਖਮਨੀ ਦੀ ਤੇਈਵੀਂ ਅਟਪਦੀ ਹੈ, ਇਹਦੇ ਵਿਚ ਧ ਗਿਆਨ ਹੈ। ਅੱਜ ਉਹ ਦਿਨ ਹੈ, ਜਿਸ ਦਿਨ ਦੋ ਮਹਾਂਪੁਰਾਂ ਦਾ ਇਕੱਠਾ ਪੁਰਬ ਹੈ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਤੇ ਈਸਾ ਜੀ ਮਹਾਰਾਜ ਦਾ। ਉਹਨਾਂ ਦੋਹਾਂ ਦਾ ਗੁਰਪੁਰਬ ਹੈ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਦੁਨੀਆਂ ਦੇ ਉਹ ਮਹਾਂਪੁਰ ਹੋਏ ਨੇ, ਇਹਨਾਂ ਨੂੰ ਯੋਧੇ ਗੁਰੂ ਕਹਿੰਦੇ ਨੇ। ਜਗਤ-ਗੁਰੂ ਵੀ ਸਨ ਤੇ ਯੋਧੇ ਗੁਰੂ ਵੀ ਸਨ। ਯੋਧੇ ਏਸ ਕਰਕੇ ਥੇ, ਜੋਰ ਜੁਲਮ ਦਾ ਟਾਕਰਾ, ਇਹਨਾਂ ਨੇ ਹੀ ਕੀਤਾ, ਛੇਵੇਂ ਪਾਤਾਹ ਨੇ ਵੀ ਕੀਤਾ। ਪਹਿਲੇ, ਗੁਰੂ ਅਰਜਨ ਦੇਵ ਜੀ ਦੀ ਬਲੀ ਦੇ ਪਿਛੋਂ। ਫੇਰ, ਗੁਰੂ ਤੇਗ ਬਹਾਦਰ ਦੀ ਜੋ ਬਲੀ ਸੀ-

ਤਿਲਕ ਜੰਞੂ ਰਾਖਾ ਪ੍ਰਭ ਤਾਕਾ॥
ਕੀਨੋ ਬਡੋ ਕਲੂ ਮਹਿ ਸਾਕਾ॥
ਸਾਧਨਿ ਹੇਤਿ ਇਤੀ ਜਿਨਿ ਕਰੀ॥
ਸੀਸ ਦੀਯਾ ਪਰ ਸੀ ਨਾ ਉਚਰੀ॥ (ਬਚਿਤ੍ਰ ਨਾਟਕ)

ਨੌਵੇਂ ਪਾਤਾਹ ਨੇ, ਆਪਣਾ ਸੀਸ, ਧਰਮ ਦੀ ਰੱਖਿਆ ਵਾਸਤੇ

ਦਿੱਤਾ। ਜਦ ਸਾਰੇ ਕਮੀਰ ਦੇ ਵਿਚ ਹੱਲਾ ਮੱਚ ਗਿਆ, ਬੜੇ ਯਤਨ, ਉਹਨਾਂ ਪੰਡਤਾਂ ਨੇ ਕੀਤੇ ਪਰ ਕੋਈ ਨਾ ਚੱਲਿਆ। ਉਹ ਚੱਲਕੇ, ਗੁਰੂ ਤੇਗ ਬਹਾਦਰ ਦੇ ਚਰਨਾਂ ਵਿਚ ਆਏ। ਉਹਨਾਂ ਨੇ, ਆਪਣੀ ਸਾਰੀ ਬਾਰਤਾ ਸੁਣਾਈ। ਤੁਹਾਨੂੰ, ਇਸ ਬਾਤ ਦਾ ਪਤਾ ਹੈ। ਕਪ ਰਿ੍ਰੀ, ਉਸ ਪਹਾੜ ਤੇ ਬੈਠਾ ਸੀ, ਉਹਦਾ ਨਾਉਂ ਕਮੀਰ ਇਸੇ ਕਰਕੇ ਪਿਆ। ਉਹ ਸਾਰੀ ਆਬਾਦੀ ਬ੍ਰਾਹਮਣਾਂ ਦੀ ਸੀ। ਉਹ ਸਾਰੀ ਕਪ ਰਿ੍ਰੀ ਦੀ ਔਲਾਦ ਸੀ। ਏਸ ਕਰਕੇ ਉਥੇ ਇੰਨਾ ਜੁਲਮ ਹੋਇਆ ਤੇ ਉਥੇ ਹੁਣ ਕਿੰਨੇ ਮੁਸਲਮਾਨ ਨੇ ਆਪ ਨੂੰ ਪਤਾ ਹੀ ਹੈਗਾ। ਉਹ ਜਿਹੜੇ ਉਥੋਂ ਆਏ ਦੁਖੀ ਹੋਕੇ, ਉਹਨਾਂ ਨੂੰ ਕਿਹਾ ਗੁਰੂ ਸਾਹਿਬ ਨੇ, ਇੱਕੋ ਗੱਲ ਜਾਕੇ ਤੁਸੀਂ ਕਹਿ ਦਿਉ ਔਰੰਗਜੇਬ ਨੂੰ, ਬਈ ਸਾਡੇ ਗੁਰੂ ਤੇਗ ਬਹਾਦਰ ਜੀ ਨੂੰ ਮੁਸਲਮਾਨ ਬਣਾ ਦੇ, ਅਸੀਂ ਸਾਰੇ ਬਣ ਜਾਵਾਂਗੇ। ਉਹ ਬੜਾ ਖੁ ਹੋਇਆ, ਉਹਨੇ ਆਖਿਆ ਬਹੁਤ ਅੱਛਾ। ਉਹਨੇ ਯਤਨ ਵੀ ਬਹੁਤ ਕੀਤਾ, ਗੁਰੂ ਸਾਹਿਬ ਨੂੰ ਕਿਹਾ, ਬਈ ਬਾਦਾਹ ਬਣ ਜਾਉ, ਐਸਾ ਜੋ ਵੀ ਕੀਤਾ ਪਰ ਗੁਰੂ ਸਾਹਿਬ ਨੇ ਕੋਈ ਬਾਤ ਨਹੀਂ ਮੰਨੀ। ਅਖੀਰੀ ਉਹਨਾਂ ਨੇ ਕਿਹਾ ਅਕਾਲ ਪੁਰਖ, ਪਰਮੇਰ, ਖ਼ੁਦਾ ਨੂੰ ਇਹ ਬਾਤ ਮਨਜੂਰ ਹੈ, ਇੱਕ ਨਹੀਂ ਹੋਏਗਾ, ਤਿੰਨ ਹੋਏਂਗੇ। ਔਰੰਗਜੇਬ ਨੇ ਆਖਿਆ, ਇਹਦਾ ਸਾਨੂੰ ਕਿਵੇਂ ਪਤਾ ਲੱਗੇ ? ਗੁਰੂ ਸਾਹਿਬ ਕਹਿੰਦੇ, ਤੂੰ ਮਿਰਚਾਂ ਮੰਗਾ ਲੈ ਕਾਲੀਆਂ ਚਿਟੀਆਂ ਜਿਹੜੀਆਂ ਹੁੰਦੀਆਂ ਨੇ। ਔਰੰਗਜੇਬ ਨੇ ਮੰਗਾ ਲਈਆਂ। ਅਖੇ, ਇਹਨਾਂ ਨੂੰ ਅੱਗ ਲਗਾ ਦੇ। ਉਹਨੇ ਲਾ ਦਿੱਤੀ। ਉਹਦੇ ਵਿਚੋਂ ਤਿੰਨ ਨਿਕਲੀਆਂ, ਇਤਿਹਾਸ ਇਹ ਬਾਤ ਦੱਸਦਾ ਹੈ। ਔਰੰਗਜੇਬ ਕਹਿੰਦਾ, ਇਹ ਕੌਣ? ਗੁਰੂ ਸਾਹਿਬ ਕਹਿੰਦੇ ਹਿੰਦੂ, ਮੁਸਲਮਾਨ ਹੈਗੇ, ਇਕ ਤੀਸਰਾ ਪੰਥ ਹੋਰ ਹੋਏਗਾ, ਉਹ ਸਾਡਾ ਹੀ ਸਾਹਿਬਜਾਦਾ ਹੋਏਗਾ। ਓਸ ਨੇ ਇਹ ਪੰਥ ਰੱਬ, ਦੇ ਹੁਕਮ ਨਾਲ ਚਲਾਉਣਾ ਹੈਗਾ, ਉਹਨੇ ਆਉਣਾ ਹੈ। ਉਹ ਹੈਰਾਨ ਹੋ ਗਿਆ। ਗੁਰੂ ਸਾਹਿਬ ਕਹਿੰਦੇ, ਬੱਸ ਐਸਾ ਹੀ ਹੋਣਾ ਹੈ। ਜਦ ਗੁਰੂ ਤੇਗ ਬਹਾਦਰ ਤਲਵੰਡੀ ਗਏ, **ਦਮਦਮਾ ਸਾਹਿਬ** ਫੇਰ ਉਹਦਾ ਨਾਉਂ ਪਿਆ, ਪਹਿਲਾਂ ਸਾਬੋ ਕੀ ਤਲਵੰਡੀ ਕਹਿੰਦੇ ਸੀ। ਉਹ

ਜਿਹੜੀ ਜਗ੍ਹਾ ਹੈ, ਉਹ ਮੈਂ ਦੇਖੀ ਹੈ। ਉਹ ਜਦ ਡੱਲੇ ਦੇ ਪਿਤਾ ਨੇ ਮੰਜਾ ਲਿਆਂਦਾ, ਕੱਪੜਾ ਲਿਆਂਦਾ। ਮਾਲਵੇ ਦਾ ਸੁਭਾਅ ਸੀ, ਸਾਧੂ ਜਾਂਦੇ, ਬੜਾ ਮੰਨਦੇ ਸੀ। ਉਹਨੇ ਆਖਿਆ, ਉਹ ਉੱਚਾ ਥਾਂ ਹੈ, ਜੀਹਦਾ ਨਾਉਂ ਹੁਣ ਦਮਦਮਾ ਸਾਹਿਬ ਹੈ, ਉਹ ਜਦ ਉਥੇ ਮੰਜਾ ਡਾਹੁਣ ਲੱਗਿਆ, ਗੁਰੂ ਸਾਹਿਬ ਕਹਿੰਦੇ, ਨਾ ਨਾ, ਇਹ ਸਾਡੀ ਜਗ੍ਹਾ ਨਹੀਂ, ਸਾਡਾ ਮੰਜਾ ਉਥੇ ਡਾਹ ਦਿਉ। ਉਹਨਾਂ ਨੇ ਉਥੇ ਡਾਹਿਆ। ਉਹ ਗੁਰੂ ਤੇਗ ਬਹਾਦਰ ਦਾ ਗੁਰਦੁਆਰਾ ਨੀਂਵੇ ਥਾਂ ਹੈ। ਜਦ ਇਹਨਾਂ ਨੇ ਜਾਕੇ ਆਪਣਾ ਕਮਰਕਸਾ ਖੋਹਲਿਆ, ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ, ਉਹ ਉੱਚਾ ਥਾਂ ਹੈ। ਇਹਨਾਂ ਨੇ ਖੋਹਲਿਆ ਵੀ ਉਸੇ ਥਾਂ ਸੀ। ਨੌਵੇਂ ਪਾਤਾਹ ਕਹਿੰਦੇ, ਇਸ ਜਗ੍ਹਾ ਵਾਲੇ ਨੇ ਆਉਣਾ ਹੈ ਸਾਡੀ ਆਹ ਜਗ੍ਹਾ ਹੈ। ਉਹਨੇ ਵਿਛਾ ਦਿੱਤਾ ਕੱਪੜਾ, ਗੁਰੂ ਸਾਹਿਬ ਉਥੇ ਰਹੇ। ਪਰ ਉਸ ਡੱਲੇ ਨੂੰ ਜਦ ਦਾ ਪਤਾ ਸੀ, ਬਈ ਆਹ ਬਾਤ ਸਾਡੇ ਗੁਰੂਆਂ ਨੇ ਸਾਨੂੰ ਕਹੀ ਸੀ। ਉਹ ਗੁਰੂ ਤੇਗ ਬਹਾਦਰ ਜੀ ਨੂੰ ਗੁਰੂ ਮੰਨਦਾ ਸੀ, ਡੱਲੇ ਦਾ ਪਿਤਾ। ਇਹ ਗਏ ਉਥੇ ਰਹੇ। ਜਦ ਗੁਰੂ ਗੋਬਿੰਦ ਸਿੰਘ ਜੀ ਗਏ, ਉਹ ਉਥੇ ਜਾਕੇ ਖੜ੍ਹੇ। ਉਹਨਾਂ ਨੇ ਮੰਜਾ ਡਾਹਿਆ ਜੋ ਕੁੱਛ ਕੀਤਾ। ਉਥੇ ਉਹਨਾਂ ਨੇ ਕਮਰਕਸਾ ਖੋਹਲਿਆ, ਬਈ ਦਮ ਲੈਣਾ ਹੈ, ਤਾਂ ਹੀ ਉਹਦਾ ਨਾਉਂ **ਦਮਦਮਾ ਸਾਹਿਬ** ਹੈ। ਇਹ ਬਾਤ ਸੀ ਭਵਿਖਤ, ਉਥੇ ਪਹਿਲਾਂ ਹੀ ਉਹ ਡੱਲਾ ਜਾਣਦਾ ਸੀ ਕਿ ਇਹੀ ਗੁਰੂ ਗੋਬਿੰਦ ਸਿੰਘ ਜੀ ਹੈਗੇ, ਜਿਹਨਾਂ ਨੇ ਸਿੱਖ ਪੰਥ ਬਣਾਇਆ ਹੈ ਤੇ ਫੇਰ ਉਹਨਾਂ ਨੇ ਵੀ ਅੰਮ੍ਰਿਤ ਛਕਿਆ, ਜੈਸੇ ਹੋਇਆ। ਏਸ ਕਰਕੇ, ਪਰਮੇਰ ਵੱਲੋਂ ਪਹਿਲੇ ਹੋਇਆ ਹੀ ਹੁੰਦਾ ਹੈ। ਏਸ ਕਰਕੇ, ਉਹ ਤਿੰਨੇ ਹੋਏ, ਉਹ ਤਿੰਨ ਮਿਰਚਾਂ ਨਹੀਂ ਜਲੀਆਂ ਸਨ। ਬੱਸ ਜੋ ਕੁੱਛ ਕਿਹਾ ਔਰੰਗਜੇਬ ਨੇ ਬਈ ਆਪ ਪੂਰੀ ਗੱਦੀ ਤੇ ਬਹਿ ਜਾਉ, ਐਸਾ ਕਰੋ। ਉਹਨਾਂ ਨੇ ਕਿਹਾ, ਨਹੀਂ। ਬੱਸ, ਉਹਨਾਂ ਨੇ ਇਕ ਧਰਮ ਦੀ ਰੱਖਿਆ ਲਈ ਆਪਣਾ ਸੀਸ ਦਿੱਤਾ, ਇਹ ਤੁਹਾਨੂੰ ਸਾਰਿਆਂ ਨੂੰ ਪਤਾ ਹੈ ਤੇ ਗੁਰੂ ਗੋਬਿੰਦ ਸਿੰਘ ਨੇ ਚਾਰੇ ਸਾਹਿਬਜਾਦੇ ਜੋ ਕੁੱਛ ਸੀ ਸਾਰਾ, (ਸਰਬੰਸ) ਹੀ ਧਰਮ ਤੇ ਲਾ ਦਿੱਤਾ। ਦੁਨੀਆਂ ਦੇ ਵਿਚ ਧਰਮ ਦੀ ਰੱਖਿਆ

ਵਾਸਤੇ ਬਹੁਤ ਲੋਕਾਂ ਨੇ ਕੰਮ ਕੀਤਾ। ਜਿੰਨੇ ਮਹਾਂਪੁਰ ਆਏ, ਉਹ ਸੱਚ ਦੇ ਰਸਤੇ ਪਾਉਂਦੇ ਆਏ, ਸੱਚ ਨੂੰ ਜਾਹਰ ਕਰਦੇ ਆਏ ਨੇ ਪਰ ਇਹਨਾਂ ਨੇ ਤਾਂ ਸਾਰਾ ਸਰਬੰਸ ਦਾਨ ਕਰ ਦਿੱਤਾ, ਦੁਨੀਆਂ ਦੇ ਵਿਚ। ਹੁਣ ਇਹਨਾਂ ਦੀ ਤੁਹਾਨੂੰ ਕੀ ਬਾਤ ਦੱਸੀਏ? ਉਹ ਤਾਂ ਸਾਰਾ ਬਚਿਤੱਰ ਨਾਟਕ ਪੜ੍ਹੋਗੇ ਤਾਂ ਪਤਾ ਲੱਗੇਗਾ। ਏਸ ਕਰਕੇ, ਗੁਰੂ ਗੋਬਿੰਦ ਸਿੰਘ ਜੈਸਾ ਦੁਨੀਆਂ ਦੇ ਵਿਚ ਧਰਮ ਰਖਕ ਕੋਈ ਨਹੀਂ। ਆਪ ਹੀ ਤੁਸੀਂ ਦੇਖੋ, ਕੋਈ ਹੀ ਹੋਵੇਗਾ, ਜੀਹਨੇ ਸਾਰਾ (ਸਰਬੰਸ) ਦਿੱਤਾ ਪਰ ਧਰਮ ਆਪਣਾ ਠੀਕ ਰੱਖਿਆ। ਤੇ ਗੁਰੂ ਤੇਗ ਬਹਾਦਰ ਦਾ ਤਾਂ ਮੱਤ ਹੀ ਇਹੀ ਸੀਗਾ ਬਈ ਧਰਮ ਰਹਿ ਜਾਏ, ਭਾਵੇਂ ਸਰੀਰ ਜਾਏ। ਏਸ ਕਰਕੇ, ਉਹ ਸਾਰਾ ਪੂਰਾ ਕਰ ਗਏ। ਏਸ ਕਰਕੇ, ਤੁਹਾਨੂੰ ਸਭ ਨੂੰ ਪਤੈ, ਸੀਸ ਗੰਜ ਗੁਰਦੁਆਰਾ ਇਥੇ (ਦਿੱਲੀ) ਹੀ ਹੈ, ਤੁਸੀਂ, ਮੇਰੇ ਨਾਲੋਂ ਜਿਆਦਾ ਜਾਣਦੇ ਹੋ। ਏਸ ਕਰਕੇ, ਇਹ ਬਾਤ ਮੈਂ ਵੀ ਤੁਹਾਨੂੰ ਕਹਿੰਦਾ ਹਾਂ ਬਈ ਦੁਨੀਆਂ ਦੇ ਵਿਚ ਮਹਾਂਪੁਰ ਜਿਤਨੇ ਵੀ ਆਉਂਦੇ ਨੇ, ਉਹ ਸਾਰੇ ਹੀ ਧਰਮ ਦੀ ਰੱਖਿਆ ਕਰਨ ਵਾਸਤੇ ਆਉਂਦੇ ਹੀ ਹੁੰਦੇ ਨੇ। ਤੇ ਉਹਨਾਂ ਦੀ ਰੱਖਿਆ ਦੀ ਕੋਈ ਜਰੂਰਤ ਨਹੀਂ ਹੁੰਦੀ, ਉਹ ਤਾਂ ਪਰਮੇਰ ਹੀ ਹੁੰਦੇ ਨੇ।

ਸਤਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ॥
ਤ੍ਰੇਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ॥
ਦੁਆਪੁਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ॥
ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ॥
ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ॥
ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ॥

(ਪੰਨਾ ੧੩੯)

ਇਹ ਆਦਿ ਪੁਰ ਪਰੀਪੂਰਣ ਪਰਮੇਰ ਨੇ, ਪਹਿਲੇ ਹੀ ਫੁਰਮਾਇਆ ਸੀ, ਬਈ ਚਾਰ ਵਾਰੀ ਪਰਮੇਰ ਨੂੰ ਧਰਤੀ ਦੇ ਉਤੇ ਆਉਣਾ ਪਏਗਾ, ਰੱਖਿਆ ਕਰਨੀ ਪਏਗੀ। ਇਹਨਾਂ ਨੂੰ ਤੁਸੀਂ ਗੁਰੂ ਅਵਤਾਰ ਕਹੋ, ਮਰਯਾਦਾ ਅਵਤਾਰ, ਲੀਲ੍ਹਾ ਅਵਤਾਰ ਜੋ ਤੁਹਾਡੀ

ਖੀ ਹੈ ਕਹੋ, ਪਰਮੇਰ ਆਪ ਹੀ ਮਾਲਕ, ਕਦੇ ਕਦੇ ਦੁਨੀਆਂ ਵਿਚ ਆਉਂਦਾ ਹੁੰਦੈ।

ਆਦਿ ਪੁਰਖਿ ਫੁਰਮਾਇਓ॥ (ਪੰਨਾ ੧੩੯)

ਇਹ ਆਦਿ ਪੁਰਖ ਦਾ ਹੁਕਮ ਹੈ, ਬਈ ਦੁਨੀਆਂ ਦੇ ਵਿਚ ਐਸਾ ਹੋਏਗਾ। ਆਪ ਪਰਮੇਰ ਨੂੰ ਵੀ ਆਉਣਾ ਪੈਂਦਾ ਹੈ, ਇਹ ਉਹਨਾਂ ਗੁਰੂਆਂ ਨੇ ਕਿੰਨੀ ਰੱਖਿਆ ਕੀਤੀ ? ਜਿਨ੍ਹਾਂ ਨੇ ਸਰਬੰਸ ਹੀ ਦਾਨ ਦੇ ਦਿੱਤਾ, ਹੁਣ ਉਹਦੇ ਉਤੇ ਦੀ ਤੁਸੀਂ ਕੀ ਕਹੋਂਗੇ ? ਜੇ ਉਹਨਾਂ ਦੇ ਉਪਕਾਰ ਗਿਣੋਗੇ ਤਾਂ ਸਾਰੀ ਉਮਰ ਨਹੀਂ ਗਿਣੇ ਜਾਣੇ। ਏਸ ਕਰਕੇ, ਭਾਈ ! ਉਹ ਗੁਰੂ ਨੇ, ਈਸਾ ਜੀ ਮਹਾਰਾਜ ਨੇ ਲੋਕਾਂ ਦਾ ਝੂਠ ਕੱਢਕੇ, ਸੱਚ ਨੂੰ ਜਾਹਿਰ ਕਰਤਾ ਤੇ ਉਹ ਦੁਨੀਆਂਚ ਉਹਨਾਂ ਦਾ ਬੜਾ ਆਦਰ ਹੋਇਆ। ਪੱਛਮ ਦੇ ਵਿਚ ਉਹਨਾਂ ਨੂੰ ਬੜਾ ਮੰਨਦੇ ਨੇ, ਉਹ ਵੀ ਇਕ ਬੜਾ ਮਹਾਂਪੁਰ ਹੋਇਆ। ਅੱਜ ਇਹ ਦੋ ਦਾ ਗੁਰਪੁਰਬ ਹੈਗਾ। ਗੁਰਪੁਰਬ ਉਸਦਾ ਨਾਉਂ ਹੈ, ਜਿਹੜਾ ਨਿਰਾ ਪੁੰਨ ਹੋਵੇ, ਅੱਜ ਉਹ ਪੁੰਨ ਦਿਨ ਹੈਗਾ। ਅਸੀਂ ਹੁਣ, ਤੁਹਾਨੂੰ ਇਹ ਕਥਾ ਸੁਣਾਉਂਦੇ ਹਾਂ ਇਸ ਅਟਪਦੀ ਦੀ। ਚੱਲ ਭਾਈ –

ਸਲੋਕੁ॥
ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥
ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥

ਹਰੀ ਦੀ ਕਿਰਪਾ ਤੇ ਇਕ ਸੰਤ ਦੀ ਭੇਟਾ ਹੋਈ। ਕੌਣ ? ਗੁਰੂ ਅਰਜਨ ਦੇਵ ਜੀ ਕਹਿੰਦੇ ਨੇ। ਉਹ ਕੀਹਦੇ ਨਾਲ ਭੇਟਾ ਹੋਈ ? ਉਹ ਗੁਰੂ ਰਾਮਦਾਸ ਮਹਾਰਾਜ ਜੀ ਦੇ ਨਾਲ ਭੇਟਾ ਹੋਈ। ਗੁਰੂ ਗ੍ਰੰਥ ਸਾਹਿਬ ਮੇਂ ਲਿਖਿਆ ਹੋਇਆ ਹੈ –

ਹਰਿ ਜੀਉ ਨਾਮੁ ਪਰਿਓ ਰਾਮਦਾਸੁ॥ (ਪੰਨਾ ੬੧੨)

ਗੁਰੂ ਅਰਜਨ ਦੇਵ ਜੀ ਕਹਿੰਦੇ, ਹੁਣ ਹਰੀ ਦਾ ਨਾਮ ਰਾਮਦਾਸ ਪੈ ਗਿਆ। ਅਵਤਾਰ ਪਰਮੇਰ ਹੁੰਦੇ ਨੇ।

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥
ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ॥
(ਪੰਨਾ ੧੪ 8)

ਉਹਨਾਂ ਨੇ ਆਕੇ ਦੁਨੀਆਂ ਦੇ ਵਿਚ, ਜੋਤੀ ਸਰੂਪ ਨੇ **ਨਾਨਕ** ਕਹਾਇਆ। **ਨਾਨਕ ਗੁਰੂ** ਕਹਾਕੇ ਦੁਨੀਆਂ ਦੀ ਪੂਰੀ ਰੱਖਿਆ ਕੀਤੀ। ਉਸ ਸੰਤ ਦੀ ਸਾਨੂੰ ਵੀ ਭੇਟ ਹੋਈ, ਮਿਲਾਪ ਹੋਇਆ।

ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥
(ਪੰਨਾ ੨੯੩)

ਸਾਡੇ ਮਨ ਦੇ ਵਿਚ ਗਿਆਨ ਦਾ ਪ੍ਰਕਾ ਹੋ ਗਿਆ। ਪਰਮੇਰ ਤਾਂ ਸਾਰਿਆਂ ਦੇ ਮਨ ਦੇ ਵਿਚ ਬੈਠਾ ਹੈ।

ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ॥
ਕਹੁ ਨਾਨਕ ਤਿਹ ਭਜੁ ਮਨਾ ਭਉ ਨਿਧਿ ਉਤਰਹਿ ਪਾਰਿ॥
(ਪੰਨਾ ੧੪੨੭)

ਉਹ ਸਾਰਿਆਂ ਦੇ ਹਿਰਦਿਆਂ ਦੇ ਵਿਚ ਪ੍ਰਮਾਤਮਾ ਨਹੀਂ ਹੈ ?

ਈਵਰਃ ਸਰਵ ਭੂਤਾਨਾਂ ਹਿਰਦੇ ਦੇ ਅਰਜੁਨ ਤਿਠਤਿ।
ਭ੍ਰਾਮਯਨ ਸਰਵ ਭੂਤਾਨਿ ਯੰਤ੍ਰਾਰੂਢਾਨਿ ਮਾਯਯਾ। (ਗੀਤਾ)

ਏਸ ਕਰਕੇ, ਸਾਰਿਆਂ ਦੇ ਹਿਰਦਿਆਂ ਦੇ ਵਿਚ ਪਰਮੇਰ ਬੈਠਾ ਹੈ ਤੇ ਤੁਸੀਂ ਆਪ ਦੇਖ ਲਉ। ਤੁਸੀਂ ਐ ਦੱਸੋ ? ਜਦ ਤੁਹਾਡਾ ਮਨ ਕਿਸੇ ਪਾਸੇ ਨੂੰ ਜਾਂਦੈ, ਉਥੇ ਕੋਈ ਮਨ ਨੂੰ ਦੇਖਣੇ ਵਾਲਾ ਔਰ ਜਾਨਣੇ ਵਾਲਾ ਵੀ ਬੈਠਾ ਹੈ, ਮਨ ਤਾਂ ਇਕ ਬਿਰਤੀ ਦਾ ਨਾਉਂ ਹੈ।

ਸੰਕਲਪ ਵਿਕਲਪ ਹੀ ਮਨਾ। (ਗੀਤਾ)

ਸੰਕਲਪ ਵਿਕਲਪ ਦਾ ਨਾਮ ਹੀ ਮਨ ਹੈ। ਉਹਨੂੰ ਦੇਖਣੇ ਵਾਲਾ ਤੇ ਜਾਨਣੇ ਵਾਲਾ –

ਦਾਨਾ ਬੀਨਾ ਸਾਈ ਮੈਡਾ ਨਾਨਕ ਸਾਰ ਨਾ ਜਾਣਾ ਤੇਰੀ॥
(ਪੰਨਾ ੫੨੦)

ਉਥੇ ਦੇਖਣੇ ਵਾਲਾ ਤੇ ਜਾਨਣੇ ਵਾਲਾ ਵੀ ਤਾਂ ਤੁਹਾਡੀ ਬਿਰਤੀ ਦੇ ਵਿਚ, ਥੋਡੇ ਹਿਰਦੇ ਦੇ ਵਿਚ, ਥੋਡੇ ਮਨ ਦੇ ਵਿਚ ਬਿਰਾਜਮਾਨ ਹੈ। ਜਦ ਉਹ ਮਨ ਜਾਂਦਾ ਹੈ ਉਹਨੂੰ ਦੇਖਣ ਵਾਲਾ ਕੋਈ ਹੈ ਕਿ ਨਹੀਂ ? ਉਹ ਜਿਹੜਾ ਦੇਖਦਾ ਹੈ, ਜਾਣਦਾ ਹੈ, ਉਹ ਪਰਮੇਰ ਹੈ, ਉਹ ਤੁਹਾਡੇ ਹਿਰਦੇ ਦੇ ਵਿਚ ਹੈ, ਉਹ ਤੁਹਾਡਾ ਆਪਾ ਹੈ, ਉਹਨੂੰ ਆਤਮਾ ਕਹਿੰਦੇ ਨੇ।

ਜਿਨੀ ਆਤਮੁ ਚੀਨਿਆ ਪਰਮਾਤਮੁ ਸੋਈ॥
ਏਕੋ ਅੰਮ੍ਰਿਤ ਬਿਰਖੁ ਹੈ ਫਲੁ ਅੰਮ੍ਰਿਤੁ ਹੋਈ॥ (ਪੰਨਾ ੪੨੧)

ਉਹ ਪਰਮੇਰ ਹੈ, ਉਹ ਤੁਹਾਡਾ ਆਪਣਾ ਆਪ ਹੈ, ਉਸੇ ਨੂੰ ਦ੍ਰਟਾ ਕਹਿੰਦੇ ਨੇ, ਉਸੇ ਨੂੰ ਸਾਖੀ ਕਹਿੰਦੇ ਨੇ। ਕਬੀਰ ਸਾਹਿਬ ਉਸੇ ਨੂੰ ਪਾਰਖ ਕਹਿੰਦੇ ਨੇ **ਕਬੀਰ ਬੀਜਕ** ਮੇਂ ਬੜੇ ਜੋਰ ਨਾਲ, ਗੁਰੂ ਸਾਹਿਬ ਵੀ ਕਹਿੰਦੇ ਨੇ, ਕੀ ਕਹਿੰਦੇ ਨੇ ?

ਨਾਨਕ ਪਾਰਖੁ ਆਪਿ ਜਿਨਿ ਖੋਟਾ ਖਰਾ ਪਛਾਣਿਆ॥
(ਪੰਨਾ ੧੪੪)

ਪਾਰਖ ਤਾਂ ਉਹ ਆਪ ਹੈ, ਹੋਰ ਤੁਹਾਡੇ ਕੋਲ ਕੋਈ ਪਾਰਖ ਨਹੀਂ ਹੈ। ਤੁਹਾਡੀ ਬਿਰਤੀ ਜਾਂ ਹਿਰਦਾ, ਤੁਸੀਂ ਕਹਿੰਦੇ ਹੋ ਸਾਡੀ ਬਿਰਤੀ। ਉਹ ਤਾਂ ਜੜ੍ਹ ਹੈ ਪਰ ਉਹਦੇ ਵਿਚ ਕੋਈ ਦਾਨਾ ਬੀਨਾ ਬੈਠਾ ਹੈ ਜਿਹੜਾ ਦੇਖਦਾ ਵੀ ਹੈ ਤੇ ਜਾਣਦਾ ਵੀ ਹੈ, ਉਹ ਸਾਈਂ ਹੈ। ਭਾਈ ਵੀਰ ਸਿੰਹੁ ਨੇ ਲਿਖਿਐ ਉਥੇ ਬੜਾ ਸੁਹਣਾ, ਉਹ ਕਹਿੰਦਾ, ਸਾਈਂ ਆਪ ਹੀ ਸਭ ਦੇ ਅੰਦਰ ਸਾਖੀ ਰੂਪੇ ਬਿਰਾਜਮਾਨ ਹੈ। ਉਹ ਪਰਮੇਰ ਸਾਰਿਆਂ ਦੇ ਅੰਦਰ ਸਾਖੀ ਹੋਕੇ ਬਿਰਾਜਮਾਨ ਹੈ। ਜਿੰਨੀਆਂ ਤੁਹਾਡੀਆਂ ਦੁਨੀਆਂ ਦੀਆਂ ਬਿਰਤੀਆਂ ਨੇ, ਖਿਆਲ ਨੇ, ਕਾਮਨਾ ਨੇ, ਵਾਨਾ ਨੇ, ਉਹਨਾਂ ਸਾਰਿਆਂ ਨੂੰ ਦੇਖਣੇ ਵਾਲਾ, ਤੁਹਾਡਾ ਸਾਖੀ ਹੈ। ਕੋਈ ਬਿਰਤੀ ਤੁਹਾਡੀ ਇਹੋ ਜਿਹੀ ਨਹੀਂ ਹੈ, ਕੋਈ ਖਿਆਲ ਇਹੋ ਜਿਹਾ ਨਹੀਂ, ਜਿਸਨੂੰ ਪਰਮੇਰ ਦੇਖਦਾ ਜਾਣਦਾ ਨਾ ਹੋਵੇ। ਉਹੀ ਪਰਮੇਰ ਹੈ ਤੁਹਾਡਾ ਆਪਾ, ਜੋ ਹਿਰਦੇ ਵਿਚ ਆਤਮਾ ਹੈ। ਉਹ ਸਭ

ਨੂੰ ਦੇਖਣੇ ਜਾਨਣੇ ਵਾਲਾ, ਉਹ ਮੇਰੇ ਅੰਦਰ ਪ੍ਰਕਾ ਹੋ ਗਿਆ, ਕਹਿੰਦੇ, ਗੁਰੂ ਰਾਮਦਾਸ ਦੀ ਕਿਰਪਾ ਤੇ।

ਗਿਆਨ ਅੰਜਨੁ ਗੁਰਿ ਦੀਆ

ਇਹ ਗਿਆਨ ਦਾ ਸੁਰਮਾ ਮੇਰੇ ਹਿਰਦੇ ਵਿਚ ਗੁਰੂ ਰਾਮਦਾਸ ਨੇ ਪਾਇਆ।

ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥

ਸਾਰਾ ਅਗਿਆਨ ਨਾਸ ਹੋ ਗਿਆ, ਸਾਡੀ ਸਾਰੀ ਭੁੱਲ ਨਾਸ ਹੋ ਗਈ। ਵੇਦਾਂਤ ਦੇ ਵਿਚ ਜਦ ਆਇਆ ਪ੍ਰਸੰਗ ਵਿੱਦਿਆ, ਅਵਿੱਦਿਆ ਦਾ, ਉਥੇ ਕੀ ਆਇਆ ? ਜਿਹੜਾ ਤੇਰੇ ਅੰਦਰ ਸਾਖੀ ਚੇਤਨ, ਤੇਰਾ ਆਤਮਾ ਹੈ ਤੇ ਜਿਹੜੀ ਤੇਰੀ ਬਿਰਤੀ ਹੈ, ਉਹਨਾਂ ਦੋਹਾਂ ਨੂੰ ਇਕ ਸਮਝ ਲਿਆ। ਇਹਨੂੰ ਪਤਾ ਹੀ ਨਹੀਂ ਲੱਗਿਆ, ਜੜ੍ਹ ਚੇਤਨ ਦਾ। ਜੜ੍ਹ ਚੇਤਨ ਦੀ ਗੰਢ ਇਹਦੀ ਖੁਲ੍ਹੀ ਨਹੀਂ ਅਜੇ, ਕਿਉਂ ਨਹੀਂ ਖੁਲ੍ਹੀ ? ਈਰੀ ਕਿਰਪਾ ਨਹੀਂ ਹੋਈ ਅਜੇ, ਜਦ ਈਰੀ ਕਿਰਪਾ ਹੋਏਗੀ ਤਾਂ ਜੜ੍ਹ ਚੇਤਨ ਦੀ ਗੰਢ ਖੁਲ੍ਹੇਗੀ।

ਹੈ ਕੋਊ ਐਸਾ ਮੀਤੁ ਜਿ ਤੋਰੈ ਬਿਖਮ ਗਾਂਠਿ॥
ਨਾਨਕ ਇਕੁ ਸ੍ਰੀਧਰ ਨਾਥੁ ਜਿ ਟੂਟੇ ਲੇਇ ਸਾਂਠਿ॥

(ਪੰਨਾ ੧੩੬੩)

ਹੋਰ ਕੋਈ ਹੈ ਨਹੀਂ, ਪਰਮੇਰ ਦੀ ਕਿਰਪਾ ਹੋਈ ਤਾਂ ਇਹਨੇ ਉਹ ਬਿਰਤੀ ਨੂੰ ਅਲਹਿਦਾ ਦੇਖਿਆ ਤੇ ਚੇਤਨ ਨੂੰ ਅਲਹਿਦਾ ਦੇਖਿਆ, ਇਹਨੂੰ ਵਿੱਦਿਆ ਕਹਿੰਦੇ ਨੇ। ਇਹ ਵੀ ਇਕ ਬਿਰਤੀ ਹੈ, ਇਹਦਾ ਨਾਉਂ ਵਿੱਦਿਆ ਹੈ। ਜਦ ਇਹ ਵਿੱਦਿਆ ਬਿਰਤੀ, ਇਹਦੇ ਕੋਲ ਆ ਗਈ ਤਾਂ ਇਹਦੀ ਅਵਿੱਦਿਆ, ਨਾਸ ਹੋ ਜਾਊ। ਸਾਡੇ ਨਾਲ ਇਕ ਸੰਤ ਹੁੰਦਾ ਸੀ, ਉਹਦੇ ਨਾਲ ਜੇ ਕੋਈ ਗੱਲ ਕਰਦਾ ਸੀ ਆਕੇ, ਕਈ ਕਰਦੇ ਸੀ, ਉਹ ਕਹਿੰਦਾ ਸੀ ਤੁਮਾਰੇ ਕੋ ਅਭੀ ਵਿੱਦਿਆ ਨਹੀਂ ਹੁਈ, ਤੁਮਹਾਰੀ ਵਿੱਦਿਆ ਬਿਰਤੀ ਨਹੀਂ ਹੁਈ, ਅਵਿੱਦਿਆ ਤੇਰੀ ਨਾਸ ਨਹੀਂ ਹੋਈ, ਹਮ ਨਹੀਂ ਤੁਮਹਾਰੇ ਸੇ ਬਾਤ ਕਰੇਂਗੇ। ਹਮ ਨਹੀਂ

ਤੁਮਹਾਰੇ ਕੋ ਉਪਦੇ ਕਰੇਂਗੇ। ਤੁਮਹਾਰੀ ਤਾਂ ਵਿੱਦਿਆ ਬਿਰਤੀ ਹੀ ਨਹੀਂ ਹੁਈ। ਜਦ ਇਹਨੂੰ ਇਹ ਪਤਾ ਲੱਗ ਗਿਆ, ਜਿਹੜੀ ਬਿਰਤੀ ਹੈ, ਫੁਰਨਾ ਹੈ, ਇਹ ਸਭ ਜੜ੍ਹ ਹੈ ਤੇ ਦੇਖਣੇ ਔਰ ਜਾਨਣੇ ਵਾਲਾ ਜਿਹੜਾ ਹੈ, ਉਹ ਚੇਤਨ ਹੈ, ਉਹ ਹੈ ਸਤਿ। ਗੁਰੂ ਨਾਨਕ ਦੇਵ ਜੀ ਕਹਿੰਦੇ ਨੇ-

ਮੂਈ ਸੁਰਤਿ ਬਾਦੁ ਅੰਹਕਾਰੁ॥ ਓਹੁ ਨ ਮੂਆ ਜੋ ਦੇਖਣਹਾਰੁ॥
(ਪੰਨਾ ੧੫੨)

ਉਹ ਦੇਖਣੇ ਵਾਲਾ, ਜਨਮ ਮਰਨ ਵਿਚ ਨਹੀਂ ਕਦੇ ਆਉਂਦਾ। ਮਰਨੇ ਵਾਲੀ ਇਹਦੀ ਬਿਰਤੀ ਤੇ ਅਧਿਆਸ ਹੈ, ਜਿਹੜਾ ਚੇਤਨ ਹੈ, ਉਹ ਨਹੀਂ ਕਦੇ ਮਰੇਗਾ। ਜਨਮ ਮਰਨ ਵਾਲੀ ਉਹ ਵਸਤੂ ਹੀ ਨਹੀਂ, ਉਹ ਇਹਦਾ ਆਪਾ ਹੈ। ਮੇਰਾ ਅਗਿਆਨ ਨਾਸ ਹੋ ਗਿਆ, ਭੁੱਲ ਨਾਸ ਹੋ ਗਈ। ਉਹ ਜਿਹੜਾ ਵਿੱਦਿਆ ਬਿਰਤੀ ਦਾ ਆਉਣੈ, ਉਹਨੇ ਅਵਿੱਦਿਆ ਬਿਰਤੀ ਦਾ ਨਾਸ ਕੀਤਾ ਪਰ ਉਹ ਵੀ ਤਾਂ ਇਕ ਬਿਰਤੀ ਹੈ, ਉਹ ਵੀ ਜੜ੍ਹ ਹੈ, ਅਸਤਿ ਹੈ ਪਰ ਵਿੱਦਵਾਨ ਤਾਂ ਜਿਹੜਾ ਬਿਰਤੀ ਨੂੰ ਦੇਖਣ ਵਾਲਾ, ਦ੍ਰਟਾ, ਚੇਤਨ ਉਹੀ ਹੈ, ਉਹ ਸ ਤਿ ਹੈ, ਉਹ ਜਨਮ ਮਰਨ ਤੇ ਰਹਿਤ ਹੈ, ਉਹ ਇਹਦਾ ਆਪਾ ਹੈ। ਇਹ ਗਿਆਨ ਸਰੂਪ ਆਪ ਹੈ, ਇਹ ਬ੍ਰਹਮ ਗਿਆਨੀ ਆਪ ਹੈ।

ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥
ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥ (ਪੰਨਾ ੨੭੩)

ਬ੍ਰਹਮ ਗਿਆਨੀ ਤਾਂ ਆਪ ਪਰਮੇਰ ਹੈ। ਪਰ ਇਹਨੂੰ ਆਪਣਾ ਪਤਾ ਨਹੀਂ ਹੈ। ਸਾਰੀ ਉਮਰ ਇਹਨੇ ਗੁਆ ਦਿੱਤੀ, ਇਥੇ ਤਾਂ ਇਹ ਬੈਠਾ ਹੀ ਨਹੀਂ ਹੈ। ਇਹ ਤਾਂ ਦੁਨੀਆਂ ਦੇ ਲੋਭ ਆਦਿ ਵਿਚ ਫਸਿਆ ਪਿਆ ਹੈ। ਏਸ ਕਰਕੇ, ਜਦ ਇਹਨੂੰ ਰੱਬ ਦੀ ਕਿਰਪਾ ਤੇ ਇਹ ਸੁਰਤ ਆ ਗਈ, ਕਿਉਂ ? ਪੰਚਮ ਪਾਤਾਹ ਲਿਖਦੇ ਨੇ -

ਬ੍ਰਹਮ ਗਿਆਨੀ ਸੇ ਜਨ ਭਏ॥
ਨਾਨਕ ਜਿਨ ਪ੍ਰਭੁ ਆਪਿ ਕਰੇਇ॥ (ਪੰਨਾ ੨੭੨)

ਜਿਸ ਨੂੰ ਪਰਮੇਰ ਕਰੇਗਾ, ਉਹ ਬ੍ਰਹਮ ਗਿਆਨੀ ਹੋਏਗਾ। ਪਰ ਇਹ ਪਹਿਲਾਂ ਭਗਤ ਨਹੀਂ ਬਣਦਾ। ਇਹਦੇ ਕੋਲੋਂ ਪ੍ਰੇਮਾ ਭਗਤੀ ਨਹੀਂ ਹੋਈ।

ਪ੍ਰੇਮ ਭਗਤਿ ਉਧਰਹਿ ਸੇ ਨਾਨਕ ਕਰਿ ਕਿਰਪਾ ਸੰਤੁ ਆਪਿ ਕਰਿਓ ਹੈ। (ਪੰਨਾ ੧੩੪੪)

ਸੰਤ ਤਾਂ ਪ੍ਰੇਮਾ ਭਗਤੀ ਨਾਲ ਬਣਦੈ। ਜਦ ਤੁਹਾਡਾ ਮਨ ਪ੍ਰੇਮਾ ਭਗਤੀ ਮੇਂ ਆ ਜਾਏਗਾ, ਤੁਸੀਂ ਸੰਤ ਬਣ ਜਾਉਗੇ। ਪ੍ਰੇਮਾ ਭਗਤੀ ਤਾਂ ਆਈ ਨਹੀਂ, ਅਜੇ ਤਾਂ ਤੁਹਾਡੀ ਭਗਤੀ ਭਿੰਨ ਭਿੰਨ ਹੈ, ਉਹਦੀ ਆਹ ਭਗਤੀ ਹੈ, ਉਹਦੀ ਫਲਾਣਿਆਂ ਦੀ ਭਗਤੀ ਹੈ, ਉਹਦੀ ਸੰਤ ਭਗਤੀ ਹੈ, ਇਹ ਤਾਂ ਭੇਸ ਦੇ ਵਿਚ ਫਸੇ ਪਏ ਨੇ, ਦਿਨ ਪੁਰ ਰਾਤ ਭੱਜੇ ਫਿਰਦੇ ਨੇ। ਮੈਂ ਤਾਂ ਇਹ ਸਮਝਦਾਂ ਬਈ ਜਿਹੜਾ ਉਹ ਗੁਰੂ ਨਾਨਕ ਦੇਵ ਜੀ ਨੇ ਕਲਯੁਗ ਦਾ ਲੱਛਣ ਲਿਖਿਐ, ਉਹ ਐਨ ਘੱਲ ਦਿੱਤਾ–

ਸਰਮੁ ਧਰਮੁ ਦੋਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ॥ (ਪੰਨਾ ੭੨੨)

ਉਹ ਲਾਲੋ ਨੂੰ ਉਪਦੇ ਕਰਦੇ ਨੇ ਗੁਰੂ ਸਾਹਿਬ, ਕਹਿੰਦੇ, ਭਾਈ ! ਆਹ, ਆਹ ਕੰਮ ਕਲਯੁਗ ਦੇ ਵਿਚ ਹੋਏਗਾ। ਸਰਮ ਤੇ ਧਰਮ ਛੁਪ ਖਲੋਣਗੇ।

ਕੂੜੁ ਫਿਰੈ ਪਰਧਾਨੁ ਵੇ ਲਾਲੋ॥ (ਪੰਨਾ ੭੨੨)

ਦੁਨੀਆਂ ਵਿਚ ਝੂਠ ਪ੍ਰਧਾਨ ਹੋਵੇਗਾ। ਹੁਣ ਝੂਠ ਨੂੰ ਲੋਕ ਸਿਆਸਤ ਕਹਿੰਦੇ ਨੇ। ਅੱਜ ਕਲ੍ਹ ਜਿੰਨਾ ਜਿਆਦਾ ਝੂਠ ਬੋਲੇ, ਉਤਨਾ ਬੜਾ ਸਿਆਸਤੀ। ਇਉਂ ਨਹੀਂ ਕਹਿੰਦੇ, ਝੂਠਾ ਹੈਗਾ, ਇਹ ਜੀ ਬੜਾ ਸਿਆਸਤੀ ਆਦਮੀ ਹੈ। ਏਸ ਕਰਕੇ, ਇਹਨਾਂ ਦੀ ਅਕਲ ਮਾਰੀ ਗਈ ਸਾਰਿਆਂ ਦੀ। ਜੇ ਤਾਂ ਇਕ ਦੀ ਮਾਰੀ ਜਾਂਦੀ ਤਾਂ, ਤਾਂ ਕੁੱਛ ਬਣ ਜਾਂਦਾ। ਇਹਨੂੰ ਤਾਂ ਪਤਾ ਹੀ ਨਹੀਂ। ਦੁਨੀਆਂ ਵਿਚ ਇਕ ਧਰਮ ਹੈ, ਚਾਹੇ ਸਾਰੇ ਦੇਾਂ ਵਿਚ ਫਿਰ ਲਉ, **ਸਤਿ** ਧਰਮ ਹੈ, ਹੋਰ ਕੋਈ ਧਰਮ ਨਹੀਂ। ਇਹ ਸਾਰੇ ਧਰਮ ਬਦਲ ਜਾਣਗੇ, ਇਹ ਸਾਰੇ ਬਦਲਨੇ

ਵਾਲੇ ਨੇ, ਤੁਹਾਡੇ ਸਾਹਮਣੇ ਬਦਲ ਜਾਣਗੇ। ਅੱਜ ਇਕ ਮੁਸਲਮਾਨ, ਹਿੰਦੂ ਹੋ ਜਾਏ, ਉਹਦਾ ਮੁਸਲਮਾਨ ਧਰਮ ਕਿੱਥੇ ਗਿਆ ? ਹਿੰਦੂ ਹੋ ਗਿਆ। ਸਿੱਖ ਬਣ ਜਾਏ, ਹਿੰਦੂ ਧਰਮ ਗਿਆ। ਇਸ ਕਰਕੇ, ਗੱਲਾਂ ਸਾਰੀਆਂ ਝੂਠ ਨੇ, ਸਤਿ ਹੀ ਇਕ ਧਰਮ ਹੈ।

ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ॥
ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ॥(ਪੰਨਾ ੪੬੪)

ਇਕ ਸੱਚ ਇਹਦੇ ਕੋਲ ਹੋਣਾ ਚਾਹੀਦਾ ਹੈ, ਸੱਚ ਦੇ ਨਾਲ ਹੀ ਇਹ ਸਤਿ ਨਾਲ ਮਿਲ ਜਾਏਗਾ। ਜਦ ਇਹਦੇ ਵਿਚ ਪੂਰਣ ਸਤਿ ਆ ਗਿਆ, ਇਹ ਸਤਿ ਨਾਲ ਮਿਲ ਜਾਏਗਾ। ਤੁਸੀਂ ਇਹ ਆਪ ਦੇਖ ਲਉ, ਤੁਸੀਂ ਕਿਸੇ ਤੋਂ ਰੁਪਈਏ ਲੈਣੇ ਨੇ ਚਾਲ੍ਹੀ, ਉਹ ਭੁੱਲ ਕੇ ਦੇ ਗਿਆ ਪੰਜਾਹ। ਉਹ ਫਿਰ ਮੁੜ੍ਹਕੇ ਆਇਆ, ਉਹਨੇ ਗਿਣ ਲਏ, ਪਰ ਮਨ ਨੇ ਆਖਿਆ, ਹੁਣ ਕਿਹੜਾ ਪੁੱਛਦੈ। ਉਹਨੂੰ ਆਖਿਆ ਨਹੀਂ, ਤੂੰ ਉਥੇ ਜਾਕੇ ਦੇਖ, ਮੈਨੂੰ ਤਾਂ ਚਾਲ੍ਹੀ ਹੀ ਦੇਕੇ ਗਿਐਂ। ਪਰ ਅੰਦਰੋਂ ਤੁਹਾਡੇ ਆਵਾਜ ਆਊ ਕਿ ਤੂੰ ਪੰਜਾਹ ਲਏ ਨੇ ਤੇਰੀ ਜੇਬ ਵਿਚ ਨੇ, ਤੈਂ ਫਲਾਣੀ ਥਾਂ ਰੱਖੇ ਨੇ। ਉਹ ਆਤਮਕ ਆਵਾਜ, ਤੁਸੀ ਕੈਸੇ ਬੰਦ ਕਰ ਦਿਉਂਗੇ ? ਉਹ ਰੱਹਸਕ ਸੱਚ ਜੋ ਆਤਮਾ ਹੈ ਉਹ ਤਾਂ ਸੱਚ ਬੋਲੂ। ਜਦ ਤੱਕ ਤੁਸੀਂ ਉਹਦੇ ਨਾਲ ਨਹੀਂ ਮਿਲੋਗੇ, ਉਦੋਂ ਤੱਕ ਤੁਹਾਨੂੰ ਪਰਮੇਰ ਨਹੀਂ ਮਿਲੇਗਾ, ਜੋਰ ਲਾ ਲਇਓ, ਇਹ ਤਾਂ ਚਲਾਕੀਆਂ ਨੇ। ਏਸ ਕਰਕੇ, ਭਾਈ ! ਮੇਰੇ ਗੁਰੂ ਨੇ ਮੇਰੇ ਤੇ ਕਿਰਪਾ ਕੀਤੀ, ਗਿਆਨ ਦਿੱਤਾ, ਅਗਿਆਨ ਨਾਸ ਕਰ ਦਿੱਤਾ, ਤੇ ਹੁਣ ਮੇਰੇ ਅੰਦਰ ਗਿਆਨ ਦਾ ਪ੍ਕਾ ਹੋ ਗਿਆ। ਕੀ ਪ੍ਕਾ ਹੋ ਗਿਆ ? ਚੱਲ ਭਾਈ –

ਅਸਟਪਦੀ॥
ਸੰਤਸੰਗਿ ਅੰਤਰਿ ਪ੍ਰਭੁ ਡੀਠਾ॥

ਉਹ ਸੰਤ ਦੇ ਸਾਥ, ਸ੍ਰੀ ਗੁਰੂ ਰਾਮਦਾਸ ਸੰਤ ਦੇ ਸਾਥ, ਮੈਂ ਆਪਣੇ ਅੰਦਰ ਰੱਬ ਦੇਖਿਆ। ਕਿਉਂ ? ਸੰਤ ਦਾ ਲੱਛਣ ਹੀ ਇਹੀ ਹੈ। ਮੈਂ, ਗੁਰੂ ਰਾਮਦਾਸ ਦੇ ਨਾਲ ਮਿਲਕੇ ਅੰਦਰ ਰੱਬ ਦੇਖਿਆ। ਇਹ ਸੰਤ ਦੀ ਪੱਕੀ ਨਿਸ਼ਾਨੀ ਹੈ। ਚੱਲੀਏ –

ਨਾਮੁ ਪ੍ਰਭੂ ਕਾ ਲਾਗਾ ਮੀਠਾ॥

ਹੁਣ ਮੈਨੂੰ ਕਦੇ ਪਰਮੇਰ ਦਾ ਨਾਮ ਨਹੀਂ ਭੁੱਲਦਾ। ਇਹ ਨਾਮ ਨਹੀਂ ਭੁੱਲਦਾ ਮੈਨੂੰ।

ਨਾਮੁ ਪ੍ਰਭੂ ਕਾ ਲਾਗਾ ਮੀਠਾ॥

ਹੁਣ ਜਦ ਮੈਨੂੰ ਸਾਖਾਤ ਦਿਸ ਪਿਆ, ਹੁਣ ਮੈਨੂੰ ਭੁੱਲ ਕੈਸੇ ਜਾਏਗਾ ? ਫਰੀਦ ਨੇ ਬੜਾ ਤਪ ਕੀਤਾ, ਇਕ ਉਹਦੇ ਨਾਲ ਹੋਰ ਸੀ, ਉਹ ਖਵਾਜਾ ਅਜਮੇਰ ਦੇ ਪਾਸ ਪਹੁੰਚੇ। ਉਹਨਾਂ ਨੇ ਜਾਕੇ ਜਾਹਿਰ ਕੀਤਾ ਕਿ ਅਸੀਂ ਆਪ ਦੇ ਮੁਰੀਦ ਬਣਨੈ। ਉਹਨਾਂ ਨੇ ਇਕ ਪਰੀਖਿਆ ਲਈ। ਉਹਨਾਂ ਨੂੰ ਇਕ-ਇਕ ਜਾਨਵਰ ਦਿੱਤਾ। ਚਾਹੇ ਉਹ ਲੋਕ ਕਹਿੰਦੇ ਮਿੱਟੀ ਦਾ ਦਿੱਤਾ, ਭੰਨ ਲਿਆਉ, ਚਾਹੇ ਜਿਉਂਦਾ ਦਿੱਤਾ ਬਈ ਉਸ ਜਗ੍ਹਾ ਇਹਨੂੰ ਮਾਰਿਉ, ਜਿਥੇ ਕੋਈ ਦੇਖਦਾ ਨਾ ਹੋਵੇ। ਉਹ ਦੂਆ ਤਾਂ ਮਾਰਕੇ ਆ ਗਿਆ। ਫਰੀਦ ਸਾਰੇ ਜੰਗਲ ਵਿਚ ਫਿਰਕੇ ਆ ਗਿਆ, ਕਹਿੰਦਾ, ਕੋਈ ਜਗ੍ਹਾ ਨਹੀਂ, ਜਿਥੇ ਖ਼ੁਦਾ ਨਹੀਂ ਦੇਖਦਾ। ਜਦ ਕੋਈ ਨਹੀਂ ਦੇਖਦਾ, ਤਾਂ ਮੈਂ ਇਹਨੂੰ ਦੇਖਦਾਂ, ਇਹ ਮੈਨੂੰ ਦੇਖਦੈ। ਜਦ ਮੈਂ ਇਹਦੀਆਂ ਅੱਖਾਂ ਬੰਨਦਾਂ ਤੇ ਚਾਕੂ ਲੈਂਦਾ ਹਾਂ, ਮੇਰੇ ਅੰਦਰ ਕੋਈ ਦੇਖਦੈ ਬਈ ਐਥੇ ਪਿਆ ਹੈ ਤੇ ਇਹ ਟੱਪਦੈ, ਇਹਦੇ ਅੰਦਰ ਕੋਈ ਦੇਖਦੈ, ਕੋਈ ਇਹੋ ਜਿਹੀ ਜਗ੍ਹਾ ਨਹੀਂ ਮਿਲੀ। ਉਹਨੇ ਆਕੇ ਜਾਨਵਰ ਕੋਲ ਰੱਖ ਦਿੱਤਾ। ਮੈਨੂੰ ਨਹੀਂ ਜੀ ਇਹੋ ਜਿਹੀ ਜਗ੍ਹਾ ਮਿਲੀ। ਉਹਨੂੰ ਖਵਾਜਾ ਪੀਰ ਕਹਿੰਦਾ, ਬਾਰਾਂ ਸਾਲ ਤਪ ਕਰ ਜਾਕੇ ਫੇਰ ਆਈਂ, ਤੂੰ ਇਸ ਲਾਇਕ ਨਹੀਂ। ਫਰੀਦ ਨੇ ਬਾਰਾਂ ਸਾਲ ਸੇਵਾ ਕੀਤੀ। ਜਿਸ ਦਿਨ ਅੰਤ ਦਾ ਸਮਾਂ ਆਇਆ, ਉਹ ਦਿਨ ਆਇਆ ਜਿਸ ਦਿਨ ਉਹਦੇ ਤੇ ਕਿਰਪਾ ਕਰਨੀ ਸੀ। ਖਵਾਜੇ ਨੇ ਸਿੱਧੀ ਦੇ ਨਾਲ ਅੱਗ ਬੁਝਾ ਦਿੱਤੀ। ਸਵਾ ਪਹਿਰ ਦੇ ਤੜਕੇ ਉਹ ਇਨਾਨ ਕਰਾਉਂਦਾ ਸੀ, ਫਰੀਦ ਆਪਣੇ ਪੀਰ ਨੂੰ। ਦੇਖਿਆ, ਅੱਗ ਨਹੀਂ! ਉਤੇ ਚੜ੍ਹਕੇ ਦੇਖਿਆ, ਇਤਿਹਾਸ ਵਿਚ ਲਿਖਿਆ ਹੈ ਬਈ ਇਕ ਵੇਸਵਾ ਦੇ ਘਰ, ਦੀਵਾ ਮੱਚਦਾ ਸੀ। ਫਰੀਦ ਉਥੋਂ ਚਲਕੇ ਉਹਦੇ ਪਾਸ ਗਿਆ ਤਾਂ

ਉਹਨੇ ਪੁੱਛਿਆ। ਉਹ ਕਹਿੰਦਾ-ਮਾਤਾ ਮੈਂ ਪੀਰ ਦਾ ਇਨਾਨ ਕਰਾਉਣੈ, ਅੱਗ ਹੈ ਨਹੀਂ, ਮੈਨੂੰ ਅੱਗ ਦੇ ਦੇ। ਉਹ ਕਹਿੰਦੀ, ਅੱਖ ਦੇ ਦੇ। ਉਹਨੇ ਕੱਢਕੇ ਅੱਖ ਦਾ ਆਨਾ, ਕਹਿੰਦਾ ਆਹ ਲੈ। ਉਸਨੇ ਆਕੇ ਇਨਾਨ ਕਰਾਇਆ, ਤੇ ਅੱਖ ਬੰਨੀ ਹੋਈ ਸੀ। ਉਹ ਜਦ ਇਨਾਨ ਕਰਾਉਂਦਾ ਸੀ, ਪੀਰ ਨੇ ਆਖਿਆ, ਅੱਖ ਬੰਨ੍ਹੀ ਹੈ ? ਫਰੀਦ ਕਹਿੰਦਾ, ਆ ਗਈ। ਉੱਧਰ ਆ ਗਈ ਕਹਿੰਦੇ ਨੇ ਦੁੱਖਦੀ ਨੂੰ ਪਾਕਪਟਨ ਵਿੱਚ। ਪੀਰ ਕਹਿੰਦਾ, ਆ ਗਈ ਪਰ ਥੋੜੀ ਛੋਟੀ ਹੋਏਗੀ, ਨਿਗ੍ਹਾ ਜਿਆਦਾ ਹੋਏਗੀ, ਖੋਲ੍ਹ ਦੇ। ਖੋਲ੍ਹ ਦਿੱਤੀ। ਹੁਣ ਤੱਕ ਉਹ ਫਰੀਦ ਦੀ ਗੱਦੀ ਤੇ ਜਾਕੇ ਦੇਖੋ, ਉਹਨਾਂ ਦੀ ਨਸਲ ਵਿਚ, ਉਹ ਚੀਜ ਚਲੀ ਆਉਂਦੀ ਹੈ। ਏਸ ਕਰਕੇ, ਉਸ ਦਿਨ ਉਸ ਤੇ ਕਿਰਪਾ ਹੋਈ ਤਾਂ ਜਦ ਉਹ ਫਰੀਦ ਆਇਆ ਘਰ ਵਿਚ ਤਾਂ ਮਾਤਾ ਨੇ ਉਹਦੀ ਬੜੀ ਸੇਵਾ ਕੀਤੀ, ਬਈ ਇਹਾ ਜਿਹਾ ਤੁਸੀਂ ਕਦੇ ਖਾਧਾ ਸੀ ?

ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਂਝਾ ਦੁਧੁ॥
ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ॥(ਪੰਨਾ ੧੩੭੯)

ਉਸਨੇ ਆਖਿਆ ਮਾਤਾ ਨੇ, ਤੂੰ ਇਹੋ ਜਿਹੇ ਪਦਾਰਥ ਮਿੱਠੇ ਖਾਧੇ ਨੇ ? ਉਹ ਕਹਿੰਦਾ ਠੀਕ ਹੈ, ਸਾਰੇ ਮਿੱਠੇ ਨੇ, ਪਰ ਰੱਬ ਵਰਗੇ ਮਿੱਠੇ ਨਹੀਂ ਹਨ। ਤੈਂ ਮਾਤਾ ਰੱਬ ਦਾ ਸੁਆਦ ਨਹੀਂ ਦੇਖਿਆ। ਜਿਹਨਾਂ ਨੇ ਰੱਬ ਦਾ ਸੁਆਦ ਨਹੀਂ ਦੇਖਿਆ, ਉਹਨਾਂ ਨੂੰ ਕੀ ਪਤਾ ਹੈ। ਇਹ ਪਦਾਰਥ ਸਾਰੇ ਮਿੱਠੇ ਹਨ।

ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਂਝਾ ਦੁਧੁ॥(ਪੰਨਾ ੧੩੭੯)

ਇਹ ਚੀਜਾਂ ਸਭ ਕਹਿ ਦਿਤੀਆਂ, ਇਹ ਸਭੇ ਵਸਤੂ ਮਿਠੀਆਂ ਜੋ ਮੈਨੂੰ ਤੈਂ ਦਿੱਤੀਆਂ, ਸਭੇ ਮਿੱਠੀਆਂ ਨੇ। ਪਰ ***ਰਬ ਨਾ ਪੁਜਨਿ ਤੁਧੁ*** ਪਰ ਰੱਬ ਜਿੰਨੀਆਂ ਮਿੱਠੀਆਂ ਤਾਂ ਨਹੀਂ ਹਨ। ਤੈਂ ਰੱਬ ਦਾ ਸੁਆਦ ਹੀ ਨਹੀਂ ਦੇਖਿਆ ਮਾਤਾ ! ਏਸ ਕਰਕੇ, ਜਦ ਇਹਨੂੰ ਉਸ ਪਰਮੇ ਰ ਦਾ ਸਾਖਾਤਕਾਰ ਹੋ ਜਾਏਗਾ, ਫਿਰ ਇਹ ਕੈਸੇ ਭੁੱਲ ਜਾਏਗਾ ਰੱਬ ? ਫਿਰ ਇਹ ਪਰਮੇਰ ਰੂਪ ਹੋਏਗਾ। ਪਰ ਏਸ ਕਰਕੇ,

ਭਾਈ! ਜਦ ਤੱਕ ਇਹ ਕਿਸੇ ਪੂਰਣ ਗੁਰੂ, ਫਕੀਰ, ਗੁਰੂ ਦੇ ਚਰਨਾਂ ਵਿਚ ਨਹੀਂ ਲੱਗਦਾ, ਉਤੋਂ ਰਹਿਮ ਨਹੀਂ ਹੁੰਦਾ ਪਰਮੇਰ ਦਾ, ਤਬ ਤੱਕ ਇਹਦੀ ਲਿਵ ਨਹੀਂ ਲੱਗਦੀ, ਹੋਰ ਗੱਲਾਂ ਸਭ ਬਣਾਉਟੀ ਨੇ। ਚੱਲ ਭਾਈ–

ਸਗਲ ਸਮਿਗ੍ਰੀ ਏਕਸੁ ਘਟ ਮਾਹਿ॥

ਉਹ ਸਾਰੀ ਸਮੱਗਰੀ ਦਾ ਮਾਲਕ ਇਕ, ਹਿਰਦੇ ਵਿਚ ਬੈਠੈ ਤੇਰੇ ਭਾਈ!

ਅਨਿਕ ਰੰਗ ਨਾਨਾ ਦ੍ਰਿਸਟਾਹਿ॥

ਉਹ ਸਾਰੇ ਅਨੇਕਾਂ ਰੰਗ, ਦਿਸਦੇ ਨਹੀਂ ਹਨ ਸਾਹਮਣੇ, ਇਹ ਸੰਸਾਰ ਸਾਰਾ ? ਦੂਜੇ ਨਾਲ ਦੂਜਾ ਨਹੀਂ ਮਿਲਦਾ ਕੋਈ। ਇਹ ਸਾਰੇ ਦਾ ਮਾਲਕ ਹਿਰਦੇ ਵਿਚ ਬੈਠਾ ਤੇਰਾ ਆਤਮਾ, ਤੇਰਾ ਆਪਾ, ਪਰ ਤੈਨੂੰ ਨਹੀਂ ਪਤਾ ਮੇਰਾ ਆਪਾ। ਏਸ ਕਰਕੇ ਤੂੰ ਬਾਹਰ ਭਾਲਦਾ ਫਿਰਦੈਂ। ਇਹ ਰੁੱਈਆਂ ਨੂੰ ਰੱਬ ਅੱਜ ਤੱਕ ਲੱਭਿਆ ਨਹੀਂ। ਕਿਸੇ ਰੁੱਈ ਨੂੰ ਅੱਜ ਤੱਕ ਮੈਨੂੰ ਦੱਸੋ ? ਰੱਬ ਲਭਿਆ ਹੋਵੇ ? ਚਾਹੇ ਹਿੰਦੂ ਹੈ, ਮੁਸਲਮਾਨ ਹੈ, ਸਿੱਖ ਹੈ? ਕੋਈ ਹੈ ਚਾਹੇ ਆਪਣੀ ਰੁਾ ਵਿੱਚ। ਕਿਸੇ ਇਕ ਵੱਲ ਵੀ ਹੱਥ ਕਰੋ ਬਈ ਫਲਾਣੇ ਰੁੱਈ ਨੂੰ ਰੱਬ ਮਿਲਿਆ। ਬੜਾ ਰੁੱਈ ਤਾਂ ਇਹੀ ਸੀ ਨਾ ਔਰੰਗਜੇਬ, ਉਹ ਕਹਿੰਦਾ ਸੀ, ਇਕ ਕਰ ਦੇਣੈ ਮੇਰੇ ਸਾਹਮਣੇ। ਇਹ ਜਦ ਆਦਮੀ ਰੁਾ ਵਿਚ ਆਉਂਦੈ ਤਾਂ ਜੋ ਕੁੱਛ ਨਹੀਂ, ਉਹ ਕਰ ਦਿੰਦੈ। ਪਰ ਏਸ ਕਰਕੇ, ਭਾਈ! ਜਦ ਤੱਕ ਇਹ ਸਾਰਿਆਂ ਵਿਚ ਇਕ ਦ੍ਰਿਟੀ ਨਹੀਂ ਦੇਖਦਾ। ਉਹ ਗੀਤਾ ਚ ਲਿਖਿਐ–

ਸਮਤਵੰ ਯੋਗ ਉਚਯਤੇ॥ (ਗੀਤਾ)

ਉਹ ਸਾਰੇ ਯੋਗ ਕਹਿੰਦਾ ਆਇਆ, ਕਰਾਚਾਰੀਆ ਨੇ ਗੀਤਾ ਦੇ ਅਰਥ ਕੀਤੇ। ਜਦ ਆਇਆ–

ਸਮਤਵੰ ਯੋਗ ਉਚਯਤੇ॥ (ਗੀਤਾ)

ਉਹ ਕਹਿੰਦਾ, ਜਦ ਸਮ ਯੋਗ ਆ ਗਿਆ ਤਾਂ ਸਾਰੇ ਯੋਗ ਨਾਸ ਹੋ ਜਾਣਗੇ। ਭਾਈ ਘਨੱਈਏ ਨੇ ਵੀ ਸਾਧਨ ਕੀਤਾ ਸੀ, ਉਹਨੇ ਦਸਮ ਪਾਤਾਹ ਦੀ ਕਿਰਪਾ ਤੇ ਪਾਣੀ ਪਿਆਇਆ ਹਿੰਦੂ, ਮੁਸਲਮਾਨ, ਸਿੱਖਾਂ ਨੂੰ ਇਕੋ ਜਿਹਾ ਪਿਆਇਆ, ਕਿਉਂ ? ਉਹਦੇ ਵਿਚ ਸਮਤਵ ਸੀ। ਆਹ ਜਿਹੜੇ ਸੇਵਾ ਪੰਥੀਏ ਬਣਾਉਂਦੇ ਨੇ ਗੁਰਦੁਆਰੇ, ਹੋਰ ਆਹ ਤੁਹਾਡਾ ਤਲਾਅ ਬਣਾਇਆ। ਇਹ ਸਾਰੇ, ਸੇਵਾ-ਪੰਥੀਏ ਨੇ ਭਾਈ ਘਨੱਈਏ ਦੀ ਸੰਪਰਦਾ ਹੈ। ਏਸ ਕਰਕੇ, ਇਹਦੇ ਵਿਚ ਸਮਤਾ ਨਹੀਂ ਜਦ ਤੱਕ ਆਉਦੀ, ਉਦੋਂ ਤੱਕ ਇਹਨੂੰ ਸੁਆਹ ਵੀ ਨਹੀਂ ਆਉਣੀ ਚਾਹੇ ਕੁੱਛ ਬਣਿਆ ਫਿਰਦਾ ਰਹੇ, ਪਰ ਇਹ ਰੱਬ ਪਾਸਿਉਂ ਖਾਲੀ ਹੈ, ਪਰਮੇਰ ਦੇ ਦਰਵਾਜੇ ਤੇ ਕਦੇ ਨਹੀਂ ਪਹੁੰਚੇਗਾ, ਜੋਰ ਲਾ ਲਉ। ਉਹ ਤਾਂ ਸਮਤਾ ਮੇਂ ਹੈ, ਸਮਦ੍ਰਿਟੀ ਮੇਂ ਹੈ। ਉਹ, ਸਾਰਿਆਂ ਦੇ ਹਿਰਦੇ ਵਿਚ, ਰੱਬ ਇਕ ਹੈ।

ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ॥

(ਪੰਨਾ ੧੪੨੭)

ਉਹ ਸਾਰਿਆਂ ਦੇ ਹਿਰਦਿਆਂ ਵਿਚ ਪਰਮੇਰ ਇਕ ਹੈ ਜਿਹੜਾ ਤੁਹਾਡੇ ਹਿਰਦੇ ਵਿਚ ਬੈਠਾ, ਤੁਹਾਡੇ ਮਨ ਨੂੰ ਦੇਖਦਾ ਜਾਣਦਾ ਹੈ, ਉਹੀ ਤਾਂ ਰੱਬ ਹੈ, ਹੋਰ ਰੱਬ ਕੀ ਹੈ ? ਉਹੀ ਵਿਆਪਕ ਹੈ। ਚੱਲੀਏ-

ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥

ਨੌਂ ਨਿਧੀਆਂ ਦੇਣੇ ਵਾਲਾ, ਅਮਰ ਕਰਨੇ ਵਾਲਾ, ਇਕ ਰੱਬ ਦਾ ਨਾਮ ਹੈ।ਅਮਰ ਕਰਨੇ ਵਾਲਾ, ਇਕ ਨਾਮ ਹੈ। ਨਾਮ, ਨਾਮੀ ਦਾ ਅਭੇ ਦ ਹੈ। ਨਾਮ, ਨਾਮੀ ਦੋ ਨਹੀਂ ਹੁੰਦੇ ਕਦੇ, ਇੱਕੋ ਹੀ ਹੁੰਦਾ ਹੈ। ਏਸ ਕਰਕੇ, ਉਹ ਭਾਈ ! ਅਮਰ ਕਰਨੇ ਵਾਲਾ ਨਾਮ ਹੈ।

ਨਾਮ ਸੰਗਿ ਜਿਸ ਕਾ ਮਨੁ ਮਾਨਿਆ॥
ਨਾਨਕ ਤਿਨਹਿ ਨਿਰੰਜਨੁ ਜਾਨਿਆ॥ (ਪੰਨਾ ੨੮੧)

ਨਾਮ ਦੇ ਨਾਲ ਜੀਹਦਾ ਮਨ, ਮੰਨ ਗਿਆ, ਉਹ ਪਰਮੇਰ ਨੂੰ ਜਾਣੂੰ॥

ਨਾਮੁ ਸੰਗੀ ਸੋ ਮਨਿ ਨ ਬਸਾਇਓ॥
ਛੋਡਿ ਜਾਹਿ ਵਾਹੂ ਚਿਤੁ ਲਾਇਓ॥ (ਪੰਨਾ ੭੧5)

ਇਹਦਾ ਸੰਗੀ ਤਾਂ ਨਾਮ ਸੀ, ਨਾਮੀ ਨੂੰ ਮਿਲਾਉਣ ਵਾਲਾ ਇਕ ਨਾਮ ਹੈ। ਗੁਰੂ ਘਰ ਦਾ ਇਹ ਪੱਕਾ ਨਿਸਚੈ, ਬਈ ਜਦ ਤੈਨੂੰ ਨਾਮ ਪ੍ਰਾਪਤ ਹੋ ਗਿਆ, ਨਾਮੀ ਮਿਲ ਜਾਊ। ਨਾਮ, ਨਾਮੀ ਤਾਂ ਇਕ ਨੇ, ਪਰ ਤੇਰਾ ਮਨ, ਨਾਮ ਨਾਲ ਇੱਕ ਹੋ ਜਾਏ। ਤੁਸੀਂ ਆਪ ਤੜਕੇ ਉੱਠਕੇ ਦੇਖਿਓ, ਬਈ ਤੁਹਾਡਾ ਮਨ, ਨਾਮ ਨਾਲ ਇਕ ਹੁੰਦਾ ਹੈ ਕਿ ਨਹੀਂ ਹੁੰਦਾ। ਜੇ ਇਹ ਬਾਹਰ ਹੀ ਫਿਰੀ ਗਿਆ ਤਾਂ ਫਿਰ ਨਾਮ ਤਾਂ ਪ੍ਰਾਪਤ ਨਾ ਹੋਇਆ।

ਨਾਮ ਸੰਗਿ ਜਿਸ ਕਾ ਮਨੁ ਮਾਨਿਆ॥
ਨਾਨਕ ਤਿਨਹਿ ਨਿਰੰਜਨੁ ਜਾਨਿਆ॥ (ਪੰਨਾ ੨੮੧)

ਗੁਰੂ ਸਾਹਿਬ ਕਹਿੰਦੇ, ਜੀਹਦਾ ਨਾਮ ਨਾਲ ਮੰਨ ਗਿਆ ਮਨ, ਉਹ ਪਰਮੇਰ ਨੂੰ ਜਾਣ ਲਊ। ਏਸ ਕਰਕੇ ਨਾਮ ਨਾਲ ਇਹਦਾ ਮਨ ਬੜਾ ਮੁਕਿਲ ਮਿਲਦੈ। ਇਹਦੇ ਤਾਂ ਫੁਰਨੇ ਹੀ ਨਹੀਂ ਮੁੱਕਦੇ। ਇਹਦੇ ਮਨ ਦੀ ਤਾਂ ਘੋੜ ਦੌੜ ਹੀ ਨਹੀਂ ਹਟਦੀ। ਜਿੰਨੇ ਜਿਆਦਾ ਪੈਸੇ ਹੋਣਗੇ, ਉਤਨੀ ਜਿਆਦਾ ਕਰੇਗਾ, ਜਿੰਨੇ ਥੋੜੇ ਪੈਸੇ ਹੋਣਗੇ, ਉਤਨੀ ਥੋੜੀ ਕਰੇਗਾ। ਏਸ ਕਰਕੇ, ਇਹ ਤਾਂ ਘੋੜ ਦੌੜ ਵਿਚ ਹੀ ਚਲਦੈ। ਕੱਖ ਨਹੀਂ ਬਣਦਾ ਏਸ ਤਰ੍ਹਾਂ।

ਦੇਹੀ ਮਹਿ ਇਸ ਕਾ ਬਿਸ੍ਰਾਮੁ॥

ਕਿਤੇ ਬਾਹਰ ਨਹੀਂ ਹੈ। ਉਹ ਤੇਰੇ ਸਰੀਰ ਦੇ ਵਿਚ ਬੈਠਾ ਹੈ ਉਹ ਪਰਮੇਰ, ਉਹ ਤੇਰੇ ਹਿਰਦੇ ਵਿਚ ਨਹੀਂ ਬੈਠਾ ? ਜਦ ਵਿੇ ਚੇਤਨ ਨਹੀਂ ਹੁੰਦਾ, ਉਹ ਮੁਰਦਾ ਹੋ ਜਾਂਦਾ ਹੈ। ਏਸ ਕਰਕੇ, ਭਾਈ ! ਉਹ ਵਿੇ ਚੇਤਨ ਤੇਰੇ ਹਿਰਦੇ ਵਿਚ ਬੈਠਾ ਹੈ। ਉਹ ***ਘਟ ਘਟ ਮੈ ਹਰਿ ਜੂ*** , ਸਮਾਨ ਹਮੇਾਂ ਹੈ, ਪਰ ਵਿੇ ਜਦ ਹੋਏਗਾ, ਕਾਰਜ ਤਾਂ ਉਦੋਂ ਹੋਏਗਾ।

ਸੁੰਨ ਸਮਾਧਿ ਅਨਹਤ ਤਹ ਨਾਦ॥

ਇਸ ਤੋਂ ਅੱਗੇ ਸੁੰਨ ਸਮਾਧ ਹੈ, ਇਹਦੀ ਸਮਾਧੀ ਲੱਗ ਜਾਊ, ਇਕ ਸੁਰ ਹੋ ਜਾਏਗਾ। ***ਤਹ ਨਾਦ*** ਉਥੋਂ ਤੈਨੂੰ ਨਾਦ ਪ੍ਰਾਪਤ ਹੋ ਜਾਏਗਾ, ਉਥੇ ਤੈਨੂੰ ਨਾਮੀ ਪ੍ਰਾਪਤ ਹੋਏਗਾ, ਜਦ ਤੇਰੀ ਬਿਰਤੀ ਠੀਕ, ਤੇਰਾ ਮਨ ਲੀਨ ਹੋ ਗਿਆ।

ਸੁਣਿਆ ਮੰਨਿਆ ਮਨਿ ਕੀਤਾ ਭਾਉ॥
ਅੰਤਰਗਤਿ ਤੀਰਥਿ ਮਲਿ ਨਾਉ॥ (ਪੰਨਾ ੪)

ਜਦ ਤੂੰ ਅੰਤਰ ਆਤਮਾ ਦੇ ਵਿਚ ਨਹਾ ਲਿਆ, ਤੇਰਾ ਮਨ ਲੀਨ ਹੋ ਗਿਆ, ਤੈਨੂੰ ਸਭ ਕੁੱਛ ਪ੍ਰਾਪਤ ਹੋ ਜਾਊ।

ਅੰਤਰ ਆਤਮੈ ਬ੍ਰਹਮੁ ਨ ਚੀਨਿ~ਆ
ਮਾਇਆ ਕਾ ਮੁਹਤਾਜੁ ਭਇਆ॥ (ਪੰਨਾ ੪੩5)

ਇਹਨੇ ਆਪਣੇ ***ਅੰਤਰ ਆਤਮਾ*** ਨੂੰ ਵਿਆਪਕ ਨਹੀਂ ਜਾਣਿਆ। ਇਹ ਤਾਂ ਮਾਇਆ ਦਾ ਮੁਹਤਾਜ ਹੈ, ਅੱਠ ਪਹਿਰ ਮਾਇਆ ਦੀ ਮੁਹਤਾਜਗੀ ਕਰਦਾ ਹੈ।

ਕਹਨੁ ਨ ਜਾਈ ਅਚਰਜ ਬਿਸਮਾਦ॥

ਇਹ ਕਹਣੇ ਚ ਨਹੀਂ ਆਉਂਦਾ, ਮਨ ਬਾਣੀ ਦੇ ਵਿ ਨਹੀਂ, ਉਹ ਅਸਚਰਜ ਹੈ। ***ਬਿਸਮਾਦ*** ਵੀ ਅਸਚਰਜ ਦਾ ਨਾਉਂ ਹੈ। ਉਹ ਪਰਮੇਰ ਅਸਚਰਜ ਦਾ ਵੀ ਅਸਚਰਜ ਹੈ। ਜਿਹੜਾ ਵੀ ਅਸਚਰਜ ਹੋ ਗਿਆ, ਉਹ ਮੁੜਕੇ ਨਹੀਂ ਆਇਆ। ਕਬੀਰ ਆਇਆ ? ਨਾਮਦੇਵ ਆਇਆ ? ਧੰਨਾ ਆਇਆ ? ਜਦ ਜਿਸਦਾ ਅਸਚਰਜ ਵਿਚ ਹਿਰਦਾ ਲੀਨ ਹੋ ਗਿਆ, ਉਹ ਅਸਚਰਜ ਰੂਪ ਹੋ ਗਿਆ। ਅਸਚਰਜ ਚੇਤਨ ਤਾਂ ਪਹਿਲੇ ਹੀ ਸੀਗਾ, ਫਿਰ ਇਹ ਚੇਤਨ ਦਾ ਆਪਣਾ ਸਰੂਪ ਇਹਨੂੰ ਪ੍ਰਾਪਤ ਹੋ ਗਿਆ।

ਤਿਨਿ ਦੇਖਿਆ ਜਿਸੁ ਆਪਿ ਦਿਖਾਏ॥

ਕਹਿੰਦੇ, ਜੀ ਉਸ ਪਰਮੇਰ ਨੂੰ ਇਹ ਕੈਸੇ ਦੇਖੇ ? ਜਿਸਨੂੰ ਕਿਰਪਾ ਕਰਕੇ ਆਪ ਦਿਖਾਏ ਉਹ ਦੇਖੇ, ਹੋਰ ਕੋਈ ਨਹੀਂ ਦੇਖ ਸਕਦਾ।

ਬ੍ਰਹਮ ਗਿਆਨੀ ਸੇ ਜਨ ਭਏ॥
ਨਾਨਕ ਜਿਨ ਪ੍ਰਭੁ ਆਪਿ ਕਰੇਇ॥
ਨਾਨਕ ਤਿਸੁ ਜਨ ਸੋਝੀ ਪਾਏ॥ (ਪੰਨਾ ੨੭੨)

ਉਸਨੂੰ ਸੋਝੀ ਆ ਜਾਏਗੀ ਆਪਣੇ ਸਰੂਪ ਦੀ, ਉਸਨੂੰ ਸੋਝੀ ਆ ਜਾਏਗੀ, ਉਹਨੂੰ ਆਪਣੇ ਆਪ ਦਾ ਪਤਾ ਲੱਗ ਜਾਊ। ਬਈ, ਮੈਂ ਆਹ ਚੇਤਨ ਹਾਂ, ਜਿਹੜਾ ਦਾਨਾ ਬੀਨਾ, ਜਿਹੜਾ ਮਨ ਨੂੰ ਜਾਂਦੇ ਹੋਏ ਨੂੰ ਦੇਖਦਾ ਤੇ ਜਾਣਦੈ, ਮੈਂ ਤਾਂ ਇਹ ਹਾਂ। ਆਹ ਤਾਂ ਸਾਰੀ ਪ੍ਰਕਿਰਤੀ ਹੈ, ਮੈਂ ਪ੍ਰਕਿਰਤੀ ਤਾਂ ਨਹੀਂ ਹਾਂ। ਏਸ ਕਰਕੇ, ਇਹ ਸਾਰੀ ਪ੍ਰਕਿਰਤੀ ਹੈ, ਮੈਂ ਪ੍ਰਕਿਰਤੀ ਨਹੀਂ, ਏਸ ਕਰਕੇ, ਮੈਂ ਉਹ ਚੇਤਨ ਹਾਂ।

ਸੋ ਅੰਤਰਿ ਸੋ ਬਾਹਰਿ ਅਨੰਤ॥

ਉਹ ਜਿਹੜਾ ਅਨੰਤ ਪਰਮੇਰ ਹੈ, ਉਹ ਅੰਤਰ ਆਤਮਾ ਤੇਰਾ, ਉਹੀ ਬਾਹਰ ਹੈ।

ਅੰਤਰਿ ਬਸੇ ਬਾਹਰਿ ਭੀ ਓਹੀ॥
ਨਾਨਕ ਦਰਸਨੁ ਦੇਖਿ ਸਭ ਮੋਹੀ॥ (ਪੰਨਾ ੨੯੪)

ਨਿਰਗੁਨੁ ਆਪਿ ਸਰਗੁਨੁ ਭੀ ਓਹੀ॥
ਕਲਾ ਧਾਰਿ ਜਿਨਿ ਸਗਲੀ ਮੋਹੀ॥ (ਪੰਨਾ ੨੮੭)

ਉਹ ਪਰਮੇਰ ਹੈ।

ਘਟਿ ਘਟਿ ਬਿਆਪਿ ਰਹਿਆ ਭਗਵੰਤ॥

ਉਹ ਭਗਵਾਨ, ਪਰਮੇਰ, ਸਾਰਿਆਂ ਦੇ ਹਿਰਦਿਆਂ ਦੇ ਵਿਚ ਵਿਆਪਕ ਹੈ, ਰਚਿਆ ਹੋਇਐ। ਇਹਨੂੰ **ਘਟਾਕਾ** ਕਹਿੰਦੇ ਨੇ, ਬਾਹਰਲੇ ਨੂੰ ਬਾਹਰ ਆਕਾ ਕਹਿੰਦੇ ਨੇ, ਕਿਸੇ ਨੂੰ ਘੜਾ ਆਕਾ ਕਹਿੰਦੇ ਨੇ, ਪਰ ਆਕਾ ਇਕੋ ਹੀ ਹੈ, ਉਹ ਸਾਰਿਆਂ ਦੇ ਹਿਰਦਿਆਂ ਵਿਚ ਵਿਆਪਕ ਹੈ, ਪਰੀਪੂਰਣ ਪਰਮੇਰ।

ਧਰਨਿ ਮਾਹਿ ਆਕਾਸ ਪਇਆਲ॥

ਧਰਤੀ ਦੇ ਵਿਚ, ਆਕਾ ਦੇ ਵਿਚ, ਪਾਤਾਲ ਦੇ ਵਿਚ, ਸਾਰੇ ਵਿਆਪਕ ਹੈ।

ਸਰਬ ਲੋਕ ਪੂਰਨ ਪ੍ਰਤਿਪਾਲ॥

ਸਾਰੇ ਲੋਕਾਂ ਦੇ ਵਿਚ ਵਿਆਪਕ ਹੈ, ਸਾਰਿਆਂ ਦੀ ਪ੍ਰਤਿਪਾਲਣਾ ਕਰਦਾ ਹੈ, ਕੀੜੀ ਤੋਂ ਲੈਕੇ ਹਾਥੀ ਤੱਕ।

ਚੀਟੀ ਤੇ ਕੁੰਚਰ ਅਸਥੂਲਾ॥

ਸਭ ਪਰ ਕ੍ਰਿਪਾ ਦ੍ਰਿਸਟਿ ਕਰਿ ਫੂਲਾ॥ (ਚੌਪਈ ਸਾਹਿਬ)

ਉਹ ਖੁ ਹੋਕੇ ਸਭ ਤੇ ਕਿਰਪਾ ਕਰਦਾ ਹੈ। ਪਹਿਲੇ ਪਾਤਾਹ ਨੂੰ ਕਹਿੰਦੇ ਤੁਹਾਡਾ ਇਟ ਕੀ ਹੈ ? ਕਹਿੰਦੇ **ੴ** । ਗੁਰੂ ਸਾਹਿਬ ਨੇ ਪਹਿਲੇ **ੴ** ਲਿਖਿਆ ਹੈ, ਹੋਰ ਕਿਸੇ ਨੇ ਨਹੀਂ ਲਿਖਿਆ। ਉਹ ਕਹਿੰਦੇ **ੴ** ਕੀ ਹੈ ? ਉਹ ਕਹਿੰਦੇ -

ਏਕਮ ਏਕੰਕਾਰੁ ਨਿਰਾਲਾ॥ ਅਮਰੁ ਅਜੋਨੀ ਜਾਤਿ ਨ ਜਾਲਾ॥

ਅਗਮ ਅਗੋਚਰੁ ਰੂਪੁ ਨ ਰੇਖਿਆ॥ (ਪੰਨਾ ੮੩੮)

ਏਕਮ ਏਕੰਕਾਰੁ ਨਿਰਾਲਾ॥ ਅਮਰ ਅਜੋਨੀ ਸਭ ਕੁੱਛ ਇਹ ਹੈ ਪਰ ਮੈਂ ਸਭ ਦੇ ਹਿਰਦਿਆਂ ਵਿਚ ਦੇਖਿਆ।

ਖੋਜਤ ਖੋਜਤ ਘਟਿ ਘਟਿ ਦੇਖਿਆ॥
ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮ॥

ਇਹ **ੴ** ਸਾਰਿਆਂ ਦੇ ਹਿਰਦਿਆਂ ਵਿਚ ਬੈਠਾ ਹੈ ਇਕ ਪਰਮੇ ਰ। ਇਹ **ੴ** ਗੁਰੂ ਪਹਿਲੀ ਪਾਤਾਹੀ ਕਹਿੰਦੇ, ਇਹ ਸਾਡਾ ਇਟ ਦੇਵ ਹੈ। ਓਮ ਤਾਂ ਨਾਮ ਹੈ ਪਰ **ੴ** ਤਾਂ ਇਟ ਹੈ ਸਾਰਿਆਂ ਦਾ। ਇਕ ਨੂੰ ਸਭ ਮੰਨਦੇ ਨੇ, ਉਹਨਾਂ ਨੇ ਲਿਖਕੇ ਦਿਖਾਲ ਦਿੱਤਾ। ਇਹ **ੴ** ਸਭ ਦੇ ਵਿਚ ਬੈਠੈ, ਚਾਰ ਖਾਣੀਆਂ ਦੇ ਵਿਚ ਹੈ।

ਜੈਸੀ ਆਗਿਆ ਤੈਸਾ ਕਰਮੁ॥

ਜੈਸੀ ਵੀ ਪਰਮੇਰ ਦੀ ਆਗਿਆ ਹੋਊ, ਪ੍ਰਕਿਰਤੀ ਨੇ ਉਹੀ ਕੰਮ ਕਰਨੈ। ਪ੍ਰਕਿਰਤੀ ਤਾਂ ਜੜ੍ਹ ਹੈ, ਪ੍ਰਕਿਰਤੀ ਤਾਂ ਹੁਕਮ ਵਿਚ ਹੈ, ਹੁਕਮੀ ਤਾਂ ਨਹੀਂ ਹੈ। ਇਹ ਤਾਂ ਹੁਕਮ ਹੈ।

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥ (ਪੰਨਾ ੧)

ਇਹ ਤਾਂ ਹੁਕਮ ਹੈ, ਉਹ ਹੁਕਮ ਵਿਚ ਹੈ ਪ੍ਰਕਿਰਤੀ। ਪਰ ਪਰਮੇਰ ਹੁਕਮ ਵਿਚ ਨਹੀਂ, ਜੈਸੀ ਆਗਿਆ ਕਰੇਗਾ, ਸੰਸਾਰ ਵਿਚ ਉਹੀ ਕੰਮ ਹੋਊ। ਸਾਰਾ ਜੋਰ ਲਾ ਲਉ ਤੁਸੀਂ, ਪਰਮੇਰ ਨੇ ਜਿਹੜਾ ਕੰਮ ਕਰਨਾ ਹੋਊ, ਹੋਏਗਾ ਉਹੀ। ਤੁਸੀਂ ਦੇਖਦੇ ਹੋ, ਮੀਂਹ ਨਹੀਂ ਪੈਂਦਾ, ਉਹ ਇਕ ਮੇਰੇ ਕੋਲ ਆਇਆ ਪੰਡਿਤ, ਕਹਿੰਦਾ ਯੱਗ ਕਰਿਓ। ਉਹਨਾਂ ਨੇ ਕਰਿਆ ਯੱਗ, ਪਰ ਮੀਂਹ ਨਾ ਪਿਆ। ਉਹਨਾਂ ਨੇ ਮੈਨੂੰ ਦੱਸਿਆ ਫੇਰ ਪੰਡਿਤ ਆਂਹਦਾ ਓਏ! ਮੈਂ ਦੱਸਦਾਂ ਤੁਹਾਨੂੰ, ਗਲਤ ਕੀਤਾ ਤੁਸੀਂ, ਪਹਿਲਾਂ ਹਵਨ ਕਰੋ ਫਿਰ ਯੱਗ ਕਰੋ। ਕਹਿੰਦੇ, ਲੈ ਇਉਂ ਕਰ ਦਿੰਦੇ ਹਾਂ। ਉਹ ਕੀਤਾ, ਫੇਰ ਵੀ ਨਾ ਪਿਆ। ਉਹ ਪੰਡਿਤ ਨੂੰ ਕਹਿੰਦੇ, ਹੁਣ ਦੱਸੋ। ਉਹ ਕਹਿੰਦਾ, ਮੈਨੂੰ ਵੀ ਨਹੀਂ ਪਤਾ। ਏਸ ਕਰਕੇ ਭਾਈ! ਪਰਮੇਰ ਨੇ ਜੋ ਕੁੱਛ ਕਰਨਾ ਹੈ, ਹੋਣਾ ਉਹੀ ਹੈ। ਸਜਾ, ਫਤਿਹ ਜੀਹਨੂੰ ਦੇਣੀ ਹੈ ਕਿਸੇ ਢੰਗ ਨਾਲ ਦੇਵੇ, ਉਹਨੂੰ ਹੀ ਦੇਣੀ ਹੈ। ਜੋ ਕੁੱਛ ਕਰਨਾ, ਕਰਤਾ ਪੁਰ ਹੈ, ਹੋਰ ਦੁਨੀਆਂ ਵਿਚ ਕਰਤਾ ਕੋਈ ਨਹੀਂ, ਕਰਤਾ ਪੁਰ ਜੋ ਕਰੇਗਾ। **ਪੁਰ** ਨਾਉਂ ਹੈ ਪੂਰਣ ਦਾ, ਉਹ ਜੋ ਪੂਰਣ ਕਰੇਗਾ, ਉਹੀ ਹੋਏਗਾ।

ਪਉਣ ਪਾਣੀ ਬੈਸੰਤਰ ਮਾਹਿ॥

ਪਉਣ ਦੇ ਵਿਚ, ਪਾਣੀ ਦੇ ਵਿਚ, ਅਗਨੀ ਦੇ ਵਿਚ, ਪਰਮੇਰ ਨਹੀਂ ਹੈ ? ਇਹ ਤਾਂ ਉਪਨਿਦ ਦੇ ਵਿਚ ਲਿਖਿਆ ਪਿਆ ਹੈ। ਈਰ ਨੇ ਯਕ ਦਾ ਰੂਪ ਧਾਰਕੇ, ਉਹਨਾਂ ਸਾਰਿਆਂ ਦਾ ਜਦ ਹੰਕਾਰ ਦੂਰ ਕਰ ਦਿੱਤਾ। ਦੇਵਤਿਆਂ ਦੀ ਤੇ ਰਾਖਾਂ ਦੀ ਜਦ ਲੜਾਈ ਹੋਈ, ਦੇਵਤੇ ਜਿੱਤ ਗਏ। ਉਹ ਅਗਨੀ ਦੇਵਤਾ ਨੇ ਆਖਿਆ, ਮੈਂ ਐਂ ਕੀਤਾ, ਵਾਯੂ ਕਹਿੰਦਾ, ਮੈਂ ਐਂ ਕੀਤਾ, ਇੰਦਰ ਕਹਿੰਦਾ, ਮੈਂ ਬੱਜਰ ਮਾਰਿਆ। ਇੰਨੇ ਨੂੰ ਉਹ ਈਰ ਯਕ ਰੂਪ ਧਾਰਕੇ ਆ ਗਿਆ, ਇਹ ਉਪਨਿਦ ਵਿਚ ਲਿਖਿਐ। ਉਹਨੇ ਆਖਿਆ ਦੇਖੋ ਇਹ ਹੈ ਕੌਣ, ਉਹਨੇ ਅਗਨੀ

ਦੇਵਤਾ ਭੇਜਿਆ। ਯਕ ਕਹਿੰਦਾ, ਤੂੰ ਕੌਣ ਹੈਂ ? ਅਖੇ, ਮੈਂ ਅਗਨੀ ਦੇਵਤਾ ਹਾਂ। ਅਖੇ ਕੀ, ਕਰ ਦੇਵੇਂਗਾ ? ਕਹਿੰਦਾ, ਮੈਂ ਘੰਟੇ ਵਿਚ ਸੁਆਹ ਕਰ ਦੇਊਂ ਸਾਰੇ ਸੰਸਾਰ ਨੂੰ। ਹੁਣੇ ਕਰ, ਯਕ ਕਹਿੰਦਾ। ਯਕ ਨੇ ਇਕ ਸੁੱਕਾ ਪੱਤਾ ਰੱਖ ਦਿੱਤਾ, ਕਹਿੰਦਾ, ਲੈ ਇਹਨੂੰ ਫੂਕ। ਉਹ ਕੁੱਛ ਵੀ ਨਾ ਹੋਇਆ। ਉਹ ਕਹਿੰਦਾ, ਮੈਨੂੰ ਨਹੀਂ ਪਤਾ ਇਹ ਕੀ ਹੋਇਆ, ਅਗਨੀ ਦੇਵਤਾ ਕਹਿੰਦਾ। ਉਹ ਵਾਯੂ ਕੋਲ ਗਿਆ, ਉਹਨੂੰ ਪੁੱਛਿਆ, ਉਹ ਕਹਿੰਦਾ, ਇੰਨੇ ਚਿਰ ਵਿਚ ਸਾਰਿਆਂ ਨੂੰ ਉਡਾ ਦੇਊਂ, ਉਹ ਕਹਿੰਦਾ, ਇਸ ਪੱਤੇ ਨੂੰ ਉਡਾ ਦੇ। ਉਹ ਨਾ ਉੱਡਿਆ। ਉਹ ਕਹਿੰਦਾ, ਮੈਨੂੰ ਨਹੀਂ ਸੀ ਪਤਾ ਇਹ ਕੌਣ ਹੈ। ਇੰਦਰ ਗਿਆ, ਇੰਦਰ ਨਾਲ ਯਕ ਨੇ ਗੱਲ ਵੀ ਨਾ ਕੀਤੀ। ਏਸ ਕਰਕੇ, ਉਹ ਦੇਵਤਿਆਂ ਦਾ ਹੰਕਾਰ ਤੋੜਿਆ। ਬਈ ਕਰਤਾ ਪੁਰ ਪਰਮੇਰ ਹੈ, ਤੁਸੀਂ ਸੁੱਕਾ ਅਭਿਮਾਨ ਕਰਦੇ ਹੋ। ਜਿੰਨਾ ਚਿਰ ਈਰੀ ਤਾਕਤ ਨਾ ਹੋਵੇ, ਉਤਨਾ ਚਿਰ ਕੋਈ ਕੰਮ ਨਹੀਂ ਹੁੰਦਾ। ਜੋ ਵੀ ਹੁੰਦੈ, ਪਰਮੇਰ ਦੀ ਕਿਰਪਾ, ਪਰਮੇਰ ਦੀ ਤਾਕਤ ਨਾਲ ਹੁੰਦਾ ਹੈ। ਏਸ ਕਰਕੇ, ਪਰਮੇਰ, ਸੂਰਜ ਆਦਿ ਸਾਰਿਆਂ ਦਾ ਕਰਤਾ ਵੀ ਉਹੀ ਹੈ, ਰੱਖਿਆ ਕਰਤਾ ਵੀ ਉਹੀ ਹੈ।

ਰਾਖਾ ਏਕੁ ਹਮਾਰਾ ਸੁਆਮੀ॥
ਸਗਲ ਘਟਾ ਕਾ ਅੰਤਰਜਾਮੀ॥ (ਪੰਨਾ ੧੧੩੬)

ਉਹ ਜੋ ਸਾਰਿਆਂ ਦੇ ਹਿਰਦਿਆਂ ਦਾ ਅੰਤਰਜਾਮੀ ਹੈ, ਉਹ ਸਾਰੀ ਦੁਨੀਆਂ ਦਾ ਰਖਕ ਹੈ।

ਚਾਰਿ ਕੁੰਟ ਦਹ ਦਿਸੇ ਸਮਾਹਿ॥

ਚਾਰ ਖਾਣੀਆਂ ਅਤੇ ਦਸ ਦਿਾਂ, ਚਾਰ ਕੋਨੇ ਤੇ ਉਹ ਸਾਰੇ ਵਿਆਪਕ ਹੈ, ਕੋਈ ਜਗ੍ਹਾ ਨਹੀਂ, ਜਿਥੇ ਪਰਮੇਰ ਨਾ ਹੋਵੇ।

ਤਿਸ ਤੇ ਭਿੰਨ ਨਹੀ ਕੋ ਠਾਉ॥

ਕੋਈ ਜਗ੍ਹਾ ਹੀ ਨਹੀਂ, ਜਿੱਥੇ ਪਰਮੇਰ ਨਾ ਹੋਵੇ। ਸੋਨੇ ਦੇ ਕੜੇ ਚੋਂ, ਤੁਸੀਂ ਸਾਰਾ ਸੋਨਾ ਕੱਢ ਲਉ, ਕੜਾ ਹੀ ਨਹੀਂ ਰਹੇਗਾ। ਏਸ ਕਰਕੇ,

ਉਹ ਆਪ ਹੀ ਹੈ ਸਾਰੇ, ਭਾਈ! ਜਿੱਥੇ ਪਰਮੇਰ ਨਹੀਂ, ਇਹੋ ਜਿਹੀ ਕੋਈ ਜਗ੍ਹਾ ਨਹੀਂ, ਜਿੱਥੇ ਪਰਮੇਰ ਨਹੀਂ। ਤੁਹਾਨੂੰ ਪਤਾ ਹੀ ਹੈ ਰਮਾਇਣ ਪੜਨ ਵਾਲਿਆਂ ਨੂੰ। ਉਹ ਜਦ ਰਾਮ ਗਿਆ ਬਾਲਮੀਕ ਨੂੰ ਮਿਲਿਆ, ਉਹਨੇ, ਉਹ ਗਿ ਦਾ ਅਦਬ ਕੀਤਾ। ਉਹਨੇ ਆਖਿਆ, ਮੈਨੂੰ ਇਹੋ ਜਿਹੀ ਜਗ੍ਹਾ ਦੱਸੋ ? ਮੈਂ ਭਜਨ ਕਰੂੰਗਾ, ਜਿਹੜੀ ਇਕਾਂਤ ਹੋਵੇ। ਉਹ ਬਾਲਮੀਕ ਕਹਿੰਦਾ, ਹਾਂ ਦਸੂੰਗਾ। ਪਰ ਜਿਥੇ ਤੁਸੀਂ ਨਹੀਂ ਹੋ, ਉਹ ਜਗ੍ਹਾ ਮੈਨੂੰ ਦੱਸ ਦਿਉ, ਮੈਂ ਤੁਹਾਨੂੰ ਦੱਸ ਦੇਊਂ ਭਜਨ ਕਰਨ ਵਾਲੀ ਜਗ੍ਹਾ। ਏਸ ਕਰਕੇ, ਕੋਈ ਜਗ੍ਹਾ ਨਹੀਂ ਜਿਥੇ ਪਰਮੇਰ ਨਾ ਹੋਵੇ , ਭਾਈ! ਜਿੱਥੇ ਸੋਨਾ ਨਾ ਹੋਵੇ, ਉਥੇ ਗਹਿਣਾ ਹੁੰਦਾ ਹੀ ਨਹੀਂ, ਜਿਥੇ ਮਿੱਟੀ ਨਾ ਹੋਵੇ, ਉਥੇ ਮਿੱਟੀ ਦਾ ਬਰਤਨ ਹੁੰਦਾ ਹੀ ਨਹੀਂ। ਉਹ ਸਾਰੇ ਪਰੀਪੂਰਣ ਪਰਮੇਰ ਹੈ, ਇਹ ਜਨ ਜਨਾਰਧਨ ਹੈ। ਸਾਰਿਆਂ ਦੇ ਹਿਰਦਿਆਂ ਦੇ ਵਿਚ ਬੈਠਾ ਹੈ, ਅੱਡੋ ਅੱਡੀ ਰੀਰ ਕਰਕੇ ਲਗਦਾ ਹੈ, ਹੈ ਤਾਂ ਇਕ। ਹਾਂ ਜੀ–

ਗੁਰ ਪ੍ਰਸਾਦਿ ਨਾਨਕ ਸੁਖੁ ਪਾਉ॥

ਤੇ ਗੁਰੂ ਦੀ ਕਿਰਪਾ ਦੁਆਰੇ ਇਹ **ਆਤਮ ਸੁਖ** ਤੁਸੀਂ ਤਾਂ ਪਾਉਗੇ ਭਾਈ! **ਆਤਮ ਸੁਖ** ਗੁਰੂ ਦੀ ਕਿਰਪਾ ਬਿਨਾਂ ਅੱਜ ਤੱਕ ਕਿਸੇ ਨੂੰ ਮਿਲਿਆ ਨਹੀਂ ਤੇ ਨਾ ਅਗਾਂਹ ਨੂੰ ਮਿਲੇ।

ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ॥
ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ॥ (ਪੰਨਾ 59)

ਗੁਰੂ ਸਾਹਿਬ ਕਹਿੰਦੇ, ਉਏ ਭਾਈ! ਗੁਰੂ ਦੇ ਬਿਨਾਂ ਗਿਆਨ ਨਹੀਂ ਹੋਇਆ, ਜਾਕੇ ਬ੍ਰਹਮਾ ਨੂੰ ਪੁੱਛੋ, ਨਾਰਦ ਨੂੰ ਪੁੱਛੋ, ਬਿਆਸ ਨੂੰ ਪੁੱਛੋ ਜਾਂ ਉਹਦੇ ਗ੍ਰੰਥ ਪੜ੍ਹਕੇ ਦੇਖ ਲਉ। ਏਸ ਕਰਕੇ, ਗੁਰੂ ਦੀ ਤੁਹਾਡੇ ਤੇ ਪ੍ਰਸਾਦਿ, ਕਿਰਪਾ ਹੋਏਗੀ ਤਾਂ ਇਹ **ਆਤਮ ਸੁਖ** ਤੁਹਾਨੂੰ ਪ੍ਰਾਪਤ ਹੋਏਗਾ। ਅੱਜ ਤੱਕ ਬਿਨਾਂ ਗੁਰੂ ਦੀ ਕਿਰਪਾ ਤੇ **ਆਤਮ ਸੁਖ** , ਨਹੀਂ ਕਿਸੇ ਨੂੰ ਪ੍ਰਾਪਤ ਹੋਇਆ, ਦੁਨੀਆਂ ਦੇ ਸੁਖ ਹੋ ਜਾਣਗੇ।

ਬੇਦ ਪੁਰਾਨ ਸਿੰਮ੍ਰਿਤਿ ਮਹਿ ਦੇਖੁ॥

ਵੇਦ, ਪੁਰਾਣ, ਸਤਾਈ ਸਿੰਮਤ੍ਰੀਆਂ, ਪੜ੍ਹ ਕੇ ਦੇਖ ਲੈ।

ਸਸੀਅਰ ਸੂਰ ਨਖਤ੍ਰ ਮਹਿ ਏਕੁ॥

ਇਹ ਚੰਦਰਮਾ, ਸੂਰਜ, ਤਾਰਿਆਂ ਦੇ ਵਿਚ ਉਹਦਾ ਚਾਨਣ ਹੈ, ਉਸ ਪਰਮੇਰ ਦਾ ਚਾਨਣ ਹੈ। ਸੂਰਜ ਦੇ ਵਿਚ ਬੈਠ ਕੇ ਉਹ, ਚਾਨਣ ਆਪ ਕਰਦਾ ਹੈ। ਤਾਰਿਆਂ ਵਿਚ ਬੈਠ ਕੇ ਚਾਨਣ ਆਪ ਕਰਦੈ, ਚੰਦਰਮਾ ਮੇਂ ਬਹਿ ਕੇ ਚਾਨਣ ਆਪ ਕਰਦੈ। ਆਪ ਖੇਤੀਆਂ ਵਿੱਚ ਰਸ ਪਾਉਂਦੈ। ਇਹ, ਗੀਤਾ ਵਿਚ ਸਭ ਕੁੱਛ ਲਿਖਿਆ ਹੋਇਐ। ਚੱਲੀਏ-

ਬਾਣੀ ਪ੍ਰਭ ਕੀ ਸਭੁ ਕੋ ਬੋਲੈ॥

ਆਹ ਹੈ ਪ੍ਰਭੂ ਦੀ ਬਾਣੀ। ਆਹ ਪ੍ਰਭੂ ਦੀ ਬਾਣੀ ਬੋਲਦੇ ਨੇ। ਅਲਹਾਮ ਨੂੰ ਪਰਮੇਰ ਦੀ ਬਾਣੀ ਕਹਿੰਦੇ ਨੇ। ਚਾਹੇ ਉਹ ਮੁਹੰਮਦ ਨੂੰ ਹੋਇਆ, ਚਾਹੇ ਉਹ ਨਾਮਦੇਵ ਨੂੰ ਹੋਇਆ, ਚਾਹੇ ਕਬੀਰ ਨੂੰ ਹੋਇਆ। ਇਲਹਾਮ ਦਾ ਨਾਉਂ ਰੱਬ ਦੀ ਬਾਣੀ ਹੈ। ਉਹ ਬਾਣੀ ਸਭ ਬੋਲਦੇ ਨੇ ਇਹ। ਗੁਰੂ ਸਾਹਿਬ, ਸਾਰੇ ਭਗਤ, ਆਹ ਭੱਟ ਸਾਰੇ ਪਰਮੇਰ ਦੀ ਬਾਣੀ ਬੋਲਦੇ ਨੇ, ਇਨ੍ਹਾਂ ਸਾਰਿਆਂ ਦੀ ਬਾਣੀ ਚੰਗੀ ਲੱਗਦੀ ਹੈ। ਹੋਰ ਬਾਣੀ ਕਿਹੜੀ ਹੈ ਪਰਮੇਰ ਦੀ ?

ਆਪਿ ਅਡੋਲੁ ਨ ਕਬਹੂ ਡੋਲੈ॥

ਆਪ ਅਸੰਗ ਹੈ, ਅਡੋਲ ਹੈ, ਕਦੇ ਡੋਲਿਆ ਨਹੀਂ, ਡੋਲਦਾ ਮਨ ਹੁੰਦੈ। ਆਤਮਾ ਅੱਜ ਤੱਕ ਕਿਸੇ ਦਾ ਵੀ ਨਹੀਂ ਡੋਲਿਆ। ਦੁਨੀਆਂ ਦੇ ਵਿਚ ਆਤਮਾ ਕਦੇ ਕਿਸੇ ਦਾ ਡੋਲਦਾ ਹੀ ਨਹੀਂ ਹੁੰਦਾ, ਮਨ ਡੋਲਦਾ ਹੁੰਦੈ। ਮਨ ਦੇ ਵਿਚ ਅਸੀਂ, ਬਹੁਤਾ ਕੁੱਛ ਭਰ ਲੈਂਦੇ ਹਾਂ। ਉਹ ਜਦ ਬਹੁਤਾ ਕੁੱਛ ਭਰ ਲੈਂਦੇ ਹਾਂ ਨਾ, ਸਾਨੂੰ ਟਿਕਣਾ ਮਿਲਦੈ ਕਦੇ ? ਕਦੇ ਉਹ ਫੇਲ੍ਹ ਵੀ ਹੋ ਜਾਂਦੈ, ਉਹ ਐਨਾ ਕੈਸੇ ਸਾਂਭੇ ? ਉਹ ਮਨ, ਉਹਨੂੰ ਐਨੀ ਸੋਚ ਪੈਂਦੀ ਹੈ, ਬੁਰਾ ਹਾਲ ਹੋ ਜਾਂਦੈ। ਉਹ ਮਨ ਡੋਲਣ ਵਾਲਾ ਹੈ, ਆਤਮਾ ਕਦੇ ਡੋਲਿਆ ਨਹੀਂ। ਬ੍ਰਹਮ ਗਿਆਨੀ ਨਹੀਂ ਕਦੇ ਡੋਲਿਆ, ਗੁਰੂ ਗੋਬਿੰਦ ਸਿੰਘ ਕਦੇ ਡੋਲਿਆ ? ਹਾਂ ਜੀ-

ਸਰਬ ਕਲਾ ਕਰਿ ਖੇਲੈ ਖੇਲ॥

ਸਾਰੀਆਂ ਕਤੀਆਂ ਕਰਕੇ, ਆਪਣਾ **ਖੇਲ** ਖੇਲਦਾ ਹੈ। ਸਾਰਾ ਸੰਸਾਰ ਹੈ ਤੁਹਾਡੇ ਸਾਹਮਣੇ, ਆਪਣੀ ਕਤੀ ਕਰਕੇ, ਇਕ ਖੇਲ੍ਹ ਹੈ।

ਮੋਲਿ ਨ ਪਾਈਐ ਗੁਣਹ ਅਮੋਲ॥

ਉਹਦਾ ਕਦੇ ਮੁੱਲ ਨਹੀਂ ਪੈਂਦਾ, ਉਹਦੇ ਜਿਹੜੇ ਗੁਣ ਨੇ, ਉਹ ਅਮੋਲਕ ਨੇ। ਉਹਦਾ ਗੁਣ ਹੈ ਸਤਿ, ਉਹ ਅਮੋਲਕ ਹੈ। ਇਹਦਾ ਕੋਈ ਮੁੱਲ ਨਹੀਂ। ਉਹਦਾ ਗੁਣ ਹੈ ਸੰਤੋਖ, ਇਹਦਾ ਕੋਈ ਮੁੱਲ ਨਹੀਂ। ਲਿਖਿਐ ਨਾ –

ਸਤੁ ਸੰਤੋਖੁ ਦਇਆ ਧਰਮੁ ਸੁਚਿ ਸੰਤਨ ਤੇ ਇਹੁ ਮੰਤੁ ਲਈ॥ (ਪੰਨਾ ੪੨੨)

ਇਹ ਗੁਣ ਨੇ ਪਰਮੇਰ ਦੇ, ਇਹਨਾਂ ਦਾ ਮੁੱਲ ਨਹੀਂ ਪੈਂਦਾ, ਸਤਿ ਦਾ ਮੁੱਲ ਕੋਈ ਪਾਕੇ ਦਿਖਾਲੇ ? ਸੰਤੋਖ ਦਾ ਮੁੱਲ ਨਹੀਂ ਪੈਂਦਾ। ਜਦ ਉਹਦੇ ਗੁਣਾਂ ਦਾ ਮੁੱਲ ਨਹੀਂ ਪੈਂਦਾ, ਉਹ ਤਾਂ ਅਮੋਲਕ ਤੇ ਵੀ ਅਮੋਲਕ ਹੈ, ਉਹਦਾ ਕੋਈ ਮੁੱਲ ਨਹੀਂ।

ਸਰਬ ਜੋਤਿ ਮਹਿ ਜਾ ਕੀ ਜੋਤਿ॥

ਸਾਰੀਆਂ ਜੋਤਾਂ ਦੇ ਵਿਚ ਜੀਹਦੀ **ਜੋਤਿ** ਹੈ। ਛੇ, ਬਾਹਜ ਜੋਤੀਆਂ ਨੇ, ਇਹਨੂੰ ਛੱਡ ਦਿਉ, ਅੰਦਰ ਸਾਰਿਆਂ ਦੇ ਅੰਤਰ ਜੋਤ ਹੈ। ਹਿਰਦੇ ਵਿਚ ਬੈਠਾ ਜੋਤੀ ਸਰੂਪ ਪਰਮੇਰ, ਉਹ ਸਾਰਿਆਂ ਦੇ ਵਿਚ ਇੱਕੋ ਹੀ ਹੈ। ਉਹ ਦੋ ਨਹੀਂ, ਜੋਤੀ ਇੱਕੋ ਹੈ। ਜੋਤਾਂ ਅਸੀਂ ਨਾਨਾ ਕਹਿ ਦੇਵਾਂਗੇ, ਪਰ ਜੋਤੀ ਇੱਕੋ ਹੀ ਹੋਊ। ਆਹ ਬੱਲਬ ਚਾਨਣ ਕਰਦੇ ਨੇ, ਪਰ ਬਿਜਲੀ ਤਾਂ ਇੱਕੋ ਹੈ। ਏਸ ਕਰਕੇ, ਪਰਮੇਰ ਜੋਤੀ ਸਾਰਿਆਂ ਦੇ ਵਿਚ ਇੱਕੋ ਹੀ ਹੈ, ਇਹ ਸਾਰੀਆਂ ਜੋਤਾਂ ਉਹਦੀਆਂ ਨੇ।

ਧਾਰਿ ਰਹਿਓ ਸੁਆਮੀ ਓਤਿ ਪੋਤਿ॥

ਤਾਣਾ ਪੇਟਾ, ਆਹ ਤਾਣਾ ਹੈ, ਉਹ ਪੇਟਾ ਹੈ, ਹੈ ਸੂਤ। ਐਂ ਸਾਰੀ ਸ੍ਰਿਟੀ ਨੂੰ ਧਾਰਿਆ ਹੈ, ਉਸ ਸੁਆਮੀ ਮਾਲਕ ਨੇ।

ਗੁਰ ਪਰਸਾਦਿ ਭਰਮ ਕਾ ਨਾਸੁ॥

ਜਦ ਗੁਰੂ ਦਾ ਪ੍ਰਸਾਦਿ ਹੋ ਗਿਆ, ਭਰਮ ਦਾ ਨਾਸ ਉਦੋਂ ਹੋਇਆ। ਜਿੰਨਾ ਚਿਰ ਗੁਰੂ ਦਾ ਪ੍ਰਸਾਦਿ ਕਿਰਪਾ ਨਹੀਂ ਹੋਏਗੀ, ਉਤਨਾ ਚਿਰ ਭਰਮ ਦਾ ਨਾਸ ਨਹੀਂ ਹੋਏਗਾ।

ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ॥
(ਪੰਨਾ ੬੮੪)

ਜਿੰਨਾ ਚਿਰ ਇਹ ਗੁਰੂ ਦੀ ਕਿਰਪਾ ਤੇ ਆਪੇ ਨੂੰ ਨਹੀਂ ਚੀਨਦਾ, ਉਤਨਾਂ ਚਿਰ ਇਹਦਾ ਭਰਮ ਨਹੀਂ ਮਿਟਦਾ। ਇਹ ਦੁਨੀਆਂ ਮੰਗੇਗਾ, ਜਿੰਨੀ ਮੰਗੇਗਾ।

ਮਾਗਨਿ ਮਾਗ ਤ ਏਕਹਿ ਮਾਗ॥
ਨਾਨਕ ਜਾ ਤੇ ਪਰਹਿ ਪਰਾਗ॥ (ਪੰਨਾ ੨58)

ਜੇ ਤੂੰ ਮੰਗਣਾ ਹੈ ਤਾਂ ਇਕ ਰੱਬ ਨੂੰ ਮੰਗ, ਤੇਰੇ ਸਾਰੇ ਕੰਮ ਠੀਕ ਹੋ ਜਾਣਗੇ। ਜਿੰਨਾ ਚਿਰ ਤੂੰ ਇਕ ਦਾ ਮੰਗਤਾ ਨਹੀਂ ਬਣਦਾ, ਉਤਨਾ ਚਿਰ ਤੂੰ ਕੁੱਛ ਨਹੀਂ।

ਜਉ ਮਾਗਹਿ ਤਉ ਮਾਗਹਿ ਬੀਆ॥ ਜਾ ਤੇ ਕੁਸਲ ਨ ਕਾਹੂ ਥੀਆ॥ (ਪੰਨਾ ੨58)

ਗੁਰੂ ਅਰਜਨ ਦੇਵ ਕਹਿੰਦੇ, ਓਏ! ਜਿੰਨਾ ਚਿਰ ਤੂੰ ਦਵੈਤ ਮੰਗਦਾ ਹੈਂ, ਤੈਨੂੰ ਕਦੇ ਸੁਖ ਨਹੀਂ ਹੋਏਗਾ। ਤੂੰ ਜੋ ਕੁੱਛ ਵੀ ਮੰਗਦੈਂ ਦਵੈਤ ਮੰਗਦੈਂ, ਤੂੰ ਮਾਇਆ ਮੰਗਦੈਂ ਜਾਂ ਪ੍ਰਕਿਰਤੀ।

ਮਾਗਨਿ ਮਾਗ ਤ ਏਕਹਿ ਮਾਗ॥ (ਪੰਨਾ ੨58)

ਤੂੰ ਰੱਬ ਨੂੰ ਮੰਗ। ਉਹਦਾ ਨਾਉਂ ਮੰਗ, ਪਰ ਉਹਨੂੰ ਤਾਂ, ਮੰਗੇਗਾ ਹੀ ਕੋਈ। ਚੱਲੀਏ –

ਨਾਨਕ ਤਿਨ ਮਹਿ ਏਹੁ ਬਿਸਾਸੁ॥

ਇਹ ਵਿਵਾ, ਉਹਨਾਂ ਸਾਰਿਆਂ ਤੇ ਗੁਰੂ ਦੀ ਕਿਰਪਾ ਹੋ ਗਈ, ਪ੍ਰਸਾਦਿ ਹੋ ਗਿਆ। ਉਹਨਾਂ ਨੂੰ ਇਹ ਵਿਵਾ ਹੋ ਜਾਊ, ਬਈ ਠੀਕ

ਬਾਤ ਹੈ। ਇਕ ਦਾ ਮੰਗਤਾ ਬਣ, ਇਕ ਦੇ ਚਰਨੀ ਪੈ, ਇਕ ਦਾ ਸਿਮਰਨ ਕਰ, ਜੋ ਕੁੱਛ ਕਰਦੈਂ, ਇਕ ਤੋਂ ਅਲਹਿਦਾ ਨਾ ਹੋ।

ਸੰਤ ਜਨਾ ਕਾ ਪੇਖਨੁ ਸਭੁ ਬ੍ਰਹਮ॥

ਕਹਿੰਦੇ, ਸੰਤ ਕੀਹਨੂੰ ਕਹਿੰਦੇ ਨੇ? ਜਿਹੜਾ ਸਾਰਿਆਂ ਵਿਚ ਰੱਬ ਦੇਖੇ, ਹੋਰ ਕੀ ਸੰਤ ਦੀ ਨਿਾਨੀ ਹੈ, ਇੱਕੋ ਨਿਾਨੀ ਹੈ। ਜਿਹੜਾ, ਚਾਹੇ ਭਾਈ ਘੱਨਈਆ ਹੋਵੇ, ਚਾਹੇ ਊਧੋ ਹੋਵੇ, ਕੋਈ ਹੋਵੇ, ਜਿਹੜਾ ਸਾਰਿਆਂ ਵਿਚ ਰੱਬ ਦੇਖਦੈ, ਉਹ ਸੰਤ ਹੈ।

ਸੰਤ ਜਨਾ ਕੈ ਹਿਰਦੈ ਸਭਿ ਧਰਮ॥

ਸਾਰੇ ਧਰਮਾਂ ਦਾ ਮਾਲਕ ਧਰਮ, ਸੰਤਾਂ ਦੇ ਹਿਰਦੇ ਵਿਚ ਬੈਠਾ ਹੈ, ਪਰਮੇਰ ਪ੍ਰਗਟ ਹੋਇਆ।

ਸੰਤ ਜਨਾ ਸੁਨਹਿ ਸੁਭ ਬਚਨ॥

ਸੰਤ ਜਨ,ੁ ਭ ਬਚਨ ਸੁਣਨਗੇ। ਇਹਨੇ_ੱਭ, ਇਹ ਰੱਬ ਦੇ ਬਚਨ ਸੁਣੇ, ਇਹਨਾਂ ਸਾਰਿਆਂ ਨੇ ਤੇ ਇੱਥੇ ਇਕੇ ਥਾਂ ਤੁਹਾਡੇ ਵਾਸਤੇ ਇਕ ਗੁਰੂ ਗ੍ਰੰਥ ਸਾਹਿਬ ਬਣਾ ਗਏ, ਭਾਈ! ਇੱਥੋਂ ਦੇਖ ਲਇਉ, ਜਿਹੜਾ ਕੁੱਛ ਤੁਸੀਂ ਦੇਖਣਾ ਹੋਊ। ਭੁਲੇਖਾ ਕੱਢਣਾ ਹੋਊ।

ਸਰਬ ਬਿਆਪੀ ਰਾਮ ਸੰਗਿ ਰਚਨ॥

ਉਹ ਸਾਰੇ, ਵਿਆਪਕ ਜੋ ਰਚਿਆ ਹੋਇਆ ਰਾਮ ਹੈ, ਉਹਦੇ ਨਾਲ ਇੱਕ ਹੋਏ ਨੇ।

ਰਮਤ ਰਾਮ ਜਨਮ ਮਰਣੁ ਨਿਵਾਰੈ॥ (ਪੰਨਾ ੪੬5)

ਜਦ ਇਹ ਰਾਮ ਨਾਲ ਮਿਲ ਗਿਆ, ਇਹਦਾ ਜਨਮ ਮਰਨ ਉਦੋਂ ਹੀ ਕੱਟਿਆ ਜਾਏਗਾ।

ਜਿਨਿ ਜਾਤਾ ਤਿਸ ਕੀ ਇਹ ਰਹਤ॥

ਜਿਹਨਾਂ ਨੇ ਇਹ ਜਾਣਿਆਂ, ਆਹ ਉਹਨਾਂ ਦੀ ਰਹਤ ਹੈ, ਗੁਰੂ ਗ੍ਰੰਥ ਸਾਹਿਬ। ਉਹਨਾਂ ਸੰਤਾਂ ਦੀ ਰਹਤ ਹੈ, ਜਿਹਨਾਂ ਨੇ ਪਰਮੇਰ ਨੂੰ ਜਾਣ ਲਿਆ।

ਸਤਿ ਬਚਨ ਸਾਧੂ ਸਭਿ ਕਹਤ॥

ਬਈ ਜਿੰਨੇ ਵੀ ਸਾਧੂ ਨੇ, ਉਹ ਸਤਿ ਬਚਨ ਕਹੇਂਗੇ। ਆਹ ਬਾਣੀ ਕਿਸੇ ਨੂੰ ਸੁਣਾ ਦਿਉ, ਸਤਿ ਬਚਨ ਕਹੇਂਗੇ। ਰੱਬ ਦੀ ਕਹੀ ਗੱਲ, ਕਿਸੇ ਨੂੰ ਸੁਣਾ ਦਿਉ, ਸਾਰੇ ਸਤਿ ਬਚਨ ਕਹੇਂਗੇ।

ਜੋ ਜੋ ਹੋਇ ਸੋਈ ਸੁਖੁ ਮਾਨੈ॥

ਇਹ ਭਾਣੇ ਵਿਚ ਹੁੰਦੇ ਨੇ।

ਜੋ ਜੋ ਹੋਇ ਸੋਈ ਸੁਖੁ ਮਾਨੈ॥

ਇਹ ਭਾਣਾ ਹੈ। ਇਹ ਭਾਣਾ ਤੁਸੀਂ ਜਾਣਦੇ ਹੀ ਹੋ ਸਾਰੇ।

ਕਰਨ ਕਰਾਵਨੁਹਾਰੁ ਪ੍ਰਭੁ ਜਾਨੈ॥

ਕਰਨੇ ਔਰ ਕਰਾਣੇ ਵਾਲਾ ਇਕ ਪਰਮੇਰ ਹੈ, ਹੋਰ ਕੋਈ ਨਹੀਂ। ਕਰਨੇ ਔਰ ਕਰਾਣੇ ਵਾਲਾ ਇਕ ਪਰਮੇਰ ਹੀ ਹੈ।

ਅੰਤਰਿ ਬਸੇ ਬਾਹਰਿ ਭੀ ਓਹੀ॥

ਜਿਹੜਾ ਤੁਹਾਡੇ ਹਿਰਦੇ ਵਿਚ ਬੈਠਾ ਹੈ, ਬਾਹਰ ਸਾਰੇ ਉਹੀ ਹੈ, ਉਹ ਵਿਆਪਕ ਹੈ।

ਨਾਨਕ ਦਰਸਨੁ ਦੇਖਿ ਸਭ ਮੋਹੀ॥

ਜਿਸਨੇ ਵੀ ਪਰਮੇਰ ਦਾ ਸਾਖਾਤ ਕਰ ਲਿਆ, ਦਰਨ ਹੋ ਗਏ, ਉਸਦੀ ਬੁੱਧੀ ਮੋਹਿਤ ਹੋ ਗਈ, ਫਿਰ ਸੰਸਾਰ ਜੋਗੀ ਨਹੀਂ ਰਹੀ। ਕਬੀਰ ਦੀ ਬੁੱਧੀ ਸੰਸਾਰ ਜੋਗੀ ਰਹੀ ਕਦੇ ? ਕਦੇ ਬੋਲਿਆ ਝੂਠ ? ਨਾਮਦੇਵ ਦੀ ਰਹੀ ਕਦੇ ? ਨਹੀਂ, ਨਾਲੇ ਨਾਮਦੇਵ ਦੀ ਤਾਂ ਅਪਣੀ ਹੀ ਬਾਣੀ ਵਿਚ ਆਉਂਦੈ –

ਬਦਹੁ ਕੀ ਨ ਹੋਡ ਮਾਧਉ ਮੋ ਸਿਉ॥ (ਪੰਨਾ ੧੨੫੨)

ਕਹਿੰਦਾ, ਮੇਰੇ ਨਾਲ ਰਤ ਲਾ ਲੈ, ਪਰਮੇਰ ਨੂੰ ਆਂਹਦਾ। ਤੇਰੇ ਬਿਨਾਂ, ਸਾਡਾ ਕੰਮ ਨਹੀਂ ਚਲਦਾ, ਸਾਡੇ ਬਿਨਾਂ, ਤੇਰਾ ਨਹੀਂ ਚਲਦਾ। ਅਸੀਂ ਹਮੇਾਂ ਕਹਿੰਦੇ ਫਿਰਦੇ ਹਾਂ ਪਰਮੇਰ, ਮਾਲਕ ਬੜਾ ਸਰਬੱਗ

ਹੈ, ਗਯਾਤਾ ਗੇਯ ਹੈ, ਰਖਕ ਹੈ। ਅਸੀਂ ਤੇਰੇ ਆਸਰੇ ਚਲਦੇ ਹਾਂ। ਏਸ ਕਰਕੇ, ਤੂੰ ਮੇਰੇ ਨਾਲ ਰਤ ਲਾ ਲੈ, ਈਰ ਨੂੰ ਕਹਿੰਦਾ ਸਾਹਮਣੇ ਖੜ੍ਹਕੇ ਕਹਿੰਦਾ। ਇਹਦਾ ਮਤਲਬ ਇਹੋ ਜਿਹੇ ਵੀ ਭਗਤ ਹੁੰਦੇ ਨੇ, ਜਿਹੜੇ ਪਰਮੇਰ ਦੇ ਸਾਹਮਣੇ ਹੋਕੇ ਵੀ ਗੱਲ ਇਉਂ ਕਰਦੇ ਨੇ।

ਆਪਿ ਸਤਿ ਕੀਆ ਸਭੁ ਸਤਿ॥

ਤਿਸੁ ਪ੍ਰਭ ਤੇ ਸਗਲੀ ਉਤਪਤਿ॥

ਆਪ ਸਤਿ ਹੈ ਤੇ ਆਹ ਸਾਰਾ ਸੰਸਾਰ ਸਤਿ ਹੈ। ਸਤਿ ਤੇ ਹੀ ਸਤਿ ਹੋਇਆ ਤੇ ਅਸਤਿ ਤੇ ਸਤਿ ਅੱਜ ਤੱਕ ਕਦੇ ਨਹੀਂ ਹੋਇਆ, ਇਹ ਤਾਂ ਉਪਨਿਦਾਂ ਵਿਚ ਬੜਾ ਆਉਂਦਾ ਹੈ।

ਤਿਸੁ ਭਾਵੈ ਤਾ ਕਰੇ ਬਿਸਥਾਰੁ॥

ਜਦ ਉਹਨੂੰ ਭਾਉਂਦਾ ਹੈ ਤਾਂ ਸੰਸਾਰ ਦਾ ਵਿਸਥਾਰ ਕਰਦੈ ਪਰਮੇਰ।

ਕਈ ਬਾਰ ਪਸਰਿਓ ਪਾਸਾਰ॥

ਸਦਾ ਸਦਾ ਇਕੁ ਏਕੰਕਾਰ॥ (ਪੰਨਾ ੨੭੬)

ਜਦ ਉਹਨੂੰ ਭਾਉਂਦੈ ਤਾਂ ਵਿਸਥਾਰ ਕਰਦਾ ਹੈ।

ਤਿਸੁ ਭਾਵੈ ਤਾਂ ਏਕੰਕਾਰੁ॥

ਜੇ ਉਹਨੂੰ ਭਾਵੇ ਤਾਂ ਇਕ ਪਰਮੇਰ ਪ੍ਰਾਪਤ ਹੋ ਜਾਂਦਾ ਹੈ।

ਅਨਿਕ ਕਲਾ ਲਖੀ ਨਹ ਜਾਇ॥

ਅਨੇਕਾਂ ਕਤੀਆਂ ਪਰਮੇਰ ਦੀਆਂ ਭਾਈ! ਲਖੀਆਂ ਨਹੀਂ ਜਾਂਦੀਆਂ।

ਜਿਸੁ ਭਾਵੈ ਤਿਸੁ ਲਏ ਮਿਲਾਇ॥

ਜਿਹੜਾ, ਉਹਦੇ ਭਾਣੇ ਵਿਚ ਹੋ ਗਿਆ, ਉਹਨੂੰ ਆਪਣੇ ਨਾਲ ਮਿਲਾ ਲੈਂਦਾ ਹੈ।

ਬੰਦਿ ਖਲਾਸੀ ਭਾਣੈ ਹੋਇ॥

ਹੋਰੁ ਆਖਿ ਨ ਸਕੈ ਕੋਇ॥ (ਪੰਨਾ 5)

ਜਦ ਭਾਣੇ ਵਿਚ ਖੜ੍ਹ ਗਿਆ, ਇਹਦੀ ਮੋਕ ਹੋ ਜਾਊ।

ਕਵਨ ਨਿਕਟਿ ਕਵਨ ਕਹੀਐ ਦੂਰਿ॥

ਦੂਰ ਨੇੜੇ ਦਾ ਸੁਆਲ ਤਾਂ ਹੁੰਦਾ ਹੈ, ਜੇ ਦੋ ਚਾਰ, ਤਿੰਨ ਹੋਣ। ਹੁਣ ਨੇੜੇ ਕਿਸਨੂੰ ਕਹੀਏ ਤੇ ਦੂਰ ਕਿਸਨੂੰ ਕਹੀਏ ? ਉਹ ਤਾਂ ਇੱਕ ਹੈ। ਇੱਕ ਵਿੱਚ ਕਦੇ ਦੂਰ ਨੇੜੇ ਦਾ ਸੁਆਲ ਹੀ ਨਹੀਂ ਹੁੰਦਾ, ਉਹ ਤਾਂ ਏਕਾ ਹੈ।

ਆਪੇ ਆਪਿ ਆਪ ਭਰਪੂਰਿ॥

ਉਹ ਆਪ ਹੀ ਸਾਰਿਆਂ ਦੇ ਵਿਚ ਪਰੀਪੂਰਣ ਹੈ।

ਘਟ ਘਟ ਮੈ ਹਰਿ ਜੂ ਬਸੈ (ਪੰਨਾ ੧੪੨੭)

ਸਾਰਿਆਂ ਦੇ ਹਿਰਦਿਆਂ ਦੇ ਵਿਚ ਉਹ ਪਰਮੇਰ ਬੈਠਾ ਹੈ।

ਅੰਤਰਗਤਿ ਜਿਸੁ ਆਪਿ ਜਨਾਏ॥

ਅੰਦਰ ਦੀ ਗਤੀ, ਜਿਸ ਨੂੰ ਆਪ ਜਣਾ ਦੇਵੇ।

ਨਾਨਕ ਤਿਸੁ ਜਨ ਆਪਿ ਬੁਝਾਏ॥

ਉਹਨੂੰ ਆਪਣਾ ਆਪ ਬੁਝਾ ਦਿੰਦੈ। ਉਹਨੂੰ ਆਪਣੇ ਆਪ ਦੀ ਬੂਝ ਆ ਜਾਂਦੀ ਹੈ। ਉਹ ਆਪਾ ਚੀਨ ਕੇ, ਪਰਮੇਰ ਦੇ ਨਾਲ ਇੱਕ ਹੋ ਜਾਂਦਾ ਹੈ।

ਸਰਬ ਭੂਤ ਆਪਿ ਵਰਤਾਰਾ॥

ਇਹ ਸਰਬੱਗ ਗਿਆਨ ਹੈ।

ਸਰਬ ਭੂਤ ਆਪਿ ਵਰਤਾਰਾ॥

ਸਾਰੇ ਭੂਤਾਂ ਵਿਚ ਉਹ ਆਪ ਵਰਤਦਾ ਹੈ, ਚਾਰੇ ਖਾਣੀਆਂ ਵਿਚ।

ਸਰਬ ਨੈਨ ਆਪਿ ਪੇਖਨਹਾਰਾ॥

ਸਾਰੇ ਨੇਤਰਾਂ ਦੁਆਰਾ ਦੇਖਣੇ ਵਾਲਾ ਇਕ ਪਰਮੇਰ ਹੀ ਹੈ।

ਸਗਲ ਸਮਗ੍ਰੀ ਜਾ ਕਾ ਤਨਾ॥

ਸਾਰੀ ਸਮੱਗਰੀ ਇਹਦਾ ਕਾਰਜ ਹੈ, ਉਹਤੋਂ ਉਤਪੰਨ ਹੋਈ ਹੋਈ ਹੈ।

ਆਪਨ ਜਸੁ ਆਪ ਹੀ ਸੁਨਾ॥

ਆਪਣਾ ਜਸ ਆਪਣੇ ਕੰਨਾਂ ਨਾਲ, ਆਪ ਹੀ ਉਹ ਸੁਣਦਾ ਹੈ।

ਆਵਨ ਜਾਨੁ ਇਕੁ ਖੇਲੁ ਬਨਾਇਆ॥

ਆਉਣਾ ਜਾਣਾ ਇੱਕ ਖੇਲ ਬਣਾਇਆ ਹੋਇਆ ਹੈ। ਪਰ ਇਕ ਗੱਲ ਹੋਰ ਵੀ ਹੈ, ਤੁਸੀਂ ਕੰਨਾਂ ਨਾਲ ਸੁਣੋਗੇ, ਜਿਹੜਾ ਉਹ ਸੁਨਣੇ ਵਾਲਾ ਹੈ, ਉਹ, ਉਹੀ ਹੈ ਜਦ ਦੇਖੋਗੇ, ਦੇਖਣੇ ਵਾਲਾ ਵੀ ਉਹੀ ਹੈ। ਅੱਗੇ ਰੂਪ ਹੋਏਗਾ, ਨੇਤਰ ਹੋਣਗੇ, ਅੰਤਹਕਰਣ ਦੀ ਬਿਰਤੀ ਜਾਏ ਗੀ ਪਰ ਦੇਖਣੇ ਵਾਲਾ ਉਹੀ ਹੋਵੇਗਾ, ਚੌਦਾਂ ਤ੍ਰਿਕੁਟੀਆਂ ਦਾ ਾਖੀ ਇੱਕੋ ਹੀ ਹੈ ਉਹ ਪਰਮੇਰ। ਉਹ ਸਾਰਿਆਂ ਦਾ ਗਿਆਤਾ ਇੱਕੋ ਹੀ ਹੈ, ਪਰਮੇਰ।

ਆਗਿਆਕਾਰੀ ਕੀਨੀ ਮਾਇਆ॥

ਇਹ ਜਿਹੜਾ ਸੰਸਾਰ ਦਾ ਕੰਮ ਹੈ, ਇਹ ਕੌਣ ਚਲਾਉਂਦੈ ? ਕਹਿੰਦਾ– ਮੈਂ।

ਆਗਿਆਕਾਰੀ ਕੀਨੀ ਮਾਇਆ॥

ਮਾਇਆ ਨੂੰ ਆਗਿਆਕਾਰ ਕਰ ਦਿੱਤਾ।

ਸਭ ਕੈ ਮਧਿ ਅਲਿਪਤੋ ਰਹੈ॥

ਸਭ ਦੇ ਹਿਰਦੇ ਵਿਚ ਨਿਰਲੇਪ ਹੋਕੇ ਅਸੰਗ ਹੋਕੇ, ਰਹਿੰਦਾ ਹੈ।

ਜੋ ਕਿਛੁ ਕਹਣਾ ਸੁ ਆਪੇ ਕਹੈ॥

ਜੋ ਕੁੱਛ ਵੀ ਹੁਕਮ ਦੇਣਾ ਹੋਊ, ਆਪ ਉਹ ਹੁਕਮੀ ਦੇਵੇਗਾ, ਹੋਰ ਕੋਈ ਹੁਕਮ ਦੇਣ ਵਾਲਾ ਨਹੀਂ ਹੈ, ਹੁਕਮੀ ਉਹੀ ਹੈ। ਮਾਇਆ, ਉਹਦੇ ਹੁਕਮ ਵਿੱਚ ਹੈ। ਪ੍ਰਕਿਰਤੀ ਉਹਦੇ ਹੁਕਮ ਵਿਚ ਹੈ, ਸਾਰੀ ਸ੍ਰਿਟੀ, ਉਹਦੇ ਹੁਕਮ ਵਿਚ ਹੈ। ਪਰ ਹੁਕਮੀ ਆਪ ਹੈ।

ਆਗਿਆ ਆਵੈ ਆਗਿਆ ਜਾਇ॥

ਤੇ ਜੀਵ ਕੀ ਹੈ ? ਇਹ ਕਹਿੰਦਾ ਕਰਮਾਂ ਦੇ ਅਨੁਸਾਰ, ਆਗਿਆ

ਦੇ ਵਿਚ ਆਉਂਦੈ, ਆਗਿਆ ਵਿਚ ਜਾਂਦੈ, ਕਰਮਾਂ ਦੇ ਅਨੁਸਾਰ। ਜਿੰਨਾ ਚਿਰ ਅਗਿਆਨ ਹੈ, ਜੰਮਦਾ ਮਰਦਾ ਰਹੇਗਾ, ਜਦ ਤੱਕ ਇਹਨੂੰ ਸਰੂਪ ਦਾ ਗਿਆਨ ਨਹੀਂ ਹੋਏਗਾ, ਇਹਦਾ ਜਨਮ ਮਰਨ ਕੋਈ ਨਹੀਂ ਕੱਟ ਸਕੇਗਾ।

ਨਾਨਕ ਜਾ ਭਾਵੈ ਤਾ ਲਏ ਸਮਾਇ॥

ਜਦ ਪਰਮੇਰ ਨੂੰ ਭਾਅ ਜਾਏਗਾ ਤਾਂ ਆਪਣੇ ਨਾਲ ਮਿਲਾ ਲਏਗਾ। ਚੱਲ ! ਫਿਰ ਜਨਮ ਮਰਨ ਕੱਟ ਦਏਗਾ।

ਇਸ ਤੇ ਹੋਇ ਸੁ ਨਾਹੀ ਬੁਰਾ॥

ਇਹ ਜੋ ਸਾਖਾਤ ਈਰ ਹਿਰਦੇ ਵਿਚ ਬੈਠੈ, ਇਹ ਕਦੇ ਬੁਰਾ ਨਹੀਂ ਕਰੇਗਾ।

ਓਰੈ ਕਹਹੁ ਕਿਨੈ ਕਛੁ ਕਰਾ॥

ਹੋਰ ਕੋਈ ਕਰਤਾ ਦੱਸੋ ? ਇਹ ਤੇ ਬਿਨਾਂ, ਪਰਮੇਰ ਦੇ ਬਿਨਾ ਹੋਰ ਕੋਈ ਦੱਸੋ? ਹੋਰ ਕੋਈ ਕਰਤਾ ਨਹੀਂ ਹੈਗਾ, ਹੋਰ ਕੋਈ ਕਰਨੇ ਵਾਲਾ ਹੈ ਨਹੀਂ, ਜੋ ਕੁੱਛ ਇਹ ਕਰੇਗਾ, ਭਲਾ ਹੀ ਕਰੇਗਾ।

ਆਪਿ ਭਲਾ ਕਰਤੂਤਿ ਅਤਿ ਨੀਕੀ॥

ਆਪ ਭਲਾ ਹੈ, ਉਹਦਾ ਸਾਰਾ ਕਰਤਬ ਭਲਾ ਹੈ ਪਰਮੇਰ ਦਾ। ਈਰ ਦਾ ਸਾਰਾ ਕਰਤਬ ਭਲਾ ਹੈ। ਉਹਦਾ ਭਾਣਾ ਹੀ ਮੰਨਣੈ ਬਈ ਠੀਕ ਹੈ।

ਜੋ ਤੁਧੁ ਭਾਵੈ ਸਾਈ ਭਲੀ ਕਾਰ॥
ਤੂ ਸਦਾ ਸਲਾਮਤਿ ਨਿਰੰਕਾਰ॥ (ਪੰਨਾ ੩)
ਆਪੇ ਜਾਨੈ ਅਪਨੇ ਜੀ ਕੀ॥

ਗਯਾਤ, ਗੇਯ ਹੋਰ ਕੋਈ ਹੈ ਨਹੀਂ, ਇਕ ਚੇਤਨ ਹੈ, ਉਹੀ ਦਾਨਾ, ਉਹੀ ਬੀਨਾ, ਉਹੀ ਦ੍ਰਟਾ, ਉਹੀ ਪਾਰਖ ਹੈ, ਉਹੀ ਵਿਆਪਕ ਹੈ, ਹੋਰ ਕੋਈ ਹੈ ਨਹੀਂ। ਉਹ ਆਪ ਹੀ ਆਪਣੀ ਬਾਤ ਜਾਣਦੈ, ਉਹ ਗਯਾਤਾ, ਗੇਯ ਹੈ, ਸਰਬੱਗ ਹੈ।

ਆਪਿ ਸਾਚੁ ਧਾਰੀ ਸਭ ਸਾਚੁ॥

ਆਪ ਉਹ ਸੱਚ ਹੈ, ਆਹ ਜਿਹੜੀ ਸਾਜੀ ਹੋਈ ਹੈ, ਇਹ ਵੀ ਸੱਚ ਹੈ।

ਓਤਿ ਪੋਤਿ ਆਪਨ ਸੰਗਿ ਰਾਚੁ॥

ਤਾਣੇ ਪੇਟੇ ਦੀ ਨਿਆਈਂ। ਇਕ ਤਾਣਾ ਹੁੰਦੈ, ਇਕ ਪੇਟਾ ਹੁੰਦੈ, ਪਰ ਸੂਤ ਇੱਕੋ ਹੀ ਹੁੰਦਾ ਹੈ, ਏਸ ਕਰਕੇ ਤਾਣੇ ਪੇਟੇ ਦੀ ਨਿਆਈਂ ਸਾਰੇ ਵਿਆਪਕ ਹੈ।

ਤਾ ਕੀ ਗਤਿ ਮਿਤਿ ਕਹੀ ਨ ਜਾਇ॥

ਉਹਦੀ ਮਰਯਾਦਾ ਤੇ ਉਹਦੀ ਜੋ ਪ੍ਰਾਪਤੀ ਦੀ ਗਤੀ ਹੈ, ਇਹ ਕਹੀ ਨਹੀਂ ਜਾਂਦੀ, ਇਹ ਕਿਸੇ ਦੇ ਕਹਿਣੇ ਵਿਚ ਨਹੀਂ ਆਉਂਦੀ। ਉਹ ਆਪ ਹੀ ਸਭ ਕੁੱਛ ਜਾਣਦਾ ਹੈ।

ਦੂਸਰ ਹੋਇ ਤ ਸੋਝੀ ਪਾਇ॥

ਦੂਸਰਾ ਕੋਈ ਹੈ ਨਹੀਂ, ਸੋਝੀ ਕਿਹੜਾ ਪਾਵੇ ? ਮੈਂ ਇਕ ਥਾਂ ਕਥਾ ਕਰਦਾ ਸੀ, ਇਕ ਹੋਰ ਭਗਤ ਬੈਠਾ ਸੀ। ਕਹਿੰਦਾ, ਓਏ ! ਕਿਉਂ ਸੋਝੀ ਆਈ ਕਿ ਨਹੀਂ ? ਆਹ ਦੇਖ ਲੈ। ਮੈਂ ਆਖਿਆ ਉਲਟਾ ਅਰਥ ਕਰਦੈਂ ਤੂੰ ਇਹਨੂੰ, ਇਥੇ ਤਾਂ ਦੂਸਰੇ ਦਾ ਖੰਡਨ ਹੈ, ਦੂਜਾ ਕੋਈ ਹੋਵੇ ਤਾਂ ਸੋਝੀ ਪਾਵੇ। ਸੋਝੀ ਰੂਪ ਤਾਂ ਤੁਹਾਡਾ ਆਪਣਾ ਆਪ ਚੇਤਨ ਹੀ ਹੈ। ਸੋਝੀ ਤਾਂ ਉਹਦੀ ਆਉਣੀ ਹੈ। ਇਹ ਦੁਨੀਆਂ ਦੀ ਸੋਝੀ, ਉਹ ਸੋਝੀ ਤਾਂ ਨਹੀਂ ਹੈ। ਦੁਨੀਆਂ ਦੀ ਸੋਝੀ, ਕਿੰਨੀ ਵੀ ਤੁਹਾਨੂੰ ਆ ਜਾਏ, ਕਿੰਨੇ ਚਤੁਰ ਹੋ ਜਾਉਂ। ਇਹ–

ਬਹੁਤੁ ਸਿਆਣਪ ਜਮ ਕਾ ਭਉ ਬਿਆਪੈ॥ (ਪੰਨਾ ੨੬5)

ਜਿੰਨੀ ਸਿਆਣਪ ਇਹਦੇ ਵਿੱਚ ਹੋਏਗੀ, ਉਤਨਾ ਜਮਾਂ ਦੇ ਨਜਦੀਕ ਜਾਏਗਾ।

ਬਹੁਤੁ ਸਿਆਣਪ ਜਮ ਕਾ ਭਉ ਬਿਆਪੈ॥ (ਪੰਨਾ ੨੬5)

ਜੇ ਲੋਕਾਂ ਨੂੰ ਠੱਗ ਲਵੇਗਾ, ਹੁਣ ਤਾਂ ਰਿਵਾਜ ਹੀ ਇਹ ਪੈ ਗਿਆ,

ਹਿੰਦੁਸਤਾਨ ਵਿਚ, ਬਈ ਜਿੰਨਾ ਠੱਗ ਲਵੇ, ਉਤਨਾ ਹੀ ਆਦਮੀ ਚੰਗਾ। ਹੁਣ ਤਾਂ ਸਾਰਿਆਂ ਵਿੱਚ ਇਹ ਧਰਮ ਹੀ ਬਣ ਗਿਆ ਲੋਕਾਂ ਦਾ। ਇਹਨਾਂ ਨੂੰ ਸੁਰਤ ਹੀ ਨਹੀਂ ਹੈ ਬਿਲਕੁਲ। ਮੈਂ ਚੰਗੇ ਚੰਗੇ ਆਦਮੀਆਂ ਨਾਲ ਗੱਲ ਕਰਕੇ ਦੇਖੀ ਹੈ ਨਾਂ ਜੀ ਸੱਚ ਤੇ ਤਾਂ ਪੂਰਾ ਹੀ ਨਹੀਂ ਪੱਟਦਾ ਅੱਜ ਕਲ੍ਹ, ਨਾ ਜੀ ਸੱਚ ਤੇ ਤਾਂ ਰੋਟੀ ਹੀ ਨਹੀਂ ਮਿਲਦੀ। ਉਹਨੂੰ ਪੁੱਛੋ ਰੋਟੀ ਦੇਣ ਵਾਲਾ ਤਾਂ ਈਰ ਹੈ, ਤੇਰਾ ਬਾਪ ਹੈ ਹੋਰ ਰੋਟੀ ਦੇਣ ਵਾਲਾ ? ਉਹ ਤਾਂ ਸੱਚ ਹੈ, ਉਸ ਸੱਚ ਨੇ ਤਾਂ ਰੋਟੀ ਦੇਣੀ ਹੈ ਸਾਰਿਆਂ ਨੂੰ। ਨਾ ਜੀ ਸੱਚ ਤੇ ਤਾਂ ਰੋਟੀ ਨਹੀਂ ਮਿਲਦੀ ਅੱਜ ਕਲ੍ਹ। ਉਹਨੂੰ ਕਹੋ, ਝੂਠ ਬੋਲੋ ਦੱਬ ਕੇ ਸਹੁਰਿਓ ! ਤੇ ਆਪ ਤਾਂ ਗਲ ਗਏ, ਲੋਕਾਂ ਨੂੰ ਕਿਉਂ ਗਾਲਦੇ ਹੋ ਤੁਸੀਂ ? ਓਏ ! ਤੁਸੀਂ ਤਾਂ ਗਏ ਆਏ , ਲੋਕਾਂ ਨੂੰ ਕਿਉਂ ਖਰਾਬ ਕਰਦੇ ਹੋਂ ? ਦਾਲ ਮਿੱਸੀ ਖਾ ਲਉ, ਜਿਹੋ ਜਿਹੀ ਆ ਜਾਏ, ਰੱਬ ਨੇ ਦੇਣੀ ਜਰੂਰ ਹੈ। ਉਹ ਦੇਵੇਗਾ ਤੇ ਉਸ ਉਤੇ ਭਰੋਸਾ ਕਰੋ, ਐਂ ਕਹੋ, ਕੁੱਛ ਫਾਇਦਾ ਹੋ ਜਾਏ। ਚੱਲੀਏ–

ਤਿਸ ਕਾ ਕੀਆ ਸਭੁ ਪਰਵਾਨੁ ॥

ਜੋ ਕੁੱਛ ਪਰਮੇਰ ਨੇ ਕਰਿਆ ਹੈ, ਉਹਨੂੰ ਪਰਵਾਨ ਕਰ ਲਉ, ਬਈ ਜੋ ਈਰ ਕਰਦਾ ਹੈ, ਠੀਕ ਕਰਦਾ ਹੈ। ਤੇ ਅਸੀਂ ਵੀ ਇਹ ਗੱਲਾਂ ਕਰਨ ਲੱਗ ਜਾਂਦੇ ਹਾਂ ਬਈ ਕੌਣ ਜਿੱਤੇਗਾ ? ਮੈਨੂੰ ਕਹਿੰਦੇ ਕੌਣ ਜਿੱਤੇਗਾ ? ਮੈਂ ਕਿਹਾ, ਪਤਾ ਮੈਨੂੰ ਵੀ ਨਹੀਂ ਜਿੱਤੇਗਾ ਕੌਣ। ਭੱਜੇ ਫਿਰਦੇ ਹੋਂ। ਨਾ, ਨਾ, ਪਿਛੋਂ ਸੋਚੀਦਾ ਹੈ, ਬਈ ਇਹ ਪਾਗਲਪਣ ਕਿਉਂ ਕੁੱਟਿਆ, ਪਿਛੋਂ ਤਾਂ ਸੋਚੀਦਾ ਹੈ, ਬਈ ਇਹ ਤਾਂ ਮਹਾਂ ਮੂਰਖਤਾ ਵਾਲਾ ਕੰਮ ਹੈ। ਬਈ ਜਿਸਨੇ ਜਿੱਤਣੈ ਜਿੱਤੇ, ਤੁਸੀਂ ਰਾਮ ਰਾਮ ਕਰੋ, ਤੁਸੀਂ ਆਪਣਾ ਭਜਨ ਕਰੋ। ਹਾਂ, ਇਕ ਮੈਂ ਨਾਮਧਾਰੀਏ ਨੂੰ ਆਖਿਆ, ਉਹਨੇ ਮੈਨੂੰ ਮੱਥਾ ਟੇਕਿਆ, ਦੁੱਧ ਪਿਆਇਆ, ਮੈਂ ਆਖਿਆ, ਨਾਮ ਜਪਿਆ ਕਰ। ਕਹਿੰਦਾ, ਇਹ ਨਹੀਂ ਸਾਥੋਂ ਜਪਿਆ ਜਾਂਦਾ। ਮੈਨੂੰ ਕਹਿੰਦਾ, ਇਹ ਤੁਹਾਡੇ ਜਿੰਮੇ ਹੈ। ਦੁੱਧ, ਮੱਖਣ, ਆਟਾ ਜੋ ਕਹੋਂਗੇ ਲਿਆ ਦੂੰਗਾ ਪਰ ਇਹ ਸਾਥੋਂ ਨਹੀਂ ਜਪਿਆ ਜਾਣਾ, ਅਸੀਂ ਤਾਂ

ਗ੍ਰਹਿਸਥੀ ਆਦਮੀ ਹਾਂ। ਇਹ ਤੁਹਾਡਾ ਕੰਮ ਹੈ, ਇਹ ਕੰਮ ਤੁਸੀਂ ਕਰਿਆ ਕਰੋ। ਮੈਂ ਬੋਲਿਆ ਨਾ, ਮੈਂ ਆਖਿਆ, ਲੈ ਕਰ ਲਉ ਇਹਦਾ ਫਾਇਦਾ। ਉਂਞ ਚੰਗਾ ਸੂਝਵਾਲਾ ਸੀ, ਪਿੱਛੋਂ ਜਦ ਗੱਲਾਂ ਕੀਤੀਆਂ ਕਹਿੰਦਾ, ਜੀ ਨਾਮ ਤਾਂ ਰੱਬ ਦੀ ਕਿਰਪਾ ਤੇ ਜਪਿਆ ਜਾਂਦੈ ਜਾਂ ਸੰਤਾਂ ਦੀ ਕਿਰਪਾ ਤੇ ਜਪਿਆ ਜਾਂਦੈ ਤੇ ਤੁਸੀਂ ਸਾਨੂੰ ਕਹਿੰਦੇ ਹੋ ਤੁਸੀਂ ਜਪੋ, ਇਹ ਤਾਂ ਤੁਹਾਡੇ ਜਿੰਮੇ ਹੈ। ਮੈਂ ਆਖਿਆ, ਕਰ ਲਉ ਇਹਦੇ ਨਾਲ ਗੱਲ। ਤੇ ਗੱਲ ਉਹਦੀ ਸੱਚੀ ਸੀ, ਮੈਂ ਸਮਝ ਗਿਆ, ਸੱਚਾ ਆਦਮੀ ਹੈ, ਇਹ ਉਹ ਆਪ ਕਰਦਾ ਸੀ। ਤੇ ਲੋਕਾਂ ਦੀ ਹੈ ਸਾਰੀ ਉਲਟੀ ਬਾਤ। ਤੁਸੀਂ ਆਪ, ਆਪਾਂ ਸਾਰੇ ਬੈਠੇ ਹਾਂ, ਕੋਈ ਨਾਮ ਜਪਦੇ ਹਾਂ ? ਸਾਰੇ ਮਾਇਆ ਦੇ ਮਗਰ ਭੱਜੇ ਫਿਰਦੇ ਹਾਂ, ਰੱਬ ਦੇ ਮਗਰ ਕੋਈ ਭੱਜਿਐ ਕਦੇ ? ਸਵੇਰੇ ਉੱਠਣਗੇ ਤਾਂ ਮਾਇਆ ਵੱਲ ਨੂੰ ਭੱਜਣਗੇ। ਐਂ ਕਰੋ ਓਏ, ਆਹ ਕਰੋ ਓਏ, ਉਹ ਕਰੋ ਓਏ। ਹਾਂ ! ਕਰੋ ਸਭ ਕੁੱਛ ਪ੍ਰਯਤਨ, ਪਰ ਸੱਚ ਤਾਂ ਨਾਲ ਰੱਖੋ ਤੁਸੀਂ। ਹੋਰਾਂ ਦੇਾਂ ਵਿਚ ਸੱਚ ਤਾਂ ਹੈ, ਤੁਹਾਡੇ ਨਾਲੋਂ ਜਿਆਦਾ। ਇਹ ਹਿੰਦੁਸਤਾਨੀਆਂ ਨੇ, ਆਪਣਾ ਸੱਚ ਸਾਰਾ, ਉਹਨਾਂ ਦੇਾਂ ਵਿਚ ਭੇਜ ਦਿੱਤਾ। ਫਿਰ ਕੰਮ ਕਰਨੇ ਨੇ ਆਪੋ ਆਪਣੇ । ਆਪੇ ਜੇ ਮੈਨੂੰ ਪਤਾ ਹੋਵੇ, ਦੱਸ ਨ ਦੇਵਾਂ ਬਈ। ਜਿੱਤਣਾ ਇਹਨੇ ਹੈ, ਤੁਸੀਂ ਕਿਉਂ ਬਣਾਕੇ ਕਰਦੇ ਹੋ? ਅਸੀਂ ਐਂ ਜੀ, ਅਸੀਂ ਐਂ ਹਾਂ। ਓਏ! ਧਰਮ ਤਾਂ ਇਕ ਹੈ **ਸੱਚ** ।

ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ॥
ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ॥(ਪੰਨਾ ੪੬੮)
ਸਰਬ ਰੋਗ ਕਾ ਅਉਖਦੁ ਨਾਮੁ॥
ਕਲਿਆਣ ਰੂਪ ਮੰਗਲ ਗੁਣ ਗਾਮ॥ (ਪੰਨਾ ੨੭੪)

ਤੀਜੀ ਦਵਾਈ ਦੱਸੋ ਕਿਹੜੀ ਹੈ ? ਦੋਵੇਂ ਬੀਮਾਰੀਆਂ ਨੇ ਬੜੀਆਂ-

ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥(ਪੰਨਾ ੪੬੬)
ਏਹ ਤਿਸਨਾ ਵਡਾ ਰੋਗੁ ਲਗਾ ਮਰਣੁ ਮਨਹੁ ਵਿਸਾਰਿਆ॥
(ਪੰਨਾ ੯੧੯)

ਤ੍ਰਿਨਾ ਦਾ ਐਡਾ ਵੱਡਾ ਰੋਗ ਹੈ, ਮਰਨਾ ਵੀ ਨਹੀਂ ਯਾਦ ਰਹਿੰਦਾ। ਮੈਨੂੰ ਉਹ ਧਮਗੜ੍ਹੀਏ ਦਸਦੇ ਸੀ। ਉਹ ਜਦ ਮਰਨ ਲੱਗਿਆ ਨਾ ਸਰਦਾਰ, ਉਹਦੇ ਤਿੰਨੇ ਮੁੰਡੇ ਖੜ੍ਹੇ ਸੀ, ਐਥੇ ਦਸਖਤ ਕਰੋ ਜੀ, ਇਥੇ ਦਸਖਤ ਕਰੋ। ਉਹ ਕਹਿੰਦਾ, ਮਰ ਤਾਂ ਲੈਣ ਦਿਉ ਹੁਣ। ਉਹ ਵੰਡ ਕਰੀ ਹੋਈ ਸੀ ਨਾ। ਮੈਨੂੰ ਉਹਨਾਂ ਨੇ ਦੱਸਿਆ । ਫਿਰ ਉਹ ਕਹਿੰਦਾ, ਓਏ! ਹੁਣ ਮਰ ਤਾਂ ਲੈਣ ਦਿਉ, ਹੁਣ ਤਾਂ ਵਿਹਲ ਦੇ ਦਿਉ ਤੇ ਏਸ ਕਰਕੇ-

ਏਹ ਤਿਸਨਾ ਵਡਾ ਰੋਗੁ ਲਗਾ ਮਰਣੁ ਮਨਹੁ ਵਿਸਾਰਿਆ।

(ਪੰਨਾ ੯੧੯)

ਮਰਨਾ ਵੀ ਕਿਸੇ ਨੂੰ ਯਾਦ ਨਹੀਂ। ਪਰ ਤ੍ਰਿਨਾ-

ਸਹਸ ਖਟੇ ਲਖ ਕਉ ਉਠਿ ਧਾਵੈ॥
ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ॥ (ਪੰਨਾ ੨੭੮)

ਸੌ ਮਿਲ ਜਾਏ ਤਾਂ ਕਹਿੰਦੇ ਹਜਾਰ ਹੋ ਜਾਏ, ਹਜਾਰ ਆ ਜਾਏ, ਲੱਖ ਹੋ ਜਾਏ, ਲੱਖ ਵਾਲੇ ਕਹਿੰਦੇ ਨੇ ਕਰੋੜ ਹੋ ਜਾਏ। ਬੱਸ ਭੱਜੇ ਜਾਂਦੇ ਨੇ ਸਾਰੇ, ਕੋਈ ਖੜ੍ਹਿਆ ਦੇਖਿਐ ਤੁਸੀਂ ਕਦੇ ? ਬਈ, ਬੱਸ ਹੁਣ ਨਹੀਂ ਲੋੜ। ਕਦੇ ਖੜ੍ਹਿਆ ਦੇਖਿਐ? ਕੋਈ ਨਹੀਂ, ਬਿਲਕੁਲ ਨਹੀਂ, ਆਖਣਗੇ ਹੋਰ ਹੋ ਜਾਏ। ਏਸ ਕਰਕੇ, ਭਾਈ ! ਇਹ ਬੜਾ ਰੋਗ ਹੈ। ਚੱਲੀਏ-

ਗੁਰ ਪ੍ਰਸਾਦਿ ਨਾਨਕ ਇਹੁ ਜਾਨੁ॥

ਗੁਰੂ ਦੀ ਕਿਰਪਾ ਤੇ ਇਸ ਬਾਤ ਨੂੰ ਜਾਣ ਲਵੇ, ਬਈ ਪਰਮੇਰ ਦਾ ਭਾਣਾ ਮੰਨੇ, ਜੋ ਪਰਮੇਰ ਕਰਦਾ ਹੈ।

ਜੋ ਤੁਧੁ ਭਾਵੈ ਸਾਈ ਭਲੀ ਕਾਰ॥
ਤੂੰ ਸਦਾ ਸਲਾਮਤਿ ਨਿਰੰਕਾਰ॥ (ਪੰਨਾ ੩)

ਜੋ ਪਰਮੇਰ ਤੈਂ ਕੀਤਾ, ਬਹੁਤ ਅੱਛਾ।

ਜੋ ਜਾਨੈ ਤਿਸੁ ਸਦਾ ਸੁਖੁ ਹੋਇ॥

ਜਿਹੜਾ ਇਸ ਬਾਤ ਨੂੰ ਜਾਣ ਲਵੇਗਾ, ਉਹਨੂੰ ਸਦਾ ਸੁਖ ਹੋ ਜਾਏਗਾ, ਆਤਮ ਸੁਖ ਪ੍ਰਾਪਤ ਹੋ ਜਾਏਗਾ।

ਆਪਿ ਮਿਲਾਇ ਲਏ ਪ੍ਰਭੁ ਸੋਇ॥

ਉਹਨੂੰ ਆਪ ਪ੍ਰਭੂ ਮਿਲਾਏਗਾ। ਉਹਨੂੰ ਮਿਲਣ ਦੀ ਜਰੂਰਤ ਨਹੀਂ, ਉਹਨੂੰ ਆਪ ਮਿਲਾਏਗਾ ਪ੍ਰਭੂ। ਉਹ ਗੁਰੂ ਗੋਬਿੰਦ ਸਿੰਘ ਘੋੜੇ ਤੇ ਚੜ੍ਹੇ ਆਉਂਦੇ ਸੀ ਤੇ ਨਾਲ ਸਿੱਖ ਸੀ। ਅੱਗੇ ਇਕ ਸੂਧਾ ਜਿਹਾ ਸਿੱਖ ਸੀ, ਉਹ ਲਿਖੀ ਹੋਈ ਹੈ, ਉਹੀ ਸਾਖੀ ਇਤਿਹਾਸ ਵਿਚ। ਉਹ ਕਹਿੰਦਾ, ਗੁਰੂ ਸਾਹਿਬ ਨੂੰ, ਮੈਨੂੰ ਗੁਰਮੰਤ੍ਰ ਦੇ ਦਿਉ। ਉਹ ਕਹਿੰਦੇ, ਵੇਲਾ ਵਕਤ ਤਾਂ ਵਿਚਾਰ। ਉਸੇ ਨੂੰ ਉਹ ਕਹਿਣ ਲੱਗ ਪਿਆ ਵੇਲਾ ਵਕਤ ਵਿਚਾਰ, ਵੇਲਾ ਵਕਤ ਵਿਚਾਰ। ਗੁਰੂ ਗੋਬਿੰਦ ਸਿੰਘ ਉੱਧਰ ਚਲੇ ਗਏ ਜਿੱਧਰ ਜਾਣਾ ਸੀ। ਉਹ ਜਦੋਂ ਚਲੇ ਗਏ, ਉਹ ਕਹਿੰਦੇ, ਉਥੇ ਚੱਲੋ! ਉਹ ਸਿੱਖ ਤਾਂ ਉਥੇ ਹੀ ਬੈਠਾ ਹੈ। ਉਹ ਜਦ ਦੂਜੇ ਦਿਨ ਆਏ, ਉਹ ਉਥੇ ਹੀ ਬੈਠਾ ਵੇਲਾ ਵਕਤ ਵਿਚਾਰ, ਵੇਲਾ ਵੇਕਤ ਵਿਚਾਰ ਕਰੀ ਜਾਏ। ਗੁਰੂ ਸਾਹਿਬ ਕਹਿੰਦੇ, ਲਉ! ਕਰੋ ਗੱਲ ਇਹਦੀ। ਉਹਨੇ ਆਖਿਆ ਗੁਰਮੰਤ੍ਰ ਦੇ ਗਏ ਮੈਨੂੰ। ਦੂਜੇ ਦਿਨ ਆਕੇ ਉਹਦੇ ਤੇ ਕਿਰਪਾ ਕੀਤੀ, ਘੋੜੇ ਤੋਂ ਉੱਤਰੇ, ਫਿਰ ਉਹਦੇ ਸਿਰ ਤੇ ਹੱਥ ਰੱਖਿਆ, ਫਿਰ ਉਹਦੇ ਕਿਵਾੜ ਖੋਲ੍ਹੇ ਤਾਂ ਗਏ। ਉਹ ਕਹਿੰਦੇ, ਲਉ! ਕਰ ਲਉ ਸਿੱਖ ਦੀ ਗੱਲ। ਉਹਨੂੰ ਇਹ ਨਹੀਂ ਸੀ ਪਤਾ, ਇਹ ਕੀ ਹੈ ? ਉਹ ਗੁਰੂ ਸਾਹਿਬ ਨੇ ਆਖਿਆ ਵੇਲਾ ਵਕਤ ਵਿਚਾਰ ਬਈ ਵਕਤ ਤਾਂ ਦੇਖ ਲੈ। ਉਹਨੇ ਉਦੋਂ ਹੀ ਰੂ ਕਰ ਦਿੱਤਾ, ਬਈ ਗੁਰਮੰਤ੍ਰ ਦੇ ਗਏ। ਉਹ ਦੂਜੇ ਦਿਨ ਗੁਰੂ ਸਾਹਿਬ ਮੁੜ ਕੇ ਆਏ, ਉਹਨੂੰ ਤਾਰਿਆ ਤਾਂ ਖਹਿੜਾ ਛੁਟਿਆ। ਲੈ! ਨਿਚਾ ਇਹੋ ਜਿਹੀ ਚੀ ਹੈ। ਉਹ ਅੰਤਰਜਾਮੀ ਹੈ ਨਾ ਪਰਮੇਰ। ਉਹਦਾ ਜੋ ਕੁੱਛ ਕਰਿਆ ਹੋਇਐ, ਉਹਦੇ ਭਾਣੇ ਨੂੰ ਮੰਨ ਲਵੇ, ਬਈ ਠੀਕ ਹੈ।

ਓਹੁ ਧਨਵੰਤੁ ਕੁਲਵੰਤੁ ਪਤਿਵੰਤੁ॥

ਉਹ ਬੜਾ ਧਨੀ ਹੈ, ਬੜੀ ਕੁਲ ਵਾਲਾ, ਉਹੀ ਬੜੀ ਇਜਤ ਵਾਲਾ ਹੈ।

ਜੀਵਨ ਮੁਕਤਿ ਜਿਸੁ ਰਿਦੈ ਭਗਵੰਤੁ॥

ਜਿਸ ਨੇ ਆਪਣੇ ਹਿਰਦੇ ਵਿਚ ਭਗਵਾਨ ਨੂੰ ਆਪਣਾ ਸਰੂਪ ਜਾਣ ਲਿਆ, ਉਹ ਸਭ ਕੁੱਛ ਹੈ।

ਧੰਨੁ ਧੰਨੁ ਧੰਨੁ ਜਨੁ ਆਇਆ॥

ਇਹੋ ਜਿਹਾ ਜਨ ਧੰਨ ਹੈ ਭਾਈ।

ਜਿਸੁ ਪ੍ਰਸਾਦਿ ਸਭੁ ਜਗਤੁ ਤਰਾਇਆ॥

ਜਿਸ ਦੀ ਕਿਰਪਾ ਤੇ ਸਾਰਾ ਜਗਤ ਤਰ ਗਿਆ। ਹੁਣ ਤੁਸੀਂ ਦੇਖ ਲਉ ਸੱਚ, ਕਬੀਰ ਨੇ ਕਿੰਨੇ ਤਾਰੇ ? ਗੁਰੂ ਨਾਨਕ ਦੇਵ ਤੇ ਦਸੇ ਪਾਤਾਹੀਆਂ ਨੇ ਕਿੰਨੇ ਤਾਰੇ, ਤ੍ਰਿਲੋਚਨ ਨੇ ਕਿੰਨੇ ਤਾਰੇ ? ਨਾਮਦੇਵ ਨੇ ਕਿੰਨੇ ਤਾਰੇ ? ਰਾਮਾਨੰਦ ਨੇ **ਤੇਰਾਂ** ਤਾਰੇ, ਇਹਨਾਂ ਨੇ ਲਿਖੇ ਹੋਏ ਨੇ। ਏਸ ਕਰਕੇ, ਭਾਈ ! ਸਾਰੀ ਦੁਨੀਆਂ ਨੂੰ ਤਾਰਨ ਵਾਸਤੇ ਆਉਂਦੇ ਨੇ। ਹੋਰ ਸਾਰੀਆਂ ਬਣਾਉਟੀ ਬਾਤਾਂ ਨੇ, ਫਜ਼ੂਲ ਹੁੰਦੀਆਂ ਨੇ। ਆਹ ਰ੍ਹਾ ਦੀਆਂ ਘਾੜਤਾਂ ਅੱਡੋ ਅੱਡੀ, ਆਪੋ ਆਪਣੀਆਂ ਇਹ ਗਲਤ ਹੁੰਦੀਆਂ ਨੇ। ਇਹ ਸਾਰੇ ਕੰਮ ਗਲਤ ਦਸਦੈ, ਚਾਹੇ ਤੁਸੀਂ ਉਹਨੂੰ ਕਿੰਨਾ ਚੰਗਾ ਮੰਨਦੇ ਹੋ, ਹੈ ਗਲਤ। ਤੁਸੀਂ ਸਾਰਿਆਂ ਵਿਚ ਈਰ ਤਾਂ ਦੇਖਿਆ ਨਹੀਂ, ਜਿੰਨਾ ਚਿਰ ਸਾਰਿਆਂ ਚ ਈਰ ਨਹੀਂ ਦੇਖਦੇ। ਸਾਰਿਆਂ ਵਿਚ ਈਰ ਤਾਂ ਭਾਈ ਘਨੱਈਏ ਨੇ ਦੇਖਿਆ ਸੀ, ਦਸਮ ਪਾਤਾਹ ਨੇ ਕਿਰਪਾ ਕੀਤੀ, ਸਾਰਿਆਂ ਨੂੰ ਪਾਣੀ ਪਿਲਾਈ ਗਿਆ। ਤੁਸੀਂ ਐਂ ਦਸੋ? ਜਦ ਉਹ ਲੜਦੇ ਸੀ ਮੁਸਲਮਾਨ, ਉਹਨਾਂ ਨੂੰ ਪਾਣੀ ਜਾਕੇ ਪਿਲਾਉਂਦਾ ਸੀ। ਉਹ ਗੋਲੀ ਬੰਦ ਕਰ ਦਿੰਦੇ ਸੀ। ਕਹਿੰਦੇ ਸਿੱਖ ਆ ਗਿਆ, ਉਹ ਪਾਣੀ ਵਾਲਾ ਸਿੱਖ ਹੈ, ਗੋਲੀ ਬੰਦ ਕਰ ਦਿੰਦੇ ਸੀ। ਏਸ ਕਰਕੇ, ਕਿਉਂ ? ਉਹਨੇ ਏਕਤਾ ਦੇਖ ਲਈ ਸੀ ਸਾਰਿਆਂ ਦੇ ਵਿਚ। ਇਹਦਾ ਸਾਰਾ ਕਾਰਜ ਸਿੱਧ ਹੋ ਗਿਆ। ਜਿਸਨੇ ਸਾਰਿਆਂ ਵਿਚ ਰੱਬ ਨਹੀਂ ਦੇਖਿਆ, ਉਹਦਾ ਕੋਈ ਕਾਰਜ ਸਿੱਧ ਨਹੀਂ ਹੋਏਗਾ।

ਉਹ ਤਾਂ ਭੇਖਵਾਦੀ ਹੈ, ਉਹਨੂੰ ਬੁਰਾ, ਉਹਨੂੰ ਭਲਾ। ਇਹ ਮਨ ਸੌਹਰਾ ਐਸਾ ਵਿਗੜਿਆ ਹੋਇਐ, ਇਹ ਇੱਧਰੋਂ ਹੱਟਦਾ ਹੀ ਨਹੀਂ ਹੈ ਛੇਤੀ। ਚੱਲੀਏ–

ਜਨ ਆਵਨ ਕਾ ਇਹੈ ਸੁਆਉ॥

ਇਹ ਦੁਨੀਆਂ ਦੇ ਜਿਤਨੇ ਜਨ ਆਏ ਨੇ ਦਾਸ ਕਬੀਰ, ਨਾਮਦੇਵ, ਧੰਨਾ, ਈਸਾ, ਮੁਹੰਮਦ ਜਿਤਨੇ ਵੀ ਆਏ ਨੇ, ਉਹਨਾਂ ਦਾ ਪ੍ਰਯੋਜਨ ਇਹੀ ਹੈ ਬਈ ਸਤਿ ਦੇ ਰਸਤੇ ਚਲੋ। ਈਸਾ ਨੇ ਕਿੰਨੇ ਸਤਿ ਦੇ ਰਸਤੇ ਪਾਏ ਨੇ, ਕਿੰਨੀ ਤਕਲੀਫ ਝੱਲੀ ਪਰ ਸਾਰਿਆਂ ਨੂੰ ਸੱਚ ਦੇ ਰਸਤੇ ਪਾ ਗਿਆ। ਉਹ ਕਿੱਕੁਣ ਲੁੱਟੀ ਜਾਂਦੇ ਸੀ ਸਾਰੇ। ਜਦ ਕਿਸੇ ਦਾ ਬੜਾ ਮਰਦਾ ਸੀ, ਉਹ ਪੁਛਦੇ ਸੀ ਬਈ ਸਾਡਾ ਇਹ ਬਾਬਾ, ਬਾਪ ਕਿੱਥੇ ਜਾਏਗਾ ? ਉਹ ਕਹਿੰਦੇ, ਕਿੰਨੇ ਰੁਪਈਏ ਦੇਵੇਂਗਾ ? ਉਹਨਾਂ ਹੇਠਾਂ ਇਕ ਆਦਮੀ ਬਿਠਾਲਿਆ ਹੋਇਆ ਹੁੰਦਾ ਸੀ, ਉਹਦੇ ਇਤਿਹਾਸ ਵਿਚ ਲਿਖਿਆ ਹੋਇਐ, ਘਰ ਵਾਲਾ ਤੇ ਪੁੱਛਦੇ ਸੀ ਇਹ ਕਿੰਨੇ ਰੁਪਈਏ ਨਾਲ ਜਾਏਗਾ ? ਉਹ ਕਹਿੰਦਾ, ਦਸ ਹਜਾਰ ਨਾਲ। ਜਦ ਦੇ ਦਿੰਦੇ, ਜਾਹ ਸੁਰਗ ਵਿਚ ਜਾਊ। ਕਿੰਨਾ ਹਨੇਰ ਪਾਇਆ ਹੋਇਆ ਸੀ। ਆਹ ਤੁਹਾਡੇ ਪੰਡਿਤਾਂ, ਕਾਜੀਆਂ, ਫਲਾਣੇ ਦਾ ਕਿੰਨਾ ਹਨੇਰ ਪਾਇਆ ਹੋਇਐ, ਸਾਰਿਆਂ ਨੂੰ ਅੱਡੋ ਅੱਡੀ ਕਰੀ ਜਾਂਦੇ ਨੇ। ਪਹਿਲੀ ਵਾਰੀ ਜਦ ਅਸੀਂ ਕਮੀਰ ਵਿਚ ਗਏ ਮੁਸਲਮਾਨ ਐਨਾ ਪਿਆਰ ਕਰਦੇ ਸੀ, ਅਸੀਂ ਕਦੇ ਨਜਦੀਕ ਆਉਂਦੇ ਤਾਂ ਉੱਠ ਕੇ ਖੜ੍ਹੇ ਹੋ ਜਾਂਦੇ, ਸਾਧੂ ਸਮਝਕੇ। ਜਦ ਦੂਜੀ ਵਾਰੀ ਗਏ, ਸਾਡੇ ਹੱਥ ਵਿਚ ਪਾਣੀ ਨਹੀਂ ਦਿੱਤਾ, ਕਹਿੰਦੇ ਕਾਫਰ ਨੇ। ਇਹ ਕਿਨ੍ਹਾਂ ਨੇ ਪਾਇਆ ? ਉਹ ਕਾਜੀਆਂ ਨੇ ਪਾਇਆ। ਇਹ ਸਾਰੇ ਹੀ ਕੰਮ ਵਿਗਾੜਨ ਵਾਲੇ ਨੇ, ਸੰਵਾਰਨ ਵਾਲਾ, ਜਿਹੜਾ ਧੁਰੋਂ ਆਇਆ, ਉਹ ਹੈ। ਇਹ ਜਿੰਨੇ ਵੀ ਆਏ, ਇਹਨਾਂ ਨੇ ਦੁਨੀਆਂ ਨੂੰ ਤਾਰਿਆ, ਇਹਨਾਂ ਨੇ ਲੋਕਾਂ ਨੂੰ ਸਤਿ ਦੇ ਰਸਤੇ ਪਾਇਆ, ਹੋਰ ਕਿਸੇ ਨੇ ਨਹੀਂ, ਕਿਉਂ ? ਉਹਨਾਂ ਨੂੰ ਸਤਿ ਦਾ ਰਸਤਾ ਪ੍ਰਾਪਤ ਹੀ ਨਹੀਂ ਹੋਇਆ। ਜਦ ਤੱਕ ਉਹਨਾਂ ਨੂੰ ਹੀ ਨਹੀਂ ਪ੍ਰਾਪਤ ਸਤਿ, ਤੁਹਾਨੂੰ ਕੈਸੇ ਦੱਸ ਦੇਣਗੇ ਬਈ ?

ਜਨ ਕੈ ਸੰਗਿ ਚਿਤਿ ਆਵੈ ਨਾਉ॥

ਜਿਹੜੇ ਰੱਬ ਦੇ ਦਾਸ ਦੇ ਪਾਸ ਜਾਣੇ ਸੇ ਨਾਮ ਚਿੱਤ ਆ ਜਾਏ, ਸਮਝ ਲਉ ਬਈ ਇਹ ਬਹੁਤ ਅੱਛਾ। ਬੱਸ।

ਆਪਿ ਮੁਕਤੁ ਮੁਕਤੁ ਕਰੈ ਸੰਸਾਰੁ॥

ਉਹ ਆਪ ਮੁਕਤ ਸੇ।

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥
ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥

(ਪੰਨਾ ੭੪੯)

ਇਹ ਪਰਉਪਕਾਰੀ ਆਏ। ਇਹ ਆਪ ਮੁਕਤ ਸਨ ਤੇ ਮੁਕਤ ਕਰੈ ਸੰਸਾਰ।

ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ॥

ਉਹਨੂੰ ਨਮਕਾਰ ਕਰੋ, ਜਿਹੜਾ ਆਪ ਮੁਕਤ ਹੈ ਤੇ ਲੋਕਾਂ ਨੂੰ ਮੁਕਤੀ ਦਾ ਰਸਤਾ ਦਸਦਾ ਹੈ।

ਬੋਲੋ ਸਤਿਨਾਮ ਸ੍ਰੀ ਵਾਹਿਗੁਰੂ॥

੧

੧ਓ ਸਤਿਗੁਰ ਪ੍ਰਸਾਦਿ॥

੪੭

ਸੋਰਠਿ ਮਹਲਾ 5॥

ਗੁਰ ਮਿਲਿ ਪ੍ਰਭੂ ਚਿਤਾਰਿਆ॥ ਕਾਰਜ ਸਭਿ ਸਵਾਰਿਆ॥
ਮੰਦਾ ਕੋ ਨ ਅਲਾਏ॥ ਸਭ ਜੈ ਜੈ ਕਾਰੁ ਸੁਣਾਏ॥ ੧॥
ਸੰਤਹੁ ਸਾਚੀ ਸਰਣਿ ਸੁਆਮੀ॥
ਜੀਅ ਜੰਤ ਸਭਿ ਹਾਥਿ ਤਿਸੈ ਕੈ ਸੋ ਪ੍ਰਭੁ ਅੰਤਰਜਾਮੀ॥ ਰਹਾਉ॥
ਕਰਤਬ ਸਭਿ ਸਵਾਰੇ। ਪ੍ਰਭਿ ਅਪੁਨਾ ਬਿਰਦੁ ਸਮਾਰੇ॥
ਪਤਿਤ ਪਾਵਨ ਪ੍ਰਭ ਨਾਮਾ॥ ਜਨ ਨਾਨਕ ਸਦ ਕੁਰਬਾਨਾ॥ ੨॥

(ਪੰਨਾ ੬੨੭)

ਸਾਰੀ ਸੰਗਤ ਕਿਰਪਾ, ਦਇਆ, ਮਿਹਰ ਕਰਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ! ਸਤਿਨਾਮ ਸ੍ਰੀ ਵਾਹਿਗੁਰੂ!!

ਸੋਰਠਿ ਮਹਲਾ 5॥

ਪੰਚਮ ਪਾਤਾਹ –

ਗੁਰ ਮਿਲਿ ਪ੍ਰਭੂ ਚਿਤਾਰਿਆ॥

ਜਦ ਅਸੀਂ ਗੁਰੂ ਰਾਮਦਾਸ ਜੀ ਨੂੰ ਮਿਲੇ, ਅਸੀਂ ਪ੍ਰਭੂ ਨੂੰ ਚਿਤਾਰਿਆ। ਪ੍ਰਭੂ ਦਾ ਨਾਮ ਸਿਮਰਨ ਚੱਲ ਗਿਆ ਸਾਡੇ ਅੰਦਰ, ਨਾਮ ਦਾ ਪਰਵਾਹ ਚੱਲ ਪਿਆ।

ਕਾਰਜ ਸਭਿ ਸਵਾਰਿਆ॥

ਸਾਰੇ ਕਾਰਜ ਸਾਡੇ ਸਿੱਧ ਹੋ ਗਏ,ਆਪੇ ਸਾਰੇ ਕਾਰਜ ਸਿੱਧ ਹੋ ਗਏ। ਇਕ, ਸਾਡੇ ਜਨਮ ਸਥਾਨ ਦੌਦ ਨੇੜੇ ਪਿੰਡ **ਲਸੋਈ** ਹੈ ਤਿੰਨ ਮੀਲ ਤੇ। ਉੱਥੇ ਇਕ ਸੰਤ ਰਹਿੰਦਾ ਸੀ, ਉਹਦਾ ਨਾਉਂ **ਮਾੜੂ ਦਾਸ**

ਸੀ। ਪਹਿਲੇ ਉਹਨੇ ਬਾਰਾਂ ਸਾਲ ਤਪ ਕੀਤਾ। ਬਾਰਾਂ ਸਾਲ ਦੇ ਬਾਅਦ ਪਿੰਡ ਵਿਚ ਇਕ ਥਾਂ ਸੀ ਬਹੁਤ ਉੱਚਾ, ਉਸ ਨੂੰ **ਜੋਗੀ ਪੀਰ** ਕਹਿੰਦੇ ਸੀ। ਜੰਗਲ ਵਿਚ, ਉੱਥੇ ਫਿਰ ਬਹਿ ਗਿਆ। ਬਾਰਾਂ ਸਾਲ ਉੱਥੇ ਸਿਮਰਨ ਕਰਦਾ ਰਿਹਾ। ਰੋਟੀ, ਲੋਕ ਰੱਖ ਆਉਂਦੇ ਸੀ ਸਾਡੇ ਬੜੇ। ਅਸੀਂ ਵੀ ਖੁਦ ਦੇਖਿਆ। ਰੋਟੀ, ਜਦੋਂ ਉਹਦਾ ਚਿੱਤ ਸੀ ਖਾ ਲੈਂਦਾ ਸੀ। ਉੱਚਾ ਥਾਂ ਸੀ ਤੇ ਉਹ ਜਿਹੜਾ ਬਰਤਨ ਤੇ ਪੋਣਾ ਹੁੰਦਾ ਸੀ, ਉਹਨੂੰ ਵਗ੍ਹਾ ਕੇ ਮਾਰਦਾ ਤੇ ਲੋਕ ਆਕੇ ਚੁੱਕ ਲਿਜਾਂਦੇ ਸੀ, ਜਿਹਨਾਂ ਦਾ ਹੁੰਦਾ ਸੀ। ਬਾਰਾਂ ਸਾਲ ਤੋਂ ਬਾਅਦ ਉਹ ਲਸੋਈ ਚਲਿਆ ਗਿਆ। ਜੰਗਲ ਵਿਚ ਗੁਫਾ ਬਣਾ ਲਈ, ਉੱਥੇ ਫਿਰ ਉਹਨੇ ਤਪ ਕੀਤਾ। ਜੋ ਵੀ ਉਹਨਾਂ ਨੇ ਉਪਦੇ ਦਿੱਤਾ ਪੰਜਾਂ ਸੱਤਾਂ ਨੂੰ, ਮੁੜ ਕੇ ਉਹ ਘਰ ਦੇ ਕੰਮ ਦੇ ਨਾ ਰਹੇ, ਨਾਮ ਹੀ ਚੱਲਿਆ ਉਹਨਾਂ ਦਾ। ਹਰਨਾਮ ਦਾਸ ਇਕ ਖੱਤਰੀ ਸੀ, ਉਹ ਉਹਦੇ ਪਾਸ ਛੇ ਸਾਲ ਜਾਂਦਾ ਰਿਹਾ, ਉਹ ਗਾਲ੍ਹਾਂ ਵੀ ਕੱਢਦਾ ਸੀ, ਚੱਲ ਨਿਕਲ ਜਾ ਇੱਥੋਂ ਕਹਿ ਦਿੰਦਾ। ਛੇ ਸਾਲ ਤੋਂ ਬਾਅਦ ਉਹਨੇ ਆਪ ਹੀ ਦੱਸਿਆ ਹਰਨਾਮ ਦਾਸ ਨੇ, ਜਦ ਮੈਂ ਗਿਆ। ਉਹਨੇ ਆਖਿਆ ਬੈਠ, ਤੈਨੂੰ ਉਪਦੇ ਦੇਈਏ, ਉਹਨੇ ਉਪਦੇ ਦੇ ਦਿੱਤਾ। ਚਾਰ ਮਹੀਨੇ ਉਹ ਫਿਰਦਾ ਰਿਹਾ, ਬੱਸ ਜੰਗਲਾਂ ਵਿਚ। ਇੱਕੋ ਉਹਦੀ ਆਵਾਜ ਰਾਮਾ ਰਾਮ ਰਾਮ, ਰਾਮਾ ਰਾਮ ਰਾਮ, ਆਹ ਉਹਦੀ ਆਵਾਜ। ਚਾਰ ਮਹੀਨਿਆਂ ਦੇ ਬਾਅਦ ਉਹਦੇ ਘਰਦਿਆਂ ਨੇ ਲਿਆਕੇ ਸੰਗਲ ਲਾ ਦਿੱਤਾ ਉਹਨੂੰ, ਬਈ ਇਹ ਕਮਲਾ ਹੋ ਗਿਆ। ਇਕ ਸਿਆਣਾ ਆਦਮੀ ਲਿਆਓ। ਆਖੇ, ਓਏ ਕਮਲੇ ਤਾਂ ਤੁਸੀਂ ਹੋ, ਮੈਂ ਕਮਲਾ ਨਹੀਂ, ਸਿਆਣੇ ਨੂੰ ਸੰਗਲ ਲਾ ਦਿੱਤਾ। ਉਹ ਜਦ ਆਇਆ ਕਹਿੰਦਾ, ਕਮਲੇ ਤਾਂ ਤੁਸੀਂ ਹੋ, ਇਹ ਤਾਂ ਸਿਆਣਾ ਹੈ, ਖੋਲ੍ਹੋ ਇਹਦਾ ਸੰਗਲ। ਉਹਨੇ ਖੁਲ੍ਹਾ ਦਿੱਤਾ। ਫੇਰ ਉਹਨਾਂ ਪਿੰਡਾਂ ਵਿਚ ਰਿਹਾ, ਬਹੁਤ ਅੱਛਾ ਸੰਤ ਸੀ, ਅਸੀਂ ਦੇਖਿਐ, ਅਸੀਂ ਇਕੱਠੇ ਵੀ ਰਹੇ ਦਸ ਬਾਰਾਂ ਦਿਨ। ਜਦ ਅੱਠ ਪਹਿਰ ਨਾਮ ਦੇ ਨਾਲ ਉਹਦਾ ਮਨ ਜੁੜਿਆ। ਅਖੀਰੀ ਮੌਤ ਵੀ ਉਹਦੀ ਇਹੋ ਜਿਹੀ ਹੋਈ। ਉਹ ਆਖੇ, ਓਏ ਮੁਸਲਿਓ ! ਤੁਸੀਂ ਐਥੋਂ ਭੱਜਣੈ, ਸਿੱਖਾਂ ਹਿੰਦੂਆਂ ਨੇ ਉਥੋਂ ਭੱਜਣੈ, ਪਰ

ਇਹ ਸਭ ਕੁੱਛ ਮੈਂ ਨਹੀਂ ਦੇਖਣਾ, ਤੁਸੀਂ ਹੀ ਦੇਖਣਾ ਹੈ। ਫਿਰ ਇਹ ਹੋਇਆ ਸਭ ਕੁੱਛ। ਜੋ ਕੁੱਛ ਵੀ ਉਹਨੇ ਕਿਹਾ ਸੀ, ਉਹੀ ਹੋਇਆ। ਉਹ ਫੱਕੜ ਸੰਤ ਸੀ।

ਗੁਰ ਮਿਲਿ ਪ੍ਰਭੂ ਚਿਤਾਰਿਆ॥

ਉਹ ਹਰਨਾਮ ਦਾਸ ਕਹਿੰਦਾ ਹੁੰਦਾ, ਮਾੜੂ ਦਾਸ ! ਤੇਰਾ ਸੁਰਗ ਦੇ ਵਿਚ ਵਾਸਾ ਹੋਵੇ, ਬੈਕੁੰਠ ਦੇ ਵਿਚ, ਤਾਰ ਦਿੱਤਾ, ਕੱਢ ਲਿਆ। ਮਾੜੂ ਦਾਸ ਦੇ ਨਾਲ ਮਿਲ ਕੇ ਰਾਮ ਨਾਮ ਚੱਲ ਪਿਆ।

ਕਾਰਜ ਸਭਿ ਸਵਾਰਿਆ॥

ਸਭੇ ਕਾਰਜ ਹੋ ਗਏ, ਮੁਕਤੀ ਵੀ ਹੋ ਗਈ, ਜਨਮ ਮਰਨ ਤੋਂ ਛੁੱਟ ਗਏ, ਦੁਨਿਆਵੀ ਸਾਰੇ ਕਾਰਜ ਸਿੱਧ ਹੋ ਗਏ, ਬੜਾ ਕਾਰਜ ਮੁਕਤੀ ਹੈ। ਮੋਕ ਵੀ ਹੋ ਗਈ, ਜਨਮ ਮਰਨ ਕੱਟਿਆ ਗਿਆ।

ਮੰਦਾ ਕੋ ਨ ਅਲਾਏ॥

ਕਿਸੇ ਨੂੰ ਮਾੜਾ ਨਾ ਕਹੀਂ, ਇਹ ਗੱਲ ਗੁਰੂ ਅਰਜਨ ਦੇਵ ਜੀ ਆਂਹਦੇ, ਵੇਖੀਂ ਕਿਸੇ ਨੂੰ ਮਾੜਾ ਨਾ ਕਹੀਂ। ***ਘਟ ਘਟ ਮੈ ਹਰਿ ਜੂ*** ਹੈ। ਸਾਰਿਆਂ ਦੇ ਹਿਰਦਿਆਂ ਵਿਚ ਪਰਮੇਰ ਬੈਠਾ ਹੈ। ਜੇ ਤੂੰ ਮਾੜਾ ਕਹੇਂਗਾ, ਪਰਮੇਰ ਨੂੰ ਹੀ ਕਹੇਂਗਾ ਮਾੜਾ, ਔਰ ਤਾਂ ਸੱਤਾ ਹੀ ਨਹੀਂ ਕੋਈ। ਇਹਦੀ ਆਪਣੀ ਤਾਂ ਸੱਤਾ ਕੋਈ ਹੈ ਨਹੀਂ, ਏਸ ਕਰਕੇ, ਕਿਸੇ ਨੂੰ ਮੰਦਾ ਨਾ ਕਹੀਂ।

ਸਭ ਜੈ ਜੈ ਕਾਰੁ ਸੁਣਾਏ॥

ਸਾਰਿਆਂ ਨੂੰ ਜੈ ਜੈ ਕਾਰ ਸੁਣਾਇਆ ਕਰ। ਜੈ ਹੋਵੇ ਬਈ ਪਰਮੇਰ ਦੀ। ਲੋਕ ਕਹਿੰਦੇ ਨੇ, ਜੈ ਹੋਵੇ ਰਵਿਦਾਸ ਦੀ, ਜੈ ਹੋਵੇ ਕਬੀਰ ਦੀ, ਜੈ ਹੋਵੇ ਜੈਦੇਵ ਦੀ। ਏਸ ਕਰਕੇ, ਜਦ ਇਹ ਜੀਵ ਬਖਿਆ ਜਾਂਦੈ, ਲੋਕ ਇਹਦੀ ਆਪੇ ਹੀ ਜੈ ਮਨਾਉਣ ਲੱਗ ਜਾਂਦੇ ਨੇ।

ਸੰਤਹੁ ਸਾਚੀ ਸਰਣਿ ਸੁਆਮੀ॥

ਸੰਤਹੁ ! ਇਕ ਮੈਂ ਤੁਹਾਨੂੰ, ਗੁਰੂ ਸਾਹਿਬ ਕਹਿੰਦੇ, ਇਹ ਬਾਤ ਬੜੀ

ਸੁਹਣੀ ਦਸਦਾ ਹਾਂ ਨਾਨਕ ਦੀ, ਰਣਾਗਤੀ ਲੈ ਲਉ ਮਾਲਕ ਦੀ । ਇਹ ਸੱਚੀ ਪ੍ਰੀਤ ਹੈ, ਇਹ ਤੁਹਾਨੂੰ ਸੱਚ ਦੇ ਨਾਲ ਮਿਲਾ ਦੇਵੇਗੀ। ਕਬੀਰ ਨੇ ਵੀ ਲਿਖਿਆ ਹੈ–

ਸਰਪਨੀ ਤੇ ਊਪਰਿ ਨਹੀ ਬਲੀਆ॥
ਜਿਨਿ ਬ੍ਰਹਮਾ ਬਿਸਨੁ ਮਹਾਦੇਉ ਛਲੀਆ॥ (ਪੰਨਾ 480)

ਮਾਇਆ ਤੇ ਕੋਈ ਬੜਾ ਨਹੀਂ, ਜਿਸਨੇ ਬੜੇ ਤਿੰਨਾਂ ਦੇਵਤਿਆਂ ਨੂੰ ਛਲ ਲਿਆ। ਪੁਰਾਣ ਪੜ੍ਹ ਕੇ ਦੇਖ ਲਉ, ਇਸ ਮਾਇਆ ਨਾਲੋਂ ਕੋਈ ਬੜਾ ਨਹੀਂ। ਕਬੀਰ ਸਾਹਿਬ ਨੂੰ ਆਖਿਆ, ਤੁਸੀਂ ? ਉਹ ਕਹਿੰਦਾ–

ਸੂਪਨੀ ਸੂਪਨੀ ਕਿਆ ਕਹਹੁ ਭਾਈ॥
ਜਿਨਿ ਸਾਚੁ ਪਛਾਨਿਆ ਤਿਨਿ ਸੂਪਨੀ ਖਾਈ॥(ਪੰਨਾ 480)

ਸੱਚ ਦੀ ਪਛਾਣ, ਮਾਇਆ ਤੋਂ ਅਲਹਿਦਾ ਕਰ ਦਿੰਦੀ ਹੈ। ਜਦ ਇਹਨੂੰ ਸੱਚ ਦੀ ਪਛਾਣ ਹੋ ਜਾਏ, ਫਿਰ ਇਹ ਮਾਇਆ ਵੱਲ ਨਹੀਂ ਜਾਂਦਾ। ਇੱਕ ਬੱਚੇ ਨੂੰ ਤੁਸੀਂ ਖੋਟਾ ਰੁਪਿਆ ਦੇ ਦਿਉ, ਜਦ ਉਹ ਕਿਸੇ ਕੋਲ ਜਾਊ, ਉਹ ਆਖੂ ਖੋਟਾ ਹੈ ਤੇ ਫਿਰ ਉਹਨੂੰ ਖਰਾ ਰੁਪਿਆ ਦੇ ਦਿਉ, ਉਹ ਖੋਟੇ ਨੂੰ ਵਗ੍ਹਾ ਕੇ ਮਾਰੂ। ਏਸ ਲਈ, ਜਦ ਇਹਨੂੰ ਸੱਚ ਦੀ ਪਛਾਣ ਹੋ ਜਾਏ ਫਿਰ ਇਹ ਜੀਵ ਝੂਠ ਦੇ ਪਾਸ ਨਹੀਂ ਜਾਂਦਾ। ਇਹਨੂੰ ਅਜੇ ਸੱਚ ਦੀ ਪਛਾਣ ਨਹੀਂ ਹੋਈ, ਅਜੇ ਇਹ ਝੂਠ ਨੂੰ ਸੱਚ ਸਮਝਦੈ, ਅਨਾਤਮਾ ਨੂੰ ਆਤਮਾ ਸਮਝਦਾ ਹੈ। ਏਸ ਕਰਕੇ, ਭਾਈ ! ਸੱਚ ਦੀ ਪਛਾਣ ਨਾਲ, ਜੀਵ ਤਰ ਜਾਂਦਾ ਹੈ।

ਜੀਅ ਜੰਤ ਸਭਿ ਹਾਥਿ ਤਿਸੈ ਕੈ

ਇਹ ਜਿੰਨੇ ਵੀ ਜੀਅ ਜੰਤ ਨੇ, ਸਾਰੇ ਪਰਮੇਰ ਦੇ ਹੱਥ ਨੇ। ਇਹਨਾਂ ਦਾ ਖਾਣਾ ਦਾਣਾ, ਬੜਾ ਛੋਟਾ, ਭਲਾ ਬੁਰਾ, ਸਭ ਪਰਮੇਰ ਦੇ ਹੱਥ ਹੈ। ਪਰਮੇਰ, ਬਖ਼ਿ ਨਾਲ ਬਦਲ ਦਿੰਦਾ ਹੈ।

ਜਾ ਕਉ ਅਪੁਨੀ ਕਰੈ ਬਖਸੀਸ॥

ਤਾ ਕਾ ਲੇਖਾ ਨ ਗਨੈ ਜਗਦੀਸ॥ (ਪੰਨਾ ੨੭੭)

ਸਧਨੇ ਨੇ ਕੀ ਕੰਮ ਕੀਤਾ ? ਰਣਾਗਤੀ ਪੈ ਗਿਆ। ਲਾਲੋ ਨੇ ਕੀ ਕੰਮ ਕੀਤਾ? ਰਣਾਗਤੀ ਪੈ ਗਿਆ। ਕੌਡੇ ਰਾਖ ਕੀ ਕੰਮ ਕੀਤਾ ? ਰਣਾਗਤੀ ਪੈ ਗਿਆ। ਵੇਸਵਾ ਨੇ ਕੀ ਕੰਮ ਕੀਤਾ ? ਰਣਾਗਤੀ ਪੈ ਗਈ।

ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ॥
(ਪੰਨਾ ੬੩੨)

ਅਜਾਮਲ ਨੂੰ ਸਾਰੇ ਜਾਣਦੇ ਸੀ, ਬੜਾ ਪਾਪੀ ਹੈ, ਪਰ ਇਕ ਨਿਮਖ ਵਿਚ, ਅੱਖ ਦੇ ਝਮਕੇ ਵਿਚ ਨਿਸਤਾਰਾ ਹੋ ਗਿਆ। ਜਦ ਇਹਨੇ ਨਾਰਾਇਣ ਕਿਹਾ, ਜਿੰਨੇ ਵੀ ਜਮ ਗਣ ਸੇ ਕੱਢ ਦਿੱਤੇ ਤੇ ਰਾਮ ਗਣ ਆ ਗਏ। ਉਹਨਾਂ ਕਿਹਾ ਇਹ ਪਾਪੀ ਹੈ ਤੇ ਸਾਨੂੰ ਤੁਸੀਂ ਆਕੇ ਕੱਢਦੇ ਹੋ, ਇਹ ਪਾਪੀ ਹੈ, ਸਾਰੇ ਜਾਣਦੇ ਨੇ। ਅਖੇ, ਕਹਿੰਦਾ ਕੀ ਹੈ ? ਅਖੇ ਨਾਰਾਇਣ। ਫਿਰ ਨਾਰਾਇਣ ਤਾਂ ਸਾਰੇ ਪਾਪਾਂ ਨੂੰ ਕੱਟ ਦਿੰਦਾ ਹੈ।

ਰਾਮਾਨੰਦ ਸੁਆਮੀ ਰਮਤ ਬ੍ਰਹਮ॥
ਗੁਰ ਕਾ ਸਬਦੁ ਕਾਟੈ ਕੋਟਿ ਕਰਮ॥ (ਪੰਨਾ 1195)

ਗੁਰੂ ਦਾ ਬਦ ਤਾਂ ਕਰੋੜਾਂ ਕਰਮਾਂ ਨੂੰ ਕੱਟ ਕੇ ਰੱਖ ਦਿੰਦਾ ਹੈ, ਸਕਾਮ ਪੁੰਨਾਂ ਤੇ ਪਾਪਾਂ ਨੂੰ, ਫੇਰ ਤਾਂ ਮੁਕਤੀ ਹੋ ਜਾਂਦੀ ਹੈ। ਇਹ ਕਹਿੰਦਾ ਕੀ ਹੈ ? ਅਖੇ ਨਾਰਾਇਣ। ਫੇਰ ਇਥੇ ਤੁਹਾਡਾ ਕੀ ਕੰਮ ਹੈ? ਏਸ ਕਰਕੇ, ਭਾਈ ! ਇਹ ਤਰ ਜਾਂਦਾ ਹੈ। ਨਾਮ ਵਿਚ ਇੰਨੀ ਤਾਕਤ ਹੈ ਭਾਈ !

ਜੀਅ ਜੰਤ ਸਭਿ ਹਾਥਿ ਤਿਸੈ ਕੈ

ਉਹ ਪਰਮੇਰ ਦੇ ਹੱਥ ਹੈ ਸਾਰੇ ਜੀਵ ਜੰਤਾਂ ਦੀ ਮੁਕਤੀ ਕਰਨੀ ਤੇ ਕਰਮਾਂ ਦੇ ਅਭਿਮਾਨ ਵਾਲਿਆਂ ਨੂੰ ਬੰਨ੍ਹਣਾ।

ਸੋ ਪ੍ਰਭੁ ਅੰਤਰਜਾਮੀ॥ ਰਹਾਉ॥

ਉਹ ਪਰਮੇਰ ਸਾਰਿਆਂ ਦੇ ਅੰਤਰ ਅੰਤਹਕਰਣ ਦੇ ਵਿਚ ਸਾਰਿਆਂ

ਨੂੰ ਦੇਖਦਾ ਜਾਣਦਾ, ਚਾਨਣ ਕਰਨ ਵਾਲਾ ਹੈ।

ਕਰਤਬ ਸਭਿ ਸਵਾਰੇ॥

ਸਾਡੇ ਕਰਮ ਸਾਰੇ ਸੰਵਾਰ ਦਿੱਤੇ, ਗੁਰੂ ਅਰਜਨ ਦੇਵ ਜੀ ਕਹਿੰਦੇ। ਅੰਮ੍ਰਿਤਸਰ ਤੀਰਥ ਬਣਾ ਦਿੱਤਾ, ਤਰਨਤਾਰਨ ਬਣਾ ਦਿੱਤਾ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਬੱਝ ਗਈ, ਕਰਤਾਰਪੁਰ ਵੱਸ ਗਿਆ। ਜੋ ਵੀ ਸਾਨੂੰ ਕਿਹਾ ਸੀ, ਸਾਡੇ ਸਾਰੇ ਕੰਮ ਪਰਮੇਰ ਨੇ ਕਰ ਦਿੱਤੇ।

ਪ੍ਰਭਿ ਅਪੁਨਾ ਬਿਰਦੁ ਸਮਾਰੇ॥

ਤੇ ਪਰਮੇਰ ਨੇ ਕਿੰਨਾ ਕੰਮ ਕੀਤਾ। ਆਪਣਾ ਪ੍ਰਣ, ਅਸੀਂ ਜਦ ਰਣਾਗਤੀ ਪਏ, ਉਹਦਾ ਇਕ ਧਰਮ ਹੈ, ਜੋ ਰਣਾਗਤੀ ਆਵੇ, ਉਸਨੂੰ ਕੰਠ ਨਾਲ ਲਾ ਲੈਂਦਾ ਹੈ, ਪਾਪ-ਪੁੰਨ ਕੱਟ ਦਿੰਦਾ ਹੈ। ਉਸਨੇ ਆਪਣਾ ਪ੍ਰਣ ਨਹੀਂ ਛੱਡਿਆ। ਉਹਨੇ ਆਪਣਾ ਰਜ ਪੂਰਾ ਕਰ ਦਿੱਤਾ।

ਪਤਿਤ ਪਾਵਨ ਪ੍ਰਭ ਨਾਮਾ॥

ਉਹ ਜਿਹੜਾ ਪ੍ਰਭੂ ਦਾ ਨਾਮ ਹੈ, ਇਹ ਪਤਿਤਾਂ ਨੂੰ ਪਵਿੱਤਰ ਕਰ ਦਿੰਦਾ ਹੈ। ਬਾਲਮੀਕ ਕਿੰਨਾ ਪਾਪੀ ਸੀ, ਰਾਮ ਨਾਮ ਨੇ ਪਵਿੱਤਰ ਕਰ ਦਿੱਤਾ। ਗਨਕਾ ਕਿਤਨੀ ਪਾਪਣ ਸੀ, ਰਾਮ ਨਾਮ ਨੇ ਪਵਿੱਤਰ ਕਰ ਦਿੱਤੀ। ਇਹ ਨਾਮ ਪਵਿੱਤਰ ਕਰਨ ਵਾਲਾ ਹੈ। ਗੁਰੂ ਅਰਜਨ ਦੇਵ ਜੀ ਕਹਿੰਦੇ-ਭਾਈ ! ਨਾਮ ਨਾ ਛੱਡਿਓ।

ਜਨ ਨਾਨਕ ਸਦ ਕੁਰਬਾਨਾ॥

ਸ੍ਰੀ ਗੁਰੂ ਅਰਜਨ ਦੇਵ ਜੀ ਕਹਿੰਦੇ-ਉਸ ਪਰਮੇਰ ਤੋਂ ਮੈਂ ਸਦਾ ਕੁਰਬਾਨ ਜਾਂਦਾ ਹਾਂ।

ਬੋਲੋ ਸਤਿਨਾਮ ਸ੍ਰੀ ਵਾਹਿਗੁਰੂ॥

ੴ ਸਤਿਗੁਰ ਪ੍ਰਸਾਦਿ॥

੪੮

ਸੋਰਠਿ ਮਹਲਾ 5॥

ਸਾਹਿਬੁ ਗੁਨੀ ਗਹੇਰਾ॥ ਘਰੁ ਲਸਕਰੁ ਸਭੁ ਤੇਰਾ॥
ਰਖਵਾਲੇ ਗੁਰ ਗੋਪਾਲਾ॥ ਸਭਿ ਜੀਅ ਭਏ ਦਇਆਲਾ॥ ੧॥
ਜਪਿ ਅਨਦਿ ਰਹਉ ਗੁਰ ਚਰਣਾ॥ ਭਉ ਕਤਹਿ ਨਹੀ ਪ੍ਰਭ ਸਰਣਾ॥ ਰਹਾਉ॥
ਤੇਰਿਆ ਦਾਸਾ ਰਿਦੈ ਮੁਰਾਰੀ॥ ਪ੍ਰਭਿ ਅਬਿਚਲ ਨੀਵ ਉਸਾਰੀ॥
ਬਲੁ ਧਨੁ ਤਕੀਆ ਤੇਰਾ॥ ਤੂ ਭਾਰੋ ਠਾਕੁਰ ਮੇਰਾ॥ ੨॥
ਜਿਨਿ ਜਿਨਿ ਸਾਧਸੰਗੁ ਪਾਇਆ॥ ਸੋ ਪ੍ਰਭਿ ਆਪਿ ਤਰਾਇਆ॥
ਕਰਿ ਕਿਰਪਾ ਨਾਮ ਰਸੁ ਦੀਆ॥ ਕੁਸਲ ਖੇਮ ਸਭ ਥੀਆ॥ ੩॥
ਹੋਏ ਪ੍ਰਭੂ ਸਹਾਈ॥ ਸਭ ਉਠਿ ਲਾਗੀ ਪਾਈ॥
ਸਾਸਿ ਸਾਸਿ ਪ੍ਰਭੁ ਧਿਆਈਐ॥ ਹਰਿ ਮੰਗਲੁ ਨਾਨਕ ਗਾਈਐ॥੪॥ (ਪੰਨਾ ੬੨੨)

ਸਾਰੀ ਸੰਗਤ ਕਿਰਪਾ, ਦਇਆ, ਮਿਹਰ ਕਰਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ! ਸਤਿਨਾਮ ਸ੍ਰੀ ਵਾਹਿਗੁਰੂ!! ਚੱਲੋ ਜੀ-

ਸੋਰਠਿ ਮਹਲਾ 5॥

ਧਰਨਿ ਗਗਨ ਨਵ ਖੰਡ ਮਹਿ ਜੋਤਿ ਸ੍ਵਰੂਪੀ ਰਹਿਓ ਭਰਿ॥
ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖ ਹਰਿ॥
(ਪੰਨਾ ੧੪੦੯)

ਸ੍ਰੀ ਗੁਰੂ ਅਰਜਨ ਦੇਵ, ਅਬ ਪੰਜਵੀਂ ਗੱਦੀ ਤੇ ਆ ਗਏ। ਰੱਬੀ

ਬਾਣੀ ਜੋ ਪਰਮੇਰ ਵੱਲੋਂ ਆਈ, ਉਹਨਾਂ ਨੇ ਉਹਦਾ ਉਚਾਰਣ ਕੀਤਾ, ਉਹਨੂੰ ਹੁਕਮਨਾਮਾ ਕਹਿੰਦੇ ਨੇ। ਇਹ ਗੁਰੂ ਨਾਨਕ ਦਾ ਹੁਕਮਨਾਮਾ ਹੈ। ਜੋ ਹੁਕਮਨਾਮਾ ਹੁੰਦਾ ਹੈ, ਉਹ ਸਹੀ ਹੁੰਦਾ ਹੈ। ਏਸ ਕਰਕੇ–

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥ (ਪੰਨਾ ੧)

ਜਦ ਇਹ ਜੀਵ ਹੁਕਮ ਵਿਚ ਆ ਜਾਂਦੈ, ਫਿਰ ਕੋਈ ਗੱਲ ਨਹੀਂ ਕਰਦਾ। ਉਹ ਪਰਮੇਰ ਦਾ ਹੁਕਮ–

ਜੋ ਤੁਧੁ ਭਾਵੈ ਸਾਈ ਭਲੀ ਕਾਰ॥
ਤੂ ਸਦਾ ਸਲਾਮਤਿ ਨਿਰੰਕਾਰ॥ (ਪੰਨਾ ੩)

ਜੋ ਪਰਮੇਰ ਕਰਦੈ, ਉਹਦਾ ਹੁਕਮ ਜੋ ਹੁੰਦੈ, ਉਸਨੂੰ ਆਪਣੇ ਸਿਰ ਦੇ ਉਤੇ ਸਹੀ ਕਰਕੇ ਮੰਨਣਾ ਚਾਹੀਏ।

ਸਾਹਿਬੁ ਗੁਨੀ ਗਹੇਰਾ॥

ਉਹ **ਸਾਹਿਬੁ** ਸਭ ਦਾ ਮਾਲਕ ਪਰਮੇਰ ਹੈ, ਗੁਣਾਂ ਦਾ ਖਜਾਨਾ ਹੈ। ਉਹਦੇ ਵਿਚ ਸਾਰੇ ਗੁਣ ਨੇ, ਸਾਰੀਆਂ ਤਾਕਤਾਂ ਨੇ। ਉਹਦੇ ਘਰ ਵਿਚ ਕੋਈ ਵਸਤੂ ਐਸੀ ਨਹੀਂ, ਜਿਹੜੀ ਨਾ ਹੋਵੇ। ਉਹ ਜਦ ਦਿਆਲੂ ਹੋ ਜਾਏ ਤਾਂ ਸਾਰੇ ਕੰਮ ਠੀਕ ਹੋ ਜਾਂਦੇ ਨੇ।

ਜਨ ਨਾਨਕ ਹਰਿ ਭਏ ਦਇਆਲਾ
ਤਉ ਸਭ ਬਿਧਿ ਬਨਿ ਆਈ॥ (ਪੰਨਾ ੨੧੯)

ਜਦ ਪਰਮੇਰ ਦਿਆਲੂ ਹੋ ਜਾਏ ਤਾਂ ਸਾਰੀਆਂ ਵਿਧੀਆਂ ਬਣ ਜਾਂਦੀਆਂ ਨੇ। ਪਰਮੇਰ ਤੇ ਬੜਾ, ਦੁਨੀਆਂ ਵਿਚ ਕੋਈ ਨਹੀਂ ਹੈ। ਸਭ ਸੇ ਬੜਾ ਸਾਹਿਬ, ਮਾਲਕ, ਪਰਮੇਰ ਹੈ। ਜੋ ਕੁੱਛ ਕਰਦੈ, ਉਹ ਬਿਲਕੁਲ ਸਹੀ ਕਰਦਾ ਹੈ। ਜੀਵ ਦੇ ਕਰਮਾਂ ਦੇ ਅਨੁਸਾਰ ਕਰਦਾ ਹੈ। ਬਖ਼ਿ ਕਰਦਾ ਹੈ, ਤਾਂ ਵੀ ਉਹ ਆਪਣੀ ਖ਼ੁੀ ਨਾਲ ਕਰਦੈ, ਉਹ ਬੜਾ ਕਿਰਪਾਲੂ ਤੇ ਦਿਆਲੂ ਹੈ।

ਘਰੁ ਲਸਕਰੁ ਸਭੁ ਤੇਰਾ॥

ਆਹ ਜਿਹੜਾ ਸਾਡਾ ਘਰ, ਮਾਲ ਜੋ ਕੁੱਛ ਹੈ ਸਰੀਰ ਤੱਕ, ਹੇ ਪਰਮੇਰ! ਗੁਰੂ ਅਰਜਨ ਦੇਵ ਜੀ ਕਹਿੰਦੇ, ਇਹ ਆਪ ਦਾ ਹੈ। ਇਹ ਆਪ ਦੀ ਬਖ਼ਸ਼ਿ ਹੈ, ਆਪ ਦੀ ਕਿਰਪਾ ਹੈ।

ਰਖਵਾਲੇ ਗੁਰ ਗੋਪਾਲਾ॥

ਰਖਵਾਲੇ ਦੋ ਹੁੰਦੇ ਨੇ।

ਰਾਖਾ ਏਕੁ ਹਮਾਰਾ ਸੁਆਮੀ॥ ਸਗਲ ਘਟਾ ਕਾ ਅੰਤਰਜਾਮੀ॥

(ਪੰਨਾ ੧੧੩੬)

ਸਿਮਰਿ ਸਿਮਰਿ ਨਾਮੁ ਬਾਰੰ ਬਾਰ॥
ਨਾਨਕ ਜੀਅ ਕਾ ਇਹੈ ਅਧਾਰ॥ (ਪੰਨਾ ੨੯5)

ਗੁਰੂ ਬ੍ਰਹਮ ਗਿਆਨੀ ਤੇ ਗੋਪਾਲ ਸਾਰੀ ਦੁਨੀਆਂ ਦਾ ਮਾਲਕ ਪਰਮੇਰ, ਇਹ ਸਾਡਾ ਰਾਖਾ ਹੈ। ਪਰਮੇਰ ਤੋਂ ਬਿਨਾਂ ਹੋਰ ਹਰਤਾ ਕਰਤਾ ਕੋਈ ਨਹੀਂ। ਸ੍ਰਿਟੀ ਦੀ ਉਤਪਤੀ, ਪਾਲਣਾ, ਲੈਅ ਪਰਮੇ ਰ ਕਰਦੈ, ਉਹਦੇ ਹੁਕਮ ਨਾਲ ਸਭ ਕੁੱਛ ਹੁੰਦਾ ਹੈ। ਉਹਦੇ ਹੁਕਮ ਦੇ ਵਿਚ ਆਦਮੀ ਨੂੰ ਹੱਥ ਜੋੜਨੇ ਚਾਹੀਏ। ਜੋ ਉਹਦਾ ਹੁਕਮ ਹੈ, ਉਹ ਸਹੀ ਹੈ।

ਸਭਿ ਜੀਅ ਭਏ ਦਇਆਲਾ॥

ਸਾਰੇ ਜੀਵ ਦਿਆਲੂ ਹੋ ਗਏ, ਜਦ ਆਪ ਦੀ ਕਿਰਪਾ ਹੋ ਗਈ, ਹੇ ਪਰਮੇਰ! ਹੇ ਸਤਿਗੁਰੂ!

ਤੈਡੀ ਬੰਦਸਿ ਮੈ ਕੋਇ ਨਾ ਡਿਠਾ ਤੂ ਨਾਨਕ ਮਨਿ ਭਾਣਾ॥
ਘੋਲਿ ਘੁਮਾਈ ਤਿਸੁ ਮਿਤ੍ਰ ਵਿਚੋਲੇ ਜੈ ਮਿਲਿ ਕੰਤੁ ਪਛਾਣਾ॥

(ਪੰਨਾ ੯੬੪)

ਪਰਮੇਰ ਜਿੱਡਾ ਵੱਡਾ, ਕੋਈ ਨਹੀਂ। ਹਰਤਾ ਕਰਤਾ ਪਰਮੇਰ ਹੈ, ਤੇ ਗੁਰੂ ਉਹ ਹੁੰਦਾ ਹੈ ਜੋ ਪਰਮੇਰ ਦਾ ਰਸਤਾ, **ਨਾਮ** ਦੱਸ ਦੇਵੇ। ਗੁਰੂ ਦਾ ਕੰਮ ਹੁੰਦੈ, ਨਾਮ ਦੱਸਣਾ, ਪਰਮੇਰ ਦਾ ਕੰਮ ਹੈ ਕਿਰਪਾ, ਦਯਾ, ਮਿਹਰ ਕਰਨੀ।

ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ॥
ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ॥(ਪੰਨਾ ੧੩੭੩)

ਸੰਤ ਨੇ ਨਾਮ ਦੱਸਣਾ ਹੈ ਪਰਮੇਰ ਦਾ, ਤੇ ਜਪਣਾ ਜਗਿਆਸੂ ਨੇ ਹੈ। ਉਹ ਨਾਮ ਜਿਹੜਾ ਦੱਸਿਆ ਹੋਇਆ ਹੋਵੇ, ਉਹਨੂੰ ਦਿਨ ਰਾਤ ਰਟੀ ਜਾਵੇ ਤੇ ਪਰਮੇਰ ਨੂੰ ਨਮਕਾਰ ਕਰੀ ਜਾਵੇ, ਉਹ ਪਰਮੇਰ ਦਾਤਾ ਹੈ।

ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥
(ਪੰਨਾ ੨)

ਉਸਨੂੰ ਕਦੇ ਭੁੱਲਣਾ ਨਹੀਂ ਦਾਤੇ ਨੂੰ। ਉਹ ਸਾਰੇ ਜੀਆਂ ਦਾ ਦਾਤਾ ਹੈ। ਦਾਤ, ਪਰਮੇਰ ਦੇ ਹੱਥ ਵਿਚ ਹੁੰਦੀ ਹੈ, ਗੁਰੂ ਦੇ ਹੱਥ ਵਿਚ, ਨਾਮ ਦੱਸਣਾ ਹੁੰਦਾ ਹੈ। ਇਹ ਸਾਰੀਆਂ ਸਹੀ ਵਸਤੂਆਂ ਨੇ।

ਜਪਿ ਅਨਦਿ ਰਹਉ ਗੁਰ ਚਰਣਾ॥

ਪਰ ਗੁਰੂ ਦੇ ਚਰਨੀਂ ਲੱਗ ਕੇ, ਉਸ ਨਾਮ ਨੂੰ ਜਪਦੇ ਰਹੋ।

ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥ ਜਪੁ॥ (ਪੰਨਾ ੧)

ਅਸਲੀ ਇਹ ਰੱਬੀ ਬਾਣੀ ਹੈ, ਇਥੋਂ ਤੱਕ। ਇਸ ਤੋਂ ਅੱਗੇ ਸਲੋਕ ਹੈ ਸੱਚ ਦਾ। ਇਹ ਹੈ ਰੱਬੀ ਬਾਣੀ, ਇਹਦੇ ਵਿਚ ਕਿਸੇ ਦਾ ਨਾਮ ਨਹੀਂ ਆਇਆ।

ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ (ਪੰਨਾ ੧)

ਇਸ ਸਲੋਕ ਦੇ ਵਿਚ ਗੁਰੂ ਦਾ ਨਾਮ ਆਇਆ। ਗੁਰੂ ਨਾਨਕ ਸਾਹਿਬ ਦਾ।

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥
ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ॥
(ਪੰਨਾ ੧੪ ੮)

ਉਹ ਪਰਮੇਰ ਦਾ ਨਾਮ ਜਿਹੜਾ ਹੋਵੇ, ਜਪਣਾ ਹੈ ਤੇ ਗੁਰੂ ਨੇ ਨਾਮ ਦੱਸਣੈ। ਉਸ ਨਾਮ ਨੂੰ ਕਦੇ ਛੱਡਣਾ ਨਹੀਂ ਹੈ।

ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥

(ਪੰਨਾ ੨)

ਕਦੇ ਉਹਨੂੰ ਭੁੱਲਣਾ ਨਹੀਂ ਹੈ।

ਨਾਮ ਸੰਗਿ ਜਿਸ ਕਾ ਮਨੁ ਮਾਨਿਆ॥
ਨਾਨਕ ਤਿਨਹਿ ਨਿਰੰਜਨੁ ਜਾਨਿਆ॥ (ਪੰਨਾ ੨੮੧)

ਨਾਮੁ ਸੰਗੀ ਸੋ ਮਨਿ ਨ ਬਸਾਇਓ॥
ਛੋਡਿ ਜਾਹਿ ਵਾਹੂ ਚਿਤੁ ਲਾਇਓ॥ (ਪੰਨਾ ੭੧5)

ਏਸ ਨੇ ਜਿਹੜੇ ਪਦਾਰਥ ਛੱਡਕੇ ਜਾਣੇ ਸੀ, ਉਹਨਾਂ ਨਾਲ ਚਿੱਤ ਲਾ ਲਿਆ, ਨਾਮ ਨਾਲ ਚਿੱਤ ਨਾ ਲਾਇਆ। ਜੇ ਨਾਮ ਨਾਲ ਚਿੱਤ ਲਾਉਂਦਾ ਤਾਂ ਪਰਮੇਰ ਪ੍ਰਸੰਨ ਹੋਕੇ ਬੜੀ ਕਿਰਪਾ ਕਰਦਾ। ਏਸ ਕਰਕੇ, ਇਹਦਾ ਭਾਈ ! ਗੁਰੂ ਪਰਮੇਰ ਰਾਖਾ ਹੈ। ਇਹਨੂੰ ਨਾਮ ਪ੍ਰਾਪਤ ਹੋਇਐ, ਉਸ ਨਾਮ ਨੂੰ ਜਪ ਜਪ ਕੇ ਇਹਦਾ ਜੀਵਨ ਸਹੀ ਆਉਣਾ ਹੈ।

ਭਉ ਕਤਹਿ ਨਹੀ ਪ੍ਰਭ ਸਰਣਾ॥

ਜਦ ਪਰਮੇਰ ਦੀ ਰਣਾਗਤ ਪੈ ਜਾਏ, ਫਿਰ ਡਰ ਨਹੀਂ ਕੋਈ। ਫਿਰ ਇਸਨੂੰ ਭੈਅ ਨਹੀਂ ਹੈ।

ਸਰਵ ਧਰਮਾਨ ਪਰਿਤਯਜਯ ਮਾਮੇਕੰ ਰਣੰ ਵ੍ਰਜ।
ਅਹੰ ਤਵਾ ਸਰਵ ਪਾਪੇਭਯੋ ਮੋਖਯ ਯਿਾਮਿ ਮਾ੍ ਚਃ॥

(ਪੰਨਾ ੧੮/੬੬)

ਕੋਈ ਮੱਤ ਸੋਚ ਕਰ, ਪਰਮੇਰ ਦੀ ਰਣ ਗਿਆਂ ਨੂੰ ਕੋਈ ਭੈਅ ਨਹੀਂ ਹੁੰਦਾ।

ਜੋ ਸਰਣਿ ਆਵੈ ਤਿਸੁ ਕੰਠਿ ਲਾਵੈ
ਇਹੁ ਬਿਰਦੁ ਸੁਆਮੀ ਸੰਦਾ॥ (ਪੰਨਾ 5੪੪)

ਜੋ ਪਰਮੇਰ ਦੀ ਰਣਾਗਤੀ ਪੈਕੇ ਪਰਮੇਰ ਦਾ ਨਾਮ ਜਪਦਾ

ਹੈ, ਉਹ ਪਰਮੇਰ, ਉਹਨੂੰ ਆਪ ਹੀ ਸਾਂਭ ਲੈਂਦਾ ਹੈ। ਆਪ ਹੀ ਉਹਦੀ ਰਖਾ ਕਰਦਾ ਹੈ। ਉਹ ਅੰਤਰਜਾਮੀ ਹੈ।

ਰਾਖਾ ਏਕੁ ਹਮਾਰਾ ਸੁਆਮੀ॥
ਸਗਲ ਘਟਾ ਕਾ ਅੰਤਰਜਾਮੀ॥ (ਪੰਨਾ ੧੧੩੬)

ਉਹ ਜੋ ਸਾਰਿਆਂ ਦੇ ਹਿਰਦਿਆਂ ਦੇ ਵਿਚ ਹੈ।

ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ॥
ਕਹੁ ਨਾਨਕ ਤਿਹ ਭਜੁ ਮਨਾ ਭਉ ਨਿਧਿ ਉਤਰਹਿ ਪਾਰਿ॥
(ਪੰਨਾ ੧੪੨੭)

ਜੇ ਤੈਂ ਸੰਸਾਰ ਤੋਂ ਪਾਰ ਹੋਣੈ, ਪਰਮੇਰ ਨੂੰ ਖੁ ਕਰਨੈ, ਉਹ ਸਾਰਿਆਂ ਦੇ ਹਿਰਦਿਆਂ ਦੇ ਵਿਚ ਜਿਹੜਾ ਪਰਮੇਰ ਹੈ, ਉਹਦਾ ਨਾਮ ਜਪਿਆ ਕਰ, ਉਹ ਸਭ ਦਾ ਰਾਖਾ ਹੈ। ਭਾਈ ਘਨੱਈਏ ਨੇ ਹਿੰਦੂ, ਸਿੱਖਾਂ, ਮੁਸਲਮਾਨਾਂ ਨੂੰ ਲੜਾਈ ਦੇ ਵਿਚ ਜਲ ਪਿਆਇਆ, ਉਹ ਪਾਸ ਹੋ ਗਿਆ। ਸ੍ਰੀ ਗੁਰੂ ਦਸਮ ਪਾਤਾਹ ਮਹਾਰਾਜ ਨੇ ਉਹਦੇ ਤੇ ਐਸੀ ਬਖ਼ ਕੀਤੀ, ਉਹਦੇ ਸਾਰੇ ਜਿੰਨੇ ਸੀ ਪਾਪ, ਕੱਟੇ ਗਏ, _ੱਧ ਹੋ ਗਿਆ। ਉਹਨੂੰ ਇਹ ਵਰ ਹੋ ਗਿਆ, ਤੇਰਾ ਇਕ ਪੰਥ ਚੱਲੇਗਾ। ਉਹ ਪੰਥ ਆਹ ਜਿਹੜੇ ਕਰਦੇ ਨੇ ਸੇਵਾ ਗੁਰਦੁਆਰਿਆਂ ਦੀ, ਇਹ ਸਾਰੇ ਸੇਵਾ ਪੰਥੀ ਨੇ। ਇਹ ਪੰਥ ਉਸ ਭਾਈ ਘਨੱਈਏ ਦਾ ਹੈ। ਉਹਦੇ ਉਤੇ ਬਖ਼ ਹੋ ਗਈ। ਏਸ ਕਰਕੇ, ਇਸਨੂੰ ਪਰਮੇਰ ਦਾ ਨਾਮ ਜਪਣਾ ਚਾਹੀਏ ਤੇ ਪਰਮੇਰ ਨੂੰ ਮੰਨਣਾ ਚਾਹੀਏ।

ਗੁਰੁ ਪਰਮੇਸਰੁ ਏਕੋ ਜਾਣੁ॥
ਜੋ ਤਿਸੁ ਭਾਵੈ ਸੋ ਪਰਵਾਣੁ॥ (ਪੰਨਾ ੮੬੪)

ਗੁਰੂ ਔਰ ਪਰਮੇਰ ਇਕ ਹੁੰਦੇ ਨੇ, ਇਹ ਦੋ ਨਹੀਂ ਹੁੰਦੇ। ਬ੍ਰਹਮ ਗਿਆਨੀ ਗੁਰੂ ਤੇ ਪਰਮੇਰ, ਇਹ ਦੋਨੋ ਇਕ ਹੁੰਦੇ ਨੇ। ਉਹਨਾਂ ਦੀ ਸੇਵਾ ਕਰਨੇ ਤੇ ਸਾਰੇ ਕਾਰਜ ਸਿੱਧ ਹੋ ਜਾਂਦੇ ਨੇ। ਭਾਈ ਘਨੱਈਆ ਪਾਸ ਹੋ ਗਿਆ। ਉਸਦੇ ਇਤਿਹਾਸ ਵਿਚ ਬਾਤ ਆਉਂਦੀ ਹੈ ਇਕ, ਬਈ ਗੁਰੂ ਸਾਹਿਬ ਦੇ ਪਾਸ ਇਹ ਕਿਾਇਤ ਗਈ, ਬਈ ਇਹ ਤਾਂ

ਮਹਾਰਾਜ, ਦੁਮਣਾਂ ਨੂੰ ਵੀ ਪਾਣੀ ਪਿਆਈ ਜਾਂਦੈ। ਇਹ ਤਾਂ ਕੋਈ ਸੂਹੀਆ ਹੈ। ਇਹ ਤਾਂ ਕੋਈ ਐਸਾ ਆਦਮੀ ਹੈ ਜਿਹੜਾ ਦੋਹਾਂ ਪਾਸਿਆਂ ਨਾਲ ਮਿਲਿਆ ਹੋਇਐ। ਉਹ ਗੁਰੂ ਸਾਹਿਬ ਦੇ ਪਾਸ ਆਏ। ਗੁਰੂ ਸਾਹਿਬ ਨੇ ਆਖਿਆ, ਭਾਈ ਘਨੱਈਏ ਨੂੰ ਬੁਲਾਉ, ਉਹਨੂੰ ਬੁਲਾਇਆ। ਉਹਨਾਂ ਨੇ ਕਿਾਇਤ ਕੀਤੀ। ਗੁਰੂ ਸਾਹਿਬ ਕਹਿੰਦੇ, ਇਕ ਪਾਣੀ ਦਾ ਗੜਵਾ ਲਿਆਉ, ਉਹ ਲਿਆਂਦਾ। ਅਖੇ, ਇਹਦੇ ਵਿਚ ਇਕ ਪੱਥਰ ਪਾ ਦਿਉ, ਇਕ ਪਤਾਾ ਪਾ ਦਿਉ, ਪਾ ਦਿੱਤਾ। ਹਿਲਾਉ ਇਹਨੂੰ, ਹਿਲਾਇਆ। ਅਖੇ ਕੱਢੋ। ਉਹ ਪੱਥਰ ਨਿਕਲ ਆਇਆ, ਉਹ ਪਤਾਾ ਪਾਣੀ ਨਾਲ ਘੁਲ ਕੇ, ਉਹਦੇ ਨਾਲ ਇੱਕ ਹੋ ਗਿਆ। ਗੁਰੂ ਸਾਹਿਬ ਕਹਿੰਦੇ, ਪਤਾਾ ਵੀ ਕੱਢੋ, ਅਖੇ ਪਤਾਾ ਤਾ ਮਹਾਰਾਜ ਪਾਣੀ ਨਾਲ ਇਕ ਹੋ ਗਿਆ। ਦਸਮ ਪਾਤਾਹ ਕਹਿੰਦੇ , ਇਹ ਸਾਡੇ ਨਾਲ ਇੱਕ ਹੋ ਚੁੱਕਿਆ ਹੈ ਤੇ ਤੁਸੀਂ ਤੀਹ ਤੀਹ ਸਾਲ ਦੇ ਸੇਵਾ ਕਰਦੇ ਹੋ, ਸਾਰੇ ਪੱਥਰ ਦੇ ਪੱਥਰ। ਉਹਨਾਂ ਸਾਰਿਆਂ ਦੇ ਅੰਦਰੋਂ ਚਿੰਗਾੜੇ ਜਿਹੇ ਨਿਕਲੇ ਅੱਗ ਦੇ। ਕਹਿੰਦੇ, ਤੁਹਾਡੇ ਤਾਂ ਅੰਦਰ ਅਜੇ ਤ੍ਰਿਨਾ ਰੂਪੀ ਅੱਗ ਹੈਗੀ, ਤੁਹਾਡੇ ਅੰਦਰ ਤਾਂ ਉਹ ਔਗੁਣ ਹੈਗੇ। ਏਸ ਕਰਕੇ, ਉਹ ਪਾਸ ਹੋ ਗਿਆ। ਇਹ ਰਣ ਪੈ ਗਿਆ, ਰਣ ਪੈਕੇ ਇਹਨੇ ਨਾਮ ਜਪਿਆ, ਸੇਵਾ ਕੀਤੀ। ਪਹਿਲੇ ਦੋ ਕੰਮ ਇਹਦੇ ਜਰੂਰੀ ਨੇ, ਸੇਵਾ ਤੇ ਸਿਮਰਨ, ਦੋਵੇਂ ਹੀ ਸੱਸੇ ਨੇ। ਇਹ ਦੋਨੋਂ ਸੱਸੇ, ਪਹਿਲੇ ਇਹਨੇ ਪਕੜਨੇ ਨੇ। ਸੇਵਾ ਨਿਕਾਮ ਕਰਨੀ ਹੈ ਤੇ–

ਸੇਵਾ ਕਰਤ ਹੋਇ ਨਿਹਕਾਮੀ॥
ਤਿਸੁ ਕਉ ਹੋਤ ਪਰਾਪਤਿ ਸੁਆਮੀ॥ (ਪੰਨਾ ੨੮੬)

ਕਾਮਨਾ ਨਹੀਂ ਕਰਨੀ, ਉਹ ਪਰਮੇਰ ਜਾਣੀ ਜਾਣ ਹੈ, ਸਰਬੱਗ ਹੈ। ਉਹ ਤਾਂ ਸਭ ਜਾਣਦਾ ਹੈ, ਅੰਤਰਜਾਮੀ ਹੈ। ਤੇ ਸੇਵਾ ਕਰਨੀ ਹੈ ਤੇ ਨਾਮ ਦਾ ਸਿਮਰਨ ਕਰਨਾ ਹੈ। ਨਾਮ ਦੇ ਸਿਮਰਨ ਵਿੱਚ ਇੱਕ ਬੜੀ ਤਾਕਤ ਹੈ। ਇਹ ਪਹਿਲਾਂ ਕਾਮ, ਕਰੋਧ, ਲੋਭ ਆਦਿ ਦੇ ਨਾਲ ਬਾਹਰ ਦਵੈਤ ਵਿਚ ਉਲਝਦੈ, ਫਿਰ ਇਹ ਮਨੋਰਾਜ ਕਰਦਾ ਹੈ। ਜੇ ਸਿਮਰਨ ਤੁਹਾਡਾ ਹੋ ਗਿਆ, ਇਕ ਦਮ ਹੋ ਜਾਏਗਾ ਇਕ ਰਸ। ਉਹ

ਸਾਰੀ ਦਵੈਤ ਤੁਹਾਡੀ ਦੂਰ ਹੋ ਜਾਏਗੀ, ਤੁਹਾਡਾ ਰਸਤਾ ਸਾਫ ਹੋ ਜਾਏਗਾ। ਫਿਰ ਤੁਸੀਂ ਪਰਮੇਰ ਨਾਲ ਮਿਲ ਜਾਉਗੇ। ਇਹ ਦੋ ਕੰਮ ਪਹਿਲੇ ਕਰਨੇ ਨੇ, ਸਿਮਰਨ ਅਤੇ ਸੇਵਾ ਨਿਕਾਮ।

ਸੇਵਾ ਕਰਤ ਹੋਇ ਨਿਹਕਾਮੀ॥ (ਪੰਨਾ ੨੮੬)

ਨਿਕਾਮ ਸੇਵਾ ਕਰੇ।

ਤਿਸੁ ਕਉ ਹੋਤ ਪਰਾਪਤਿ ਸੁਆਮੀ॥

ਉਹਨੂੰ ਸੁਆਮੀ ਪਰਾਪਤ ਹੁੰਦੈ। ਭਾਈ ਮੰਝ ਆਦੀਆਂ ਨੇ, ਜਿਹਨਾਂ ਨੇ ਵੀ ਸੇਵਾ ਕੀਤੀ, ਉਹ ਪਾਸ ਹੋ ਗਏ ਤੇ ਭਾਈ ਬਹਿਲੋ ਨੇ ਸੇਵਾ ਕੀਤੀ ਤਾਂ ਗੁਰੂ ਸਾਹਿਬ ਨੇ ਆਖਿਆ–

ਭਾਈ ਬਹਿਲੋ ਸਭ ਸੇ ਪਹਿਲੋ

ਆ ਗਿਆ ? ਮੰਗ ਕੀ ਮੰਗਦੈਂ ? ਉਹ ਕਹਿੰਦਾ, ਜੀ ਤੁਸੀਂ ਤਾਂ ਬੜੀ ਕਿਰਪਾ ਕਰ ਦਿੱਤੀ, ਮੈਨੂੰ ਆਤਮਾ ਦੀ ਪ੍ਰਾਪਤੀ ਹੋ ਗਈ। ਆਪ ਦੀ ਦਇਆ ਹੋਈ ਹੈ, ਆਪ ਨੇ ਮੇਰੇ ਤੇ ਬੜਾ ਉਪਕਾਰ ਕੀਤਾ। ਹੋਰ ਵੀ ਕੁੱਛ ਮੰਗ। ਉਹਨੇ ਆਖਿਆ, ਹੋਰ ਸਾਡੇ ਜੀ ਪਾਣੀ ਦਾ ਤੋੜਾ ਹੈ। ਉਹਨਾਂ ਆਖਿਆ, ਫਲਾਣੇ ਟੋਭੇ ਵਿੱਚੋਂ ਇਕ ਇੱਟ ਚੁੱਕ ਦੇਈਂ ਜਾਕੇ ਸਿੱਲ। ਉਹਨੇ ਚੁੱਕ ਦਿੱਤੀ, ਉਹ ਹੁਣ ਤਲਾਅ ਬਣਿਆ ਹੈ। ਬੜਾ ਪਾਣੀ ਹੀ ਪਾਣੀ, ਜਲ ਹੀ ਜਲ ਹੋ ਗਿਆ। ਲੋਕਾਂ ਨੇ ਉਹਦਾ ਬੜਾ ਪਰਉਪਕਾਰ ਮੰਨਿਆ, ਬਈ ਤੈਂ ਬੜਾ ਕੰਮ ਕੀਤਾ, ਸਾਨੂੰ ਜਲ ਦੇ ਦਿੱਤਾ। ਉਹ ਕਹਿੰਦਾ, ਜਲ ਵੀ ਪਰਮੇਰ ਨੇ ਦਿੱਤਾ, ਮੇਰੇ ਤੇ ਕਿਰਪਾ ਵੀ ਪਰਮੇਰ ਨੇ ਕੀਤੀ ਹੈ, ਮੇਰੀ ਮੋਕ ਵੀ ਪਰਮੇਰ ਨੇ ਕੀਤੀ ਹੈ, ਪਰ ਤੁਹਾਨੂੰ ਪਤਾ ਨਹੀਂ ਹੈਗਾ। ਪਰਮੇਰ ਬੜਾ ਦਿਆਲੂ ਤੇ ਕਿਰਪਾਲੂ ਹੈ। ਏਸ ਕਰਕੇ, ਪਰਮੇਰ ਦੀ ਸੇਵਾ ਕਰੋ ਨਿਕਾਮ, ਬਈ ਇਹ ਸਭ ਪਰਮੇਰ ਦੀ ਸ੍ਰਿਟੀ ਹੈ ਤੇ ਸੇਵਾ ਨਿਕਾਮ ਕਰੋ। ਤੇ ਤੁਸੀਂ ਦੇਖਦੇ ਨਹੀਂ ਹੋ ? ਉਹ ਬਣਾਉਂਦੇ ਨੇ ਇਕ ਗੁਰਦੁਆਰਾ ਤੇ ਦੇ ਜਾਂਦੇ ਨੇ ਅਕਾਲੀਆਂ ਨੂੰ, ਉਹ ਆਪ ਤਾਂ ਨਹੀਂ ਪਿੱਛੋਂ ਰਹਿੰਦੇ ਬਣਾਕੇ। ਏਸ ਕਰਕੇ, ਸੇਵਾ ਤੇ ਸਿਮਰਨ ਨਿਕਾਮ ਕਰੋ। ਕਦੇ ਨਾਮ ਨੂੰ

ਛੱਡੋ ਨਾ। ਇਹ ਦੋ ਕੰਮ, ਤੁਹਾਨੂੰ ਪਰਮੇਰ ਨਾਲ ਮਿਲਾਪ ਕਰਾ ਦੇਣਗੇ। ਸਿਮਰਨ ਤੁਹਾਡਾ ਰਸਤਾ ਸਾਫ ਕਰ ਦੇਏਗਾ।

ਸਿਮਰਿ ਸਿਮਰਿ ਨਾਮੁ ਬਾਰੰ ਬਾਰ॥
ਨਾਨਕ ਜੀਅ ਕਾ ਇਹੈ ਅਧਾਰ॥ (ਪੰਨਾ ੨੯5)

ਜਿੰਨਾ ਚਿਰ ਤੁਹਾਡਾ ਸਿਮਰਨ ਨਹੀਂ ਚੱਲਿਆ, ਤੁਹਾਡਾ ਕੁੱਛ ਵੀ ਨਹੀਂ ਬਣਿਆ। ਇਹ ਤੁਸੀਂ ਹੁਣ ਆਪਣੇ ਆਪ ਸੋਚ ਲਉ। ਕਿਉਂ ? ਤੁਹਾਡੇ ਅੰਦਰ ਮਨਰਾਜ ਹੁੰਦੈ। ਤੁਸੀਂ ਦੇਖੋ ਮਨ ਕਈ ਕਰਦੈ ਮਨੋਰਾਜ ? ਆਪੇ ਗੱਲਾਂ ਕਰੀ ਜਾਂਦੈ ਕਿ ਨਹੀਂ ? ਤੇ ਫਿਰ ਉਹ ਜਦ ਤੱਕ ਮਨੋਰਾਜ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਨਹੀਂ ਨਵਿਰਤ ਹੋਏਂਗੇ। ਉਹ ਦਵੈ ਤਾਂ ਤੁਹਾਡੇ ਜਿੰਮੇ ਪਈ ਰਹੀ। ਤੁਸੀਂ ਤਾਂ ਦਵੈ ਵਿਚ ਫਸੇ ਰਹੇ। ਉਹ ਦਵੈਤ ਤਾਂ ਸਿਮਰਨ ਨੇ ਸਾਫ ਕਰਨੀ ਹੈ।

ਖੋਜਤ ਖੋਜਤ ਤਤੁ ਬੀਚਾਰਿਓ ਦਾਸ ਗੋਵਿੰਦ ਪਰਾਇਣ॥
ਅਬਿਨਾਸੀ ਖੇਮ ਚਾਹਹਿ ਜੇ ਨਾਨਕ ਸਦਾ ਸਿਮਰਿ ਨਾਰਾਇਣ॥ (ਪੰਨਾ ੭੧੪)

ਜੇ ਤੂੰ ਪਰਮੇਰ ਤੋਂ ਆਪਣਾ ਸੁੱਖ ਚਾਹੁੰਨੈਗਾ, ਆਪਣਾ ਸਭ ਕੁੱਛ ਚਾਹੁੰਨੈ, ਤੂੰ ਸਦਾ ਪਰਮੇਰ ਦਾ ਸਿਮਰਨ ਨਾ ਛੱਡੀਂ।

ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ॥
(ਪੰਨਾ ੬੩੨)

ਅਜਾਮਲ ਪਾਪੀ ਸੀ, ਸਾਰੀ ਦੁਨੀਆਂ ਜਾਣਦੀ ਸੀ, ਪਰ ਉਹ ਸੰਤ, ਨਾਮ ਦੱਸ ਗਿਆ ਸੀ, ਉਹਨੇ ਨਾਮ ਨਹੀਂ ਛੱਡਿਆ। ਉਹ ਨਾਮ ਜਪਦਾ ਸੀ, ਉਹਨੂੰ **ਨਾਰਾਇਣ** ਨਾਮ ਦੇਕੇ ਗਿਆ ਸੀ। ਉਥੇ ਲਿਖਿਆ ਹੋਇਐ। **ਨਾਰਾਇਣ** ਨਾਮ ਹੈ ਜਿਹੜਾ ਨਰਾਂ ਦਾ ਮਾਲਕ ਹੋਵੇ, ਪਰਮੇਰ, ਮਾਲਕ ਦਾ ਨਾਮ ਦੇਕੇ ਗਿਆ ਸੀ। ਉਹ ਜਦ ਮਰਿਆ, ਉਹ ਰਾਮ ਗਣ ਵੀ ਆ ਗਏ ਤੇ ਜਮ ਗਣ ਵੀ ਆ ਗਏ। ਉਹ ਜਮਾਂ ਨੇ ਆਖਿਆ, ਇਹ ਤਾਂ ਪਾਪੀ ਹੈ, ਤੁਸੀਂ ਕਿਉਂ ਆਏ ? ਉਹ

ਕਹਿੰਦੇ, ਕਹਿੰਦਾ ਕੀ ਹੈ? ਅਖੇ, ਕਹਿੰਦਾ ਹੈ **ਨਾਰਾਇਣ**, **ਨਾਰਾਇਣ**, **ਨਾਰਾਇਣ**। ਅਖੇ ਫਿਰ ਕਦੇ ਨਾਮ ਜਪਣ ਵਾਲਾ ਵੀ ਪਾਪੀ ਹੁੰਦੈ ?

ਕਉਨ ਕੋ ਕਲੰਕੁ ਰਹਿਓ ਰਾਮ ਨਾਮੁ ਲੇਤ ਹੀ॥
ਪਤਿਤ ਪਵਿਤ ਭਏ ਰਾਮੁ ਕਹਤ ਹੀ॥ (ਪੰਨਾ ੭੧੪)

ਰਾਮ ਜਪਣ ਵਾਲੇ ਪਾਪੀ ਬਾਲਮੀਕ ਆਦਿ ਪਵਿੱਤਰ ਹੋ ਗਏ।

ਕਾਹੇ ਨ ਬਾਲਮੀਕਹਿ ਦੇਖ॥ (ਪੰਨਾ ੧੧੨੪)

ਏਸ ਕਰਕੇ ਬਾਲਮੀਕ ਵੱਲ ਕਿਉਂ ਨਹੀਂ ਦੇਖਦਾ ?

ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ ਰਾਮ ਭਗਤਿ ਬਿਸੇਖ॥

ਉਹ ਕਹਿੰਦਾ-

ਰੇ ਚਿਤ ਚੇਤਿ ਚੇਤ ਅਚੇਤ॥ (ਪੰਨਾ ੧੧੨੪)

ਉਸ ਚੇਤਨ ਪਰਮੇਰ ਦਾ ਚਿੰਤਨ ਕਰ, ਹੇ ਅਚੇਤ ਭੁੱਲੇ ਹੋਏ ਮਨ। ਤੇ ਫਿਰ ਕੀ ਹੈ ?

ਕਾਹੇ ਨ ਬਾਲਮੀਕਹਿ ਦੇਖ॥ (ਪੰਨਾ ੧੧੨੪)

ਤੂੰ ਬਾਲਮੀਕ ਵੱਲ ਕਿਉਂ ਨਹੀਂ ਦੇਖਦਾ, ਕਿੰਨਾ ਡਕੈਤ ਪਾਪੀ ਸੀ।

ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ (ਪੰਨਾ ੧੧੨੪)

ਕਿਹੜੀ ਉਹਦੀ ਜਾਤ ਸੀ ਤੇ ਕਿਹੜੀ ਪਦਵੀ ਤੇ ਉਹ ਪਹੁੰਚ ਗਿਆ। ਉਹ ਮਹਾਂ-ਰਿਖੀ ਹੋਇਐ। ਭੀਲ ਸੀ ਜਾਤ ਦਾ, ਉਹ ਮਹਾਂ-ਰਿਖੀ ਹੋਇਐ। ਉਹਦੇ ਇਕ ਗਰਾਸ ਖਾਣ ਨਾਲ, ਉਹ ਸਾਰਾ ਜੱਗ ਸੰਪੂਰਣ ਹੋ ਗਿਆ ਉਹਨਾਂ ਦਾ। ਏਸ ਕਰਕੇ-

ਕਾਹੇ ਨਾ ਬਾਲਮੀਕਹਿ ਦੇਖਿ॥
ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ ਰਾਮ ਭਗਤਿ ਬਿਸੇਖ॥
(ਪੰਨਾ ੧੧੨੪)

ਇਹ ਰਾਮ ਭਗਤੀ ਵਿਚ ਤਾਕਤ ਹੈ, ਪਰਮੇਰ ਦੀ ਭਗਤੀ ਵਿਚ ਤਾਕਤ ਹੈ, ਇਹ ਸਾਰੇ ਕੰਮ ਕਰ ਦਿੰਦੀ ਹੈ। ਇਹ ਨਾਮ ਨਹੀਂ ਜਪਦਾ,

ਨਿਕਾਮ ਸੇਵਾ ਨਹੀਂ ਕਰਦਾ, ਏਸ ਕਰਕੇ ਇਹਦੀ ਸੜਕ ਨਹੀਂ ਸਾਫ ਹੁੰਦੀ ਹੈ। ਇਹ ਮਨੋਰਾਜ ਕਾਮ, ਕਰੋਧ, ਲੋਭ, ਮੋਹ ਆਦਿ ਇਹੀ ਕੰਮ ਕਰੀ ਜਾਂਦੈ, ਨਾਲ ਨਾਮ ਵੀ ਜਪੀ ਜਾਂਦੈ। ਇਹ ਤਾਂ ਮਿਕਸ ਜਿਹਾ ਸੌਦਾ ਹੋ ਗਿਆ, ਕਦੇ ਐਧਰ ਤੇ ਕਦੇ ਓਧਰ। ਉਹਦਾ ਕੰਮ ਠੀਕ ਨਹੀਂ ਆਉਂਦਾ। ਕਿਉਂ ?

ਦੁਬਿਧਾ ਮੇਂ ਦੋਨੋਂ ਗਏ, ਨਾ ਮਾਇਆ ਮਿਲੀ ਨਾ ਰਾਮ।

ਦਵੈਤ ਦੇ ਵਿਚ ਦੋਨੋਂ ਜਾਣਗੇ, ਨਾ ਤੈਨੂੰ ਮਾਇਆ ਮਿਲੇ ਨਾ ਰਾਮ ਮਿਲੇ। ਤੂੰ ਇਕ ਪਾਸੇ ਹੋਕੇ, ਉਸ ਨਾਮ ਨੂੰ ਜਪ। ਉਹ ਨਾਮ ਤੇਰੇ ਸਾਰੇ ਕਾਰਜ ਸਿੱਧ ਕਰੇਗਾ।

ਰਹਾਉ ।।

ਰਹਾਉ ਰਾਗੀਆਂ ਵਾਸਤੇ ਹੁੰਦਾ ਹੈ। ਪਹਿਲੀ ਪੰਗਤੀ ਦੋ ਵਾਰੀ ਕਹਿਣੀ ਹੈ। ਇਹਦੇ ਵਿਚ ਰਹੱਸ ਹੁੰਦਾ ਹੈ, ਸਾਰੇ ਬਦ ਦਾ।

ਤੇਰਿਆ ਦਾਸਾ ਰਿਦੈ ਮੁਰਾਰੀ।।

ਤੇਰੇ ਦਾਸਾਂ ਦੇ ਵਿਚ ਜਿਹੜਾ **ਮੁਰ ਦੈਂਤ** ਨੂੰ ਮਾਰਨੇ ਵਾਲਾ **ਮੁਰਾਰੀ** ਸਰਗੁਣ ਤੇ ਜਿਹੜਾ ਹੰਕਾਰ ਨੂੰ ਮਾਰਨੇ ਵਾਲਾ ਨਿਰਗੁਣ, ਉਹ ਤੇਰੇ ਦਾਸਾਂ ਦੇ ਹਿਰਦੇ ਦੇ ਵਿਚ ਪਰਗਟ ਹੁੰਦਾ ਹੈ। ਇਹ ***ਘਟ ਘਟ ਮੈ ਹਰਿ ਜੂ*** ਵਸਿਆ ਹੋਇਆ ਹੁੰਦੈ। ਉਹ ਪਰਗਟ ਸਾਖਾਤ ਹੁੰਦਾ ਹੈ, ਉਹ ਪਰਮੇਰ।

ਪ੍ਰਭਿ ਅਬਿਚਲ ਨੀਂਵ ਉਸਾਰੀ।।

ਇਹ **ਅਬਿਚਲ ਨੀਵ** ਹੈ, ਇਹ ਕਦੇ ਜਾਏਗੀ ਨਹੀਂ। ਇਹ ਪੱਕੀ ਨਿਉਂ ਹੈ, ਏਸ ਕਰਕੇ, ਭਾਈ ! ਇਹ ਪੱਕੀ ਨਿਉਂ ਹੈ ਕਿ ਪਰਮੇ ਰ ਦਾ ਨਾਮ ਕਦੇ ਛੱਡਣਾ ਨਹੀਂ।

ਊਠਤ ਬੈਠਤ ਸੋਵਤ ਨਾਮ।।
ਕਹੁ ਨਾਨਕ ਜਨ ਕੈ ਸਦ ਕਾਮ।। (ਪੰਨਾ ੨੮੬)

ਇਹ ਨਹੀਂ ਭੁੱਲਣਾ, ਦੁਨੀਆਂ ਦੇ ਵਿਚ ਕਾਰ ਵਿਹਾਰ ਕਰਨੈ।

ਸਾਚਿ ਨਾਮਿ ਮੇਰਾ ਮਨੁ ਲਾਗਾ॥
ਲੋਗਨ ਸਿਉ ਮੇਰਾ ਠਾਠਾ ਬਾਗਾ॥ (ਪੰਨਾ ੩੮੪)

ਨਾਮ ਨਹੀਂ ਛੱਡਣਾ, ਦੁਨੀਆਂ ਦੇ ਵਿਚ ਹੋਰ, ਬਾਹਰ ਨਹੀਂ ਫਸਣਾ ਹੈਗਾ। ਨਾਮ ਨਾਲ ਪੂਰਾ ਦਿਲ ਲਾਕੇ ਰੱਖਣਾ, ਹੋਰ ਗੱਲ ਬਾਤ, ਵਿਹਾਰ ਮੇਂ **ਠਾਠਾ ਬਾਗਾ** ਰੱਖਣਾ। ਅਸਲੀ, ਨਾਮ ਨਹੀਂ ਕਦੇ ਛੱਡਣਾ, ਪਰਮੇਰ ਨੂੰ ਭੁੱਲਣਾ ਨਹੀਂ ਕਦੇ।

ਬਲੁ ਧਨੁ ਤਕੀਆ ਤੇਰਾ॥

ਸਾਰਾ ਬਲ ਤੇ ਧਨ **ਤਕੀਆ** ਮਹਿਨੇ ਆਸਰਾ, ਇਹ ਆਸਰਾ ਤੇਰਾ ਹੈ ਪਰਮੇਰ! ਤੇਰੇ ਤੇ ਬਿਨਾਂ, ਮੇਰਾ ਹੋਰ ਕੋਈ ਨਹੀਂ ਹੈਗਾ।

ਤੁਧੁ ਬਾਝੁ ਕੂੜੋ ਕੂੜੁ॥ (ਪੰਨਾ ੪੬੪)

ਤੇਰੇ ਤੇ ਬਿਨਾਂ, ਸਭ ਝੂਠ ਹੈ। ਤੂੰ ਹੀ ਪਰਮੇਰ ਮੇਰਾ ਆਸਰਾ, ਤੂੰ ਹੀ ਮੇਰਾ ਮਾਲਕ ਹੈਂ, ਤੂੰ ਹੀ ਬਲ ਦੇਣ ਵਾਲਾ, ਤੂੰ ਹੀ ਮੇਰਾ ਰਖਕ ਹੈਂ, ਹੇ ਪਰਮੇਰ !

ਤੂ ਭਾਰੋ ਠਾਕੁਰ ਮੇਰਾ॥

ਤੂੰ ਸਾਰਿਆਂ ਨਾਲੋਂ ਬੜਾ **ਠਾਕੁਰ** ਹੈਂ ਮੇਰਾ। ਬਾਹਰੋਂ ਵੀ **ਠਾਕੁਰ** ਲੋਕਾਂ ਦੇ ਗਲ ਵਿਚ ਪਾਏ ਹੁੰਦੇ ਨੇ। ਇਕ ਦਿਨ ਆਇਆ ਸੀ ਸਾਡੇ ਕੋਲ ਵੀ, ਉਹਨੇ ਬੜੀਆਂ ਨਮਕਾਰਾਂ ਕੀਤੀਆਂ। ਉਹ ਠਾਕੁਰ ਮੜ੍ਹਾਕੇ ਪਾ ਲੈਂਦੇ ਨੇ ਚਾਂਦੀ ਦਾ, ਉਸਨੂੰ ਭੋਗ ਲਵਾਕੇ ਖਾਂਦੇ ਨੇ ਤੇ ਪਾਣੀ ਪੀਂਦੇ ਨੇ ਹਰ ਵਕਤ । ਉਹ ਗੁਰੂ ਅਰਜਨ ਦੇਵ ਜੀ ਪਾਸ ਵੀ ਠਾਕੁਰ ਦਾ ਉਪਾਕ ਆਇਆ, ਨਾਲ ਉਹਦੇ ਹੋਰ ਸੀ। ਉਹਨਾਂ ਨੇ ਆਖਿਆ, ਜੀ ਇਹ ਠਾਕੁਰਾਂ ਦਾ ਉਪਾਕ ਹੈ। ਇਹਦੇ ਗਲ ਦੇ ਵਿਚ ਜਿਹੜਾ ਠਾਕੁਰ ਹੈ, ਉਸਨੂੰ ਭੋਗ ਲਗਾਏ ਬਿਨਾਂ, ਕਦੇ ਨਹੀਂ ਖਾਂਦਾ। ਗੁਰੂ ਸਾਹਿਬ ਨੇ ਆਖਿਆ, ਨਾ-

ਘਰ ਮਹਿ ਠਾਕੁਰੁ ਨਦਰਿ ਨ ਆਵੈ॥
ਗਲ ਮਹਿ ਪਾਹਣੁ ਲੈ ਲਟਕਾਵੈ॥

ਭਰਮੇ ਭੂਲਾ ਸਾਕਤੁ ਫਿਰਤਾ॥
ਨੀਰੁ ਬਿਰੋਲੈ ਖਪਿ ਖਪਿ ਮਰਤਾ॥ ਰਹਾਉ॥
ਜਿਸੁ ਪਾਹਣ ਕਉ ਠਾਕੁਰੁ ਕਹਤਾ॥
ਓਹੁ ਪਾਹਣੁ ਲੈ ਉਸ ਕਉ ਡੁਬਤਾ॥
ਗੁਨਹਗਾਰ ਲੂਣ ਹਰਾਮੀ॥
ਪਾਹਣ ਨਾਵ ਨਾ ਪਾਰਗਿਰਾਮੀ॥
ਗੁਰ ਮਿਲਿ ਨਾਨਕ ਠਾਕੁਰੁ ਜਾਤਾ॥
ਜਲਿ ਥਲਿ ਮਹੀਅਲਿ ਪੂਰਨ ਬਿਧਾਤਾ॥ (ਪੰਨਾ ੭੩੯)

ਉਹ ਸਾਡਾ **ਠਾਕੁਰ** ਤਾਂ ਸਾਰਿਆਂ ਦੇ ਵਿਚ ਪੂਰਣ ਹੈ। ਇਹ ਤਾਂ ਭਰਮ ਵਿਚ ਪਿਆ ਹੋਇਐ। ਇਹ ਤਾਂ ਪੱਥਰ ਹੈ, ਪੱਥਰ ਦੀ ਨੌਕਾ ਤੇ ਅੱਜ ਤੱਕ ਕੋਈ ਪਾਰ ਨਹੀਂ ਹੋਇਆ। ਬੁੱਤ ਪ੍ਰਸਤੀ ਤੇ ਕਿਸੇ ਦੀ ਕਦੇ ਮੋਕ ਨਹੀਂ ਹੋਈ। ਅਸਲੀ ਗੱਲ ਤਾਂ ਇਹ ਹੈ, ਜਿਹੜੇ ਬੁੱਤ ਪ੍ਰਸਤ ਨੇ, ਉਹਨਾਂ ਨੂੰ ਇਹ ਗੱਲ ਲੱਗੇਗੀ ਤਾਂ ਬੁਰੀ, ਪਰ ਹੈ ਗੁਰੂ ਸਾਹਿਬ ਦੀ ਸੱਚੀ। ਅੱਜ ਤੱਕ ਬੁੱਤ ਪ੍ਰਸਤੀ, ਰੱਬ ਨਹੀਂ ਅਖਵਾਇਆ। ਉਹ ਜਿਆਦਾ ਤੋਂ ਜਿਆਦਾ ਧੰਨੇ ਦਾ ਦ੍ਰਿਟਾਂਤ ਦੇਣਗੇ, ਧੰਨਾਂ ਤਾਂ, ਉਹਦੇ ਬਦ ਪੜ੍ਹ ਕੇ ਦੇਖੋ, ਉਹ ਤਾਂ ਕਹਿੰਦਾ ਪਰੀਪੂਰਣ ਹੈ ਸਾਰੇ, ਉਹ ਤਾਂ ਸਭ ਦੀ ਪਾਲਣਾ ਕਰਨ ਵਾਲਾ ਹੈ। ਉਹ ਤਾਂ ਏਸ ਠਾਕੁਰ ਨੂੰ ਧੰਨਾ ਤਾਂ ਆਪਣੇ ਬਦਾਂ ਵਿਚ ਕਹਿੰਦਾ ਹੈ। ਪਰ ਲੋਕਾਂ ਨੇ ਇਕ ਮਿਸਾਲ ਲੈ ਲਈ ਹੈ, ਉਹ ਧੰਨੇ ਨੂੰ ਤਾਂ ਸਾਖਾਤ ਪਰਮੇਰ ਪਰਗਟ ਸੀਗਾ। ਪਿਛਲੇ ਜਨਮਾਂ ਵਿਚ ਉਹਦੀ ਕਮਾਈ ਕੀਤੀ ਸੀਗੀ, ਏਸ ਜਨਮ ਵਿਚ ਉਹਨੂੰ ਇਹ ਫਲ ਹੋਣਾ ਸੀ। ਉਹਦੇ ਅਲਹਿਦਾ ਪਰਮੇਰ ਹੈ ਨਹੀਂ ਸੀ।

ਜਿਨਿ ਜਿਨਿ ਸਾਧਸੰਗੁ ਪਾਇਆ॥

ਜਿਹਨਾਂ ਨੇ ਵੀ ਸਾਧੂਆਂ ਦਾ ਸੰਗ ਪਾਇਆ, ਮਹਾਂ-ਪੁਰਾਂ, ਰੱਬ ਦੇ ਪਿਆਰਿਆਂ ਦਾ।

ਸੋ ਪ੍ਰਭਿ ਆਪਿ ਤਰਾਇਆ॥

ਪਰਮੇਰ ਨੇ ਉਹਨੂੰ ਆਪ ਤਾਰ ਦਿੱਤਾ। ਉਹਦਾ ਜਿੰਮੇਵਾਰ ਪਰਮੇ ਰ ਆਪ ਹੋ ਗਿਆ, ਜੀਹਨੇ ਸੰਤਾਂ ਦਾ ਸੰਗ ਕੀਤਾ।

ਸੰਤਸੰਗਿ ਅੰਤਰਿ ਪ੍ਰਭੁ ਡੀਠਾ॥
ਨਾਮੁ ਪ੍ਰਭੂ ਕਾ ਲਾਗਾ ਮੀਠਾ॥ (ਪੰਨਾ ੨੯੩)

ਪੰਚਮ ਪਾਤਾਹ ਕਹਿੰਦੇ, ਸੰਤ ਗੁਰੂ ਰਾਮਦਾਸ ਦੇ ਸਾਥ ਮਿਲਕੇ, ਅਸੀਂ ਪਰਮੇਰ ਆਪਣੇ ਅੰਦਰ ਦੇਖਿਆ, ਸਾਨੂੰ ਕੋਈ ੱਕ ਨਹੀਂ ਰਿਹਾ ਹੈ। ਪਰ ਸੰਤ ਦਾ ਮਿਲਾਪ ਕੀਹਨੂੰ ਹੁੰਦਾ ਹੈ ?

ਪੁਨੰਯ ਪੁੰਜ ਬਿਨੁ ਮਿਲਹਿੰ ਨ ਸੰਤਾ।
ਸਤਸੰਗਤਿ ਸੰਸ੍ਰਿਤਿ ਕਰਿ ਅੰਤਾ॥ (ਰਾਮਾਇਣ)

ਜਦ ਉਹਦੇ ਨਿਕਾਮ ਪੁੰਨਾਂ ਦੇ ਸਮੂਹ ਫਲ ਦੇਣ ਲਈ ਸਾਹਮਣੇ ਹੁੰਦੇ ਨੇ ਤਾਂ ਇਹਨੂੰ ਸੰਤ ਦਾ ਮਿਲਾਪ ਹੁੰਦਾ ਹੈ। ਪਰ ਉਹ ਹੁੰਦੈ ਰੱਬ ਦੀ ਕਿਰਪਾ ਤੇ, ਇਹਨੂੰ ਨਹੀਂ ਪਤਾ ਹੁੰਦਾ। ਉਹ ਰੱਬ ਦੀ ਕਿਰਪਾ ਤੇ ਹੁੰਦਾ ਹੈ, ਉਹ ਫਿਰ ਪਰਮੇਰ ਨਾਲ ਮਿਲ ਜਾਂਦਾ ਹੈ।

ਪ੍ਰੇਮ ਭਗਤਿ ਉਧਰਹਿ ਸੇ ਨਾਨਕ
ਕਰਿ ਕਿਰਪਾ ਸੰਤੁ ਆਪਿ ਕਰਿਓ ਹੈ॥ (ਪੰਨਾ ੧੩੪੪)

ਸੰਤ ਨੂੰ ਤਾਂ ਪਰਮੇਰ ਬਣਾਉਂਦਾ ਹੁੰਦੈ। ਬ੍ਰਹਮ ਗਿਆਨੀ ਵੀ ਪਰਮੇਰ ਹੀ ਬਣਾਉਂਦੈ।

ਬ੍ਰਹਮ ਗਿਆਨੀ ਸੇ ਜਨ ਭਏ॥
ਨਾਨਕ ਜਿਨ ਪ੍ਰਭੁ ਆਪਿ ਕਰੇਇ॥ (ਪੰਨਾ ੨੭੨)

ਉਹ ਪਰਮੇਰ ਮਾਲਕ ਹੈ **ਬ੍ਰਹਮ ਗਿਆਨੀ** ਬਣਾਉਣ ਦਾ, ਸੰਤ ਬਣਾਉਣ ਦਾ। ਇਹਦਾ ਇੱਕੋ ਹੀ ਕੰਮ ਹੈ, ਇਹਨੇ ਨਿਕਾਮ ਸੇਵਾ ਤੇ ਸਿਮਰਨ ਨਹੀਂ ਕਦੇ ਛੱਡਣਾ। ਅੱਠ ਪਹਿਰ, ਇਹ ਇਹਦਾ ਕੰਮ ਹੈ ਜੀਵ ਦਾ। ਉਹ ਪਰਮੇਰ ਆਪ ਇਹਦੀ ਖਬਰ ਲਏਗਾ। ਬਿਨਾਂ ਪਰਮੇਰ ਤੇ ਹੋਰ ਕਿਸੇ ਦਾ ਨਾਮ ਨਹੀਂ ਜਪਣਾ ਤੇ ਨਾ ਕਿਸੇ ਨੂੰ ਮੰਨਣਾ ਤੇ ਗੁਰੂ ਦਾ ਇੰਨਾ ਪਰਉਪਕਾਰ ਹੈ, ਉਹਨੇ ਸਾਨੂੰ ਨਾਮ

ਦੱਸਿਆ, ਸਿੱਧੇ ਰਸਤੇ ਪਾਇਆ। ਏਸ ਕਰਕੇ, ਉਹ ਵੀ ਸਾਡਾ ਪੂਜਨੀਕ ਹੈ ਤੇ ਉਹਦੇ ਤੋਂ ਵੀ ਕੁਰਬਾਨ ਜਾਣਾ ਚਾਹੀਏ, ਪੰਚਮ ਪਾਤਾਹ ਕਹਿੰਦੇ।

ਸੋ ਪ੍ਰਭਿ ਆਪਿ ਤਰਾਇਆ॥

ਉਹ ਪੁਰ, ਪ੍ਰਭੂ ਨੇ ਆਪ ਤਾਰਿਆ ਜਿਹੜਾ ਐਸਾ ਪੁਰ ਸੀ, ਰੱਬ ਦੇ ਮੰਨਣ ਵਾਲਾ, ਸਿਮਰਨ ਕਰਨ ਵਾਲਾ, ਸੇਵਾ ਕਰਨ ਵਾਲਾ ਤੇ ਰਣਾਗਤੀ ਪੈ ਗਿਆ ਸੀ। ਉਹ ਪਰਮੇਰ ਨੇ ਆਪ ਤਾਰਿਆ।

ਕਰਿ ਕਿਰਪਾ ਨਾਮ ਰਸੁ ਦੀਆ॥

ਬੜੀ ਕਿਰਪਾ ਕੀਤੀ ਪਰਮੇਰ ਨੇ, ਸਾਨੂੰ ਉਹ ਨਾਮ ਦਾ ਰਸ ਦੇ ਦਿੱਤਾ, ਅਸੀਂ ਨਾਮ ਜਪਣ ਲੱਗ ਗਏ। ਉਹ ਸਾਡਾ ਮਨ, ਨਾਮ ਨਾਲ ਜੁੜ ਗਿਆ ਤੇ ਤਾਂ ਸਾਨੂੰ ਰਸ ਆਉਣ ਲੱਗ ਗਿਆ, ਇਹ ਤਾਂ ਬੜੀ ਉੱਚੀ ਅਵਸਥਾ ਹੈ। ਜਦ ਉਹਦੇ ਨਾਮ ਦਾ ਰਸ ਆ ਜਾਏ ਤਾਂ ਹੋਰ ਰਸ ਫਿਰ ਇਹਨੂੰ ਫਿੱਕੇ ਲੱਗਣਗੇ, ਹੋਰ ਕੋਈ ਰਸ ਇਹਨੂੰ ਅੱਛਾ ਨਹੀਂ ਲੱਗੇਗਾ।

ਕੁਸਲ ਖੇਮ ਸਭ ਥੀਆ॥

ਕਹਿੰਦੇ, ਸਾਰਾ ਹੀ **ਕੁਸਲ ਖੇਮ** ਹੋ ਗਿਆ, ਆਨੰਦ ਹੀ ਆਨੰਦ ਹੋ ਗਿਆ, ਹੁਣ ਦੁੱਖ ਤਾਂ ਕੋਈ ਰਿਹਾ ਨਹੀਂ। ਦੁੱਖ ਤਾਂ ਮਨ ਦਾ ਹੀ ਕੀਤਾ ਹੋਇਆ ਸੀ, ਹੋਰ ਤਾਂ ਨਹੀਂ ਕੋਈ ਦੁੱਖ ਹੁੰਦਾ। ਇਹ ਮਨ ਨੇ ਹੀ ਦੁੱਖ ਸੁੱਖ ਬਣਾਏ ਨੇ, ਇਹ ਆਤਮਾ ਨੇ ਤਾਂ ਦੁੱਖ ਸੁੱਖ ਨਹੀਂ ਬਣਾਏ। ਚੇਤਨ ਤਾਂ ਦੁੱਖ ਸੁੱਖ ਨਹੀਂ ਦਿੰਦਾ ਹੁੰਦਾ। ਉਹ ਤਾਂ–

ਸੁਖ ਦੁਖ ਰਹਤ ਸਦਾ ਨਿਰਲੇਪੀ ਜਾ ਕਉ ਕਹਤ ਗੁਸਾਈ॥
ਸੋ ਤੁਮ ਹੀ ਮਹਿ ਬਸੈ ਨਿਰੰਤਰਿ ਨਾਨਕ ਦਰਪਨਿ ਨਿਆਈ॥

(ਪੰਨਾ ੬੩੨)

ਉਹ ਤਾਂ ਇਹੋ ਜਿਹਾ ਹੈ ਪਰਮੇਰ ਤਾਂ। ਇਹ ਤਾਂ ਇਹਨੇ ਕਲਪਣਾ ਕੀਤੇ ਨੇ, ਦੁੱਖ ਸੁੱਖ। ਇਹ ਮੇਰੇ ਗੋਤ ਨੇ, ਇਹ ਮੇਰੀ ਜਾਤੀ ਹੈ, ਇਹ

ਮੇਰੇ ਸੰਬੰਧੀ ਨੇ, ਇਹ ਮੇਰੇ ਦੁਮਣ ਨੇ, ਇਹ ਮੇਰੇ ਮਿੱਤਰ ਨੇ। ਇਹ ਤਾਂ ਆਪਣੇ ਮਨ ਵਿਚ ਕਲਪਣਾ ਕੀਤੀ ਹੈ। ਜਿਹੋ ਜਿਹੇ ਕਰਮ ਕੀਤੇ, ਉਹੋ ਜਿਹਾ ਇਹਦੇ ਮਨ ਵਿਚ ਅੰਕੁਰ ਪੈ ਗਿਆ। ਉਹ ਅੰਕੁਰ, ਇਹਤੋਂ ਹੁਣ ਨਿਕਲਦੇ ਨਹੀਂ ਹਨ। ਆਹ ਬਾਤ ਹੈ, ਕੁਸੰਗ ਦੇ ਵਿਚ ਇਹ ਵਧਦਾ ਚਲਿਆ ਜਾਂਦੈ। ਜਦ ਇਹਨੂੰ **ਸਤਿ ਪੁਰਖ** ਦਾ ਸੰਗ ਮਿਲ ਜਾਏਗਾ, ਫਿਰ ਇਹ ਨਾਮ ਨੂੰ ਲੈਕੇ ਸੁਖੀ ਹੋ ਜਾਏਗਾ। ਫਿਰ ਪਰਮੇਰ ਨੇ ਇਹਨੂੰ ਨਾਮ ਦਾ ਰਸ ਆਪੇ ਹੀ ਦੇਣਾ ਹੈ, ਇਹਦੀ ਮਿਹਨਤ ਦੇ ਅਨੁਸਾਰ। ਜਦ ਇਹ, ਉਹਦਾ ਦਾਸ ਬਣ ਜਾਊ, ਉਹਦੀ ਰਣ ਪੈ ਜਾਊ, ਇਹਨੂੰ ਨਾਮ ਰਸ ਆ ਜਾਏਗਾ।

ਹੋਏ ਪ੍ਰਭੂ ਸਹਾਈ॥

ਪਰਮੇਰ ਨੇ ਆਕੇ ਸਹਾਇਤਾ ਕੀਤੀ। ਅਜਿੱਤਾ ਰੰਧਾਵਾ ਗਾਧੀ ਹੱਕਦਾ, ਉਹ ਗਾਧੜ ਦੇ ਉਤੇ ਬਹਿੰਦੇ ਹੁੰਦੇ, ਜਦ ਹਲਟ ਹੱਕਦੇ ਹੁੰਦੇ। ਉਹ ਬੈਠਾ ਸੀ ਤੇ ਮਿੱਟੀ ਦੀਆਂ ਟਿੰਡਾਂ ਹੁੰਦੀਆਂ ਉਦੋਂ। ਤੇ ਗੁਰੂ ਨਾਨਕ ਨੂੰ ਜਦ ਪਤਾ ਲੱਗਿਆ, ਇਹਦੇ ਪਿਛਲੇ ਜਨਮ ਦਾ ਮੇਰੇ ਨਾਲ ਸੰਬੰਧ ਹੈ, ਆਹ ਇਹਦਾ ਕੰਮ ਕਰਨਾ ਹੈ। ਉਹ ਪਿੱਛੇ ਮੁੜ ਪਏ। ਉਹਨੇ ਆਖਿਆ, ਹਾਂ ! ਇਹ ਤਾਂ ਉਹਨਾਂ ਖੱਤਰੀਆਂ ਦਾ ਪ੍ਰਾਹੁਣਾ ਹੈ, ਜੁਆਈ ਹੈ ਤੇ ਨਹਾਉਣ ਆ ਗਿਆ। ਉਹ ਗੁਰੂ ਸਾਹਿਬ ਨੇ ਐਸੀ ਉਹਦੇ ਤੇ ਕਿਰਪਾ ਕੀਤੀ ਤਾਂ ਉਹਨੂੰ ਉਹ ਵਸਤੂ ਪ੍ਰਾਪਤ ਹੋਈ, ਨਾਮ ਦੇ ਦਿੱਤਾ, ਨਾਮ ਦਾ ਰਸ ਆ ਗਿਆ। ਉਹ ਪੈਰਾਂ ਤੇ ਪੈ ਗਿਆ। ਕਹਿੰਦਾ, ਮੈ ਤਾਂ ਬੜਾ ਨਲਾਇਕ ਸੀ, ਮੈਂ ਤਾਂ ਆਪ ਦੇ ਆਏ ਤੇ ਉਠਿਆ ਵੀ ਨਾ, ਮੈ ਤਾਂ ਆਪ ਦਾ ਸਤਿਕਾਰ ਵੀ ਨਹੀਂ ਕੀਤਾ। ਉਹ ਕਹਿੰਦੇ, ਅਜਿੱਤਿਆ ! ਤੈਨੂੰ ਪਤਾ ਨਹੀਂ, ਉਹ ਸਮਾਂ ਆਇਆ ਹੋਇਆ ਸੀ, ਪਿਛਲੇ ਜਨਮ ਦਾ। ਉਹ ਤੇਰਾ ਸਮਾਂ ਆਇਆ ਸੀ ਤੇ ਅਸੀਂ ਇਹ ਕੰਮ ਕਰਨਾ ਸੀ। ਫਿਰ ਉਹ ਅਜਿੱਤੇ ਨੇ ਬੜੀ ਸੇਵਾ ਕੀਤੀ, ਅਜਿਤੇ ਰੰਧਾਵੇ ਨੇ। ਤੇ ਬੜੀ ਸੇਵਾ ਕਰੀ, ਲੋਕਾਂ ਨੂੰ ਕਿਹਾ, ਬਈ ਤੁਸੀ ਤਾਂ ਬੜੇ ਭੁੱਲੇ ਹੋਏ ਹੋ। ਉਹਨੇ ਤਾਂ, ਗੁਰੂ ਨਾਨਕ ਦੇ ਜਿਹੜੇ ਸੱਸ, ਸਹੁਰੇ ਸੀ

ਵਿਗੜੇ ਹੋਏ, ਉਹਨਾਂ ਨੂੰ ਵੀ ਆਖਿਆ, ਓਏ! ਰਣੀ ਪੈ ਜਾਉ, ਉਹ ਵੀ ਰਣੀ ਪਏ। ਏਸ ਕਰਕੇ, ਜਦੋਂ ਸਮਾਂ ਆਉਂਦਾ ਹੈ ਪਿਛਲੇ ਜਨਮਾਂ ਦਾ, ਪੁੰਨਾਂ ਦਾ ਤਾਂ ਇਹਨੂੰ ਸੰਤ ਮਿਲ ਜਾਂਦੈ ਤੇ ਜਦ ਸੰਤ ਦੀ ਪ੍ਰਾਪਤੀ ਹੋ ਜਾਏ, ਇਹਨੂੰ ਨਾਮ ਮਿਲ ਜਾਂਦੈ। ਨਾਮ ਦੀ ਪ੍ਰਾਪਤੀ ਹੋਣੇ ਸੇ, ਇਹਦਾ ਮਨ ਨਾਮ ਨਾਲ ਜੁੜ ਜਾਂਦੈ, ਇਹਨੂੰ ਰਸ ਆ ਜਾਂਦੈ। ਹੋਰ **ਬਾਬੇ ਬੁੱਢੇ** ਨੂੰ ਜਾਂਦੇ ਨੂੰ ਹੀ ਕਿਉਂ ਐਸਾ ਹੋ ਗਿਆ ? ਅਜਿੱਤੇ ਰੰਧਾਵੇ ਨੂੰ ਜਾਂਦੇ ਨੂੰ ਹੀ ਕਿਉਂ ਐਸਾ ਹੋ ਗਿਆ ? ਉਹਨੂੰ ਅਜਿੱਤੇ ਨੂੰ ਤਾਂ ਐਂ ਵੀ ਨਹੀਂ ਸੀ ਪਤਾ, ਬਈ ਇਹ ਕੌਣ ਹੈ, ਉਹ ਤਾਂ ਅਪਣੇ ਆਪ ਨੂੰ ਬੜਾ ਸਮਝਦਾ ਸੀ ਕਿ ਮੈਂ ਬੜਾ ਜਿਮੀਂਦਾਰ ਹਾਂ ਤੇ ਇਹ ਜੁਆਈ ਹੈ ਖੱਤਰੀਆਂ ਦਾ, ਨਹਾਉਣ ਆਇਆ ਹੈ। ਤੇ ਪਿੱਛੇ ਉਹਦੇ ਗੁਰੂ ਨਾਨਕ ਆਉਂਦੇ ਨੇ ਚਲਦੇ, ਉਹ ਹਲਟ ਹੱਕਦਾ ਸੀ, ਉਹ ਉਠਿਆ ਨਹੀਂ ਤੇ ਨਾ ਕੁੱਛ ਉਹਨੇ ਕਿਹਾ। ਤੇ ਕਿਉਂ ? ਉਹਦਾ ਪਿਛਲਾ ਪੁੰਨ ਆ ਗਿਆ ਸੀ। ਉਸ ਪੁੰਨ ਨੂੰ ਪਰਗਟ ਕਰਨ ਵਾਸਤੇ, ਗੁਰੂ ਨਾਨਕ ਨੇ, ਉਹਨੂੰ ਵਸਤੂ, ਦੇ ਦਿੱਤੀ, ਉਹ ਤਰ ਗਿਆ।

ਸਭ ਉਠਿ ਲਾਗੀ ਪਾਈ॥

ਸਾਰੇ ਪਰਮੇਰ ਦੇ ਪੈਰਾਂ ਤੇ ਲੱਗ ਗਏ। ਸਭ ਪਰਮੇਰ ਨੂੰ ਮੰਨਣ ਲੱਗ ਗਏ, ਪਰਮੇਰ ਦੇ ਦਾਸ ਹੋ ਗਏ।

ਸਾਸਿ ਸਾਸਿ ਪ੍ਰਭੁ ਧਿਆਈਐ॥

ਭਾਈ! ਇਕ ਗੱਲ ਤੁਸੀਂ ਯਾਦ ਰੱਖਿਓ। ***ਸਾਸਿ ਸਾਸਿ ਪ੍ਰਭੁ ਧਿਆਈਐ*** । ਕਦੇ ਪਰਮੇਰ ਨੂੰ ਭੁੱਲਣਾ ਨਹੀਂ, ਕਿਸੇ ਸੁਆਸ ਨਾਲ। ਦੁਨੀਆਂ ਦਾ ਸਾਰਾ ਕੰਮ ਕਰਨਾ, ਪਰਮੇਰ ਨੂੰ ਨਹੀਂ ਭੁੱਲਣਾ। ਕੋਈ ਸਵਾਸ ਤੁਹਾਡਾ ਬੇਅਰਥ ਨਾ ਜਾਵੇ। ਜਿਹੜਾ ਨਾਮ ਦੇ ਬਿਨਾਂ ਲੰਘ ਗਿਆ, ਉਹ ਬੇਅਰਥ ਹੈ ਸੁਆਸ। ਉਹ ਨਾਮ ਤੇ ਬਿਨਾਂ ਕੋਈ ਸੁਆਸ ਤੁਹਾਡਾ ਬੇਅਰਥ ਨਾ ਜਾਵੇ। ਨਾਮ ਦਾ ਸਿਮਰਨ ਕਰਨਾ, ਨਾਮ ਨਹੀਂ ਕਦੇ ਛੱਡਣਾ ਤੇ ਪਰਮੇਰ ਦੇ ਅੱਗੇ ਜਾਕੇ ਰਣ ਪੈਣਾ, ਬਈ ਪਰਮੇਰ ਤੇਰੇ ਹਾਂ, ਹੋਰ ਕਿਸੇ ਦੇ ਨਹੀਂ।

ਹਰਿ ਮੰਗਲੁ ਨਾਨਕ ਗਾਈਐ॥

ਕਹਿੰਦੇ, ਹਰੀ ਦੇ ਮੰਗਲ ਹੋ ਜਾਣਗੇ, ਫਿਰ ਮੰਗਲ ਗਾਇਓ, ਗੁਰੂ ਨਾਨਕ ਦੇਵ ਕਹਿੰਦੇ। ਹਰੀ ਦਾ ਮੰਗਲ ਇਹੀ ਹੈ, ਜਿਹੜਾ ਸਾਸ ਸਾਸ ਨਾਮ ਜਪੋਗੇ। ਤੁਹਾਡੇ ਸਾਰੇ ਕਾਰਜ (ਮੰਗਲ) ਸਿੱਧ ਹੋ ਜਾਣਗੇ। ਇਹ ਕਰਤੱਬ ਭਾਈ! ਤੁਸੀਂ ਕਰਨਾ। ਇਹ ਸਿਖਾ ਗੁਰੂ ਅਰਜਨ ਦੇਵ ਜੀ ਨੇ ਦਿੱਤੀ ਹੈ, ਬਈ ਜੀਵ ਨੂੰ ਐਂ ਕਰਨਾ ਚਾਹੀਏ।

ਬੋਲੋ ਸਤਿਨਾਮ ਸ੍ਰੀ ਵਾਹਿਗੁਰੂ॥

੧

੧ੴ ਸਤਿਗੁਰ ਪ੍ਰਸਾਦਿ।।

੪੯

ਸੋਰਠਿ ਮਹਲਾ 5।।

ਅਬਿਨਾਸੀ ਜੀਅਨ ਕੋ ਦਾਤਾ ਸਿਮਰਤ ਸਭ ਮਲੁ ਖੋਈ।।
ਗੁਣ ਨਿਧਾਨ ਭਗਤਨ ਕਉ ਬਰਤਨਿ ਬਿਰਲਾ ਪਾਵੈ ਕੋਈ।। ੧।।
ਮੇਰੇ ਮਨ ਜਪਿ ਗੁਰ ਗੋਪਾਲ ਪ੍ਰਭੁ ਸੋਈ।।
ਜਾ ਕੀ ਸਰਣਿ ਪਇਆਂ ਸੁਖੁ ਪਾਈਐ ਬਾਹੁੜਿ ਦੂਖੁ ਨ ਹੋਈ।। ੧।।
ਰਹਾਉ।। ਵਡਭਾਗੀ ਸਾਧਸੰਗੁ ਪਰਾਪਤਿ
ਤਿਨ ਭੇਟਤ ਦੁਰਮਤਿ ਖੋਈ।।
ਤਿਨ ਕੀ ਧੂਰਿ ਨਾਨਕੁ ਦਾਸੁ ਬਾਛੈ ਜਿਨ ਹਰਿ ਨਾਮੁ ਰਿਦੈ ਪਰੋਈ।।੨।।
(ਪੰਨਾ ੬੧੭)

ਸਾਰੀ ਸੰਗਤ ਕਿਰਪਾ, ਦਇਆ, ਮਿਹਰ ਕਰਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ! ਸਤਿਨਾਮ ਸ੍ਰੀ ਵਾਹਿਗੁਰੂ!!

ਇਹਨੂੰ ਆਪਣੇ ਨਾਲ ਦੀ ਕੋਈ ਵਸਤੂ ਥਿਆਈ ਨਹੀਂ। ਪਹਿਲੀ ਬਾਤ ਤਾਂ ਇਹ ਆਪ ਨੂੰ **ਮਨ** ਮੰਨਦੈ। ਮਨ ਦੇ ਧਰਮਾਂ ਨੂੰ ਲੈਕੇ ਜੀਵ ਬਣ ਗਿਆ, ਫਿਰ ਇਹਨੂੰ ਜੀਵ ਕਹਿਣ ਲੱਗ ਗਿਆ। ਜੀਵ ਤਾਂ ਉਹ ਹੁੰਦੈ, ਜੋ ਉਤਪਤੀ ਨਾ ਤੇ ਪਾਲਣਾ ਵਾਲਾ ਹੋਵੇ। ਜੀਵ ਤਾਂ ਉਹ ਹੁੰਦੈ, ਜੀਹਨੂੰ ਤ੍ਰਿਨਾ ਵੀ ਹੋਵੇ, ਜਿਹੜਾ ਕਿਸੇ ਅੱਗੇ ਜਾਕੇ ਅਰਦਾਸ ਵੀ ਕਰੇ, ਜੀਵ ਤਾਂ ਉਹ ਹੁੰਦਾ ਹੈ ਤੇ ਅਬਿਨਾਸੀ ਕਦੇ ਕਿਸੇ ਅਗੇ ਜਾਕੇ ਅਰਦਾਸ ਨਹੀਂ ਕਰਦਾ। ਅਬਿਨਾਸੀ ਦੀ ਕੋਈ ਮੰਗ

ਨਹੀਂ ਹੁੰਦੀ। ਉਹ ਤਾਂ **ਸੋਹੰ ਪ੍ਰਕਾ** , **ਸੁਤੇ ਸਿੱਧ** ਹੁੰਦੈ ਤੇ ਨਿੱਤ ਹੁੰਦੈ। ਤੇ ਜੀਵ ਵੀ ਕੋਈ ਵਸਤੂ ਹੈ, ਜਿਨ੍ਹਾਂ ਦਾ ਉਹ ਦਾਤਾ ਹੈ। ਜਿਸ ਦੀ ਉਤਪਤੀ, ਪਾਲਣਾ, ਲੈਅ ਕਰਦਾ ਹੈ, ਉਹਨੂੰ ਜੀਵ ਕਹਿੰਦੇ ਨੇ। ਤੇ ਉਹ ਜੀਆਂ ਦਾ ਦਾਤਾ ਹੈ।

ਰਾਖਾ ਏਕੁ ਹਮਾਰਾ ਸੁਆਮੀ।।
ਸਗਲ ਘਟਾ ਕਾ ਅੰਤਰਜਾਮੀ।। (ਪੰਨਾ ੧੧੩੬)

ਫੇਰ ਉਹ ਅੰਤਰਜਾਮੀ ਵੀ ਹੈ। ਜੇ ਉਹ ਅੰਤਰਜਾਮੀ ਨਾ ਹੁੰਦਾ ਤਾਂ ਦਾਤਾ ਕੈਸੇ ਬਣਦਾ ? ਉਹ **ਜੀਅਨ ਕੋ ਦਾਤਾ** ਤਾਂ ਸਰਬ ਜੀਆਂ ਦਾ ਦਾਤਾ ਹੈ, ਇਹ ਇਕ ਦਾ ਦਾਤਾ ਤਾਂ ਹੈ ਨਹੀਂ। ਜੋ ਉਹ ਅੰਤਰਜਾਮੀ ਹੈ, ਸਾਰਿਆਂ ਦੇ ਹਿਰਦਿਆਂ ਵਿਚ ਬੈਠ ਕੇ, ਸਭ ਦੀ ਬੁੱਧੀ, ਮਨ ਦਾ ਗਿਆਨ ਕਰਦਾ ਹੈ ਤੇ ਸਭ ਦੀ ਭੁੱਖ ਪਿਆਸ ਨੂੰ ਜਾਣਦਾ ਹੈ। ਹਾਂ, ਉਹ ਅਬਿਨਾਸੀ ਦਾਤਾ ਹੈ, ਉਹ ਜੋ ਸਾਰਿਆਂ ਦੀ ਉਤਪਤੀ, ਪਾਲਣਾ, ਲੈਅ ਕਰਦਾ ਹੈ, ਉਹ ਹੈ ਅਬਿਨਾਸੀ। ਉਹਦੇ ਵਿਚ ਤੁਸੀਂ ਕਦੇ ੱਕ ਨਾ ਕਰਿਓ, ਬਈ ਉਹ ਵੀ ਕੋਈ ਨਾ ਵਾਲਾ ਹੈ, ਜਾਂ ਕਿਸੇ ਧਰਮ ਵਾਲਾ ਹੈ ਜਾਂ ਕਿਸੇ ਉਤਪਤੀ, ਨਾ ਵਾਲਾ ਹੈ। ਉਹਦੇ ਵਿਚ, ਅਬਿਨਾਸੀ ਵਿਚ ਕੋਈ ਵਸਤੂ ਨਹੀਂ। ਜੀਵ, ਉਹਦੇ ਤੋਂ ਅਲਹਿਦਾ ਨੇ, ਜਿਹੜੇ ਉਹਦੇ ਅੱਗੇ ਅਰਦਾਸ ਕਰਦੇ ਨੇ। ਜਿਹੜੇ ਮੰਗਦੇ ਨੇ, ਜਿਹਨਾਂ ਦੇ ਅੰਦਰ ਕੋਈ ਇੱਛਾ ਹੈ, ਜਿਹਨਾਂ ਦੇ ਅੰਦਰ ਕੋਈ ਤ੍ਰਿਨਾ ਹੈ, ਆਸਾ ਹੈ, ਜਿਹਨਾਂ ਦੇ ਅੰਦਰ ਕਾਮਨਾਂ ਨੇ। ਹੁਣ ਤੁਸੀਂ ਇਹ ਦੱਸੋ ? ਬਈ ਇਹ ਤੁਹਾਡੀਆਂ ਕਾਮਨਾਂ, ਤ੍ਰਿਨਾਂ, ਇੱਛਾਂ, ਤੁਹਾਡੀਆਂ ਆਸਾਂ, ਇਹ ਵੀ ਤਾਂ ਕਿਤੇ ਟਿਕੀਆਂ ਹੋਈਆਂ ਹੋਣਗੀਆਂ ? ਇਹ ਤਾਂ ਤੁਸੀਂ ਆਪਣੇ ਅਨੁਭਵ ਨਾਲ ਦੇਖੋ, ਬਈ ਤੁਹਾਡੇ ਅੰਦਰ ਕੋਈ ਇਹੋ ਜਿਹੀ ਵਸਤੂ ਵੀ ਹੈ, ਜੀਹਦੇ ਅੰਦਰ ਤ੍ਰਿਨਾ ਵੀ ਹੈ ਤੇ ਆਸਾ ਵੀ ਹੈ ? ਆਸਾ ਤਾਂ ਬਿਰਤੀ ਹੈ, ਤ੍ਰਿਨਾ ਵੀ ਬਿਰਤੀ ਹੈ, ਇਹ ਸਾਰੀਆਂ ਬਿਰਤੀਆਂ ਨੇ। ਖਿਆਲ ਕਹੋ, ਬਿਰਤੀਆਂ ਕਹੋ, ਪਰਤੇ ਕਹੋ, ਇਹ ਤਾਂ ਇਕ ਪਰਾਯਵਾਚੀ ਬਦ ਨੇ ਅੱਡੋ ਅੱਡੀ ਭਾਾ

ਵਾਲਿਆਂ ਦੇ। ਫਾਰਸੀ ਵਾਲੇ ਖਿਆਲ ਲਿਖਣਗੇ, ਤੇ ਪੰਜਾਬੀ ਵਾਲੇ ਸੰਕਲਪ ਲਿਖਣਗੇ ਤੇ ਸੰਸਕ੍ਰਿਤ ਵਾਲੇ ਪਰਤੇ ਲਿਖਣਗੇ, ਬਿਰਤੀਆਂ ਲਿਖਣਗੇ ਤੇ ਪਰਤੱਖ ਤਾਂ ਕਲਪਿਤ ਤੋਂ ਅਲਹਿਦਾ ਹੁੰਦੈ। ਤੁਹਾਡੇ ਅੰਦਰ ਪਰਤੱਖ ਵੀ ਤਾਂ ਹੈ। ਪਰਤੇ ਨਾਉਂ ਹੈ ਬਿਰਤੀਆਂ ਦਾ, ਖਿਆਲਾਂ ਦਾ, ਸੰਕਲਪਾਂ ਦਾ ਤੇ ਕੋਈ ਪਰਤੱਖ ਵੀ ਤਾਂ ਹੈ, ਜਿਹੜਾ ਅੰਦਰ ਬੈਠਾ, ਤੁਹਾਡੀਆਂ ਸਾਰੀਆਂ ਬਿਰਤੀਆਂ, ਖਿਆਲਾਂ ਨੂੰ ਦੇਖਦਾ ਹੈ, ਉਹ ਵੀ ਤਾਂ ਕੋਈ ਹੋਣਾ ਹੈ। ਉਹ ਅਬਿਨਾਸੀ ਹੈ, ਉਹਨੂੰ ਅਬਿਨਾਸੀ ਕਹਿੰਦੇ ਨੇ, ਉਹਨੂੰ ਦ੍ਰਟਾ ਕਹਿੰਦੇ ਨੇ, ਉਹਨੂੰ ਸਾਖੀ ਕਹਿੰਦੇ ਨੇ, ਕੋਈ ਕੋਈ ਉਹਨੂੰ ਨਿੱਜ ਰੂਪ ਵੀ ਕਹਿੰਦੇ ਨੇ। ਉਹ ਕਿਉਂ? ਤੁਹਾਡਾ ਆਪਾ ਨਿੱਜ ਰੂਪ ਹੀ ਹੈ। ਏਸ ਕਰਕੇ, ਹੁਣ ਤੁਸੀਂ ਦੋ ਚੀਜਾਂ ਦੀ ਇਥੇ ਵੰਡ ਕਰਕੇ ਤੁਰਨਾ, ਤਾਂ ਇਹ ਬਦ ਤੁਹਾਡੇ ਦਿਮਾਗ ਵਿਚ ਬੈਠੇਗਾ।

ਅਬਿਨਾਸੀ ਜੀਅਨ ਕੋ ਦਾਤਾ

ਹੁਣ ਇਕ ਤਾਂ ਅਬਿਨਾਸੀ ਹੈ, ਜੀਆਂ ਦਾ ਦਾਤਾ ਤੇ ਇਕ ਚਾਰ ਖਾਣੀਆਂ ਦੇ ਜੀਵ ਨੇ ਤੇ ਇਕੋ ਹਿਰਦੇ ਵਿਚ ਨੇ, ਇਹ ਬਾਹਰ ਤਾਂ ਨਹੀਂ ਹੈਂ। ਜਿਥੇ ਅਬਿਨਾਸੀ ਪਰਤੱਖ ਹਿਰਦੇ ਵਿਚ ਬੈਠੈ, ਸਾਖੀ ਹੋਕੇ ਬੈਠੈ, ਦ੍ਰਟਾ ਹੋਕੇ ਬੈਠੈ, ਉਥੇ ਪਰਤੇ ਵੀ ਤਾਂ ਹੋਣੇ ਨੇ, ਖਿਆਲ ਵੀ ਹੋਣੇ ਨੇ, ਸੰਕਲਪ ਵੀ ਹੋਣੇ ਨੇ। ਇਹਨਾ ਸੰਕਲਪਾਂ ਦਾ ਜਿੰਮੇਵਾਰ ਵੀ ਕੋਈ ਹੋਣੈ, ਜੀਹਨੂੰ ਇਹਦੇ ਵਿਚ ਪ੍ਰਛਿੰਨ ਹੰਕਾਰ ਹੋਏਗਾ। ਮੈਂ ਜੀ ਆਹ ਸੰਕਲਪ ਕੀਤਾ ਸੀ, ਗੁਰੂ ਗ੍ਰੰਥ ਸਾਹਿਬ ਅੱਗੇ ਅਰਦਾਸ ਕੀਤੀ ਸੀ, ਮੇਰਾ ਕੰਮ ਪੂਰਾ ਹੋ ਗਿਆ। ਪਰਸੋਂ ਮੈਨੂੰ ਇਕ ਆਦਮੀ ਕਹਿੰਦਾ–ਉਹ ਕੰਮ ਜੀ ਪੂਰਾ ਹੋ ਗਿਆ। ਕੋਈ ਗੱਲ ਉਹਨੇ ਕਹੀ ਹੋਈ ਸੀ, ਉਹ ਉਸਨੂੰ ਲੱਗਿਆ ਹੋਇਆ ਸੀ। ਈਰ ਨੇ ਉਹਦਾ ਕੰਮ ਪੂਰਾ ਕਰ ਦਿੱਤਾ, ਸਾਨੂੰ ਸੁਫਨੇ ਚ ਵੀ ਨਹੀਂ ਪਤਾ, ਬਈ ਕਦ ਉਹਦਾ ਕੰਮ ਪੂਰਾ ਹੋ ਗਿਆ। ਏਸ ਕਰਕੇ ਕੋਈ ਹੈ ਈਰ, ਹੈ ਨਿਯੰਤਾ, ਹੈ ਪਰਮੇ ਰ। ਉਹ ਸਤਿ ਹੈ, ਅਬਿਨਾਸੀ ਹੈ, ਨਿੱਤ ਹੈ। ਉਹਨੂੰ ਨਿੱਤ ਸੱਤਾ ਕਹਿੰਦੇ ਨੇ। ਅਖੀਰੀ ਜਾਕੇ ਜਦੋਂ ਗ੍ਰੰਥਕਾਰ ਅਗੇ ਚਲੇ ਜਾਂਦੇ ਨੇ, ਉਹ

ਸਾਰੇ ਛੱਡਦੇ ਛੱਡਦੇ ਫਿਰ ਇਕ ਚੀਜ ਰਹਿ ਜਾਂਦੀ ਹੈ, ਉਹ ਹੈ ਸੋਹੰ ਸੱਤਾ। ਉਹ ਨਿਤ ਸੱਤਾ ਹੈ, ਇਹਤੋਂ ਅੱਗੇ ਕੋਈ ਵੀ ਬਦ ਨਹੀਂ ਮਿਲਦਾ। ਇਹ ਅਸੀਂ ਸੰਤਾਂ ਦੇ ਨਾਲ ਵਿਚਾਰ ਕੀਤਾ, ਵਿੱਰਕਤਾਂ ਵਿਚ ਬੈਠ ਕੇ। ਉਹਨਾਂ ਨੇ ਅਖੀਰੀ ਇਥੇ ਹੀ ਸਾਰਿਆਂ ਨੇ ਮੁਕਾਇਆ ਬਈ ਇਹ ਨਿੱਤ ਸੱਤਾ ਹੈ। ਇਹਦੀ ਬਾਬਤ ਹੁਣ ਅਸੀਂ ਕੁੱਛ ਕਹਿ ਨਹੀਂ ਸਕਦੇ। ਸਤਿ ਵੀ ਤਾਂ ਅਸਤਿ ਦੀ ਅਪੇਕਾ ਚ ਕਿਹਾ ਜਾਂਦੈ ਸਮਝਾਉਣ ਵਾਸਤੇ, ਨਿੱਤ ਵੀ ਤਾਂ ਅਨਿੱਤ ਦੀ ਅਪੇਕਾ ਤੇ ਹੀ ਕਿਹਾ ਜਾਂਦੈ। ਏਸ ਕਰਕੇ, ਜਦ ਉਥੇ ਬਿਰਤੀ ਉਸਦੀ ਲੀਨ ਹੋ ਜਾਏਗੀ, ਕੀ ਕਹੂ ? ਏਕਾਗਰਤਾ ਤੱਕ ਪਿਛਲੇ ਸੰਸਕਾਰ ਰਹੇਂਗੇ ਪਰ ਨਿਰੁੱਧ ਬਿਰਤੀ ਮੇਂ ਤਾਂ ਸੰਸਕਾਰ ਰਹਿੰਦੇ ਨਹੀਂ। ਨਿਰੁੱਧ ਅਵਸਥਾ ਤਾਂ ਪੰਜਵੀ ਹੈ ਕਿ ਨਾ ? ਨਿਰੁੱਧ ਅਵਸਥਾ ਮੇਂ ਤਾਂ ਬਿਨਾਂ ਚੇਤਨ ਤੋਂ ਕੋਈ ਵਸਤੂ ਹੀ ਨਹੀਂ ਹੁੰਦੀ। ਏਸੇ ਨੂੰ ਲੋਕ ਸਮਾਧੀ ਕਹਿੰਦੇ ਨੇ, ਏਸੇ ਨੂੰ ਨਿਰਵਿਕਲਪ ਮੁਦ੍ਰਾ ਵੀ ਕਹਿੰਦੇ ਨੇ। ਇਹ ਅੱਡੋ ਅੱਡੀ ਬਾਤਾਂ ਨੇ। ਉਹ ਅਸਲੀ ਬਾਤ ਹੈ। ਉਹ ਨਿਰੰਕਾਰ, ਜੀਆਂ ਦਾ ਦਾਤਾ ਵੀ ਹੈ। ਜੇ ਜੀਆਂ ਦਾ ਦਾਤਾ ਨਾ ਹੁੰਦਾ, ਫਿਰ ਸੰਸਾਰ ਕਾਲ ਮੇਂ ਹੁੰਦਾ ਹੀ ਨਾ। ਆਹ ਦੱਸਿਆ ਨਹੀਂ ?

ਅਬਿਨਾਸੀ ਜੀਅਨ ਕੋ ਦਾਤਾ

ਉਹ **ਅਬਿਨਾਸੀ** ਇਹਦਾ, ਆਤਮਾ ਹੈ। **ਅਬਿਨਾਸੀ** ਨਾਉਂ ਹੀ ਆਤਮਾ ਦਾ ਹੈ। ਉਹ ਇਹਦਾ ਆਪਣਾ ਆਪ ਹੈ ਜੀਵ ਦਾ। ਪਰ ਏਸ ਨੂੰ ਭੁਲੇਖਾ ਪੈ ਗਿਆ, ਬਈ ਆਹ ਜਿਹੜੀ ਮੰਗ ਵਾਲੀ ਬਿਰਤੀ ਹੈ, ਖਬਰੈ ਇਹਦਾ ਠੇਕੇਦਾਰ ਮੈਂ ਹਾਂ। ਪਰ ਇਹ ਠੇਕੇਦਾਰ ਤਾਂ ਨਹੀਂ ਹੈਗਾ। ਉਹ ਅਬਿਨਾਸੀ ਅੰਤਰਜਾਮੀ ਹੈ, ਉਹ ਅਬਿਨਾਸੀ ਜੀਆਂ ਦਾ ਦਾਤਾ ਹੈ। ਅੱਛਾ ! ਫਿਰ, ਦੋ ਵਸਤੂਆਂ ਕਦੇ ਨਿੱਤ ਹੋ ਨਹੀਂ ਸਕਦੀਆਂ, ਇਹ ਵੀ ਤੁਸੀਂ ਵਿਚਾਰ ਕੇ ਦੇਖ ਲਉ। ਪਰ ਗੁਰੂ ਸਾਹਿਬ ਏਕਾ ਲਿਖ ਗਏ। ਏਕਾ ਲਿਖਿਆ ਗੁਰੂ ਸਾਹਿਬ ਨੇ ਤੇ ਫੇਰ ਅਰਥ ਵੀ ਨਾਲ ਲਿਖ ਦਿੱਤੇ।

ਸਾਹਿਬੁ ਮੇਰਾ ਏਕੋ ਹੈ ॥ ਏਕੋ ਹੈ ਭਾਈ ਏਕੋ ਹੈ॥(ਪੰਨਾ ੩5)

ਪਰਤਿੱਗਿਆ ਕਰ ਦਿੱਤੀ, ਮੇਰਾ ਪਰਮੇਰ ਇੱਕ ਹੈ, ਗੁਰੂ ਨਾਨਕ ਕਹਿੰਦੇ, ਹੋਰ ਮੇਰਾ ਕੋਈ ਪਰਮੇਰ ਨਹੀਂ। ਇੱਕ ਹੈ ਤਾਂ-

ਏਕਮ ਏਕੰਕਾਰੁ ਨਿਰਾਲਾ॥
ਅਮਰੁ ਅਜੋਨੀ ਜਾਤਿ ਨ ਜਾਲਾ॥
ਅਗਮ ਅਗੋਚਰੁ ਰੂਪੁ ਨ ਰੇਖਿਆ॥ (ਪੰਨਾ ੪੩੪)

ਇਹੋ ਜਿਹਾ ਹੈ, ਇਹ ਇਹਦੇ ਵਿੰਣ ਨੇ, ਕੁੱਛ ਨੇ। ਅਖੇ, ਜੀ ਰਹਿੰਦਾ ਕਿੱਥੇ ਹੈ ? ਅਖੇ-

ਖੋਜਤ ਖੋਜਤ ਘਟਿ ਘਟਿ ਦੇਖਿਆ॥

ਤੇ ਸਾਰਿਆਂ ਦੇ ਹਿਰਦਿਆਂ ਵਿਚ ਵੀ ਅਬਿਨਾਸੀ ਬੈਠਾ ਹੈ, ਅਸੀਂ ਖੋਜ ਕੇ ਦੇਖਿਆ ਹੈ, ਉਹ ਸਾਰਿਆਂ ਦੇ ਹਿਰਦਿਆਂ ਵਿਚ ਹੈ, ਸਾਰਿਆਂ ਦਾ ਆਤਮਾ ਰੂਪ ਹੈ। **ਆਤਮਾ** ਨਾਉਂ ਹੈ ਆਪਣੇ ਆਪ ਦਾ। ਜੇ ਆਪਣਾ ਆਪ ਨਾ ਹੋਵੇ, ਇਹਨੂੰ ਜੜ੍ਹ ਦਾ ਗਿਆਨ ਨਾ ਹੋਵੇ। ਪਰਤੇ ਸਾਰੇ ਜੜ੍ਹ ਨੇ, ਖਿਆਲ ਸਾਰੇ ਜੜ੍ਹ ਨੇ, ਬਿਰਤੀਆਂ ਸਾਰੀਆਂ ਜੜ੍ਹ ਨੇ, ਇਹਦੀ ਸੱਤਾ ਸਫੁਰਤੀ ਨਾਲ ਚਲਦੀਆਂ ਨੇ। ਜੜ੍ਹ, ਆਪਣੇ ਆਪ ਤਾਂ ਕਦੇ ਕੋਈ ਚੱਲਿਆ ਨਹੀਂ। ਗੱਡੀ ਤੁਸੀਂ ਕਦੇ ਆਪਣੇ ਆਪ ਚਲਦੀ ਨਹੀਂ ਦੇਖੀ ਹੋਣੀ, ਚਾਹੇ ਬਿਜਲੀ ਉਤੇ ਲਾਉਣ, ਕੁੱਛ ਕਰਨ, ਚਲਾਉਣ ਵਾਲਾ ਕੋਈ ਪਰੰਪਰਾ ਚੇਤਨ ਹੀ ਹੋਏਗਾ। ਮੋਟਰ ਕਦੇ ਆਪਣੇ ਆਪ ਨਹੀਂ ਚਲਦੀ। ਕੋਈ ਪੁਰਜੇ ਤੁਸੀਂ ਬਣਾਉਂਦੇ ਹੋ, ਆਪਣੇ ਆਪ ਤਾਂ ਕਦੇ ਬਣੇ ਨਹੀਂ। ਪੰਜ ਤੱਤ ਆਪਣੇ ਆਪ ਨਹੀਂ ਬਣੇ ਤੇ ਜਿਸ ਦਿਨ ਦੀ ਸ੍ਰਿਟੀ ਬਣੀ ਹੈ, ਛੇਵਾਂ ਤੱਤ ਅੱਜ ਤੱਕ ਕਿਸੇ ਤੋਂ ਨਹੀਂ ਬਨਿਆ। ਜੇ ਕੋਈ ਹੋਰ ਕਰਤਾ ਪੁਰ ਹੁੰਦਾ ਤਾਂ ਇਹਨਾਂ ਪੰਜਾਂ ਨੂੰ ਬਦਲੀ ਕਰਕੇ ਹੋਰ ਬਣਾ ਦਿੰਦਾ। ਇਹ ਪੰਜ ਤੱਤ ਬਦਲੇ ਤਾਂ ਨਹੀਂ ਹਨ ? ਤੁਸੀਂ ਆਪਣੇ ਸਰੀਰ ਵਿਚ ਦੇਖ ਲਉ, ਇਹ ਹੱਡੀਆਂ ਪ੍ਰਿਥਵੀ ਹੈ, ਆਹ ਜਿਹੜਾ ਲਹੂ ਹੈ ਇਹ ਜਲ ਹੈ। ਇਸ ਤੋਂ ਅੱਗੇ ਅਗਨੀ ਆਊ, ਇਹ ਤੁਹਾਡਾ ਸਭ ਕੁੱਛ ਹਮ ਕਰਦੀ ਹੈ।

ਇਹ ਵਾਯੂ ਤੁਹਾਡੇ ਸਾਹਮਣੇ ਚਲਦੀ ਹੈ, ਇਹ ਪੰਜ ਪ੍ਰਕਾਰ ਦੀ ਹੈ। ਅੱਗੇ ਅਕਾ ਹੈ ਖਾਲੀ ਥਾਉਂ ਤੇ ਛੇਵਾਂ ਤਾਂ ਉਹ ਆਪ ਹੀ ਹੈ।

ਪਾਂਚ ਤਤ ਕੋ ਤਨੁ ਰਚਿਓ ਜਾਨਹੁ ਚਤੁਰ ਸੁਜਾਨ॥
ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮੈ ਮਾਨੁ॥
(ਪੰਨਾ ੧੪੨੭)

ਉਹ ਹੋਰ ਵੀ ਕੋਈ ਹੈ।

ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ॥
ਕਹੁ ਨਾਨਕ ਤਿਹ ਭਜੁ ਮਨਾ ਭਉ ਨਿਧਿ ਉਤਰਹਿ ਪਾਰਿ॥
(ਪੰਨਾ ੧੪੨੭)

ਛੇਵਾਂ ਵੀ ਕੋਈ ਨਿਯੰਤਾ ਅੰਦਰ ਬੈਠੈ, ਸ੍ਰਿਟੀ ਨੂੰ ਚਲਾਉਣ ਵਾਲਾ। ਤੁਹਾਡੇ ਅੰਦਰ ਵੀ ਹੈ। ਇਹ ਨਹੀਂ, ਬਈ ਬਾਹਰ ਹੈਗਾ। ਉਹ ਆਤਮਾ ਹੈ, ਉਹ ਆਪਣਾ ਆਪ ਹੈ। ਉਹ ਜਿਹੜਾ ਤੁਹਾਡਾ ਆਪਣਾ ਆਪ ਹੈ, ਉਹ ਵਿਆਪਕ ਨਹੀਂ ਹੈਗਾ ? ਫਿਰ ਵਿਆਪਕ ਦੀ ਪਛਾਣ ਕਿਉਂ ਨਾ ਆਵੇ। ਆਤਮਾ ਨੂੰ ਬ੍ਰਹਮ ਚੀਨਣੇ ਚ ਇੱਕੋ ਹੀ ਵਸਤੂ ਰੁਕਾਵਟ ਹੈ, ਮਾਇਆ। ਮਾਇਆ ਦੇ ਖਿਆਲਾਂ ਦੇ ਵਿਚ, ਇਹਦੀ ਬਿਰਤੀ ਫਸ ਗਈ। ਉਹ ਬਿਰਤੀ ਅਬਿਨਾਸੀ ਦੇ ਸਨਮੁਖ ਨਹੀਂ, ਉਹ ਇਥੇ ਤੱਕ ਪਹੁੰਚ ਚੁੱਕੀ ? ਇਹਦੀ ਬਿਰਤੀ ਨੂੰ ਤਾਂ ਐਨਾ ਵੀ ਨਹੀਂ ਵਕਤ ਮਿਲਦਾ। ਉਹ ਕਦੇ ਸੁਪਤੀ ਮੇਂ ਵੀ ਮਸਾਂ ਜਾਂਦਾ ਹੈ। ਕਈਆਂ ਨੂੰ ਤਾਂ ਨੀਂਦ ਵੀ ਨਹੀਂ ਆਉਂਦੀ, ਗੋਲੀਆਂ ਖਾਂਦੇ ਨੇ। ਉਹ ਕਿਉਂ ਖਾਂਦੇ ਨੇ ? ਉਹਨਾਂ ਦੇ ਮਨ ਨੂੰ ਐਨਾਂ ਵੀ ਵਕਤ ਨਹੀਂ ਮਿਲਦਾ ਅਰਾਮ ਕਰਨ ਦਾ। ਇਤਨੇ ਖਿਆਲ, ਉਹਨਾਂ ਨੇ ਆਪਣੇ ਅੰਦਰ ਭਰ ਲਏ ਤੇ ਇਹ ਖਿਆਲ, ਇਹਦੇ ਮਨ ਨੂੰ ਛੱਡਦੇ ਨਹੀਂ। ਪਹਿਲੇ ਭਾਈ ! ਆਪਣੇ ਖਿਆਲ ਘਟਾਓ ਅਤਿਅੰਤ, ਮਾਇਆ ਦੇ। ਫਿਰ ਹੁਣ ਇਹਦੇ ਵੱਲ ਐਂ ਜਾਓ, ਬਈ ਇਹ ਤਾਂ ਅਬਿਨਾਸੀ ਹੈ, ਇਹ ਤਾਂ ਆਤਮਾ ਹੈ।

ਜਿਨੀ ਆਤਮੁ ਚੀਨਿਆ ਪਰਮਾਤਮੁ ਸੋਈ॥
ਏਕੋ ਅੰਮ੍ਰਿਤ ਬਿਰਖੁ ਹੈ ਫਲੁ ਅੰਮ੍ਰਿਤੁ ਹੋਈ॥ (ਪੰਨਾ ੪੨੧)

ਇਹ ਬੇਣੀ ਜੀ ਲਿਖਦੇ ਨੇ –

ਜਿਨਿ ਆਤਮ ਤਤੁ ਨ ਚੀਨਿ~ਆ॥
ਸਭ ਫੋਕਟ ਧਰਮ ਅਬੀਨਿਆ॥ (ਪੰਨਾ ੧੩੫੧)

ਇਹ ਬੇਣੀ ਜੀ ਲਿਖਦੇ ਨੇ। ਕਹਿੰਦੇ, ਜਿਹਨਾਂ ਨੇ ਆਤਮ ਤੱਤ ਨੂੰ ਨਹੀਂ ਚੀਨਿਆ, ਆਪਣੇ ਆਪ ਨੂੰ ਨਹੀਂ ਜਾਣਿਆ।

ਸਭ ਫੋਕਟ ਧਰਮ ਅਬੀਨਿਆ॥

ਓਹਨਾਂ ਨੇ ਫੋਕਟ ਧਰਮਾਂ ਦੇ ਵਿਚ ਜਿੰਦਗੀ ਖਰਾਬ ਕਰ ਲਈ।

ਕਹੁ ਬੇਣੀ ਗੁਰਮੁਖਿ ਧਿਆਵੈ॥
ਬਿਨੁ ਸਤਿਗੁਰ ਬਾਟ ਨ ਪਾਵੈ॥ (ਪੰਨਾ ੧੩੫੧)

ਬੇਣੀ ਕਹਿੰਦਾ, ਓਹਦਾ ਧਿਆਨ ਕਰੋ। ਅਖੇ, ਜੀ ਕਰਦੇ ਹਾਂ। ਕਹਿੰਦਾ, ਬਿਨਾਂ ਸਤਿਗੁਰ ਦੇ ਵਾਟ ਨਹੀਂ ਮਿਲਣੀ, ਰਸਤਾ ਨਹੀਂ ਮਿਲਣਾ, ਚਾਹੇ ਤੁਸੀਂ ਸਾਰੀ ਉਮਰ ਖੋਜ ਕਰੀ ਜਾਓ। ਇਹ ਤ੍ਰਿਨਾ, ਆਸਾ ਦੇ ਨਾਲ ਜੁੜਿਆ ਰਹਿੰਦੈ ਤੇ ਅਬਿਨਾਸੀ ਦਾ ਇਹਨੂੰ ਸਾਖਾਤ ਨਹੀਂ ਹੁੰਦਾ। ਨਿਰੁੱਧ ਅਵਸਥਾ ਮੇਂ ਨਹੀਂ ਹੁੰਦਾ, ਪੂਰਣ ਸਮਾਧੀ ਵਿਚ ਨਹੀਂ ਹੁੰਦਾ। ਏਸ ਬਾਤ ਦੀ ਬਾਬਤ ਦੋ ਸਾਲ ਵਿਰੱਕਤਾਂ ਚ ਬਹਿਸ ਹੁੰਦੀ ਰਹੀ। ਕੁੱਛ ਸੰਤ ਸਿਆਣੇ, ਇਹ ਆਖਣ ਬਈ ਪੱਕਾ ਗਿਆਨ ਸਮਾਧੀ ਤੇ ਹੁੰਦੈ, ਦੂਸਰੇ ਆਖਣ, ਨਹੀਂ, ਵਿਚਾਰ ਤੇ ਹੁੰਦੈ। ਹੁਣ ਗ੍ਰੰਥਾਂ ਚ ਵੇਦਾਂਤ ਮੇਂ ਵਿਚਾਰ ਤੇ ਵੀ ਗਿਆਨ ਲਿਖਿਆ ਹੋਇਐ ਤੇ ਵਸਿਟ ਨੇ ਤਾਂ ਸਾਫ ਕਹਿ ਦਿੱਤਾ ਬੜੇ ਵੇਦਾਂਤੀ ਨੇ ਬਈ ਜੀਵ-ਪ੍ਰਯਤਨ, ਤੇਰਾ ਦੇਵ ਹੈ। ਜੇ ਤੂੰ ਬਿਨਾਂ ਪ੍ਰਯਤਨ ਤੋਂ ਚਾਹੇਂ, ਬਈ ਮੇਰੀ ਸਮਾਧੀ ਹੋ ਜਾਏ, ਮੈਨੂੰ ਗਿਆਨ ਹੋ ਜਾਏ, ਗਲਤ ਹੈ। ਤੇਰਾ ਪੁਰ-ਪ੍ਰਯਤਨ ਹੀ ਤੇਰਾ ਦੇਵ ਹੈ। ਪੁਰ-ਪ੍ਰਯਤਨ ਨਾਉਂ ਹੈਗਾ, ਬਈ ਨਾਮ ਨੂੰ ਲੈਕੇ, ਓਹਦਾ ਐਨਾ ਅਭਿਆਸ ਕਰਨਾ ਤੇ ਨਾਲ ਵਿਚਾਰ ਕਰਨਾ। ਹੁਣ ਵਿਚਾਰ ਤੇ ਫੈਸਲਾ ਇਹ ਹੋਇਐ, ਜਿਹੜਾ ਅਸੀਂ ਸੁਣਿਐ, ਬਈ ਜਿਹੜੇ ਯੋਗ ਭ੍ਰਿਟ ਨੇ, ਪਿਛੋਂ ਕਰਦੇ ਆਏ ਨੇ, ਸਾਧਨ ਓਹਨਾਂ ਦੇ ਪੂਰੇ ਹੋ ਚੁੱਕੇ ਨੇ। ਖਿਨ ਮਾਤਰ ਓਹਨਾਂ ਦਾ ਰਹਿੰਦਾ ਸੀ, ਜੈਸੇ ਕਬੀਰ

ਆਦੀਆਂ ਦਾ, ਉਹਨਾਂ ਨੂੰ ਵਿਚਾਰ ਤੇ ਗਿਆਨ ਹੋ ਗਿਆ। ਉਹਨਾਂ, ਦਾ ਬਾਕੀ ਤਾਂ ਸਾਰਾ ਫਤਹਿ ਕੀਤਾ ਹੋਇਆ ਸੀ। ਉਹ ਤਾਂ ਅਭਿਆਸ ਕਰਦੇ ਆਏ, ਥੋੜਾ ਜਿਹਾ ਬਾਕੀ ਸੀ। ਅਜੇ ਐਨਾਂ ਕੁ ਹੋਇਐ, ਵਿਚਾਰ ਆਪੇ ਹੀ ਉਤਪੰਨ ਹੋ ਜਾਣੇ ਨੇ। ਜਦ ਮਹਾਂਪੁਰ ਨਾਲ ਮਿਲੇ, ਵਿਚਾਰ ਹੋਈ, ਉਹਨੂੰ ਸਰੂਪ ਦਾ ਗਿਆਨ ਹੋ ਗਿਆ। ਪਰ ਜਿਹੜਾ ਪਹਿਲਾਂ ਹੀ ਅਜੇ, ਸਾਧਨ ਕਰਨ ਲੱਗਿਆ ਹੀ ਹੈ, ਉਹਨੂੰ ਵਿਚਾਰ ਤੋਂ ਗਿਆਨ ਕੈਸੇ ਹੋਊ ? ਉਹਨੂੰ ਤਾਂ ਪੈਂਡਾ ਚੱਲਣਾ ਪਊ, ਉਹਨੂੰ ਤਾਂ ਅਭਿਆਸ ਕਰਨਾ ਪਏਗਾ। ਬਿਰਤੀ ਨੇ ੱਧ ਤਾਂ ਅਭਿਆਸ ਨਾਲ ਹੋਣਾ ਹੈ। ਜੇ ਇਹ ਨਾ ਹੁੰਦਾ ਤਾਂ ਐਂ ਕਿਉਂ ਲਿਖਦੇ ਵੇਦਾਂਤ ਵਾਲੇ ?

ਸੁਨਣ, ਮੰਨਣ, ਨਿਧਿਆਸਨ।

ਨਿਧਿਆਸਨ ਦੀ ਪਰਪੱਕ ਅਵਸਥਾ ਦਾ ਨਾਉਂ ਸਮਾਧੀ ਹੈ।

ਸੁਣਿਆ ਮੰਨਿਆ ਮਨਿ ਕੀਤਾ ਭਾਉ॥
ਅੰਤਰਗਤਿ ਤੀਰਥਿ ਮਲਿ ਨਾਉ॥ (ਪੰਨਾ ੪)

ਅੰਤਰ ਪ੍ਰਾਪਤ ਤੀਰਥ ਤੇ ਬਿਰਤੀ ਜਦ ਪੂਰੀ ਇਕਾਗਰ ਹੋ ਜਾਊ, ਬਿਰਤੀ ਦੀ ਸਾਰੀ ਮੈਲ ਧੋਤੀ ਜਾਊ, ਫਿਰ ਇਹਨੇ ਆਪਣੇ ਆਪ ਉਥੇ ਠਹਿਰ ਜਾਣੈ। ਹੁਣ ਤੁਸੀਂ ਆਪਣੀਆਂ ਬਿਰਤੀਆਂ ਵੱਲ ਦੇਖੋ, ਬਈ ਤੁਹਾਡੀਆਂ ਬਿਰਤੀਆਂ ਕਿਥੇ ਕੁ ਹੈਣ? ਤੜਕੇ ਉੱਠਕੇ, ਸਵਾ ਪਹਿਰ ਦੇ ਤੜਕੇ, ਇਨਾਨ ਕਰਕੇ, ਸੱਚੇ ਦਿਲੋਂ ਬਹਿ ਜਾਇਓ, ਉਹ ਆਪਣੇ ਆਪ ਹੀ ਤੁਹਾਡੀਆਂ ਬਿਰਤੀਆਂ ਵਿਚ ਆਈ ਜਾਊ, ਜਿਹੜਾ ਆਉਣਾ ਹੈ। ਏਸ ਕਰਕੇ, ਉਹ ਪਰਮੇਰ ਦਾ ਜਿਹੜਾ ਅਭਿਆਸ ਹੈ, ਓਸ ਤੋਂ ਬਿਨਾਂ ਕੋਈ ਕਾਰਜ ਨਹੀਂ ਸਿੱਧ ਹੋਣਾ, ਗੀਤਾ ਇਸ ਬਾਤ ਦੀ ਗਵਾਹ ਹੈ।

ਚੰਚਲੰ ਹਿ ਮਨਃ ਕ੍ਰਿਣ ਪ੍ਰਮਾਥਿ ਬਲਵਦ ਦ੍ਰਿੜੰ।
ਤਸਯਾਹੰ ਨਿਗ੍ਰਹੰ ਮਨਯੇ ਵਾਯੋਰਿਵ ਸੁਦੁਕਰਮ॥

(ਗੀਤਾ ੬/੩੪)

ਮੈਂ ਵਾਯੂ ਦੀ ਗੰਢ ਬੰਨ੍ਹ ਲਈ, ਪਰ ਮਨ ਮੇਰੇ ਵੱਸ ਵਿਚ ਨਹੀਂ। ਭਗਵਾਨ ਕ੍ਰਿਨ ਚੰਦਰ ਜੀ ਲਿਖਦੇ ਨੇ –

ਅਸੰਯੰ ਮਹਾਬਾਹੋ ਮਨੋ ਦੁਰਨਿਗ੍ਰਹੰ ਚਲਮ।
ਅਭਯਾਸੇਨ ਤੁ ਕੌਂਤੇਯ ਵੈਰਾਗਯੇਣ ਚ ਗ੍ਰਿਹਯਤੇ॥

(ਗੀਤਾ ੬/੩5)

ਇਹ ਤਾਂ ਅਭਿਆਸ ਤੇ ਵੈਰਾਗ ਤੋਂ ਤੇਰਾ ਕਾਰਜ ਸਿੱਧ ਹੋ ਜਾਣੈ। ਵੈਰਾਗ ਨਾਉਂ ਹੈ ਬੇ-ਰਾਗ। ਕਿਸੇ ਚੀਜ ਨਾਲ ਮੋਹ ਨਾ ਰਹਿਣਾ, ਰਾਗ ਨਾ ਰਹਿਣਾ। ਸਾਰੀ ਮਿਥਿਆ ਨਿਚੇ ਹੋ ਜਾਣਾ। ਫੇਰ ਅਭਿਆਸ ਉਸ ਵਸਤੂ ਦਾ, ਸਜਾਤੀ ਪਰਤਿਆਂ ਦਾ, ਪੂਰਾ ਪਰਵਾਹ ਚੱਲ ਪਏ ਜਦ, ਨਿਜ ਅਵਸਥਾ ਮੇਂ ਪਹੁੰਚ ਗਿਆ। ਇਹਦੇ ਲਈ, ਏਸ ਕਰਕੇ, ਇਹਨੂੰ ਕਮਾਈ ਦੀ ਜਰੂਰਤ ਹੈ। ਆਹ, ਤੁਹਾਡੇ ਵਿਚ ਪਹਿਲਾਂ ਵੀ ਤਾਂ ਤੁਹਾਡੇ ਅਭਿਆਸ ਨਾਲ ਹੀ ਸੰਸਕਾਰ ਪਏ ਨੇ। ਜੇ ਸੰਸਕਾਰ ਦਾ ਆਪੇ ਹੀ ਪੈਣ ਦਾ ਸੁਭਾਅ ਹੁੰਦਾ, ਤਾਂ ਜਿਹੜੇ ਤੁਹਾਡੇ ਸੰਸਕਾਰ ਹੁੰਦੇ, ਉਹੀ ਮੇਰੇ ਹੁੰਦੇ, ਉਹੀ ਇਹਨਾਂ ਦੇ ਹੁੰਦੇ। ਸੰਸਕਾਰ ਇਕ ਤਾਂ ਹੈਣ ਨਹੀਂ ਸਾਰਿਆਂ ਦੇ, ਸੰਸਕਾਰ ਤਾਂ ਅੱਡੋ ਅੱਡੀ ਹੈਣ। ਉਹ ਸੰਸਕਾਰ ਵੀ ਲੋਕਾਂ ਦੇ ਪਾਸ ਬਹਿਕੇ, ਅਭਿਆਸ ਨਾਲ ਹੀ ਥੋੜੇ ਬਹੁਤੇ ਆਏ ਨੇ। ਕੁੱਛ ਆਪ ਆਏ ਨੇ, ਕੁੱਛ ਪਿਛਲੇ ਜਨਮਾਂ ਦੇ ਨੇ, ਕੁੱਛ ਕੁਸੰਗ ਤੇ ਆ ਗਏ। ਸਤਿਸੰਗ ਨੇ ਹੀ ਉਹਨਾਂ ਦਾ ਨਾਸ ਕਰਨਾ ਹੈ। ਸਤਿਸੰਗ ਨੇ ਹੀ ਤੁਹਾਨੂੰ ਰਸਤਾ ਦੱਸਣਾ ਹੈ।

ਬਿਨੁ ਸਤਿਗੁਰ ਬਾਟ ਨ ਪਾਵੈ॥ (ਪੰਨਾ ੧੩5੧)

ਧਿਆਨ, ਇਹਨੂੰ ਪਹਿਲੇ ਪ੍ਰਾਪਤ ਨਹੀਂ ਹੋਣਾ। ਧਿਆਨ, ਵੈਰਾਗ ਤੋਂ ਪਿਛੋਂ ਲਗਦੈ। ਇਹ ਗ੍ਰੰਥਕਾਰਾਂ ਦਾ ਨਿਯਮ ਹੈ। ਤੁਹਾਡਾ ਧਿਆਨ ਉਦੋਂ ਟਿਕੇਗਾ ਜਦ ਰਾਗ ਨਾ ਰਹੇ, ਬੇ-ਰਾਗ ਹੋ ਜਾਉਂਗੇ ਤਾਂ ਹੀ ਮਨ ਉਥੇ ਬੈਠੇਗਾ। ਧਿਆਨ ਦੀ ਪਰਪੱਕ ਅਵਸਥਾ ਨੂੰ ਹੀ ਸਮਾਧੀ ਕਹਿੰਦੇ ਨੇ। ਹੋਰ ਕੀ ਹੈ ? ਏਸ ਕਰਕੇ, ਉਹ ਜੀਅਨ ਕਾ ਦਾਤਾ, ਅਬਿਨਾਸੀ ਹੈ। ਹੁਣ ਤੁਸੀਂ ਆਪਣੇ ਅੰਦਰ ਆਪ ਦੇਖੋ ਜੱਜ ਬਣਕੇ, ਬਈ ਅੰਦਰ

ਤੁਹਾਡੇ ਜੀਵ ਪੁਣੇ ਦਾ ਨਿਚਾ ਹੈ ਕਿ ਅਬਿਨਾਸੀ ਪੁਣੇ ਦਾ ਨਿਚਾ ਹੈ ? ਇਹ ਤਾਂ ਤੁਸੀਂ ਆਪ ਦੇਖੋ। ਜੇ ਤਾਂ ਤੁਹਾਡੇ ਅੰਦਰ ਮੰਗ ਹੈ ਦੁਨੀਆਂ ਦੀ ਤੇ ਖਿਆਲ ਨੇ ਦੁਨੀਆਂ ਦੇ ਤਾਂ, ਤਾਂ ਤੁਸੀਂ ਸੰਸਾਰੀ ਹੋਏ, ਅਬਿਨਾਸੀ ਕੈਸੇ ਹੋ ਜਾਉਂਗੇ ? ਗਿਆਨੀ ਕੈਸੇ ਹੋ ਜਾਉਂਗੇਂ ? ਏਸ ਕਰਕੇ, ਆਪ ਹੀ ਤੁਸੀਂ ਦੇਖਣਾ ਹੈ ਆਪਣੇ ਮਨ ਨੂੰ, ਆਪ ਹੀ ਤੁਸੀਂ ਸਾਫ ਕਰਨਾ ਹੈ।

ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ॥

(ਪੰਨਾ ੧੩੬੭)

ਮਨ ਸ਼ੁੱਧ ਤੁਸੀਂ ਆਪਣਾ, ਆਪ ਕਰਨਾ ਹੈ, ਉਹਦੇ ਵਿਚ ਗੁਰੂ ਔਰ ਪਰਮੇਰ ਦੀ ਕਿਰਪਾ ਦੀ ਜਰੂਰਤ ਹੈ। ਪਰਮੇਰ ਨੇ ਗੁਰੂ ਮਿਲਾਉਣੈ, ਗੁਰੂ ਨੇ ਤੁਹਾਨੂੰ ਇਕ ਨਾਮ ਨਾਲ ਜੋੜਨੈ। ਨਾਮ ਨਾਲ ਮਨ ਜੋੜਨੈ ਕਿ ਤੋੜਨੈ, ਇਹ ਤਾਂ ਤੁਹਾਡਾ ਪੁਰ ਪ੍ਰਯਤਨ ਹੈ। ਜੋੜਨਾ ਪੁਰ ਪ੍ਰਯਤਨ ਹੈ। ਤੋੜਨਾ, ਟੁੱਟ ਜਾਣਾ ਤਾਂ ਅਜੇ ਸੰਸਾਰ ਦੇ ਸੰਸਕਾਰ ਪ੍ਰਬਲ ਨੇ। ਏਸ ਕਰਕੇ, ਇਹੋ ਜਿਹਾ ਪਰਮੇਰ ਹੈ। ਹੁਣ ਪੜ੍ਹ ਭਾਈ –

ਅਬਿਨਾਸੀ ਜੀਅਨ ਕੋ ਦਾਤਾ

ਅਬਿਨਾਸੀ, ਸਾਰੇ ਜੀਆਂ ਦਾ ਦਾਤਾ ਹੈ। ਉਤਪਤੀ, ਪਾਲਣਾ, ਲੈਅ ਕਰਨ ਵਾਲਾ ਪਰਮੇਰ, ਨਾਸ ਤੇ ਰਹਿਤ ਹੈ।

ਸਿਮਰਤ ਸਭ ਮਲੁ ਖੋਈ॥

ਕਹਿੰਦੇ–ਜੀ ਸਾਡੀ ਜਿਹੜੀ ਮੈਲ ਸੰਸਕਾਰਾਂ ਦੀ ਲੱਗੀ ਹੋਈ ਹੈ, ਸਕਾਮਤਾ ਦੀ, ਇਹ ਕੈਸੇ ਖੋਈ ਜਾਵੇ ? ਕਹਿੰਦੇ, ਸਿਮਰਨ ਨਾਲ। ਸਿਮਰਨ ਤਾਂ ਦੂਜੀ ਅਵਸਥਾ ਹੈ। ਪਹਿਲੇ ਤੁਹਾਡਾ ਨਾਮ ਦ੍ਰਿੜ ਕਰਕੇ ਜਪੁ, ਫੇਰ ਸਿਮਰਨ, ਫਿਰ ਧੁਨ ਤੇ ਫਿਰ ਲਿਵ। ਅਨਾਹਤ ਵੀ ਦੂਸਰੀ ਮੇਂ ਆ ਜਾਣੈ, ਇਕ ਰਸ ਤੁਹਾਡਾ ਸਿਮਰਨ ਚੱਲ ਜਾਏ। ਅਨਾਹਤ ਕਿਸੇ ਐਸੀ ਵਸਤੂ ਦਾ ਨਾਉਂ ਨਹੀਂ। ਜੇ ਤੁਸੀਂ ਇਹ ਅਰਥ ਕਰੋ ਕਿ ਅਨਾਹਤ, ਆਹਤ ਤੋ ਰਹਿਤ ਚੇਤਨ ਆਤਮਾ ਹੈ, ਫਿਰ ਤੁਹਾਨੂੰ

ਸਿਮਰਨ ਦੀ ਕੀ ਜਰੂਰਤ ਹੈ ? ਤੁਸੀਂ ਤਾਂ ਹੋ ਹੀ ਪਹਿਲੇ। ਉਹ ਤੁਹਾਡੇ ਸਿਮਰਨ ਨੇ ਉਸ ਇਕ ਰਸ ਨਾਲ ਤੁਹਾਨੂੰ ਲਿਵ ਨੇ ਜੋੜਨੈ ਤੇ ਸਿਮਰਨ ਤਾਂ ਮਨ ਨੇ ਕਰਨੈ, ਆਤਮਾ ਨੇ ਤਾਂ ਨਹੀਂ ਕਰਨਾ। ਆਤਮਾ ਨੂੰ ਤਾਂ ਸਿਮਰਨ ਦੀ ਜਰੂਰਤ ਹੀ ਨਹੀਂ। ਕੋਈ ਵੀ ਸਾਧਨ ਕਿਸੇ ਗ੍ਰੰਥਕਾਰਾਂ ਨੇ ਆਤਮਾ ਵਾਸਤੇ ਤਾਂ ਨਹੀਂ ਲਿਖਿਆ ਹੋਇਆ। ਜਿਥੇ ਦੂਟਾ ਆਇਆ, ਉਥੇ ਜਾਕੇ ਸਾਧਨ ਬੰਦ ਹੋ ਗਏ। ਗੁਰੂ ਸਾਹਿਬ ਨੇ ਸਾਫ ਲਿਖਿਐ, ਪੰਡਿਤ ਸੀ ਨਾ ਜਿਹੜਾ ਖਟ ਸਾਤਰੀ ਦਾਰਨਿਕ ਤੇ ਉਹਦਾ ਲੜਕਾ ਗੁਰ ਗਿਆ ਤੇ ਉਹ ੋਕ ਮੇਂ ਚਲਿਆ ਗਿਆ। ਗੁਰੂ ਸਾਹਿਬ ਕਹਿੰਦੇ –

ਮੂਈ ਸੁਰਤਿ ਬਾਦੁ ਅੰਹਕਾਰੁ॥
ਓਹੁ ਨ ਮੂਆ ਜੋ ਦੇਖਣਹਾਰੁ॥
ਜੈ ਕਾਰਣਿ ਤਟਿ ਤੀਰਥ ਜਾਹੀ॥
ਰਤਨ ਪਦਾਰਥ ਘਟ ਹੀ ਮਾਹੀ॥
ਪੜਿ ਪੜਿ ਪੰਡਿਤੁ ਬਾਦੁ ਵਖਾਣੈ॥
ਭੀਤਰਿ ਹੋਦੀ ਵਸਤੁ ਨ ਜਾਣੈ॥ (ਪੰਨਾ ੧੫੨)

ਪੰਡਿਤ ਕਹਿੰਦਾ–ਜੀ ਤੁਸੀਂ ਨਹੀਂ ਮਰੋਂਗੇ ? ਗੁਰੂ ਸਾਹਿਬ ਕਹਿੰਦੇ–

ਹਉ ਨ ਮੂਆ ਮੇਰੀ ਮੂਈ ਬਲਾਇ॥
ਓਹੁ ਨ ਮੂਆ ਜੋ ਰਹਿਆ ਸਮਾਇ॥
ਕਹੁ ਨਾਨਕ ਗੁਰਿ ਬ੍ਰਹਮੁ ਦਿਖਾਇਆ॥
ਮਰਤਾ ਜਾਤਾ ਨਦਰਿ ਨ ਆਇਆ॥ (ਪੰਨਾ ੧੫੨)

ਹੁਣ ਦਾਰਨਿਕ ਨੇ ਤਾਂ ਅੱਗੋਂ ਵੇਦ ਗਿਆਨ ਮੇਂ ਪਹੁੰਚਣੈ।

ਏਕੋ ਦੇਵਾ ਸਰਵ ਭੂਤੇ੍ ਗੂੜਾ ਸਰਵਵਿਆਪੀ ਸਰਵ ਭੂਤੰਤਰਾਤਮਾ॥ (ਸ੍ਵੇਤਾਵਰ ਉਪਨਿਦ ੬/੧੧)

ਉਹ ਵੇਦ ਤਾਂ ਏਕੇ ਤੇ ਚੱਲਣੈ। **ਏਕੋ ਦੇਵਾ** । ਉਹ ਵੇਦ ਮੇਂ ਵੀ ਏਕਾ ਹੈ। ਹੁਣ ਦਾਰਨਿਕ ਸਾਰੇ ਪੁਰਾਣਾਂ ਮੇਂ ਆ ਗਏ। ਕਹਿੰਦੇ, ਅਣਜਾਣ ਹੈ, ਇਹ ਤੈਂ ਲਿਖਿਆ ਹੋਇਆ ਪੜ੍ਹਿਆ ਨਹੀਂ ? ਪਹਿਲੇ

ਸਾਧੂ ਜਿਹੜੇ ਹੁੰਦੇ ਸੀ, ਉਹ ਇੰਝ ਹੀ ਬੋਲਦੇ ਸੀ, ਉਹ ਪੁਰਾਣ ਤੋਂ ਦਾਰਨਿਕ ਮੇਂ ਜਾਂਦੇ ਸੀ, ਦਾਰਨਿਕ ਤੋਂ ਫਿਰ ਉਹ ਵਿਆਪਕ ਮੇ ਂ ਜਾਂਦੇ ਸੀ। ਵੇਦ ਵੀ ਅਸਲੀ ਤਾਂ ਏਕਾ ਹੈ। ਏਕੇ ਤੋਂ ਮੁੜਕੇ ਫਿਰ ਤੂੰ ਕਿੱਥੇ ਜਾਏਂਗਾ ਬਈ ? ਏਕੇ ਤੋਂ ਮੁੜਕੇ ਫੇਰ ਤੂੰ ਜੀਵ ਮੇਂ ਜਾਏਂਗਾ ? ਲੋਕਾਂ ਨੂੰ ਦੱਸੇਂਗਾ ਬਈ ਜੀਵ ਹੈ। ਏਸ ਕਰਕੇ, ਗੱਲ ਉਹਦੀ ਸੱਚੀ ਹੈ, ਇਹ ਗੱਲ ਮੈਂ ਵੀ ਉਹਨੂੰ ਕਹੀ ਸੀ। ਕਿਉਂ ? ਕਹਿੰਦਾ ਅਣਜਾਣ ਨੇ। ਇਹ ਉੱਠਕੇ ਪਛਾਣ ਕਰਨ ਲੱਗ ਜਾਂਦੈ। ਦੁਨੀਆਂ ਨੂੰ ਭ੍ਰਾਂਤੀ ਪੈ ਜਾਂਦੀ ਹੈ, ਬਈ ਇਹ ਗੱਲ ਠੀਕ ਹੋਣੀ ਹੈ, ਮੈਂ ਗਲਤ ਹਾਂ, ਇਹ ਠੀਕ ਹੈ। ਏਸ ਕਰਕੇ, ਭਾਈ ! ਉਹ ਅਬਿਨਾਸੀ ਹੈ, ਉਹ ਨਾਸ ਤੋਂ ਰਹਿਤ, ਹੈ ਪਰ ਜੀਅਨ ਕਾ ਦਾਤਾ ਵੀ ਤਾਂ ਹੈ ਤੇ ਦਾਤਾ ਹੋਕੇ ਭੇਖਾਰੀ ਤਾਂ ਨਹੀਂ ਹੋ ਗਿਆ, ਉਹ ਅਬਿਨਾਸੀ ਹੀ ਰਹੇਗਾ।

ਓਹੁ ਅਬਿਨਾਸੀ ਬਿਨਸਤ ਨਾਹੀ॥
ਨਾ ਕੋ ਆਵੈ ਨਾ ਕੋ ਜਾਹੀ॥ (ਪੰਨਾ ੭੩੬)

ਇਧਰ ਨੂੰ ਜਾਣਾ, ਉਹਦੇ ਵਿਸਣ ਤਾਂ ਇਹ ਹੈਣਗੇ। ਏਸ ਕਰਕੇ, ਜੀਅਨ ਕਾ ਦਾਤਾ ਵੀ ਹੈ। ਹੁਣ ਤੁਸੀਂ ਆਪਣੇ ਅੰਦਰ ਦੇਖੋ, ਤੁਹਾਡੇ ਅੰਦਰ ਦੁਨੀਆਂ ਦੀ ਮੰਗ ਹੈ ਕਿ ਨਹੀਂ ? ਜੇ ਤਾਂ ਹੈਗੀ ਤਾਂ ਤੇ ਫਿਰ ਤੁਸੀਂ ਇਥੋਂ ਤੁਰੋ, ਜਿਥੇ ਤੁਸੀਂ ਆਤਮਾ ਦੀ ਵਿਚਾਰ ਕਰਨੀ ਹੈ। ਜੇ ਅੰਦਰ ਤੁਹਾਡੇ ਦੁਨੀਆਂ ਦੀ ਮੰਗ ਹੈ, ਫੇਰ ਤੁਹਾਨੂੰ ਸਮਝ ਵੀ ਬਹੁਤ ਕਮ ਆਏਗੀ। ਆਏਗੀ ਤਾਂ ਸਹੀ, ਪਰ ਥੋੜੀ ਆਏਗੀ। ਇਹ ਗੱਲਾਂ ਵਿਖਿਆਨਕਾਂ ਦੀਆਂ ਤਾਂ ਨਹੀਂ ਹੁੰਦੀਆਂ। ਅੱਜ ਮੈ ਕਹਿਣ ਲੱਗਿਆਂ, ਮੈਂ ਨਹੀਂ ਕਦੇ ਕਿਹਾ ਹੈਗਾ। ਵਿਖਿਆਨਕ ਨੂੰ ਜਿੱਥੋਂ ਤੁਰਨਾ ਚਾਹੀਏ, ਐਂ ਜਾਣਾ ਚਾਹੀਏ। ਗੁਰੂ ਨਾਨਕ, ਪੰਡਿਤ ਨਾਲ ਪਹਿਲਾਂ ਜੀਵ ਤੋਂ ਤੁਰੇ ਤੇ ਫਿਰ ਦ੍ਰਿਟਾ ਮੇਂ ਗਏ ਫੇਰ ਦ੍ਰਿਟਾ ਤੇ ਜਾਕੇ, ਵਿਆਪਕ ਮੇਂ ਗਏ। ਵਿਆਪਕ ਮੇਂ ਕਿਹਾ –

ਹਉ ਨ ਮੂਆ ਮੇਰੀ ਮੂਈ ਬਲਾਇ॥
ਓਹੁ ਨ ਮੂਆ ਜੋ ਰਹਿਆ ਸਮਾਇ॥

ਕਹੁ ਨਾਨਕ ਗੁਰਿ ਬ੍ਰਹਮੁ ਦਿਖਾਇਆ॥
ਮਰਤਾ ਜਾਤਾ ਨਦਰਿ ਨ ਆਇਆ॥ (ਪੰਨਾ ੧੦੨)

ਮੇਰੇ ਗੁਰੂ ਨੇ ਮੈਨੂੰ ਉਹ ਚੀਜ ਦਿਖਾਈ, ਗੁਰੂ ਨਾਨਕ ਆਂਹਦੇ। ਮੇਰਾ ਜੋ **ਅਕਾਲ ਪੁਰਖ** ਗੁਰੂ ਹੈ, ਨੇ ਮੈਨੂੰ ਉਹ ਚੀਜ ਦਿੱਤੀ ਹੈ, ਦੇ ਕੇ ਭੇਜਿਆ ਹੈ। ਦ੍ਰਟਾ ਤੋਂ ਤੁਰ ਕੇ ਵਿਆਪਕ ਮੇਂ ਲੈ ਗਏ। ਪੰਡਿਤ ਮੋਹ ਵਿਚ ਸੀਗਾ, ਜੇ ਉਹ ਦ੍ਰਟਾ ਮੇਂ ਨਾ ਜਾਂਦਾ ਪੰਡਿਤ, ਵਿਆਪਕ ਮੇਂ, ਤਾਂ ਉਹਦਾ ਮੋਹ ਕੈਸੇ ਨਾਸ ਹੁੰਦਾ ? ਉਹ ਬਦ ਐਵੇਂ ਤਾਂ ਨਹੀਂ ਉਚਾਰਿਆ, ਗੁਰੂ ਸਾਹਿਬ ਐਵੇਂ ਤਾਂ ਨਹੀਂ ਉਚਾਰਦੇ ਹੁੰਦੇ। ਪਰ ਸਾਨੂੰ ਉਹਨਾਂ ਦਾ ਪਤਾ ਨਹੀਂ ਲੱਗਦਾ, ਬਈ ਕਿੱਥੋਂ ਚੱਲੀਏ। ਉਹ ਪੜ੍ਹਿਆ ਲਿਖਿਆ ਸਿਆਣਾ, ਇਹ ਗੰਗਾ ਸਿੰਹੁ ਕਹਿੰਦੇ ਹੁੰਦੇ।

ਜੀਵ ਵੀ, ਚਾਰ ਖਾਣੀਆਂ ਵੀ, ਇਸ ਪਦ ਵਿਚ ਨੇ, ਤੇ ਦਾਤਾ ਅਬਿਨਾਸੀ ਵੀ ਹੈ। ਹੁਣ ਤੁਸੀਂ ਆਪਣੇ ਅੰਦਰ ਦੇਖੋ। ਤੁਹਾਡੇ ਅੰਦਰ ਮੰਗ ਤਾਂ ਨਹੀਂ ਕੋਈ, ਜੇ ਮੰਗ ਹੈ ਤਾਂ ਤੁਸੀਂ ਜੀਵ ਕੋਟੀ ਦੇ ਅਭਿਲਾਗੀ ਹੋ, ਤੁਹਾਨੂੰ ਤਾਂ ਅਜੇ ਥਹੁ ਹੀ ਨਹੀਂ ਆਇਆ। ਜਿਸ ਦਿਨ ਤੁਹਾਡੀ ਬਿਰਤੀ ਅਬਿਨਾਸੀ ਪਦ ਮੇਂ ਚਲੀ ਜਾਊ, ਮੰਗ ਰਹਿ ਜਾਊ ਕੋਈ ਥੋੜੇ ਅੰਦਰ ? ਤੁਸੀਂ ਦਾਤਾ ਹੋ ਜਾਉਂਗੇ। ਕਦੇ ਕੋਈ ਬ੍ਰਹਮ ਗਿਆਨੀ ਮੰਗਤਾ ਦੇਖਿਐ ਤੁਸੀਂ ? ਕਬੀਰ, ਨਾਮਦੇਵ, ਗੁਰੂ ਨਾਨਕ ਕਦੇ ਉਹਨਾਂ ਨੇ ਬਿਨਾਂ ਨਾਮ ਦੇ ਕੋਈ ਮੰਗ ਮੰਗੀ ? ਜਦ ਵੀ ਉਹਨਾਂ ਨੇ ਉਚਾਰਣ ਕੀਤਾ ਲੋਹ ਤੇ ਬੈਠਿਆਂ ਨੇ। ਪੜ੍ਹੋ ਸਾਰੇ –

ਹਰਿ ਕਾ ਨਾਮੁ ਰਿਦੈ ਨਿਤ ਧਿਆਈ॥
ਸੰਗੀ ਸਾਥੀ ਸਗਲ ਤਰਾਂਈ॥
ਗੁਰੁ ਮੇਰੈ ਸੰਗਿ ਸਦਾ ਹੈ ਨਾਲੇ॥
ਸਿਮਰਿ ਸਿਮਰਿ ਤਿਸੁ ਸਦਾ ਸਮ~ਾਲੇ॥ ਰਹਾਉ॥
ਤੇਰਾ ਕੀਆ ਮੀਠਾ ਲਾਗੈ॥
ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ॥ (ਪੰਨਾ ੩੯੪)

ਦੱਸੋ, ਨਾਮ ਦੇ ਬਿਨਾਂ ਕੋਈ ਮੰਗ ਆਈ ? ਫੇਰ, ਜੇ ਜੀਵ ਹੁੰਦਾ ਤਾਂ

ਉਥੇ ਦੁਨੀਆਂ ਦੀ ਮੰਗ ਨਾ ਆਉਂਦੀ ? ਮੰਗਤਿਆਂ ਤੋਂ ਤਾਂ ਰੱਬ ਵੀ ਡਰਦੈ। ਆਹ ਅਸੀਂ ਕਿਸੇ ਦਰਵਾਜੇ ਤੇ ਜਾਈਏ, ਡਰ ਜਾਂਦੈ। ਇਕ ਸਮਾਜੀ ਸੀ, ਅਸੀਂ ਚਲੇ ਗਏ, ਉਹ ਥੋੜਾ ਜਿਹਾ ਡਰਿਆ, ਅਸੀਂ ਕਿਹਾ ਡਰਿਆ ਕਿਉਂ ? ਕਹਿੰਦਾ–ਜੀ ਆਹ ਤੁਹਾਡੇ ਕੱਪੜੇ ਡਰਾਉਂਦੇ ਨੇ। ਤੁਸੀਂ ਆਪਣੇ ਅੰਦਰ ਦੇਖੋ, ਤੁਹਾਡਾ ਜੀਵ ਪੁਣੇ ਵਿਚ ਮਨ ਖੜ੍ਹਾ ਹੈ ਕਿ ਅਬਿਨਾਸੀ ਦੇ ਨਾਲ ਇਕ ਹੋ ਚੁੱਕਾ ਹੈ, ਨਿਰੁੱਧ ਅਵਸਥਾ ਹੋਈ ਹੈ ਕਦੇ ? ਨਹੀਂ–

ਤੇ ਫਿਰ ਤਾਂ ਮੰਗਤੇ ਕੋਟੀ ਮੇਂ ਹੀ ਆਏ ਸਾਰੇ। ਏਸ ਕਰਕੇ, ਨਾਮ –

ਗੁਣ ਨਿਧਾਨ ਭਗਤਨ ਕਉ ਬਰਤਨਿ

ਕਹਿੰਦੇ, ਗੁਣਾਂ ਦਾ ਖਜਾਨਾ ਕੀ ਹੈ ? ਭਗਤਾਂ ਦੀ ਵਰਤੋਂ ਕੌਣ ਨੇ?

ਸਤੁ ਸੰਤੋਖੁ ਦਇਆ ਧਰਮੁ ਸੁਚਿ ਸੰਤਨ ਤੇ ਇਹੁ ਮੰਤੁ ਲਈ॥

(ਪੰਨਾ 822)

ਸੰਤਾਂ, ਭਗਤਾਂ ਦੀ ਤਾਂ ਵਰਤੋਂ ਹੀ ਹੈ ਸਤਿ। ਲੋਕ ਬੜੇ ਸਿਆਣੇ ਨੇ।

ਭਗਤਾ ਕੀ ਚਾਲ ਨਿਰਾਲੀ॥
ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ॥

(ਪੰਨਾ ੯੧੪)

ਫੇਰ ਤੁਹਾਡੇ ਅੰਦਰ ਆ ਗਈ, ਭਗਤਾਂ ਵਾਲੀ ਚਾਲ ? ਫੇਰ ਤੁਸੀਂ ਭਗਤ ਕੈਸੇ ਬਣ ਗਏ ? ਭਗਤਾਂ ਦੀ ਤਾਂ ਵਰਤੋਂ ਹੀ ਹੋਰ ਹੈ। ਥੋਡੀ ਸੰਸਾਰੀਆਂ ਦੀ ਵਰਤੋਂ, ਹੋਰ ਹੈ।

ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ॥

(ਪੰਨਾ ੧45)

ਗੁਰੂ ਸਾਹਿਬ ਲਿਖ ਨਹੀਂ ਗਏ ? ਉਹਨਾਂ ਦਾ ਤਾਂ ਕਦੇ ਜੋੜ ਨਹੀਂ ਆਉਂਦਾ। ਜਦ ਉਹ ਭਗਤ ਕੋਟੀ ਮੇਂ ਕਬੀਰ ਆਦਿ ਚਲੇ ਗਏ, ਫੇਰ ਉਹ ਸੰਸਾਰੀ ਨਹੀਂ ਰਹੇ। ਜਦ ਸੰਸਾਰੀ ਜੀਵ ਨੇ ਤਾਂ ਭਗਤੀ ਨਹੀਂ

ਕੀਤੀ, ਤੇ ਭਗਤਾਂ ਦੀ, ਗੁਰੂ ਸਾਹਿਬ ਕਹਿੰਦੇ, ਇਹ ਬਰਤਨਿ ਹੈ ਭਾਈ –

ਬਿਰਲਾ ਪਾਵੈ ਕੋਈ॥

ਇਹ ਬਾਤ ਤਾਂ ਕਿਸੇ ਵਿਰਲੇ ਨੂੰ ਪ੍ਰਾਪਤ ਹੋਊ। ***ਸਤੁ ਸੰਤੋਖੁ ਦਇਆ ਧਰਮੁ ਸੁਚਿ*** ਇਹ ਬੁੱਧੀ ਲੈਕੇ ਫਿਰ ਤੁਸੀਂ ਪਰਮੇਰ ਨਾਲ ਬਿਰਤੀ ਜੋੜਨ ਦਾ ਅਭਿਆਸ ਕਰਨਾ। ਸੁਣਨਾ, ਮੰਨਣ ਕਰਨਾ ਤੇ ਫਿਰ ਅਭਿਆਸ ਕਰਨਾ ਤੇ ਫਿਰ ਸਮਾਧੀ। ਇਹ ਤਾਂ ਨਿਰੁੱਧ ਅਵਸਥਾ ਹੋ ਜਾਏਗੀ ਇਥੇ। ਇਉਂ ਹੈ ਭਾਈ ! ਇਥੇ ਜੀਵਪੁਣਾ ਟੁੱਟਣੈ ਨਿਰੁੱਧ ਅਵਸਥਾ ਮੇਂ ਜਾਕੇ, ਪਹਿਲਾਂ ਤਾਂ ਜੀਵਪੁਣੈ। ਉਸ ਜੀਵ ਨੇ, ਐਂ ਅਬਿਨਾਸੀ ਨਾਲ ਇਕ ਹੋਣੈ। ਗੱਲ ਤਾਂ ਵਿੱਚੋਂ ਇਉਂ ਹੈ ਨਾ। ਚੱਲੀਏ –

ਮੇਰੇ ਮਨ ਜਪਿ ਗੁਰ ਗੋਪਾਲ ਪ੍ਰਭੁ ਸੋਈ॥

ਦੇਖੋ ! ਗੁਰੂ ਸਾਹਿਬ ਦੀ ਕਿਰਪਾ, ਕਿੱਡਾ ਸੁਹਣਾ ਇਹ ਸਾਧਨ ਦੱਸਿਆ। ਫੇਰ ਪੜ੍ਹ ਹੁਣ ਭਾਈ –

ਮੇਰੇ ਮਨ ਜਪਿ ਗੁਰ ਗੋਪਾਲ ਪ੍ਰਭੁ ਸੋਈ॥

ਉਹ **ਸੋ** ਜਿਹੜਾ ਤੁਹਾਨੂੰ ਪਰਮੇਰ ਨੇ ਕਿਰਪਾ ਕਰਕੇ ਗੁਰੂ ਦੁਆਰੇ ਨਾਮ ਦਿੱਤਾ ਹੈ, ਜਿਸਦਾ ਨਾਮ ਦਿੱਤਾ, ਉਹ ਤੁਹਾਡੇ ਅੰਦਰ ਨਹੀਂ ਹੈ ? ਉਹ ਵਿਆਪਕ ਨਹੀਂ ਹੈ ? ਉਹਦਾ ਜਪ ਕਰਕੇ ਤੈਂ ਇਹ ਕਰਨੈ। ਆਹ ਹੈ ਤੇਰਾ ਉਸ ਜਗ੍ਹਾ ਅਬਿਨਾਸੀ ਮੇਂ ਪਹੁੰਚਣ ਦਾ ਰਸਤਾ। ਇਹ ਬਾਣੀ ਹੈ, ਇਹ ਬਾਣੀ ਅਜਬ ਹੈ, ਅਸਚਰਜ ਹੈ। ਕਦੇ ਕਦੇ ਸਾਡੇ ਕੋਈ ਤੁੱਕ ਨਹੀਂ ਯਾਦ ਆਉਂਦੀ, ਫੇਰ ਜਦ ਅਸੀਂ ਓਥੇ ਜਾਕੇ, ਇੱਕਲੇ ਬਹਿਕੇ ਯਾਦ ਕਰਦੇ ਹਾਂ ਤਾਂ ਆਉਂਦੀ ਹੈ। ਮੈਂ ਕਹਿਨਾਂ ਓਹੋ ! ਉਥੇ ਤਾਂ ਐਂ ਚੱਲਣਾ ਸੀ, ਉਦੋਂ ਫਿਰ ਸਾਨੂੰ ਪਤਾ ਲੱਗਦੈ ਚੱਲਣਾ ਐਂ ਸੀ, ਥੋੜਾ ਜਿਹਾ ਐਂ ਕਰ ਗਏ। ਜਦ ਮਨ ਵਿਚ ਕੋਈ ਸੰਕਲਪ ਆ ਜਾਊ ਸੰਸਾਰੀ, ਉਦੋਂ ਫਿਰ ਭੁੱਲ ਕੇ ਉੱਕ ਜਾਊ। ਓਥੇ ਜਾਕੇ ਯਾਦ ਆਊ, ਐਂ ਚੱਲਣਾ ਸੀ ਪਰ ਐਂ ਚਲੇ ਗਏ, ਹੁਣ ਕੀ

ਕਰੀਏ ? ਇਸ ਕਰਕੇ, ਭਾਈ ! ਇਹ ਤੁਹਾਡਾ ਰਸਤਾ ਅਬਿਨਾਸੀ ਪਦ ਮੇਂ ਪਹੁੰਚਣ ਦਾ ਹੈ, ਤੇ ਇਹ ਰਸਤਾ ਜਦ ਤੁਸੀਂ ਤੁਰੋਂਗੇ ਤੇ ***ਸਤੁ ਸੰਤੋਖੁ ਦਇਆ ਧਰਮੁ ਸੁਚਿ*** ਗੁਰੂ ਸਾਹਿਬ ਤੁਹਾਨੂੰ ਆਪ ਦੱਸ ਦੇਣਗੇ।

ਸੰਤਨ ਤੇ ਇਹੁ ਮੰਤੁ ਲਈ॥ (ਪੰਨਾ ੪੨੨)

ਇਹ ਚੀਜ ਤਾਂ ਸੰਤਾਂ ਤੋਂ ਮਿਲਣੀ ਹੈ। ਇਹ ਬੜੀ ਉੱਚੀ ਚੀਜ ਹੈ। ਚੱਲੋ –

ਜਾ ਕੀ ਸਰਣਿ ਪਇਆਂ ਸੁਖੁ ਪਾਈਐ

ਕਹਿੰਦੇ–ਫਿਰ ਕੀ ਹੋਊ ? ਕਹਿੰਦਾ–ਨਾਮ, ਜਦ ਜੀਵ ਨੂੰ ਪ੍ਰਾਪਤ ਹੋ ਜਾਏ, ਇਹਤਾਂ ਬਖ਼ਸ਼ ਹੈ। ਤੁਸੀਂ ਪੜ੍ਹਦੇ ਨਹੀਂ ਹੋ ਸੁਖਮਨੀ। ਸੁਖਮਨੀ ਦੀ ਜਦ ਤੇਰਵੀਂ ਅਟਪਦੀ ਪੜ੍ਹੋਂਗੇ, ਉਹਦੇ ਵਿਚ ਆਊ ਬਈ ਨਾਮ ਤਾਂ ਕਿਰਪਾ ਤੇ ਮਿਲਣਾ ਹੈ। ਜਦ ਤੁਹਾਨੂੰ ਨਾਮ, ਕਿਰਪਾ ਤੇ ਮਿਲ ਗਿਆ, ਤੁਹਾਡਾ ਮਨ, ਨਾਮ ਨਾਲ ਜੁੜ ਗਿਆ ਤੇ ਫਿਰ ਤੁਸੀਂ ਰਣ ਮੇਂ ਹੋਕੇ ਅਬਿਨਾਸੀ ਮੇਂ ਚਲੇ ਜਾਉਂਗੇ। ਨਾਮ ਮਿਲਿਆ ਤਾਂ ਰਣ ਪਏ। ਉਹ ਕਹਿੰਦੇ–ਆਹ ਵਸਤੂ ਹੈ। ਫੇਰ ਪੜ੍ਹ ਭਾਈ ! ਸਾਰਾ–

ਜਾ ਕੀ ਸਰਣਿ ਪਇਆਂ ਸੁਖੁ ਪਾਈਐ ਬਾਹੁੜਿ ਦੂਖੁ ਨ ਹੋਈ॥ ਰਹਾਉ॥

ਜਿਸ ਪਰਮੇਰ ਦੀ ਰਣ ਪੈਣੇ ਸੇ ਆਤਮ ਸੁੱਖ ਪ੍ਰਾਪਤ ਹੋਏਗਾ, ਉਹ ਸੁੱਖ ਪ੍ਰਾਪਤ ਹੋਏਗਾ, ਅਬਿਨਾਸੀ। ਅਬਿਨਾਸੀ ਸੁਖ ਇੱਥੇ ਪ੍ਰਾਪਤ ਹੋਏਗਾ। ਕਿਨ੍ਹਾਂ ਨੂੰ ? ਜੀਵਾਂ ਨੂੰ। ਜੀਵਾਂ ਨੂੰ ਇਥੇ ਵਸਤੂ ਪ੍ਰਾਪਤ ਹੋਏਗੀ। ਹੁਣ ਇੱਥੇ ਇਹ ਤਾਂ ਨਹੀਂ ਬਈ ਫਲਾਣੇ ਨੂੰ ਪ੍ਰਾਪਤ ਹੋਊ। ਇਹ ਕਬੀਰ ਨੂੰ ਹੋ ਜਾਏ, ਨਾਮਦੇਵ ਨੂੰ ਹੋ ਜਾਏ, ਰਵਿਦਾਸ ਨੂੰ ਹੋ ਜਾਏ, ਭੀਲਣੀ ਨੂੰ ਹੋ ਜਾਏ, ਕੋਈ ਕਿਸੇ ਦਾ ਠੇਕਾ ਹੈ ਇਥੇ। ਨਾ, ਕੋਈ ਵੀ ਜੀਵ ਹੋਵੇ।

ਜੋ ਜੋ ਜਪੈ ਤਿਸ ਕੀ ਗਤਿ ਹੋਇ॥ (ਪੰਨਾ ੨੭੪)

ਇਹ ਗੁਰੂ ਸਾਹਿਬ ਨੇ ਤਾਂ ਫੈਸਲਾ ਕਰ ਦਿੱਤਾ।।

ਉਪਦੇਸੁ ਚਹੁ ਵਰਨਾ ਕਉ ਸਾਝਾ।। (ਪੰਨਾ ੭੪੪)

ਮੈ ਤੁਹਾਨੂੰ ਕਈ ਵਾਰੀ ਦੱਸਿਐ, ਮੈਂ ਨਿਹੰਗਾਂ ਦੇ ਚਲਿਆ ਗਿਆ, ਉਥੇ ਵੀ ਇਹੀ ਗੱਲ ਹੋਈ।।

ਮੈ ਰਣ ਪਿਆ ਦੀ। ਪਰਮੇਰ ਤਾਂ ਇਕ ਹੈ, ਦੋ ਤਾਂ ਨਹੀਂ ਕਿਸੇ ਨੇ ਲਿਖੇ। ਦੋ ਤਾਂ ਗੌਤਮ ਨੇ ਲਿਖੇ ਨੇ, ਨਿਆਇ ਵਾਲੇ ਗ੍ਰੰਥ ਚ ਕਿ ਇਕ ਜੀਵ ਤੇ ਇਕ ਈਰ, ਨਿਤ ਨੇ। ਬਿਆਸ ਨੇ ਆਉਂਦੇ ਨੇ ਖੰਡਨ ਕਰ ਦਿੱਤਾ। ਉਹਨੇ ਆਖਿਆ ਸਤਿ ਇਕ ਹੈ ਕਿ ਦੋ ? ਉਹਨੇ ਆਖਿਆ, ਇਕ। ਫਿਰ ਤੈਂ ਦੋ ਕਿਉਂ ਕਹੇ ? ਨਿਤ ਵਸਤੂ ਇਕ ਹੈ, ਸਤਿ ਵਸਤੂ ਇਕ ਹੈ। ਖੰਡਨ ਕਰ ਦਿੱਤਾ। ਪਰਮੇਰ ਇਕ ਹੈ। ਏਸੇ ਕਰਕੇ, ਗੁਰੂ ਸਾਹਿਬ ਲਿਖ ਗਏ। ਇਹ ਸਾਂਝਾ, ਸਾਰਿਆਂ ਦਾ ਇਕੋ ਹੀ ਹੈ ਤੇ ਸਾਡਾ ਸਾਰਿਆਂ ਦਾ ਹੱਕ ਵੀ ਇਕੋ ਜਿਹਾ ਹੈ। ਉਹਨੇ ਲਿਖਿਆ ਕੁਰਾਣ ਗੀਫ ਚ ਬੜੀ ਸੁਹਣੀ ਬਾਤ। ਉਹ ਕਹਿੰਦਾ, ਆਤਮਾ ਇਹਦਾ ਜਨਮ ਸਿੱਧ ਅਧਿਕਾਰ ਹੈ। ਇਹ ਜਦ ਪੈਦਾ ਹੋਇਆ, ਉਦੋਂ ਆਤਮਾ ਨਹੀਂ ਸੀ ਇਹਦੇ ਚ ? ਜਦ ਇਹ ਗਰਭ ਵਿਚ ਸੀ, ਉਦੋਂ ਆਤਮਾ ਨਹੀਂ ਸੀ ਇਹਦੇ ਵਿਚ ? ਆਤਮਾ ਤਾਂ ਉਹੀ ਹੁਣ ਵੀ ਹੈ ਤੇ ਫਿਰ ਕਿਵੇਂ ਕਹਿ ਸਕਦੈਂ ? ਬਈ ੂ ਦਰਾਂ ਦਾ ਹੱਕ ਨਹੀਂ ਤੇ ਇਸਤਰੀਆਂ ਦਾ ਹੱਕ ਨਹੀਂ, ਇਹਨੇ ਖੰਡਨ ਕੀਤਾ। ਜਾਂ ਤਾਂ ਇਹਨਾਂ ਵਿਚ ਆਤਮਾ ਨਾ ਹੋਵੇ, ਨਾ ਤਾਂ ਮਾਈਆਂ ਵਿਚ ਆਤਮਾ ਹੋਵੇ ਚੇਤਨ ਤੇ ਨਾ ੂ ਦਰਾਂ ਵਿਚ ਹੋਵੇ, ਫਿਰ ਤੁਸੀਂ ਕਹਿ ਸਕਦੇ ਹੋ, ਬਈ ਤੁਹਾਡਾ ਕੋਈ ਹੱਕ ਨਹੀਂ। ਇਹ ਤਾਂ ਜਨਮ ਸਿੱਧ ਅਧਿਕਾਰ ਹੈ ਸਭ ਦਾ, ਏਸੇ ਕਰਕੇ ਗੁਰੂ ਸਾਹਿਬ ਨੇ ਲਿਖਿਐ –

ਉਪਦੇਸੁ ਚਹੁ ਵਰਨਾ ਕਉ ਸਾਝਾ।। (ਪੰਨਾ ੭੪੪)

ਹੁਣ ਤੁਸੀਂ ਆਪ ਨਾ ਖਰੀਦੋ ਤਾਂ ਨਾਂ ਖਰੀਦੋ, ਹੈ ਤਾਂ ਸਾਂਝੀ ਚੀਜ, ਸਮਝ ਗਏ ? ਜੇ ਕੋਈ ਆਖੇ ਇਹ ਮੇਰਾ, ਉਹਨੂੰ ਆਖੇ ਤੂੰ ਆਪਣਾ ਬਣਾ ਲੈ, ਗੁਰੂ ਗ੍ਰੰਥ ਸਾਹਿਬ, ਆਪੇ ਹੀ ਪੜ੍ਹ ਲਿਆ ਕਰੀਂ, ਆਪੇ ਹੀ ਅਰਦਾਸ ਬਣਾ ਲੈ। ਉਹ ਤਾਂ ਭਾਈ ਤੁਹਾਡਾ ਆਪਣਾ ਆਪ ਹੈ–

ਕਬੀਰ ਜਾ ਕਉ ਖੋਜਤੇ ਪਾਇਓ ਸੋਈ ਠਉਰੁ॥
ਸੋਈ ਫਿਰਿ ਕੈ ਤੂ ਭਇਆ ਜਾ ਕਉ ਕਹਤਾ ਅਉਰੁ॥
(ਪੰਨਾ ੧੩੬੯)

ਇਹ ਤਾਂ ਕਬੀਰ ਸਾਹਿਬ ਦੀ ਮੋਹਰ ਲਾਈ ਹੋਈ ਹੈ। ਏਸ ਵਾਸਤੇ ਭਾਈ ! ਰਣਾਗਤੀ ਤੇ ਉਹ ਵਸਤੂ ਪ੍ਰਾਪਤ ਹੋਏਗੀ-

ਜੋ ਸਰਣਿ ਆਵੈ ਤਿਸੁ ਕੰਠਿ ਲਾਵੈ
ਇਹੁ ਬਿਰਦੁ ਸੁਆਮੀ ਸੰਦਾ॥ (ਪੰਨਾ 544)

ਦੁਖ ਤਾਂ ਹੈ ਨਹੀਂ, ਦੁਖ ਤਾਂ ਕਲਪਿਤ ਸੀ। ਦੁਨਿਆਵੀ ਦੁਖ ਸੁਖ, ਸਾਡੇ ਕਲਪਿਤ ਨੇ। ਬੁੱਧੀ ਨੇ ਕਲਪਣਾ ਕੀਤੇ ਹੋਏ ਨੇ। ਇਹ ਕਦੇ ਚੇਤਨ ਵਿਚ ਗਏ ਨੇ ? ਉਹ ਤਾਂ ਗੁਰੂ ਸਾਹਿਬ ਨੇ ਲਿਖਿਆ ਹੈ।

ਸੁਖੁ ਦੁਖੁ ਰਹਤ ਸਦਾ ਨਿਰਲੇਪੀ ਜਾ ਕਉ ਕਹਤ ਗੁਸਾਈ॥
ਸੋ ਤੁਮ ਹੀ ਮਹਿ ਬਸੈ ਨਿੰਰਤਰਿ ਨਾਨਕ ਦਰਪਨਿ ਨਿਆਈ॥
(ਪੰਨਾ ੬੩੨)

ਗੁਰੂ ਸਾਹਿਬ ਕਹਿੰਦੇ, ਉਹ ਤਾਂ ਦੁਖ ਸੁਖ ਰਹਤ ਨਿਰਲੇਪ ਹੈ। ਤੁਹਾਡਾ ਆਤਮਾ ਨਿਰਲੇਪ ਹੈ, ਮੇਰਾ ਆਤਮਾ ਨਿਰਲੇਪ ਹੈ, ਪਰ ਸਾਨੂੰ ਨਿਰਲੇਪ ਦਾ ਗਿਆਨ ਨਹੀਂ ਹੋਇਆ। ਅਸੀਂ ਲੇਪ ਵਾਲਾ ਸਮਝੀ ਬੈਠੇ ਹਾਂ, ਲੇਪ ਵਾਲਾ ਮਨ ਹੈ, ਮਾਦਾ। ਕਦੇ ਚੇਤਨ ਵੀ ਅੱਜ ਤੱਕ ਲੇਪ ਵਾਲਾ ਹੋਇਐ ? ਉਹ ਸਾਨੂੰ ਮਾਦੇ ਦਾ ਭੁਲੇਖਾ, ਰੂਹਾਨੀਅਤ ਮੇਂ ਪੈ ਗਿਆ ਜਾਕੇ। ਅਸੀਂ ਸਮਝਦੇ ਹਾਂ, ਖਬਰੈ ਅਸੀਂ ਮਨ ਹੀ ਹਾਂ। ਏਸ ਕਰਕੇ, ਉਹ ਤਾਂ ਨਿਰਲੇਪ ਹੈ। **ਨਿਰਲੇਪਤਾ** ਇਕ ਐਸੀ ਕੀਮਤੀ ਚੀਜ ਹੈ। ਇਹ ਗੁਰੂ ਔਰ ਪਰਮੇਰ ਦੀ ਕਿਰਪਾ ਤੇ ਪ੍ਰਾਪਤ ਹੁੰਦੀ ਹੈ। ਸਿੱਧੀ ਬਾਤ ਹੈ।

ਵਡਭਾਗੀ ਸਾਧਸੰਗੁ ਪਰਾਪਤਿ ਤਿਨ ਭੇਟਤ ਦੁਰਮਤਿ ਖੋਈ॥
ਤਿਨ ਕੀ ਧੂਰਿ ਨਾਨਕੁ ਦਾਸੁ ਬਾਛੈ ਜਿਨ ਹਰਿ ਨਾਮੁ ਰਿਦੈ ਪਰੋਈ॥
ਬੋਲੋ ਸਤਿਨਾਮ ਸ੍ਰੀ ਵਾਹਿਗੁਰੂ॥

ੴ ਸਤਿਗੁਰ ਪ੍ਰਸਾਦਿ॥

੫੦

ਸੋਰਠਿ ਮਹਲਾ 5॥

ਸੋਰਠਿ ਮਹਲਾ 5 ਘਰੁ ੨ ਅਸਟਪਦੀਆ ਸਤਿਗੁਰ ਪ੍ਰਸਾਦਿ॥
ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ॥
ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ॥੧॥
ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ॥
ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ॥ਰਹਾਉ॥
ਮੋਨਿ ਭਇਓ ਕਰਪਾਤੀ ਰਹਿਓ ਨਗਨ ਫਿਰਿਓ ਬਨ ਮਾਹੀ॥
ਤਟ ਤੀਰਥ ਸਭ ਧਰਤੀ ਭ੍ਰਮਿਓ ਦੁਬਿਧਾ ਛੁਟਕੈ ਨਾਹੀ॥ ੨॥
ਮਨ ਕਾਮਨਾ ਤੀਰਥ ਜਾਇ ਬਸਿਓ ਸਿਰਿ ਕਰਵਤ ਧਰਾਏ॥
ਮਨ ਕੀ ਮੈਲੁ ਨ ਉਤਰੈ ਇਹ ਬਿਧਿ ਜੇ ਲਖ ਜਤਨ ਕਰਾਏ॥੩॥
ਕਨਿਕ ਕਾਮਿਨੀ ਹੈਵਰ ਗੈਵਰ ਬਹੁ ਬਿਧਿ ਦਾਨੁ ਦਾਤਾਰਾ॥
ਅੰਨ ਬਸਤ੍ਰ ਭੂਮਿ ਬਹੁ ਅਰਪੇ ਨਹ ਮਿਲੀਐ ਹਰਿ ਦੁਆਰਾ॥ ੪॥
ਪੂਜਾ ਅਰਚਾ ਬੰਦਨ ਡੰਡਉਤ ਖਟੁ ਕਰਮਾ ਰਤੁ ਰਹਤਾ॥
ਹਉ ਹਉ ਕਰਤ ਬੰਧਨ ਮਹਿ ਪਰਿਆ ਨਹ ਮਿਲੀਐ ਇਹ ਜੁਗਤਾ॥ 5॥
ਜੋਗ ਸਿਧ ਆਸਣ ਚਉਰਾਸੀਹ ਏ ਭੀ ਕਰਿ ਕਰਿ ਰਹਿਆ॥
ਵਡੀ ਆਰਜਾ ਫਿਰਿ ਫਿਰਿ ਜਨਮੈ ਹਰਿ ਸਿਉ ਸੰਗੁ ਨ ਗਹਿਆ॥ ੬॥
ਰਾਜ ਲੀਲਾ ਰਾਜਨ ਕੀ ਰਚਨਾ ਕਰਿਆ ਹੁਕਮੁ ਅਫਾਰਾ॥

ਸੇਜ ਸੋਹਨੀ ਚੰਦਨੁ ਚੋਆ ਨਰਕ ਘੋਰ ਕਾ ਦੁਆਰਾ॥ ੭॥
ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥
ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ॥ ੪॥
ਤੇਰੋ ਸੇਵਕੁ ਇਹ ਰੰਗਿ ਮਾਤਾ॥ ਭਇਓ ਕ੍ਰਿਪਾਲੁ ਦੀਨ ਦੁਖ ਭੰਜਨੁ
ਹਰਿ ਹਰਿ ਕੀਰਤਨਿ ਇਹੁ ਮਨੁ ਰਾਤਾ॥ ਰਹਾਉ ਦੂਜਾ॥ ੧॥ ੩॥ (ਪੰਨਾ ੬੪੧)

ਸਾਰੀ ਸੰਗਤ ਕਿਰਪਾ, ਦਇਆ, ਮਿਹਰ ਕਰਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ ! ਸਤਿਨਾਮ ਸ੍ਰੀ ਵਾਹਿਗੁਰੂ !!

ਤੁਸੀਂ ਵੀ ਸੋਚ ਕੇ ਇਹ ਕਰ ਲਉ, ਸੱਚਾ ਤੇ ਸੁੱਚਾ ਸਾਧਨ ਦੱਸਿਐ ਹਰੀ ਦਾ ਕੀਰਤਨ, ਹਰੀ ਦਾ ਸਿਮਰਨ ਤੇ ਹਰੀ ਦੇ ਨਾਮ ਦੀ ਯਾਦ ਦਾ ਕੀਰਤਨ।

ਸਿਮਰਿ ਸਿਮਰਿ ਨਾਮੁ ਬਾਰੰ ਬਾਰ॥
ਨਾਨਕ ਜੀਅ ਕਾ ਇਹੈ ਅਧਾਰ॥ (ਪੰਨਾ ੨੯5)

ਜੀਵ ਦੇ ਆਧਾਰ ਵਾਸਤੇ ਇੱਕੋ ਹੀ ਗੱਲ ਹੈ, ਪਰਮੇਰ ਦਾ ਸਿਮਰਨ । ਪਰ ਤੁਹਾਡਾ ਮਨ, ਸਿਮਰਨ ਦੇ ਨਾਲ ਇੱਕ ਹੋ ਜਾਏ। ਐਨੀ ਕੁ ਬਾਤ ਹੈ, ਇਹ ਤੁਹਾਡੇ ਵਾਸਤੇ ਬਹੁਤ ਹੈ।

ਖੋਜਤ ਖੋਜਤ ਤਤੁ ਬੀਚਾਰਿਓ ਦਾਸ ਗੋਵਿੰਦ ਪਰਾਇਣ॥
ਅਬਿਨਾਸੀ ਖੇਮ ਚਾਹਹਿ ਜੇ ਨਾਨਕ ਸਦਾ ਸਿਮਰਿ ਨਾਰਾਇਣ॥
(ਪੰਨਾ ੭੧੪)

ਜੇ ਤੂੰ ਮੋਕ ਚਾਹੁੰਨੈ, ਅਬਿਨਾਸੀ ਪਦ ਦੀ ਪ੍ਰਾਪਤੀ ਚਾਹੁੰਨੈ, ਜਨਮ ਮਰਨ ਤੋਂ ਅਲਹਿਦਾ ਹੋਣਾ ਚਾਹੁੰਨੈ, ਤਾਂ ਇਕ **ਨਾਰਾਇਣ** ਦਾ ਨਾਮ ਸਿਮਰਨ ਕਰਿਆ ਕਰ।

ਨਾਮ ਸੰਗਿ ਜਿਸ ਕਾ ਮਨੁ ਮਾਨਿਆ॥
ਨਾਨਕ ਤਿਨਹਿ ਨਿਰੰਜਨੁ ਜਾਨਿਆ॥ (ਪੰਨਾ ੨੮੧)

ਇਹ ਤਾਂ ਸਿਧਾਂਤ ਗੁਰੂ-ਕਿਆਂ ਨੇ ਦੱਸਿਆ ਪਿਛੋਂ ਜਾਕੇ, ਪਹਿਲੇ ਇਹਦੀਆਂ ਭੁੱਲਾਂ ਤੇ ਅਣਜਾਣ-ਪੁਣੇ ਦੂਰ ਕੀਤੇ ਨੇ। ਸਾਡੇ ਇਕ ਬਿਰਧ ਸੰਤ ਹੁੰਦੇ ਸੀ। ਉਹ ਕਥਾ ਕਰਨ ਵਾਲੇ ਨੂੰ ਕਹਿੰਦੇ ਹੁੰਦੇ ਸੇ, ਕੁੱਛ ਪੱਲੇ ਵੀ ਪਾ ਦਿਆ ਕਰ, ਜਾਂ ਆਪ ਹੀ ਲੱਗਿਆ ਰਹਿਣੈਂ, ਤੂੰ ਇਹਨਾਂ ਦੇ ਦਿਲ ਵਿਚ ਕੁੱਛ ਬਹਾਲ ਵੀ ਦਿਆ ਕਰ, ਥੋੜ੍ਹਾ ਜਿਹਾ, ਅਹਿਸਤੇ ਚੱਲਿਆ ਕਰ। ਕਥਾ ਵਾਲੇ ਨੂੰ, ਅਰਦਾਸ ਵਾਲੇ ਨੂੰ, ਐਸੇ ਢੰਗ ਸੇ ਪੜ੍ਹਨਾ ਚਾਹੀਏ ਕਿ ਇਹਨਾਂ ਨੂੰ ਪਤਾ ਲੱਗ ਜਾਏ ਬਈ ਸਿਧਾਂਤ ਤਾਂ ਇਹ ਹੈ। ਚੱਲ ਭਾਈ ਪੜ੍ਹ -

ਸੋਰਠਿ ਮਹਲਾ 5

ਸੋਰਠਿ ਰਾਗ ਦੇ ਵਿਚ ਪੰਚਮ ਪਾਤਾਹ, ਪੰਚਮ ਨਾਨਕ ਗੁਰੂ ਜੀ, ਕਥਨ ਕਰਦੇ ਨੇ।

ਘਰੁ ੨ ਅਸਟਪਦੀਆ

ਇਹ ਦੂਜੀ ਤਾਰ ਦੇ ਵਿਚ ਗਾਉਣਾ ਹੈ ਤੇ **ਅਸਟਪਦੀਆ** ਅੱਠਾਂ ਪਦਾਂ ਦੀ ਇਹ ਅਸਟਪਦੀ ਹੈ।

ਸਤਿਗੁਰ ਪ੍ਰਸਾਦਿ॥

ਇਕ ਜੋ ਪਰਮੇਰ ਹੈ, ਉਹ ਗੁਰੂ ਦੀ ਕਿਰਪਾ ਤੇ ਪ੍ਰਾਪਤ ਹੁੰਦਾ ਹੈ।

ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ॥

ਤਿੰਨ ਕੰਮ ਅਸੀਂ ਕੀਤੇ, ਗੁਰੂ ਸਾਹਿਬ ਕਹਿੰਦੇ। ਉਹ ਕਹਿੰਦੇ ਨੇ ਇਹ ਅਸੀਂ ਤਿੰਨੇ ਕੰਮ ਠੀਕ ਦੇਖ ਲਏ ਨੇ, ਪਾਠ ਬੜਾ ਪੜ੍ਹਿਆ, ਤੇ ਵੇਦਾਂ ਦੇ ਵੀ ਵਿਚਾਰ ਕੀਤੇ। ਉਹ ਸਰਬੱਗ ਸੀ, ਸਰਬੱਗ ਤਾਂ ਸਾਰੇ ਗ੍ਰੰਥਾਂ ਦਾ ਵਿਚਾਰ ਕਰ ਲੈਂਦੇ ਨੇ, ਹੋਰ ਹਠ ਯੋਗ ਵੀ ਕੀਤਾ । ਹਠ ਚੱਕਰਾਂ ਨੂੰ ਸਿੱਧ ਕੀਤਾ ਤੇ ਹਠ ਯੋਗ ਦੁਆਰਾ ਦਸਮ ਦੁਆਰ ਨੂੰ ਵੀ ਗਏ। ਪਰ ਕੋਈ ਵੀ ਕੰਮ ਰਾਸ ਨਾ ਆਇਆ। ਇਹ ਜਿਹੜੀ ਵਸਤੂ

ਸੀ, ਉਸ ਨਾਮ ਦੇ ਨਾਲ ਮਨ ਨਾ ਜੁੜਿਆ ਤੇ ਨਾਮੀ ਨਾ ਪ੍ਰਾਪਤ ਹੋਇਆ।

ਪੰਚ ਜਨਾ ਸਿਉ ਸੰਗੁ ਨ ਛੁਟਕਿਓ

ਪੰਜ, ਜੋ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੇ ਬਦ, ਸਪਰ, ਰੂਪ, ਰਸ, ਗੰਧ ਆਦੀਆਂ ਨੇ ਵੀ ਮੇਰਾ ਪਿੱਛਾ ਨਾ ਛੱਡਿਆ। ਇਹਨਾਂ ਨੇ ਮੇਰੀ ਬੁੱਧੀ ਨੂੰ ਮਲੀਣ ਕਰ ਦਿੱਤਾ। ਵਿਿਆਂ ਨਾਲ ਬੁੱਧੀ ਮੈਲੀ ਹੋ ਜਾਂਦੀ ਹੈ, ਜੈਸੇ ਚੁਮਾਸੇ ਦਾ ਜਲ ਮੈਲਾ ਹੋ ਜਾਂਦਾ ਹੈ ਮਿੱਟੀ ਨਾਲ। ਐਸ ਲੋਟ, ਵਿਿਆਂ ਨਾਲ ਬੁੱਧੀ ਮੈਲੀ ਹੋ ਜਾਂਦੀ ਹੈ, ਗੰਦੀ ਹੋ ਜਾਂਦੀ ਹੈ। ਇਹਨਾਂ ਵਿਕਾਰਾਂ ਨੇ ਮੇਰਾ ਪਿੱਛਾ ਨਾ ਛੱਡਿਆ। ਐਨੇ ਕੰਮ ਕੀਤੇ ਪਰ ਮੇਰਾ ਪਿੱਛਾ ਨਾ ਛੱਡਿਆ।

ਅਧਿਕ ਅਹੰਬੁਧਿ ਬਾਧੇ॥

ਇਕ ਬੀਮਾਰੀ ਹੋਰ ਮਨ ਮੇਂ ਆ ਗਈ, ਹੰਕਾਰ ਆ ਗਿਆ ਕਿ ਮੈਂ ਜੋਗੀ ਹਾਂ, ਮੈਂ ਵੇਦ ਸਾਰਾ ਵਿਚਾਰਿਆ, ਮੇਰੇ ਜੈਸਾ ਪਾਠੀ ਕੋਈ ਨਹੀਂ, ਇਹ ਇਕ ਹੰਕਾਰ ਮੈਨੂੰ ਹੋਰ ਪ੍ਰਾਪਤ ਹੋ ਗਿਆ। ਹੰਕਾਰ ਦਾ ਐਸਾ ਪਿਸਾਚ ਚਿੰਬੜਿਆ, ਉਹਨੇ ਮੇਰਾ ਖਹਿੜਾ ਹੀ ਨਾ ਛੱਡਿਆ।

ਪਿਆਰੇ ਇਨ ਬਿਧਿ ਮਿਲਣੁ ਨ ਜਾਈ

ਹੇ ਪਿਆਰੇ ਭਾਈ ! ਇਹਨਾਂ ਵਿਧੀਆਂ ਨਾਲ, ਤੂੰ ਰੱਬ ਨੂੰ ਨਹੀਂ ਮਿਲ ਸਕੇਂਗਾ। ਇਹਨਾਂ ਵਿਧੀਆਂ ਵਿਚ ਜੇ ਤੂੰ ਲੱਗ ਗਿਆ ਤਾਂ ਪਰਮੇਰ ਨੂੰ ਪ੍ਰਾਪਤ ਨਹੀਂ ਕਰ ਸਕੇਂਗਾ।

ਮੈ ਕੀਏ ਕਰਮ ਅਨੇਕਾ॥

ਮੈਂ ਕਰਮ ਕਾਂਡ ਦੇ ਅਨੇਕਾਂ ਕਰਮ ਕੀਤੇ। ਇਹ ਵੀ ਮੈਂ ਕਰਮ ਕਰਕੇ ਰਿਹਾ, ਇਹ ਵੀ ਮੈਂ ਬੜੇ ਕੀਤੇ।

ਹਾਰਿ ਪਰਿਓ ਸੁਆਮੀ ਕੈ ਦੁਆਰੈ

ਜਦ ਮੇਰੀ ਕੋਈ ਵਾਹ ਨਾ ਚੱਲੀ, ਤਾਂ ਮੈਂ ਆਪਣੇ ਗੁਰੂ, ਸੁਆਮੀ, ਗੁਰੂ ਰਾਮਦਾਸ ਦੇ ਦੁਆਰੇ ਤੇ ਜਾਕੇ ਪੈ ਗਿਆ। ਮੈਂ ਗੁਰੂ ਰਾਮਦਾਸ ਦੀ

ਰਣ ਪੈ ਗਿਆ। ਮਹਾਰਾਜ ! ਮੇਰਾ ਮਨ ਵੱਸ ਮੇਂ ਨਹੀਂ ਆਉਂਦਾ, ਮੈਨੂੰ ਨਹੀਂ ਪਤਾ, ਐਨਾ ਕੰਮ ਮੈਂ ਕਰ ਚੁੱਕਿਆਂ ਪਰ ਮੇਰਾ ਮਨ ਨਹੀਂ ਠਹਿਰਿਆ। ਹੰਕਾਰ ਨੇ ਮੇਰੀ ਬੁੱਧੀ ਬਿਲਕੁਲ ਗੰਦੀ, ਹੋਰ ਮੈਲੀ ਕਰ ਦਿੱਤੀ ਹੈ ਤੇ ਮੈਨੂੰ ਏਸ ਵਸਤੂ ਦੀ ਪ੍ਰਾਪਤੀ ਨਹੀਂ ਹੋਈ।

ਦੀਜੈ ਬੁਧਿ ਬਿਬੇਕਾ॥ ਰਹਾਉ॥

ਮੈਨੂੰ ਉਹ ਬੁੱਧੀ ਦਿਉ ਜੀਹਦੇ ਵਿਚ ਬਿਬੇਕ ਹੋਵੇ, ਦੋ ਤੇ ਇੱਕ ਕਰਨ ਵਾਲੀ, ਬਿਲਕੁਲ ਇੱਕ ਕਰਨ ਵਾਲੀ।

ਹਰਿ ਹਰਿ ਜਨ ਦੁਈ ਏਕ ਹੈ ਬਿਬ ਬਿਚਾਰ ਕਛੁ ਨਾਹਿ॥
ਜਲ ਤੇ ਉਪਜ ਤਰੰਗ ਜਿਉ ਜਲ ਹੀ ਬਿਖੈ ਸਮਾਹਿ॥
(ਬਚਿਤ੍ਰ ਨਾਟਕ)

ਏਸ ਕਰਕੇ, ਜਲ ਜਿਹੜਾ ਹੁੰਦਾ ਹੈ।

ਜਲ ਤੇ ਤਰੰਗ ਤਰੰਗ ਤੇ ਹੈ ਜਲੁ ਕਹਨ ਸੁਨਨ ਕਉ ਦੂਜਾ॥
(ਪੰਨਾ ੧੨੫੨)

ਪਰ ਜਲ ਔਰ ਤਰੰਗ ਨੂੰ ਦੋ ਕਹਿੰਦੇ ਨੇ। ਵਾਯੂ ਜਦ ਆਉਂਦੀ ਹੈ, ਉਹੀ ਜਲ ਦੇ ਤਰੰਗ ਬਣ ਜਾਂਦੇ ਨੇ। ਜਦ ਵਾਯੂ ਬੰਦ ਹੋ ਜਾਂਦੀ ਹੈ ਤਾਂ ਉਹੀ ਜਲ ਟਿਕ ਕੇ ਖੜ ਜਾਂਦਾ ਹੈ। ਪਰ ਦੋ ਨਾਮ ਇਹਦੇ, ਵਾਯੂ ਕਰਕੇ ਪਏ ਨੇ। ਵਾਯੂ ਨਾ ਆਉਂਦੀ ਤਾਂ ਤਰੰਗ ਨਾ ਬਣਦੇ ਤਾਂ ਜਲ ਦਾ ਜਲ ਹੀ ਸੀਗਾ। ਏਸ ਕਰਕੇ, ਮਾਇਆ ਦੇ ਵਿੱਚ ਮੇਰਾ ਮਨ ਫਸ ਗਿਆ। ਏਸ ਕਰਕੇ, ਮੈਨੂੰ ਉਹ ਬੁੱਧੀ ਦਿਉ, ਜਿਹੜੀ ਦੋ ਤੇ ਇਕ ਕਰ ਦੇਵੇ ਤੇ ਸਾਰੇ ਅਧਿਅਸਤ ਝੂਠੇ ਸਮਝੇ।

ਦ੍ਰਿਸਟਿਮਾਨ ਹੈ ਸਗਲ ਮਿਥੇਨਾ॥ (ਪੰਨਾ ੧ ੪੩)

ਇਹਦੇ ਵਿਚ ਮੈਨੂੰ ਨਿਸਚਾ ਹੋ ਜਾਏ ਤੇ ਸਤਿ ਸਰੂਪ ਦੀ ਮੈਨੂੰ ਪ੍ਰਾਪਤੀ ਹੋ ਜਾਏ। ਮੇਰਾ ਸਤਿ ਸਰੂਪ ਵਿਚ ਮਨ, ਮੰਨ ਜਾਏ, ਇੱਕ ਹੋ ਜਾਏ।

ਸਤਿ ਸਰੂਪੁ ਰਿਦੈ ਜਿਨਿ ਮਾਨਿਆ॥

ਕਰਨ ਕਰਾਵਨ ਤਿਨਿ ਮੂਲੁ ਪਛਾਨਿਆ॥ (ਪੰਨਾ ੨85)

ਰਹਾਉ॥

ਰਹਾਉ ਰਾਗੀਆਂ ਵਾਸਤੇ ਹੁੰਦਾ ਹੈ। ਚੱਲੀਏ -

ਮੋਨਿ ਭਇਓ ਕਰਪਾਤੀ ਰਹਿਓ

ਕਹਿੰਦੇ-ਮੈਂ ਮੋਨ ਵੀ ਧਾਰਨ ਕੀਤਾ ਤੇ ਕਰ ਦੇ ਵਿਚ ਪੱਤੇ ਵੀ ਭੋਜ ਪੱਤਰ ਦੇ ਲਏ ਤੇ ਆਲੇ ਦੁਆਲੇ ਵੀ ਬੰਨ੍ਹੇ ਜੰਗਲ ਵਿਚ ਜਾਕੇ, ਕਿ ਮੈਂ ਆਹ ਤਪ ਕਰੂੰ, ਖਬਰੈ ਤਾਂ ਮੈਨੂੰ ਰੱਬ ਮਿਲੇਗਾ।

ਨਗਨ ਫਿਰਿਓ ਬਨ ਮਾਹੀ॥

ਤੇ ਫਿਰ ਮੈਂ ਸਭ ਕੁੱਛ ਛੱਡਕੇ, ਨਗਨ ਹੋਕੇ ਬਨਾਂ ਦੇ ਵਿਚ ਫਿਰਿਆ, ਕਿ ਕਿਸੇ ਆਦਮੀ ਨੂੰ ਦਰਨ ਨਹੀਂ ਦੇਣਾ। ਇੱਥੇ ਇਕ ਸੀਗਾ **ਰਾਧਾ ਰਾਮ** , ਖੋਖ ਪਿੰਡ ਦੇ ਨੇੜੇ (ਲਬਾਣੇ), ਅਲਫ ਨੰਗਾ ਜੰਗਲ ਵਿਚ ਰਹਿੰਦਾ ਸੀ। ਅਠਾਰਾਂ ਸਾਲ ਉੱਥੇ ਇਕ ਛੱਤ ਤੇ ਇਕ ਫੱਟੇ ਉੱਤੇ ਬੈਠਾ ਰਿਹਾ। ਮੀਂਹ ਕਣੀਆਂ ਚਾਹੇ ਜੋ ਕੁੱਛ ਆਏ, ਉਹ ਨਹੀਂ ਉੱਠਿਆ। ਏਸ ਕਰਕੇ, ਮੋਨੀ ਪ੍ਰੀਤਮ ਸਿਹੁੰ ਜਿਹੜਾ ਸੰਤ ਸੀ, ਉਹ ਵੀ ਪੰਜ ਸਾਲ ਜੰਗਲ ਵਿਚ ਫਿਰਦਾ ਰਿਹਾ ਨੰਗਾ ਹੋਕੇ ਤੇ ਹੁਣ ਤਾਂ ਲੀੜੇ ਪਾਕੇ, ਆਕੇ ਬਹਿ ਗਿਆ। ਕਹਿੰਦੇ - ਇਹ ਕੰਮ ਵੀ ਮੈਂ ਸਾਰੇ ਕੀਤੇ।

ਤਟ ਤੀਰਥ ਸਭ ਧਰਤੀ ਭ੍ਰਮਿਓ

ਕਹਿੰਦੇ - ਸਾਰੇ ਤੀਰਥਾਂ ਦੇ ਕਿਨਾਰਿਆਂ ਤੇ ਗਿਆ, ਇਨਾਨ ਕੀਤਾ, ਸਾਰੀ ਧਰਤੀ ਦੀ ਪ੍ਰਕਰਮਾ ਕੀਤੀ।

ਦੁਬਿਧਾ ਛੁਟਕੈ ਨਾਹੀ॥

ਦੁਬਿਧਾ ਮੇਂ ਦੋਨੋਂ ਗਏ, ਮਾਇਆ ਮਿਲੀ ਨਾ ਰਾਮ।

ਏਸ ਕਰਕੇ, ਜਦ ਤੱਕ ਇਹਦੇ ਅੰਦਰ ਦੁਬਿਧਾ ਹੈ, ਨਾ ਇਹਨੂੰ ਪਰਮੇਰ ਮਿਲੇ, ਨਾ ਮਾਇਆ ਮਿਲੀ ਤੇ ਇਹ ਦੁਬਿਧਾ ਮੇਰੇ ਅੰਦਰੋਂ ਨਾ ਛੁੱਟੀ, ਬਈ ਕੀ ਹੋਇਆ ਹੈ ? ਤੇ ਕੀ ਹੋਏਗਾ ?

ਮਨ ਕਾਮਨਾ ਤੀਰਥ ਜਾਇ ਬਸਿਓ

ਮਨ ਦੇ ਵਿਚ ਸੀ ਕਾਮਨਾ ਤੇ ਤੀਰਥਾਂ ਤੇ ਜਾਕੇ ਵੀ ਵਸਿਆ।

ਸਿਰਿ ਕਰਵਤ ਧਰਾਏ॥

ਫਿਰ ਮੈਂ ਆਪਣੇ ਸਿਰ ਦੇ ਉਤੇ ਕਰਵੱਤਰ (ਆਰਾ) ਧਰਾਇਆ। ਹਿੰਦੁਸਤਾਨ ਦਾ ਪਹਿਲਾ ਰਿਵਾਜ ਸੀ, ਅੰਗਰੇਜ਼ਾਂ ਨੇ ਬੰਦ ਕੀਤਾ ਸੀ। ਅਸੀਂ ਇਹ ਦੇਖਿਆ ਹੈ। ਇਕ ਕਰਵੱਤਰ ਕਾਂਸ਼ੀ ਹੈ ਤੇ ਇਕ ਪਰਾਗ ਰਾਜ ਹੈ। ਉਹ ਜੋ ਵੀ ਮੁਕਤੀ ਮੰਗਦਾ ਸੀ, ਪੰਡਿਤਾਂ ਦਾ ਉਦੋਂ ਰਾਜ ਸੀਗਾ, ਉਹ ਕਹਿੰਦੇ ਸੀ, ਕਰਵੱਤਰ ਲੈ ਲੈ। ਉਹਦੇ ਤੇ ਮੰਤਰ ਪੜ੍ਹਦੇ ਸੀ, ਉਹ ਮਾਈ ਦੀਆਂ ਟੂਮਾਂ (ਗਹਿਣੇ) ਲੈ ਲੈਂਦੇ ਸੀ, ਉਹਨੂੰ ਕਹਿੰਦੇ ਸੀ, ਹੁਣ ਤੂੰ ਮੁਕਤ ਹੋ ਜਾਏਂਗਾ। ਉਥੇ ਵੀ ਮੈਂ ਹੋਕੇ ਆਇਆ, ਗੁਰੂ ਸਾਹਿਬ ਕਹਿੰਦੇ, ਜਿਹੜੇ ਇੱਥੇ ਵੀ ਹੋਕੇ ਆਏ ਨੇ, ਉਹਨਾਂ ਨੂੰ ਵੀ ਪਰਮੇਸ਼ਰ ਨਹੀਂ ਮਿਲਿਆ ਹੈ।

ਮਨ ਕੀ ਮੈਲੁ ਨ ਉਤਰੈ ਇਹ ਬਿਧਿ

ਇਹ ਸਾਰੀਆਂ ਵਿਧੀਆਂ ਕੀਤੀਆਂ ਪਰ ਮਨ ਦੀ ਮੈਲ ਨਾ ਉੱਤਰੀ। ਵਿਖੇਪ ਨਾ ਨਾਸ ਹੋਈ, ਇਕਾਗਰ ਚਿੱਤ ਹੋਕੇ ਪਰਮੇਸ਼ਰ ਦੀ ਪ੍ਰਾਪਤੀ ਨਾ ਹੋਈ। ਕਲਪਨਾ ਬਣੀ ਰਹੀ, ਮੈਂ ਆਹ ਕੀਤਾ, ਮੈਂ ਐਂ ਗਿਆਨ ਕੀਤਾ, ਮੈਂ ਕਰਵੱਤਰ ਧਰਿਆ, ਉਹ ਸਾਰੀਆਂ ਵਿਧੀਆਂ ਵਰਤ ਗਏ , ਗੁਰੂ ਸਾਹਿਬ। ਇਹ ਬਾਤ ਜਾਂ ਕਬੀਰ ਸਾਹਿਬ ਦਸਦੇ ਹੁੰਦੇ ਨੇ ਜਾਂ ਗੁਰੂ ਸਾਹਿਬ ਵੀ ਦੱਸ ਦਿੰਦੇ ਨੇ ਖੋਲ੍ਹ ਨੇ। ਇਹ ਸਾਰੀਆਂ ਵਿਧੀਆਂ ਗਲਤ ਨੇ ਭਾਈ! ਗੁਰੂ ਸਾਹਿਬ ਕਹਿੰਦੇ-ਇਹ ਸਾਰੀਆਂ ਵਿਧੀਆਂ ਛੱਡ ਦੇ। ਇਸ ਪਾਸੇ ਬਿਲਕੁਲ ਨਾ ਕਦੇ ਜਾਇਓ।

ਜੇ ਲਖ ਜਤਨ ਕਰਾਏ॥

ਜੇ ਕੋਈ ਲੱਖਾਂ ਵੀ ਯਤਨ ਇਹਨਾਂ ਕਰਮਾਂ ਦੇ ਕਰ ਲਏ ਤਾਂ ਵੀ ਮੋਕਸ਼ ਨਹੀਂ ਹੋਏਗੀ, ਇਹਦਾ ਅਧਾਰ ਨਹੀਂ ਹੋਏਗਾ। ਅਧਾਰ ਤਾਂ ਸਿਮਰਨ ਤੇ ਲਿਵ ਦੇ ਵਿਚ ਜਾਕੇ ਜਦ ਚਿੱਤ ਜੁੜਨਾ ਹੈ ਤਾਂ ਇਹਨੂੰ ਸਰੂਪ ਦੀ, ਅਬਿਨਾਸੀ ਪਦ ਦੀ ਪ੍ਰਾਪਤੀ ਹੋਣੀ ਹੈ। ਰਸਤਾ ਤਾਂ ਆਹ

ਸੀ, ਪਰ ਇਹਨਾਂ ਲੋਕਾਂ ਨੇ ਗ੍ਰੰਥ ਲਿਖ ਦਿੱਤੇ ਹੇਠਲਿਆਂ ਨੇ। ਇਹ ਕੰਮ ਵੀ ਕੀਤੇ। ਪਰ ਮੈਂ ਤੁਹਾਨੂੰ ਇਕ ਅੱਜ ਬਾਤ ਦਸਦਾਂ, ਜਾਕੇ ਵਿਚਾਰ ਲਿਓ। ਇਲਹਾਮੀ ਬਾਣੀ ਦੇ ਵਿੱਚ ਇਹ ਕੋਈ ਚੀਜ ਨਹੀਂ ਹੈ। ਜਿਹੜੀ ਉਤੋਂ ਬਾਣੀ ਆਈ ਹੈ, ਉਹ ਚਾਹੇ ਗੁਰੂ ਨਾਨਕ ਨੂੰ ਆਈ ਹੈ, ਚਾਹੇ ਕਬੀਰ ਨੂੰ ਆਈ ਹੈ, ਚਾਹੇ ਰਵਿਦਾਸ ਨੂੰ ਆਈ ਹੈ, ਚਾਹੇ ਧੰਨੇ ਨੂੰ ਆਈ ਹੈ। ਉਹਨਾਂ ਇਲਹਾਮੀ ਬਾਣੀਆਂ ਮੇਂ ਇਹ ਕੋਈ ਵਿਧੀ ਨਹੀਂ ਆਏਗੀ। ਇਹ ਸਿਆਣੇ ਆਦਮੀਆਂ ਦੀਆਂ ਲਿਖੀਆਂ ਹੋਈਆਂ ਵਿਧੀਆਂ ਨੇ। ਆਪੋ ਆਪਣੀਆਂ ਦੁਕਾਨਾਂ ਉਹਨਾਂ ਨੇ ਖੜ੍ਹੀਆਂ ਕਰਨੀਆਂ ਸੀ। ਜਿਹੜੀ ਪਾਰਟੀ ਦੇ ਹੱਥ ਵਿਚ ਕਲਮ ਆ ਜਾਂਦੀ ਹੈ, ਉਹ ਜਿਵੇਂ ਖੁਸ਼ੀ ਹੈ ਕਰਦੀ ਹੈ। ਉਹ, ਰੱਬ ਨਾਲ ਮਿਲੇ ਹੋਏ ਤਾਂ ਹੁੰਦੇ ਨਹੀਂ ਤੇ ਨਾ ਉਹਨਾਂ ਨੂੰ ਰੱਬ ਦਾ ਡਰ ਹੁੰਦੈ। ਉਹਨਾਂ ਨੇ ਤਾਂ ਪੈਸੇ ਕਮਾਉਣੇ, ਨੇ ਕਿਸੇ ਢੰਗ ਨਾਲ ਕਮਾ ਲਉ। ਚਾਹੇ ਕੋਈ ਆਪਣੀ ਪੁਸਤਕ ਵੇਚ ਕੇ ਕਮਾ ਲਉ, ਚਾਹੇ ਜਨਤਾ ਦੁਆਰੇ ਕਮਾ ਲਉ, ਉਹਨਾਂ ਨੇ ਤਾਂ ਕਮਾਈ ਕਰਨੀ ਹੈ।

ਕਨਿਕ ਕਾਮਿਨੀ ਹੈਵਰ ਗੈਵਰ

ਕਹਿੰਦੇ – ਇਹ ਵੀ ਸਾਰੇ ਭੋਗੇ, **ਕਨਿਕ** ਨਾਉਂ ਹੈ ਸੋਨਾ। ਸੋਨਾ ਵੀ ਬੜਾ ਦੇਖਿਆ, **ਕਾਮਿਨੀ** ਇਸਤਰੀ, **ਹੈਵਰ** ਬੜੇ ਸੁਹਣੇ ਘੋੜੇ, **ਗੈਵਰ** ਬੜੇ ਬੜੇ ਸੁਹਣੇ ਹਾਥੀ, ਉਹਨਾਂ ਤੇ ਵੀ ਚੜ੍ਹਕੇ ਚੱਲੇ।

ਬਹੁ ਬਿਧਿ ਦਾਨੁ ਦਾਤਾਰਾ॥

ਤੇ ਬੜੇ ਦਾਨ ਵੀ ਕੀਤੇ, ਦਾਤਾ ਬਣਕੇ, ਹੰਕਾਰ ਵਿਚ ਵੀ ਬੈਠਿਆ। ਜੇ ਮੈਂ ਨਾ ਦਿੰਦਾ, ਉਹਨਾਂ ਦਾ ਖਬਰੈ ਕੀ ਹਾਲ ਹੁੰਦਾ, ਰੋਟੀ ਮਿਲਦੀ ਕਿ ਨਾ ਮਿਲਦੀ। ਇਕ ਸੰਤ **ਸਮਰੱਥ ਗੁਰੂ ਰਾਮਦਾਸ** ਦੱਖਣ ਮੇਂ ਹੋਏ ਨੇ। ਨਦੀ ਵਿਚ ਉਹਨਾਂ ਨੇ ਬਾਰਾਂ ਸਾਲ ਖੜ੍ਹ ਕੇ ਤਪ ਕੀਤਾ। ਬਾਰੀਂ ਸਾਲੀਂ ਉਹਨਾਂ ਵਿਚ ਈਰੀ ਕਤੀ ਆ ਗਈ ਤੇ ਉਹਨਾਂ ਨੇ ਸਿਵਾ ਜੀ ਨੂੰ ਜੋ ਉਹਨਾਂ ਦਾ ਚੇਲਾ ਸੀ, ਕਈ ਚੇਲੇ ਸਨ ਉਹਨਾਂ ਦੇ। ਉਹਨਾਂ ਵਿੱਚੋਂ ਸਿਵਾ ਜੀ ਨੂੰ ਆਖਿਆ – ਜਾ ਓਏ! ਕਿਲਾ

ਬਣਾ। ਇਹ ਜ਼ੁਲਮ ਬਹੁਤ ਕਰਦੇ ਨੇ ਮੁਸਲਮਾਨ। ਹੁਣ, ਇਹ ਸਾਡੀ ਇੱਜਤ ਨੂੰ ਵੀ ਹੱਥ ਪਾਉਣ ਲੱਗ ਗਏ। ਇਹਨਾਂ ਦਾ ਬੜਾ ਜੋਰ ਹੋ ਗਿਆ, ਕਿਲਾ ਬਣਾ ਜਾਕੇ। ਉਹ ਕਹਿੰਦਾ – ਜੀ ਮੇਰੇ ਵਿਚ ਤਾਂ ਤਾਕਤ ਹੀ ਕੋਈ ਨਹੀਂ। ਉਹ ਕਹਿੰਦੇ – ਮੈਂ ਤੈਨੂੰ ਕਹਿੰਦਾ ਹਾਂ, ਕਿਲਾ ਬਣਾ। ਉਹ ਕਹਿੰਦਾ – ਜੀ, ਸਤਿ ਬਚਨ। ਉਹ ਕਿਲਾ ਬਣਾਉਣ ਲੱਗ ਗਿਆ, ਪੈਸਾ ਬਹੁਤ ਆ ਗਿਆ। ਲੋਕਾਂ ਨੇ, ਬੜੇ ਬੜੇ ਆਦਮੀਆਂ ਨੇ ਉਹਦੀ ਬੜੀ ਮਦਦ ਕੀਤੀ। ਜੇ ਇਹ ਵੀ ਇੱਜਤ ਬਚਾ ਲਏ ਹੁਣ ਸਾਡੀ, ਤਾਂ ਵੀ ਠੀਕ ਹੈ ਤੇ ਇਕ ਦਿਨ ਉਹਦੇ ਵਿਚ ਹੰਕਾਰ ਆ ਗਿਆ। ਉਥੇ ਮਹਾਂ ਭੁੱਖ ਪੈ ਗਈ, ਬੜਾ ਕਾਲ। ਉਹਨੇ ਆਖਿਆ, ਜੇ ਮੈਂ ਇਹ ਕਿਲਾ ਨਾ ਬਣਾਉਂਦਾ ਤਾਂ ਇਹ ਸਾਰੇ ਭੁੱਖੇ ਮਰ ਜਾਂਦੇ। ਮੈਂ ਕਿਲਾ ਬਣਾਉਣ ਲੱਗਿਆਂ ਤਾਂ ਇਹ ਰੋਟੀ ਖਾਂਦੇ ਨੇ। **ਸਮਰੱਥ ਗੁਰੂ ਰਾਮਦਾਸ** ਜੰਗਲ ਮੇਂ ਪਏ ਸੀ, ਉਥੋਂ ਉੱਠਕੇ ਚੱਲ ਪਏ, ਦੁਪਹਿਰੇ ਦਾ ਵਕਤ ਸੀ, ਆਏ। ਸਿਵਾ ਜੀ ਨੇ ਆਉਂਦਿਆ ਨੂੰ ਦੇਖ ਲਿਆ, ਆਕੇ ਉਹਨਾਂ ਦੇ ਪੈਰਾਂ ਤੇ ਪਿਆ, ਮੱਥਾ ਟੇਕਿਆ। ਮਹਾਰਾਜ ! ਕੀ ਬਾਤ ਹੈ ? ਕਹਿੰਦੇ – ਇਕ ਬਾਤ ਦੱਸੋ ? ਕਹਿੰਦੇ – ਮਿਸਤਰੀ ਆਪਣੇ ਅੱਛੇ ਅੱਛੇ ਬੁਲਾ। ਉਹਨੇ ਬੁਲਾਏ। ਐਸ ਪੱਥਰ ਨੂੰ ਚੀਰੋ ਪਰ ਬਚਾਕੇ ਚੀਰਨਾ। ਇਹਦੇ ਵਿਚ ਇਕ ਜੀਵ ਬੈਠਾ ਹੈ, ਉਹਨੂੰ ਕੱਢਣਾ ਹੈ। ਜਦ ਉਹਨੂੰ ਚੀਰਿਆ, ਉਹਦੇ ਵਿਚ ਜਲ ਸੀ। ਪੱਥਰ ਦੇ ਵਿਚ ਇਕ ਮੇਂਢਕ ਬੈਠੀ ਸੀ, ਜੀਹਨੂੰ ਡੱਡੂ ਕਹਿੰਦੇ ਨੇ। **ਸਮਰੱਥ ਜੀ** ਕਹਿੰਦੇ, ਸਿਵਾ ਜੀ ਨੂੰ ਬੁਲਾਕੇ ਕਿ ਇਹਨੂੰ ਵੀ ਤੂੰ ਗੌ ਪਹੁੰਚਾਉਨੈ ? ਉਹਨੇ ਆਖਿਆ ਓ ਹੋ ! ਮੇਰੇ ਦਿਲ ਵਿਚ ਸੰਕਲਪ ਆਇਆ ਸੀ, ਜੇ ਮੈਂ ਨਾ ਹੁੰਦਾ ਦੇਣ ਵਾਲਾ ਤਾਂ ਇਹ ਸਾਰੇ ਮਰ ਜਾਂਦੇ। **ਸਮਰੱਥ ਜੀ** ਕਹਿੰਦੇ, ਆਹ ਤੇਰੇ ਆਸਰੇ ਹੀ ਜਿਉਂਦੀ ਹੈ ਮੇਂਡਕ ? ਉਹ ਪੈਰਾਂ ਤੇ ਪੈ ਗਿਆ। ਕਹਿੰਦਾ, ਜੀ ਮੈਂ ਭੁੱਲ ਗਿਆ ਮੇਰੇ ਦਿਲ ਵਿਚ ਹੰਕਾਰ ਆ ਗਿਆ ਦਾਤਾਪਣੇ ਦਾ। ਉਹ ਗੁਰੂ ਸਾਹਿਬ ਕਹਿੰਦੇ, ਦਾਤਾ ਬਣਕੇ ਬੜੇ ਯੱਗ ਵੀ ਕੀਤੇ ਪਰ ਹੰਕਾਰ ਨਾ ਟੁੱਟਿਆ। ਹੰਕਾਰ ਵੱਧਦਾ ਹੀ ਚਲਿਆ ਗਿਆ ਸਗੋਂ।

ਅੰਨ ਬਸਤ੍ਰ ਭੂਮਿ ਬਹੁ ਅਰਪੇ

ਕਹਿੰਦਾ – ਅੰਨ, ਬਸਤਰ ਤੇ ਪ੍ਰਿਥਵੀ ਬੜੀ ਦਾਨ ਕੀਤੀ, ਪ੍ਰਿਥਵੀ ਵੀ ਬੜੀ ਦਾਨ ਕੀਤੀ, ਅੰਨ ਦਾਨ ਕੀਤਾ, ਬਸਤਰ ਵੀ ਬੜੇ ਦਾਨ ਕੀਤੇ।

ਨਹ ਮਿਲੀਐ ਹਰਿ ਦੁਆਰਾ॥

ਤੇ ਇਹ ਜਿਹੜਾ ਹਰੀ ਹੈ ਪਰਮੇਰ, ਇਹਦੇ ਦਰਵਾਜੇ ਤੇ ਖੜ੍ਹਨ ਨੂੰ ਜਗ੍ਹਾ ਨਾ ਮਿਲੀ। ਪਰਮੇਰ ਦੇ ਦਰਵਾਜੇ ਤੇ ਖੜ੍ਹਨੇ ਨੂੰ ਜਗ੍ਹਾ ਨਾ ਮਿਲੀ। ਉਹ ਹੰਕਾਰ ਨੇ ਐਸਾ ਮੈਨੂੰ ਫੜਿਆ, ਹੰਕਾਰ ਤਾਂ ਪਿਸਾਚ ਹੈ ਸਹੁਰਾ। ਭੂਤ ਤਾਂ ਮੰਤਰ ਨਾਲ ਨਿੱਕਲ ਜਾਂਦੈ, ਪਿਸਾਚ ਨਹੀਂ ਨਿੱਕਲਦਾ। ਇਹ ਜਿਹੜਾ ਪਿਸਾਚ ਹੈ, ਇਹਨੂੰ ਤਾਂ ਕੋਈ ਬੜਾ ਭਾਰੀ, ਤਕੜਾ ਗੁਰੂ ਹੋਵੇ ਤਾਂ ਕੱਢ ਦੇਵੇ ਜਾਂ ਪਰਮੇਰ ਕੱਢ ਦੇਵੇ, ਇਹ ਆਦਮੀ ਦੇ ਕੱਢਣ ਦਾ ਨਹੀਂ ਹੈ। ਇਹਦੀ ਤਾਂ ਦਵਾਈ ਹੀ ਇਕ ਹੈ।

ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥
ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ॥

(ਪੰਨਾ ੪੬੬)

ਪਰਮੇਰ ਦੀ ਕਿਰਪਾ ਇਹਦੇ ਤੇ ਹੋਵੇ, ਇਹ ਗੁਰੂ ਬਦ ਦੀ ਕਮਾਈ ਕਰੇ ਤਾਂ ਇਹਦਾ ਹੰਕਾਰ ਟੁੱਟੇ ਤਾਂ ਇਹ **ਭੀਤ** ਕਹੀਏ ਕੰਧ ਅਲਹਿਦਾ ਹੋਵੇ ਤਾਂ ਇਹਨੂੰ ਪਰਮੇਰ ਦਾ ਦਰਵਾਜਾ ਦਿੱਸੇ।

ਪੂਜਾ ਅਰਚਾ ਬੰਦਨ ਡੰਡਉਤ

ਕਹਿੰਦਾ – ਕਰਮ ਕਾਂਡ ਵੀ ਬੜਾ ਕੀਤਾ, ਜੀਹਨੂੰ ਲੋਕ ਬੜਾ ਅੱਛਾ ਸਮਝਦੇ ਨੇ। ਬੜੀ ਪੂਜਾ ਕੀਤੀ, ਬੜੀਆਂ ਡੰਡਉਤਾਂ ਕੀਤੀਆਂ, ਬੜੇ ਅਰਪਣ ਕੀਤੇ। ਕਿਸੇ ਨੇ ਸਿਰ ਅਰਪਣ ਕੀਤਾ, ਕਿਸੇ ਨੇ ਕੁੱਛ ਅਰਪਣ ਕੀਤਾ । ਉਹ ਕਹਿੰਦੇ – ਇਹ ਵੀ ਮੈਂ ਸਾਰਾ ਕੀਤਾ।

ਖਟੁ ਕਰਮਾ ਰਤੁ ਰਹਤਾ॥

ਛੇ ਕਰਮਾਂ ਦੇ ਨਾਲ **ਰਤੁ** ਕਹੀਏ ਹਰ ਵਕਤ ਮੈਂ ਲੱਗਿਆ ਰਿਹਾ ਪਰ ਨਾਲ ਇਹ ਵੀ ਆ ਗਿਆ ਕਿ ਮੇਰੇ ਵਰਗਾ ਕਰਮ ਕਾਂਡੀ ਕੋਈ ਹੋਰ ਨਹੀਂ ਹੋਇਆ ਹੈਗਾ। ਇਹ ਛੇ ਕਰਮ ਸਾਰਿਆਂ ਦੇ ਅਲਹਿਦਾ ਅਲਹਿਦਾ ਨੇ। ਬ੍ਰਾਹਮਣ ਦੇ ਛੇ ਕਰਮ ਨੇ- ਪਹਿਲੇ ਵਿੱਦਿਆ ਪੜ੍ਹਨੀ, ਫੇਰ ਪੜ੍ਹਾਉਣੀ, ਦਾਨ ਲੈਣਾ, ਅੱਗੇ ਦੇਣਾ, ਯੱਗ ਕਰਨਾ ਤੇ ਕਰਾਉਣਾ ਵੀ। ਜਿਹੜਾ ਪੈਸਾ ਅਗਨੀ ਤੇ ਆਵੇ ਉਹਦਾ ਵੀ ਯੱਗ ਕਰਨਾ, ਇਹ ਬ੍ਰਾਹਮਣ ਦੇ ਪਹਿਲੇ ਕਰਮ ਨੇ ਤੇ ਖੱਤਰੀ ਆਦਿ ਸਭ ਦੇ ਕਰਮ ਨੇ। ਮੈਂ ਉਹਨਾਂ ਵਿੱਚ ਰੱਤ ਰਿਹਾ, ਮੈਂ ਹਰ ਵਕਤ ਇਹ ਛੇ ਕਰਮ, **ਖਟ ਕਰਮ** ਕੀਤੇ।

ਹਉ ਹਉ ਕਰਤ ਬੰਧਨ ਮਹਿ ਪਰਿਆ

ਕਹਿੰਦੇ - ਬੀਮਾਰੀ ਇਕ ਐਸੀ ਚਿੰਬੜੀ, ***ਹਉ ਹਉ ਕਰਤ*** ਕਿ ਮੇਰੇ ਵਰਗਾ ਕਰਮ ਕਾਂਡੀ ਨਹੀਂ ਕੋਈ, ਮੇਰੇ ਵਰਗਾ ਦਾਨੀ ਨਹੀਂ ਕੋਈ, ਮੇਰੇ ਵਰਗਾ ਚਿਲ੍ਹਾ ਕਰਨ ਵਾਲਾ ਵੀ ਨਹੀਂ ਕੋਈ। ਇਹਦੇ ਵਿਚ ਫਸਕੇ ਕੀ ਬਣਿਆ ? ਫੇਰ ਪੜ੍ਹ ਪੰਕਤੀ -

ਹਉ ਹਉ ਕਰਤ ਬੰਧਨ ਮਹਿ ਪਰਿਆ

ਹਉ ਹਉ , ਹੰਕਾਰ ਕਰਕੇ ਜਨਮ ਮਰਨ ਦੇ ਬੰਧਨ ਵਿਚ ਪਿਆ। ਹੰਕਾਰ ਨਾ ਟੁੱਟਿਆ ਸਗੋਂ ਹੰਕਾਰ ਬਹੁਤ ਵਧ ਗਿਆ।

ਨਹ ਮਿਲੀਐ ਇਹ ਜੁਗਤਾ॥

ਗੁਰੂ ਸਾਹਿਬ ਕਹਿੰਦੇ - ਭਾਈ ! ਇਸ ਜੁਗਤੀ ਨਾਲ ਰੱਬ ਨਹੀਂ ਮਿਲੇਗਾ, ਸਿੱਧੀ ਬਾਤ ਹੈ। ਜੋ ਤੁਹਾਨੂੰ ਦੱਸਿਐ, ਇਹਨਾਂ ਜੁਗਤਾਂ ਨਾਲ ਰੱਬ ਨਹੀਂ ਮਿਲੇਗਾ। ਇਹ ਤੁਹਾਡੇ ਆਚਾਰ ਬੜੇ ਅੱਛੇ ਨੇ ਪਰ ਰੱਬ ਮਿਲਣ ਦਾ ਇਹ ਤਰੀਕਾ ਨਹੀਂ ਹੈ।

ਜੋਗ ਸਿਧ ਆਸਣ ਚਉਰਾਸੀਹ

ਕਹਿੰਦੇ - ਫਿਰ ਯੋਗ ਹੱਠ ਕੀਤਾ, ਸਿੱਧ ਕੀਤਾ ਹੱਠ ਯੋਗ ਨੂੰ। ਚੱਕਰ ਵੀ ਸਾਰੇ ਖੋਲ੍ਹੇ ਤੇ ਦਸਮ ਦੁਆਰ ਨੂੰ ਵੀ ਗਿਆ ਤੇ ਚਉਰਾਸੀ ਆਸਣ ਵੀ ਕੀਤੇ।

ਏ ਭੀ ਕਰਿ ਕਰਿ ਰਹਿਆ॥

ਇਹ ਵੀ ਗੁਰੂ ਸਾਹਿਬ ਕਹਿੰਦੇ - ਕਰ ਕਰ ਕੇ ਅਸੀਂ ਰਹਿ ਚੁੱਕੇ। ਇਹਨਾਂ ਨਾਲ ਵੀ ਪਰਮੇਰ ਨਾ ਮਿਲਿਆ। ਹੱਠ ਯੋਗੀ ਦੇ ਵਿਚ ਹੰਕਾਰ ਆ ਜਾਂਦੈ। ਗੁਰੂ ਅਮਰ ਦਾਸ ਜੀ ਨੇ ਜਦ ਗੱਦੀ ਦਿੱਤੀ, ਸਾਰਿਆਂ ਨੂੰ ਬੁਲਾਇਆ ਤੇ ਮੋਹਨ ਬੜਾ ਪੁੱਤਰ ਸੀ, ਉਹ ਹੱਠ ਯੋਗੀ ਸੀ, ਉਹਨੂੰ ਬੁਲਾਇਆ। ਉਹ ਕਹਿੰਦਾ - ਮੈਂ ਨਹੀਂ ਜਾਂਦਾ ਹੈਗਾ, ਉਹਨਾਂ ਨੂੰ ਤਾਂ ਪਤਾ ਨਹੀਂ ਕੀਹਨੂੰ ਗੱਦੀ ਦੇਣੀ ਹੈ, ਇਹ ਤਾਂ ਹੱਕ ਹੀ ਸਾਡਾ ਸੀਗਾ। ਇਹ ਤਾਂ ਜੇਠੇ ਨੂੰ ਹੀ ਦੇਈ ਜਾਂਦੇ ਨੇ, ਗੁਰੂ ਰਾਮਦਾਸ ਨੂੰ। ਤੇ ਮੋਹਨ ਨਾ ਆਇਆ, ਬੁਲਾਇਆ, ਬਿਲਕੁਲ ਨਾ ਆਇਆ।

ਮੋਹਰੀ ਪੁਤੁ ਸਨਮੁਖੁ ਹੋਇਆ
ਰਾਮਦਾਸੈ ਪੈਰੀ ਪਾਇ ਜੀਉ॥ (ਪੰਨਾ ੯੨੪)

ਅਸੀਂ ਇਹ ਬਾਤ ਨਿਰਣੇ ਕਰਕੇ ਦੇਖਦੇ ਹਾਂ ਹੁਣ ਭੱਲਿਆਂ ਦੇ ਵਿਚ। ਮੈਂ ਆਖਿਆ ਤੁਸੀਂ ਕਿਹੜੀ ਵੰਸ ਚੋਂ ਹੋ ? ਅਸੀਂ ਜੀ ਮੋਹਰੀ ਦੀ ਕੁਲ ਚੋ ਹਾਂ। ਤੇ ਗੁਰੂ ਸਾਹਿਬ ਨੇ ਆਖਿਆ ਤੁਸੀਂ ਭਾਈ ! ਸਭ ਕੁੱਛ ਕਰੋ, ਉਹਨੂੰ ਈਰਾ ਦੀ ਦਰਦ ਹੁੰਦੀ ਹੈ। ਤੇ ਈਰਾ ਦੀ ਦਰਦ ਹੋਈ। ਦੋ ਦਿਨ ਪਿਛੋਂ ਗੁਰੂ ਸਾਹਿਬ ਦੇ ਪਾਸ ਪਹੁੰਚਿਆ ਮੈਨੂੰ ਬਈ ਤੁਸੀਂ ਜਾਂਦੇ ਹੋਏ ਮਾਫ ਕਰ ਦਿਉ। ਉਹ ਕਹਿੰਦੇ - ਹੁਣ ਤੈਨੂੰ ਇਹਦੇ ਸਿੱਖ ਦੇ ਪੈਰੀਂ ਪੈਣਾ ਪਊ। ਜਦ ਤੂੰ ਚਰਨਾਂ ਤੇ ਪਏਂਗਾ, ਉਦੋਂ ਤੇਰਾ ਦਰਦ ਹਟੇਗਾ। ਇਹ ਪੋਥੀਆਂ ਨਾ ਕਿਸੇ ਨੂੰ ਦੇਈਂ, ਸਾਂਭ ਕੇ ਰੱਖੀਂ। ਭਾਈ ਗੁਰਦਾਸ ਗਿਆ, ਉਹਨੇ ਆਖਿਆ ਪੋਥੀਆਂ ਤੇਰੀਆਂ ਨਹੀਂ ਹੁਣ ਮਾਮਾ ਜੀ ! ਇਹ ਤਾਂ ਪੋਥੀਆਂ ਗੁਰੂ ਦੀਆਂ ਨੇ। ਬਾਬਾ ਬੁੱਢਾ ਜੀ ਗਏ, ਉਹਨਾਂ ਨੂੰ ਵੀ ਨਾ ਦਿੱਤੀਆਂ। ਫੇਰ ਗੁਰੂ ਸਾਹਿਬ ਗਏ, ਉਹਨਾਂ ਨੇ ਇਹ ਬਦ ਪੜ੍ਹਿਆ -

ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ॥ (ਪੰਨਾ ੨੪੮)

ਉਹ ਪੜ੍ਹਕੇ ਜਦ ਗੁਰੂ ਸਾਹਿਬ ਹਟ ਗਏ। ਉਹਨੇ ਪੋਥੀਆਂ ਲਿਆਕੇ , ਰੱਖਕੇ ਆਪਣਾ ਮੱਥਾ ਗੁਰੂ ਅਰਜਨ ਦੇਵ ਦੇ ਚਰਨਾਂ ਤੇ ਲਾ

ਦਿੱਤਾ। ਉਹਨੇ ਆਖਿਆ– ਅਸੀਂ ਭੁੱਲ ਬਹੁਤ ਵੱਡੀ ਕਰ ਚੁੱਕੇ ਹਾਂ, ਤੂੰ ਗੁਰੂ ਹੈਂ, ਅਸੀਂ ਤੇਰੇ ਚੇਲੇ ਹਾਂ। ਉਦੋਂ ਹੀ ਦਰਦ ਬੰਦ ਹੋ ਗਿਆ, ਆਹ ਹਾਲ ਹੋਇਆ। ਇਹ ਹੰਕਾਰ ਜਿਹੜਾ ਚਿੰਬੜ ਜਾਂਦਾ ਹੈ, ਮੈਂ ਬੜਾ ਯੋਗੀ ਹਾਂ, ਮੈਂ ਬੜਾ ਗਿਆਨੀ ਹਾਂ, ਮੈਂ ਪੰਡਿਤ ਹਾਂ, ਮੈਂ ਭਗਤ ਹਾਂ, ਇਹ ਸਭ ਬੀਮਾਰੀਆਂ ਹੰਕਾਰ ਦੀਆਂ ਨੇ। ਜਦ ਇਹਨੂੰ ਮੇਲਾ ਹੋ ਜਾਊ ਤਾਂ ਇਹ ਬੀਮਾਰੀਆਂ ਆਪੇ ਹੀ ਛੁੱਟ ਜਾਂਦੀਆਂ ਨੇ ਬਿਨਾਂ ਪੁੱਛੇ ਹੀ।

ਵਡੀ ਆਰਜਾ ਫਿਰਿ ਫਿਰਿ ਜਨਮੈ

ਕਹਿੰਦੇ – ਆਰਜਾ ਬੜੀ ਵਧਾਈ ਤੇ ਫਿਰ ਕਈ ਜਨਮ ਵੀ ਹੋਏ।

ਕਈ ਜਨਮ ਭਏ ਕੀਟ ਪਤੰਗਾ॥
ਕਈ ਜਨਮ ਗਜ ਮੀਨ ਕੁਰੰਗਾ॥ (ਪੰਨਾ ੧੭੬)

ਪਰ ਜਨਮ ਮਰਨ ਤੋਂ ਖਹਿੜਾ ਨਾ ਛੁੱਟਿਆ।

ਹਰਿ ਸਿਉ ਸੰਗੁ ਨ ਗਹਿਆ॥

ਪਰ, ਮਨ, ਹਰੀ ਦੇ ਨਾਮ ਨਾਲ ਨਾ ਜੁੜਿਆ। ਮਨ, ਨਾਮ ਦੇ ਨਾਲ ਇਕ ਨਾ ਹੋਇਆ। ਹਰੀ ਪਰਮੇਰ ਨਾਲ ਸੰਬੰਧ ਨਾ ਹੋਇਆ, ਮੋਕ ਨਾ ਹੋਈ, ਬਖ਼ਸ਼ ਨਾ ਹੋਈ।

ਰਾਜ ਲੀਲਾ ਰਾਜਨ ਕੀ ਰਚਨਾ

ਕਹਿੰਦਾ – **ਰਾਜ ਲੀਲਾ** ਇਹ ਰਾਜਿਆਂ ਦੀ ਇਕ ਰਚਨਾ ਹੁੰਦੀ ਹੈ। ਰਾਜਿਆਂ ਦਾ ਇਕ ਸੁਭਾਉ ਹੀ ਹੈ, ਇਹ **ਰਾਜ ਲੀਲਾ** ਇਕ ਸੁਭਾਉ ਹੈ। ਇਕ ਪੰਡਿਤ ਨਿਹਚਲਦਾਸ ਜੀ ਹੋਏ ਨੇ, ਉਹਨਾਂ ਨੇ **ਵਿਚਾਰ ਸਾਗਰ** , **ਬਿਰਤੀ ਪ੍ਰਭਾਕਰ** ਗ੍ਰੰਥ ਬਣਾਏ ਨੇ, ਬੜੇ ਬੁੱਧੀਮਾਨ ਉਹਨਾਂ ਨੂੰ ਕਹਿੰਦੇ ਹਨ। ਜੀਵਿਕਾਨੰਦ ਜੀ ਕਹਿੰਦੇ ਅਸੀਂ ਗਏ, ਜਿਹਨਾਂ ਤੋਂ ਅਸੀਂ ਬਿਰਤੀ ਪ੍ਰਭਾਕਰ ਪੜ੍ਹਿਆ। ਉਹ ਘੋੜੀ ਤੇ ਚੜ੍ਹੇ ਜਾਂਦੇ ਨੇ, ਘੋੜੀ ਨੂੰ ਭਜਾਉਂਦੇ ਜਾਂਦੇ ਨੇ। ਜਦ ਇਹਨਾਂ ਬੁਲਾਏ ਸੰਤ, ਕਹਿੰਦਾ ਸਾਧੂ ਨਾ ਕਹਿਓ, ਮੈਂ ਪੰਡਿਤ ਹਾਂ, ਪੰਡਿਤਾਂ ਦੀ

ਲੀਲ੍ਹਾ ਕਰਦਾ ਹਾਂ, ਸਾਧੂ ਨਾ ਕਹੋ, ਮੈਂ ਸਾਧੂ ਤਾਂ ਨਹੀਂ ਹਾਂ। ਕਹਿੰਦਾ, ਮੈਂ ਪੰਡਿਤ ਹਾਂ, ਪੰਡਿਤਾਂ ਵਾਲੀ ਕੋਈ ਕਾ ਪੁੱਛੋ ਮੇਰੇ ਤੋਂ। ਇਹ ਪੰਡਿਤਾਂ ਦੀ ਲੀਲ੍ਹਾ ਹੁੰਦੀ ਹੈ ਤੇ ਰਾਜਿਆਂ ਦੀਆਂ ਲੀਲ੍ਹਾ ਵੀ ਹੁੰਦੀਆਂ ਹੈਣ।

ਕਰਿਆ ਹੁਕਮੁ ਅਫਾਰਾ॥

ਹੁਕਮ ਵੀ ਭਾਰੀ ਕੀਤਾ, ਜੋ ਹੁਕਮ ਕੀਤਾ ਉਹਦੇ ਤੇ ਜਾਇਜ ਨਜਾਇਜ ਨਾ ਦੇਖਿਆ, ਹੁਕਮ ਵੀ ਬੜਾ ਕੀਤਾ ਹੈਗਾ।

ਸੇਜ ਸੋਹਨੀ ਚੰਦਨੁ ਚੋਆ

ਬੜੀਆਂ ਬੜੀਆਂ ਸੇਜਾਂ ਸੰਵਾਰੀਆਂ, ਉਹਨਾਂ ਤੇ ਚੰਦਨ ਛਿੜਕਿਆ ਤੇ ਬੜੇ ਚੰਗੇ ਫੁੱਲ ਵਿਛਾਏ। ਉਹ ਵੀ ਪੈ ਕੇ ਦੇਖੀਆਂ।

ਨਰਕ ਘੋਰ ਕਾ ਦੁਆਰਾ॥

ਉਹ ਤਾਂ ਕਹਿੰਦੇ – ਘੋਰ ਨਰਕ ਨੂੰ ਲੈ ਜਾਣਗੀਆਂ, ਵਿ ਵਿਕਾਰ। ਵਿਈ ਆਦਮੀ ਤਾਂ ਨਰਕ ਨੂੰ ਜਾਂਦਾ ਹੁੰਦੈ, ਉਹਦੇ ਵਿਚ ਤਾਂ ਕੋਈ ਸਤ ਹੀ ਨਹੀਂ ਰਹਿ ਗਿਆ। ਉਹਦੀ ਤਾਂ ਬੁੱਧੀ ਅਤਿਅੰਤ ਮੈਲੀ ਹੋ ਜਾਂਦੀ ਹੈ, ਉਹਨੂੰ ਤਾਂ ਸੂਝ ਹੀ ਨਹੀਂ ਆਉਂਦੀ ਹੈਗੀ। ਉਹ ਕਹਿੰਦਾ– ਇਕ ਘੋਰ ਨਰਕ ਦਾ ਸਮਾਨ ਹੀ ਬਣਾਇਆ।

ਹਰਿ ਕੀਰਤਿ ਸਾਧਸੰਗਤਿ ਹੈ

ਕਹਿੰਦਾ – ਇਕ ਚੀਜ ਹੈ, ਦੱਸ ਵੀ ਦੇਵਾਂ।

ਹੈ ਕੋਊ ਐਸਾ ਮੀਤੁ ਜਿ ਤੋਰੈ ਬਿਖਮ ਗਾਂਠਿ॥
ਨਾਨਕ ਇਕੁ ਸ੍ਰੀਧਰ ਨਾਥੁ ਜਿ ਟੂਟੇ ਲੇਇ ਸਾਂਠਿ॥

(ਪੰਨਾ ੧੩੬੩)

ਕਹਿੰਦਾ – ਕੋਈ ਐਸਾ ਵੀ ਹੈ ? ਜੋ ਜੜ੍ਹ ਚੇਤਨ ਦੀ ਗ੍ਰੰਥੀ ਨੂੰ ਤੋੜ ਦੇਵੇ ਪਰਮੇਰ ਨਾਲ ਜੋੜ ਦੇਵੇ।

ਕਰਿ ਕਿਰਪਾ ਸਤਸੰਗਿ ਮਿਲਾਏ ॥
ਨਾਨਕ ਤਾ ਕੈ ਨਿਕਟਿ ਨਾ ਮਾਇ॥ (ਪੰਨਾ ੨੫੧)

ਇਹ, ਇਸ ਮਾਇਆ ਨੂੰ ਪਾਰ ਕਰਨ ਵਾਲਾ ਸਾਧਸੰਗਤਿ ਹੈ। ਉਹਦੇ ਵਿਚ ਮਿਲਕੇ ਹਰੀ ਦਾ ਕੀਰਤਨ ਕਰਨਾ, ਸਿਮਰਨ ਕਰਨਾ। ਸਿਮਰਨ ਤੇ ਅਨਾਹਦ, ਅਨਾਹਦ ਤੇ ਧੁਨਿ, ਧੁਨਿ ਦੁਆਰਾ ਲਿਵ ਲੱਗ ਜਾਏਗੀ। ਅਬਿਨਾਸੀ ਪਦ ਦੀ ਪ੍ਰਾਪਤੀ ਹੋ ਜਾਏਗੀ, ਮੋਕ ਹੋ ਜਾਏਗੀ। ਇਹ, ਇਕ ਉਪਾਅ ਹੈ। ਫੇਰ ਪੜ੍ਹਦੇ, ਭਾਈ!

ਹਰਿ ਕੀਰਤ ਸਾਧਸੰਗਤਿ ਹੈ

ਕਹਿੰਦੇ - ਇਹ ਹੈ ਹਰੀ ਕੀ ਕੀਰਤੀ, **ਸਾਧਸੰਗਤਿ** ਤੇ ਮਿਲਦੀ ਹੈ, ਇਹ ਉਪਾਅ ਹੈ। **ਹੈ** ਪਹਿਲੇ ਲਾਉਣਾ ਹੈ। ਹੈ ਅਖੇ ਉਹਦਾ ਉਪਾਅ, ਪਹਿਲਾਂ ਹਰੀ ਕੀਰਤਨ, **ਸਾਧਸੰਗਤਿ** ਤੇ ਸਿੱਖਣਾ ਹੈ। ਹਰੀ ਦਾ ਕੀਰਤਨ ਗਾਉਣਾ। ਉਹਦੇ ਵਿਚ ਦੁਨੀਆਂ ਦੀਆਂ ਗੱਲਾਂ ਨਹੀਂ ਕਰਨੀਆਂ। ਉਹਦੇ ਵਿਚ ਭੁੱਲੇ ਹੋਏ ਲੋਕਾਂ ਦੇ ਦ੍ਰਿਟਾਂਤ ਨਹੀਂ ਦੇਣੇ ਹਨ ਫਸਾਉਣ ਵਾਸਤੇ। ਇਕ ਕੀਰਤਨ ਕਰਨਾ, ਹਰੀ ਸਿਮਰਨ ਕਰਨਾ।

ਸਿਰਿ ਕਰਮਨ ਕੈ ਕਰਮਾ॥

ਸਾਰੇ ਕਰਮਾਂ ਦਾ ਰਿਮਣੀ ਇਹ ਕਰਮ ਹੈ ਭਾਈ! ਗੁਰੂ ਸਾਹਿਬ ਕਹਿੰਦੇ - ਅਸੀਂ ਤੁਹਾਨੂੰ ਦਸਦੇ ਹਾਂ, ਸਾਰੇ ਕਰਮਾਂ ਦਾ ਰਿਮਣੀ ਇਹ ਕਰਮ ਹੈ, ਜਿਹੜਾ ਏਸ ਨਾਮ ਦਾ ਸਿਮਰਨ ਕਰਨਾ ਹੈ।

ਸਿਮਰਿ ਸਿਮਰਿ ਨਾਮੁ ਬਾਰੰ ਬਾਰ॥
ਨਾਨਕ ਜੀਅ ਕਾ ਇਹੈ ਅਧਾਰ॥ (ਪੰਨਾ ੨੯5)

ਇਹ ਸਾਰੇ ਕਰਮਾਂ ਦਾ ਰਿਮਣੀ ਕਰਮ ਹੈ।

ਕਹੁ ਨਾਨਕ ਤਿਸੁ ਭਇਓ ਪਰਾਪਤਿ

ਸ੍ਰੀ ਗੁਰੂ ਅਰਜਨ ਦੇਵ ਜੀ ਕਹਿੰਦੇ - ਉਹਨਾਂ ਨੂੰ ਇਹ ਪ੍ਰਾਪਤ ਹੋਣਾ ਹੈ।

ਜਿਸੁ ਪੁਰਬ ਲਿਖੇ ਕਾ ਲਹਨਾ॥

ਜਿਸ ਦਾ ਪੂਰਬਲਾ **ਲਹਨਾ** ਕਹੀਏ ਕਰਮ ਹੋਏਗਾ, ਪਿਛਲਾ

ਕਰਮ ਵੀ ਧੱਕਾ ਲਾਉਂਦੈ। ਧਰੂਅ ਨੂੰ ਪਿਛਲੇ ਕਰਮ ਨੇ ਧੱਕਾ ਲਾਇਆ, ਪੰਜ ਸਾਲ ਦੇ ਨੂੰ ਗਿਆਨ ਹੋ ਗਿਆ। ਪ੍ਰਹਿਲਾਦ ਨੂੰ, ਪਿਛਲੇ ਕਰਮ ਨੇ ਐਸਾ ਧੱਕਾ ਲਾਇਆ, ਉਹ ਪਹਿਲਾਂ ਹੀ, ਜੰਮਦਾ ਹੀ **ਰਾਮ ਰਾਮ** ਕਹਿਣ ਲੱਗ ਗਿਆ। ਤੁਹਾਨੂੰ ਪਤੈ ਏਸ ਕਹਾਣੀ ਦਾ ? ਇਹ ਇਕ ਕਹਾਣੀ ਹੈ। ਜਦ ਦੇਵਤਿਆਂ ਨੇ ਉਹਨਾਂ ਦੈਤਾਂ ਨੂੰ ਆਕੇ ਮਾਰਿਆ ਤੇ ਜਿੱਤਿਆ। ਉਹ ਮਾਈ ਦੇ ਪੇਟ ਵਿਚ ਗਰਭ ਸੀ। ਉਹ ਕਹਿੰਦੇ, ਇਹ ਸਹੁਰਾ ਜੰਮ ਪਿਆ, ਤਾਂ ਇਹ ਵੀ ਉਪੱਦ੍ਰਵ ਕਰੇਗਾ। ਚੱਲੋ, ਇਹਦਾ ਵੀ ਕਰੀਏ ਕੁੱਛ। ਅੱਗੇ ਨਾਰਦ ਮਿਲ ਪਿਆ। ਨਾਰਦ ਕਹਿੰਦਾ, ਕੀ ਕੀਤਾ ? ਕਹਿੰਦੇ, ਜੀ ਸਾਡੀ ਫਤਹਿ ਹੋ ਗਈ, ਅਸੀਂ ਰਾਖਾਂ ਨੂੰ ਜਿੱਤ ਲਿਆ। ਅਖੇ, ਇਹ ਕੌਣ ? ਕਹਿੰਦੇ, ਏਸ ਲੜਕੀ ਦੇ ਪੇਟ ਵਿਚ ਗਰਭ ਹੈ, ਇਹਨੂੰ ਅਸੀਂ, ਤਾਂ ਲੈ ਚਲੇ ਹਾਂ, ਬਈ ਇਕ ਰਾਖ ਹੋਰ ਨਾ ਪੈਦਾ ਹੋ ਜਾਏ। ਕਹਿੰਦੇ, ਕੀ ਕਰੀਏ ? ਨਾਰਦ ਕਹਿੰਦਾ, ਕੁੱਲ ਨਾਸ ਹੋ ਜਾਊ ਤੁਹਾਡੀ ਸਾਰੀ। ਕਹਿੰਦੇ, ਕਿਉਂ ? ਅਖੇ ਭਗਤ ਹੈ, ਤੁਹਾਨੂੰ ਕੀ ਪਤਾ ਹੈ ? ਇਹ ਤਾਂ ਅੰਦਰ ਭਗਤ ਬੈਠਾ ਹੈ। ਉਹ, ਉਥੇ ਹੀ ਛੱਡ ਕੇ ਚਲੇ ਗਏ। ਨਾਰਦ ਨੇ ਆਖਿਆ, ਮਾਈ ! ਉਸ ਝੌਂਪੜੀ ਵਿਚ ਬਹਿ ਜਾ, ਤੇਰੀ ਪਾਲਣਾ ਹੋਏਗੀ, ਪਰ **ਰਾਮ ਰਾਮ** ਕਹੀ ਜਾਇਆ ਕਰ। **ਰਾਮ** ਮੰਤਰ ਉਹਨੂੰ ਦੇ ਦਿੱਤਾ, ਉਹ ਜਪਣ ਲੱਗ ਗਈ। ਉਹਦੇ ਤੋਂ ਪ੍ਰਹਿਲਾਦ ਪੈਦਾ ਹੋਇਆ। ਉਹ ਗਰਭ ਦੇ ਵਿਚ ਹੀ ਕਥਾ ਨਾਰਦ ਦੀ ਸੁਣੀਂ ਗਿਆ, ਉਹ ਗਰਭ ਦੇ ਵਿਚ ਹੀ ਨਾਮ ਜਪਣ ਲੱਗ ਗਿਆ। ਆਹ ਦੇਖੋ ਪੂਰਬਲੇ ਕਰਮ ਨੇ ਕੀਤਾ। ਰਾਖਾਂ ਦੇ ਉਹ **ਕੱਲਰ ਕਮਲ** । ਇਹ ਕੱਲਰ ਤੋਂ ਚਲੀ ਸੀ ਕੁਲ ਪਰ ਉਥੇ ਕਮਲ ਪੈਦਾ ਹੋਇਆ, ਭਗਤ ਪ੍ਰਹਿਲਾਦ। ਏਸ ਕਰਕੇ, ਉਹਨੂੰ (ਨਾਰਦ ਨੂੰ) ਸਰਬੱਗਤਾ ਸੀ, ਏਸਨੇ ਉਸਦੀ ਬੜੀ ਪਾਲਣਾ ਕੀਤੀ, ਬੜਾ ਉਪਦੇ ਕੀਤਾ। ਜੰਮਦਾ ਹੀ **ਰਾਮ ਰਾਮ** ਜਪਣ ਲੱਗ ਪਿਆ। ਉਹਨੇ ਬੜਾ ਭਾਰੀ ਨਾਮ ਜਪਿਆ ਤੇ ਬ੍ਰਹਮ ਗਿਆਨੀ ਇਕ ਮਹਾਂਪੁਰ ਹੋਇਆ।

ਤੇਰੋ ਸੇਵਕੁ ਇਹ ਰੰਗਿ ਮਾਤਾ॥

ਤੇਰੇ ਸੇਵਕ ਜਿਹੜੇ ਏਸ ਰੰਗ ਵਿਚ ਮਸਤ ਨੇ, ਉਹ ਹੋਰ ਗੱਲਾਂ ਨਹੀਂ ਸੁਣਦੇ ਹੁੰਦੇ, ਵਾਧੂ ਜਿਹੜੀਆਂ ਹੁੰਦੀਆਂ ਹਨ।

ਭਇਓ ਕ੍ਰਿਪਾਲੁ ਦੀਨ ਦੁਖ ਭੰਜਨੁ

ਇਹ ਕਿਰਪਾਲੂ ਹੋਇਆ ਸਾਰੇ ਦੀਨਾਂ ਦੇ ਦੁੱਖ ਭੰਜਨ ਵਾਲਾ ਪਰਮੇਰ ਮੇਰੇ ਤੇ ਬੜਾ ਕਿਰਪਾਲੂ ਹੋਇਆ, ਗੁਰੂ ਅਰਜਨ ਦੇਵ ਜੀ ਕਹਿੰਦੇ।

ਹਰਿ ਹਰਿ ਕੀਰਤਨਿ ਇਹੁ ਮਨੁ ਰਾਤਾ॥ ਰਹਾਉ ਦੂਜਾ॥

ਮੇਰਾ ਵੀ ਉਸ ਹਰੀ ਦੇ ਕੀਰਤਨ ਦੇ ਵਿਚ ਮਨ ਰੱਤ ਗਿਆ। ਗੁਰੂ ਸਾਹਿਬ ਕਹਿੰਦੇ – ਮੈਂ ਵੀ ਪਰਮੇਰ ਦਾ ਕੀਰਤਨ, ਨਾਮ ਜਪਣ ਲੱਗ ਗਿਆ।

ਬੋਲੋ ਸਤਿਨਾਮ ਸ੍ਰੀ ਵਾਹਿਗੁਰੂ॥